*Published in Punjabi & English*

**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 13, ਅੰਕ-7, ਜੁਲਾਈ 2023 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਕੈਨੇਡਾ ਦੀ ਆਜ਼ਾਦੀ



ਅਜ਼ਾਦੀ ਦੇ ਅਰਥ ਬੜੇ ਡੂੰਘੇ ਹੁੰਦੇ ਹਨ ਕਿਉਂਕਿ ਇਸ ਪਿਛੇ ਸੈਂਕੜੇ ਸਾਲਾਂ ਦਾ ਵੱਖੋ-ਵੱਖਰੇ ਕਿਸਮ ਦਾ ਇਤਿਹਾਸ ਛੁਪਿਆ ਹੁੰਦਾ ਹੈ ਜਿਸ ਵਿਚ ਲੋਕਾਂ ਦੀਆਂ ਇੱਛਾਵਾਂ, ਉਮੰਗਾਂ ਅਤੇ ਕੁਰਬਾਨੀਆਂ ਰਾਹੀਂ ਨਵੇਂ ਮੁਲਕ ਦੀ ਸਿਰਜਣਾ ਕਰਨਾ ਇਸ ਲਈ ਅਜ਼ਾਦੀ ਦੇ ਜਸ਼ਨਾਂ ਵਿਚ 'ਸਰੋਕਾਰਾਂ ਦੀ ਆਵਾਜ਼' ਬਹੁਭਾਸ਼ਾਈ, ਬਹੁਸਭਿਆਚਾਰੀ ਅਤੇ ਬਹੁਪੱਖੀ ਜਮਹੂਰੀਅਤ ਦੀਆਂ ਬੁਨਿਆਦਾਂ ਨੂੰ ਮਜਬੂਤ ਕਰਨ ਲਈ ਕਾਰਜਸ਼ੀਲ ਰਹਿਣ ਦੀ ਕਾਮਨਾ ਕਰਦਾ ਹੈ। (ਦੇਖੋ ਸਫ਼ਾ 2 'ਤੇ )




# ਬਦਲ ਦੀ ਤਲਾਸ਼ 'ਚ ਭਾਰਤੀ ਰਾਜਨੀਤੀ



ਦੇਸ਼ ਦੇ ਉਪਰ ਵੱਖ-ਵੱਖ ਰਾਜਾਂ ਵਿਚ ਰਾਜ ਕਰਨ ਵਾਲੇ ਅਤੇ ਆਪੋ-ਆਪਣੇ ਕਿਸਮ ਨਾਲ ਭਾਰਤੀ ਰਾਜਨੀਤੀ ਨੂੰ ਇਤਿਹਾਸ ਤੌਰ 'ਤੇ ਸੰਕਟਗ੍ਰਸਤ ਕਰਨ ਵਾਲੇ ਆਗੂਆਂ ਨੂੰ ਸਮਝ ਆਉਣ ਲੱਗੀ ਕਿ ਸਾਡੇ ਤੋਂ ਵੀ ਬੇਕਿਰਕ ਨੇਤਾ ਦੇਸ਼ ਦੀ ਜਮਹੂਰੀਅਤ ਨੂੰ ਦਾਅ 'ਤੇ ਬੁਰੀ ਤਰ੍ਹਾਂ ਲਗਾ ਸਕਦਾ ਹੈ। ਹੋਂਦ ਦਾ ਸਵਾਲ ਜਦੋਂ ਮੁੱਖ ਬਣ ਜਾਵੇ ਤਾਂ ਆਰਜੀ ਰੂਪ ਵਿਚ ਕਈ ਵਾਰੀ ਏਕਤਾ ਭੈੜੇ ਸਮਿਆਂ ਦੀ ਹਕੀਕਤ ਬਣ ਜਾਂਦੀ ਹੈ। ਜਿਸ ਦੇ ਨਾਲ ਮੌਜੂਦਾ ਹੁਕਮਰਾਨ ਚਿੰਤਾਗ੍ਰਸਤ ਸਥਿਤੀ ਵਿਚ ਜਾ ਸਕਦਾ ਹੈ ਅਤੇ ਸੱਤਾ ਖੁਸਣ ਦਾ ਡਰ ਭੈਅਗ੍ਰਸਤ ਕਰ ਰਿਹਾ ਹੈ।

16ਵੀਂ ਸਦੀ ਵਿਚ ਪ੍ਰਸਿੱਧ ਵਿਦਵਾਨ ਹੌਬਜ ਨੇ ਲਿਖਿਆ ਸੀ ਕਿ ਵਿਗਿਆਨ, ਤਰਕ ਅਤੇ ਗਿਆਨ ਦੇ ਆਧਾਰ 'ਤੇ ਇਹ ਸਿੱਧ ਕੀਤਾ ਚੁੱਕਾ ਹੈ ਕਿ ਤਿਕੌਣ ਦੇ ਤਿੰਨਾਂ ਕੋਣਾਂ ਦਾ ਜੋੜ 180 ਡਿਗਰੀ ਹੁੰਦਾ ਹੈ। ਇਸ ਵਿਚ 90, 60, 45 ਅਤੇ 30 ਡਿਗਰੀ ਦੇ ਕੋਣ ਵੀ ਹੋ ਸਕਦੇ ਹਨ ਪ੍ਰੰਤੂ ਕੁੱਲ ਜੋੜ ਤਿਕੋਣ ਦੇ ਤਿੰਨਾਂ ਕੋਣਾ ਦਾ 180 ਡਿਗਰੀ ਹੀ ਹੋਵੇਗਾ। ਪ੍ਰੰਤੂ ਜੇ ਰਾਜਨੀਤੀਵਾਨ ਦੇ ਰਾਹ ਵਿਚ ਤਰਕ ਅਤੇ ਹਕੀਕਤ ਸਮੇਤ ਸਚਾਈ ਅੜਿੱਕਾ ਬਣ ਜਾਵੇ ਤਾਂ ਉਹ ਤਿਕੋਣ ਦੇ ਤਿੰਨਾਂ ਕੋਣਾਂ ਨੂੰ ਤੋੜ ਵੀ ਸਕਦਾ ਹੈ ਕਿ ਉਸ ਦੇ ਹਿੱਤ ਪੂਰੇ ਨਹੀਂ ਹੋ ਰਹੇ। ਉਪਰੋਕਤ ਸਤਰਾਂ ਲਿਖਣ ਦਾ ਭਾਵ ਇਹ ਕਿ ਰਾਜਨੀਤੀ ਤੇ ਤਾਕਤ ਦਾ ਇੰਨਾ ਵੱਡਾ ਸੁਮੇਲ ਹੁੰਦਾ ਹੈ ਕਿ ਸੱਤਾ ਦੀ ਸਲਾਮਤੀ ਅਤੇ ਕਬਜ਼ੇ ਲਈ ਹੁਕਮਰਾਨ ਕੋਈ ਵੀ ਵਿਗਿਆਨਕ ਤਰਕ ਅਤੇ ਦਲੀਲ ਨੂੰ ਤੋੜ ਸਕਦੇ ਹਨ। ਅਜਿਹਾ ਹੀ ਕੁਝ ਭਾਰਤ ਵਿਚ ਵਾਪਰ ਰਿਹਾ ਹੈ। ਮੌਜੂਦਾ ਹੁਕਮਰਾਨ ਹਰ ਕਿਸਮ ਦੇ ਤਰਕਾਂ ਅਤੇ ਦਲੀਲਾਂ ਨੂੰ ਪਰ੍ਹੇ ਵਗਾ ਮਾਰਕੇ ਸੱਤਾ ਉਪਰ ਕਾਬਜ਼ ਰਹਿਣਾ ਚਾਅ ਰਿਹਾ ਹੈ। ਇਸ ਦਾ ਅਜੋਕੀ 21ਵੀਂ ਸਦੀ ਵਿਚ ਕਿੰਨਾ ਵੀ ਨੁਕਸਾਨ ਹੋ ਜਾਵੇ। ਹੁਣ ਜਦੋਂ ਦੇਸ਼ ਦੇ ਹੁਕਮਰਾਨ ਨੇ ਜਮਹੂਰੀ ਹੱਕਾਂ ਤੋਂ ਲੈ ਕੇ ਵਿਰੋਧੀਆਂ ਤੱਕ ਨੂੰ ਬੁਰੀ ਤਰ੍ਹਾਂ ਮਸਲ ਦਿੱਤਾ ਹੈ। ਹਾਲਾਂਕਿ ਕਈ ਦਹਾਕੇ ਉਹ ਵੀ ਅਜਿਹੀਆਂ ਸਾਜ਼ਿਸ਼ਾਂ ਵਿਚ ਸ਼ਾਮਲ ਰਹੇ ਹਨ ਪ੍ਰੰਤੂ ਜਿਸ ਕਿਸਮ ਦੀ ਦੁਰਗਤੀ ਉਹ ਮਹਿਸੂਸ ਕਰ ਰਹੇ ਹਨ ਕਿ ਜੇ 2024 ਦੀਆਂ ਚੋਣਾਂ ਵਿਚ ਸਾਰੇ ਵਿਤਕਰੇ ਅਤੇ ਗਿਲੇ-ਸ਼ਿਕਵੇ ਭੁਲਾ ਕੇ ਇਕੱਠਾ ਨਾ ਹੋਏ ਸਾਡਾ ਤਾਂ ਕੀ ਦੇਸ਼ ਦਾ ਵੀ ਕੋਈ ਭਲਾ ਨਹੀਂ ਹੋਏਗਾ। ਅਜਿਹੀ ਮਜਬੂਰੀ ਅਤੇ ਹਕੀਕਤ ਨੇ ਉਨ੍ਹਾਂ ਨੂੰ ਪਟਨਾ ਵਿਖੇ ਇਕ ਪਲੇਟਫਾਰਮ 'ਤੇ ਇਕੱਠਾ ਕਰ ਦਿੱਤਾ ਕਿ ਕਿਸੇ ਵੀ ਤਰ੍ਹਾਂ ਮੌਜੂਦਾ ਹੁਕਮਰਾਨ ਨੂੰ ਸੱਤਾ ਤੋਂ ਪਰ੍ਹੇ ਕੀਤਾ ਜਾਵੇ। ਇਹ ਤਾਂ ਆਉਣ ਵਾਲੇ ਸਮੇਂ ਵਿਚ ਹੀ ਪਤਾ ਲੱਗੇਗਾ ਕਿ ਕਿਸ ਤਰ੍ਹਾਂ ਦੀਆਂ ਸਾਜ਼ਿਸ਼ਾਂ ਮੌਜੂਦਾ ਸੱਤਾ 'ਤੇ ਬੈਠੇ ਹੁਕਮਰਾਨ ਘੜਦੇ ਹਨ ਅਤੇ ਜੋ ਨਵੀਂ ਪਾਰਲੀਮੈਂਟ ਦੀ ਬਿਲਡਿੰਗ ਬਣਾਈ ਗਈ ਹੈ ਉਸ ਵਿਚ ਕਿਸ ਹਰਬੇ ਅਤੇ ਹੀਲੇ ਨਾਲ ਪਹੁੰਚਦੇ ਹਨ। ਇਤਿਹਾਸ ਦਾ ਭਿਆਨਕ ਦੌਰ ਸ਼ੁਰੂ ਤਾਂ ਪਹਿਲਾਂ ਇਕ ਦਹਾਕੇ ਤੋਂ ਹੋ ਹੀ ਗਿਆ ਸੀ ਹੁਣ ਇਸ ਦੇ ਅਗਾਂਹ ਵਧਾਉਣ ਜਾਂ ਰੁਕਾਉਣ ਜਾਂ ਰੋਕਣ ਦਾ ਸਵਾਲ ਬੁਰੀ ਤਰ੍ਹਾਂ ਸਮੁੱਚੇ ਭਾਰਤੀ ਲੋਕਾਂ ਤੋਂ ਲੈ ਕੇ ਸੱਤਾ ਵਿਚ ਬੈਠੇ ਹਿੱਸਿਆਂ ਨੂੰ ਸਤਾ ਰਿਹਾ ਹੈ ਅਤੇ ਕਿਸੇ ਵੀ ਕੀਮਤ 'ਤੇ ਇਕਜੁਟ ਹੋ ਕੇ ਇਕ ਬਦਲ ਦੀ ਤਲਾਸ਼ ਵਿਚ ਰਾਜਨੀਤੀ ਪ੍ਰਵੇਸ਼ ਕਰ ਗਈ ਹੈ।

ਪ੍ਰੰਤੂ ਜੋ ਦਹਾਕਿਆਂ ਤੋਂ ਸੰਘਰਸ਼ਾਂ ਦੇ ਅਖਾੜਿਆਂ ਵਿਚ ਲੱਗੇ ਹੋਏ ਹਨ ਉਹ ਸ਼ਾਇਦ ਹੋਰ ਲੰਬਾ ਸਮਾਂ ਲੱਗੇ ਰਹਿਣ ਕਿਉਂਕਿ ਉਨ੍ਹਾਂ ਨੇ ਤਾਂ ਕਦੇ ਵੀ ਇਸ ਸਵਾਲ ਨੂੰ ਸੰਜੀਦਾ ਲਿਆ ਹੈ ਅਤੇ ਨਾ ਹੀ ਸੰਬੋਧਤ ਹੋਏ ਹਨ। ਦੇਖੋ ਭਵਿੱਖ ਵਿਚ ਇਸ ਕਿਸਮ ਦੀ ਸੋਚ ਵਾਲੇ ਹਿੱਸੇ ਕਿਸ ਕਿਸਮ ਨਾਲ ਰਾਜਨੀਤੀ ਵਿਚ ਪ੍ਰਵੇਸ਼ ਕਰਨਗੇ ਤਾਂ ਕਿ ਮੌਜੂਦਾ ਹਿੰਦੂ ਰਾਸ਼ਟਰ ਵੱਲ ਵਧਦੇ ਕਦਮਾਂ ਨੂੰ ਰੋਕਣ ਵਿਚ ਸਹਾਈ ਹੋ ਸਕਣ।

- ਸੰਪਾਦਕੀ ਮੰਡਲ















1 ਜੁਲਾਈ ਕੈਨੇਡਾ ਦੀ ਅਜ਼ਾਦੀ ਦੇ ਮੌਕੇ 'ਤੇ

# ਇਤਿਹਾਸ ਰਾਹੀਂ ਦਿਖਾਈ ਦਿੰਦੀ ਕੈਨੇਡਾ ਦੀ ਆਜ਼ਾਦੀ ਦੇ ਅਸਲ ਅਰਥ


ਹਰਚਰਨ ਸਿੰਘ ਪਰਹਾਰ
403-681-8689
hp8689@gmail.com

*ਬਹੁ-ਭਾਸ਼ਾਈ ਅਤੇ ਸਭਿਆਚਾਰੀ ਮੁਲਕ ਦੀ ਸਿਰਜਣਾ ਦੀ ਇਤਿਹਾਸਕ ਪ੍ਰਕਿਰਿਆ ਨੂੰ ਸਮਝਣਾ ਬਹੁਤ ਜ਼ਰੂਰੀ ਹੁੰਦਾ ਹੈ। ਜਿਸ ਕਿਸਮ ਦਾ ਕੈਨੇਡਾ ਦਾ ਇਤਿਹਾਸ ਹੈ ਉਹ ਕਈ ਕਿਸਮ ਦੀਆਂ ਵਿਭਿੰਨਤਾਵਾਂ ਨੂੰ ਸਮੋਈ ਬੈਠਾ ਹੈ। ਇਸ ਕਰਕੇ ਇਸ ਮੁਲਕ ਦੀਆਂ ਇਨ੍ਹਾਂ ਵਿਭਿੰਨਤਾਵਾਂ ਕਰਕੇ ਕਈ ਕਿਸਮ ਦੇ ਸਭਿਆਚਾਰਾਂ ਨੂੰ ਸਮਝਣ ਅਤੇ ਵਿਕਸਿਤ ਕਰਨ ਵਿਚ ਵੱਖ ਵੱਖ ਦੇਸ਼ਾਂ ਦੇ ਆ ਕੇ ਵਸੇ ਬਾਸ਼ਿੰਦਿਆਂ ਦਾ ਯੋਗਦਾਨ ਹੈ। ਪਹਿਲਾਂ ਹੀ ਕਈ ਕਿਸਮ ਦੇ ਕਬੀਲੇ ਇਸ ਖਿੱਤੇ ਵਿਚ ਆਪੋ ਆਪਣੇ ਢੰਗਾਂ, ਸਭਿਆਚਾਰਾਂ, ਭਾਸ਼ਾਵਾਂ ਅਤੇ ਆਰਥਿਕਤਾਵਾਂ ਨਾਲ ਜੀਅ ਰਹੇ ਸਨ। ਜਿਸ ਦਿਸ਼ਾ ਵੱਲ ਇਨ੍ਹਾਂ ਮੁਲਕਾਂ ਦੀਆਂ ਅਜ਼ਾਦੀਆਂ ਵਧੀਆਂ ਉਨ੍ਹਾਂ ਨੇ ਕਈ ਕਿਸਮ ਦੇ ਨਵੇਂ ਮਾਪਦੰਡ ਵਿਕਸਿਤ ਕੀਤੇ। ਹਾਲਾਂਕਿ ਜਿਸ ਦੌਰ ਵਿਚ ਅਸੀਂ ਰਹਿ ਰਹੇ ਹਾਂ ਉਸ ਵਿਚ ਦੁਨੀਆ ਭਰ ਦੇ ਮੁਲਕਾਂ ਵਿਚ ਇਕੋ ਰੰਗ, ਨਸਲ ਅਤੇ ਭਾਸ਼ਾਵਾਂ ਤੋਂ ਲੈ ਕੇ ਸੱਤਾ ਤੱਕ ਦੀਆਂ ਤਾਕਤਾਂ ਸੱਤਾ ਵਿਚ ਆ ਗਈਆਂ ਹਨ। ਅਜਿਹੇ ਦੌਰਾਂ ਵਿਚ ਕਿਸੇ ਵੀ ਮੁਲਕ ਦੀਆਂ ਬੁਨਿਆਦਾਂ ਅਤੇ ਲੋਕਾਂ ਦੁਆਰਾ ਲਈਆਂ ਗਈਆਂ ਅਜ਼ਾਦੀਆਂ ਨੂੰ ਸਮਝਣਾ ਅਤੇ ਉਨ੍ਹਾਂ ਨੂੰ ਮੁੜ ਪੱਕੇ ਕਰਨਾ ਤਾਂ ਕਿ ਇਹ ਮੁਲਕ ਸੱਜੇ ਪੱਖ ਵੱਲ ਨੂੰ ਮੋੜਾ ਨਾ ਕੱਟ ਜਾਣ। ਇਹ ਚੁਣੌਤੀ ਸਮੁੱਚੀ ਦੁਨੀਆ ਵਿਚ ਹੈ। ਇਸ ਚੁਣੌਤੀ ਨੂੰ ਸਰ ਕਰਨਾ ਹੀ ਅਜ਼ਾਦੀ 'ਤੇ ਜਸ਼ਨਾਂ ਦੇ ਮੌਕੇ 'ਤੇ ਪ੍ਰਣ ਲੈਣਾ ਹੁੰਦਾ ਹੈ ਕਿ ਅਸੀਂ ਜੋ ਬਹੁਭਾਸ਼ਾਈ ਅਤੇ ਬਹੁਸਭਿਆਚਾਰੀ ਮੁਲਕ ਦੀਆਂ ਬੁਨਿਆਦਾਂ ਹਨ ਉਨ੍ਹਾਂ ਨੂੰ ਮਜਬੂਤ ਕਰਨ ਦੀ ਦਿਸ਼ਾ ਵੱਲ ਅਗਾਂਹ ਤੁਰਾਂਗੇ। ਭਲਾ ਚੁਣੌਤੀਆਂ ਕਿਸ ਵੀ ਕਿਸਮ ਦੀਆਂ ਹੋਣ। - ਸੰਪਾਦਕ*

ਕਨੇਡਾ ਦਾ ਇਤਿਹਾਸ ਕਿਤਨਾ ਪੁਰਾਣਾ ਹੈ, ਬਾਰੇ ਕਹਿਣਾ ਸ਼ਾਇਦ ਮੁਸ਼ਕਿਲ ਹੈ ਕਿਉਂਕਿ ਇਹ ਮੰਨਿਆ ਜਾਂਦਾ ਹੈ ਤਕਰੀਬਨ 40 ਹਜ਼ਾਰ ਸਾਲ ਪਹਿਲਾਂ ਕੁੱਝ ਨੇਟਿਵ ਕਬੀਲੇ ਇਥੇ ਆ ਵਸੇ ਸਨ, ਪਰ ਉਹ ਕਿਵੇਂ ਇਥੇ ਆਏ, ਬਾਰੇ ਕਿਸੇ ਨੂੰ ਕੁੱਝ ਪਤਾ ਨਹੀਂ। ਵਿਗਿਆਨੀਆਂ ਦਾ ਇਹ ਮੰਨਣਾ ਹੈ ਕਿ ਤਕਰੀਬਨ 30 ਲੱਖ ਸਾਲ ਪਹਿਲਾਂ ਅਫਰੀਕਾ ਦੇ ਦੇਸ਼ ਈਥੋਪੀਆ ਵਿੱਚ ਮਨੁੱਖੀ ਨਸਲ ਦੀ ਸ਼ੁਰੂਆਤ ਹੋਈ ਸੀ। ਬੇਸ਼ਕ ਇਸਾਈ ਗ੍ਰੰਥਾਂ ਅਨੁਸਾਰ ਐਡਮ ਤੇ ਈਵ ਵਲੋਂ ਜਦੋਂ ਸਵਰਗਾਂ ਵਿੱਚ ਵਿਵਰਜਤ ਫਲ ਖਾ ਲਿਆ ਸੀ ਤਾਂ ਗੌਡ ਨੇ ਉਨ੍ਹਾਂ ਨੂੰ ਧਰਤੀ ਤੇ ਸੁੱਟ ਦਿੱਤਾ ਸੀ, ਪਰ ਇਹ ਅਜੇ ਤੱਕ ਪਤਾ ਨਹੀਂ ਲੱਗਾ ਕਿ ਸਵਰਗਾਂ ਤੋਂ ਡਿੱਗੇ ਐਡਮ ਤੇ ਈਵ (ਗੋਰਾ ਤੇ ਗੋਰੀ) ਧਰਤੀ ਤੇ ਅਫਰੀਕਾ ਵਿੱਚ ਡਿਗ ਕੇ ਕਾਲ਼ੇ ਕਿਵੇਂ ਬਣ ਗਏ ਕਿਉਂਕਿ ਗੋਰੇ ਇਹ ਮੰਨਦੇ ਹਨ ਕਿ ਉਨ੍ਹਾਂ ਦੀ ਨਸਲ ਰੱਬ ਵਲੋਂ ਆਪ ਬਣਾਈ ਸਭ ਤੋਂ ਸੁਪੀਰੀਅਰ ਤੇ ਅਸਲੀ ਮਨੁੱਖੀ ਨਸਲ ਹੈ। ਉਨ੍ਹਾਂ ਨੂੰ ਗੌਡ ਵਲੋਂ ਸਾਰੀ ਦੁਨੀਆਂ ਤੇ ਰਾਜ ਕਰਨ ਲਈ ਭੇਜਿਆ ਸੀ। ਇਸੇ ਕਰਕੇ ਯੂਰਪੀਅਨ ਬਸਤੀਵਾਦੀ ਗੋਰਿਆਂ (ਬ੍ਰਿਟਿਸ਼) ਤੇ ਫਰੈਂਚਾਂ ਨੇ ਸਭ ਜਗ੍ਹਾ ਕਲੋਨੀਆਂ ਬਣਾ ਕੇ ਲੋਕਾਂ ਨੂੰ ਗੁਲਾਮ ਬਣਾਇਆ ਤੇ ਲੁੱਟਿਆ। ਨਾਰਥ ਅਮਰੀਕਾ ਵਿੱਚ ਵਸਦੇ ਨੇਟਿਵ ਕਬੀਲੇ ਵੀ ਕਾਲ਼ਿਆਂ ਤੋਂ ਲਾਲ ਰੰਗ ਦੇ (ਰੈਡ ਇੰਡੀਅਨ) ਕਿਵੇਂ ਬਣੇ, ਕੁੱਝ ਕਿਹਾ ਨਹੀਂ ਜਾ ਸਕਦਾ। ਪਰ ਇਨ੍ਹਾਂ ਕਬੀਲਿਆਂ ਦਾ ਬਾਕੀ ਧਰਤੀ ਦੇ ਲੋਕਾਂ ਨਾਲ 1492 ਤੱਕ ਕੋਈ ਖਾਸ ਸੰਪਰਕ ਨਹੀਂ ਸੀ, ਜਦੋਂ ਤੱਕ ਇੰਡੀਆ (ਹੁਣ ਦਾ ਸਾਊਥ ਏਸ਼ੀਆ) ਨੂੰ ਲੱਭਣ ਲਈ ਕੋਲੰਬਸ ਸਮੁੰਦਰੀ ਜਹਾਜ਼ ਵਿੱਚ ਆਪਣੇ ਸਾਥੀਆਂ ਨਾਲ ਆਇਆ ਸੀ, ਪਰ ਗਲਤੀ ਨਾਲ ਜਹਾਜ਼ ਈਸਟ ਜਾਣ ਦੀ ਥਾਂ ਇਸ ਪਾਸੇ ਆ ਗਿਆ ਤੇ ਇਸ ਤਰ੍ਹਾਂ ਨਾਰਥ-ਅਮਰੀਕਾ ਤੇ ਕਨੇਡਾ ਨਾਲ ਯੂਰਪ ਦਾ ਸੰਪਰਕ ਹੋਇਆ। ਇਸ ਤੋਂ ਬਹੁਤ ਜਲਦੀ ਬਾਅਦ ਫਰਾਂਸੀਸੀ, ਪੁਰਤਗਾਲੀ, ਯੂਰਪੀਅਨ ਤੇ ਸਪੈਨਿਸ਼ ਲੋਕਾਂ ਨੇ ਇੱਥੇ ਆਉਣਾ ਤੇ ਵਸਣਾ ਸ਼ੁਰੂ ਕਰ ਦਿੱਤਾ ਤੇ ਜਲਦੀ ਹੀ ਇਥੇ ਦੇ ਬਸ਼ਿੰਦਿਆਂ (ਨੇਟਿਵ ਲੋਕਾਂ) ਨੂੰ ਗੁਲਾਮ ਬਣਾ ਕੇ 1534 ਵਿੱਚ ਨਵਾਂ ਫਰਾਂਸ ਬਣਾਇਆ, ਜਿਸਨੂੰ ਹੁਣ ਅਸੀਂ ਕਨੇਡਾ ਕਹਿੰਦੇ ਹਾਂ। ਫਰਾਂਸੀਸੀਆਂ ਦਾ 1534 ਤੋਂ 1763 ਤੱਕ ਇਥੇ ਕਬਜ਼ਾ ਰਿਹਾ, ਬਾਅਦ ਵਿੱਚ ਜਦੋਂ ਇੰਗਲੈਂਡ ਦੇ ਬਸਤੀਵਾਦੀ ਗੋਰਿਆਂ ਨੇ ਵੱਖ-ਵੱਖ ਦੇਸ਼ਾਂ ਵਿੱਚ ਆਪਣੀਆਂ ਬਸਤੀਆਂ ਬਣਾ ਕੇ ਲੋਕਾਂ ਨੂੰ ਗੁਲਾਮ ਬਣਾਉਣਾ ਸ਼ੁਰੂ ਕੀਤਾ ਤਾਂ ਇੱਥੇ ਵੀ ਉਨ੍ਹਾਂ ਫਰਾਂਸੀਸੀਆਂ ਨੂੰ 1754-1763 ਤੱਕ ਚੱਲੀਆਂ ਲੜਾਈਆਂ ਵਿੱਚ ਹਰਾ ਕੇ 1763 ਵਿੱਚ ਆਪਣਾ ਬਸਤੀਵਾਦੀ ਰਾਜ ਸਥਾਪਿਤ ਕਰ ਲਿਆ। ਜੋ ਕਿ 1 ਜੁਲਾਈ, 1867 ਤੱਕ ਸਿੱਧੇ ਰੂਪ ਵਿੱਚ ਚੱਲਿਆ ਤੇ 1982 ਤੱਕ ਅਸਿੱਧੇ ਰੂਪ ਵਿੱਚ ਚੱਲਦਾ ਰਿਹਾ।

ਦੇਸ਼ ਦਾ ਨਾਮ ਕਨੇਡਾ, ਮੂਲ ਨਿਵਾਸੀ ਲੋਕਾਂ ਦੇ ਸ਼ਬਦ 'ਕਨਾਟਾ' (ਭਾਵ ਪਿੰਡ) ਤੋਂ ਬਦਲ ਕੇ ਬਾਅਦ ਵਿੱਚ ਫਰੈਂਚ ਵਿੱਚ 'ਕੈਨੇਡਾ' ਦੇ ਰੂਪ ਵਿੱਚ ਪ੍ਰਚਲਤ ਹੋਇਆ। ਕਨਾਟਾ ਉਹੀ ਪਿੰਡ ਸੀ, ਜਿਸਨੂੰ ਹੁਣ ਕਿਊਬਿਕ ਸਿਟੀ ਕਿਹਾ ਜਾਂਦਾ ਹੈ। 1 ਜੁਲਾਈ, 1867 ਨੂੰ ਕਨੇਡਾ ਬ੍ਰਿਟਿਸ਼ ਬਸਤੀਵਾਦ ਤੋਂ ਆਜ਼ਾਦ ਹੋ ਕੇ ਨਵਾਂ ਦੇਸ਼ 'ਡੋਮੀਨੀਅਨ ਆਫ ਕੈਨੇਡਾ' ਬਣਿਆ। ਬੇਸ਼ਕ ਕੈਨੇਡਾ 1 ਜੁਲਾਈ ਨੂੰ ਹਰ ਸਾਲ ਆਪਣਾ ਅਜ਼ਾਦੀ ਦਿਵਸ ਮਨਾਉਂਦਾ ਹੈ, ਪਰ 1 ਜੁਲਾਈ, 1867 ਨੂੰ ਕਨੇਡਾ ਅੱਜ ਵਾਂਗ ਆਜ਼ਾਦ ਨਹੀਂ ਹੋਇਆ ਸੀ, ਸਗੋਂ ਬਸਤੀਵਾਦੀ ਬ੍ਰਿਟਿਸ਼ ਰਾਜਸ਼ਾਹੀ ਨੇ 1 ਜੁਲਾਈ, 1867 ਨੂੰ 'ਡੋਮੀਨੀਅਨ ਆਫ ਕੈਨੇਡਾ' ਬਣਾ ਕੇ ਦੇਸ਼ ਵਿਚ ਅੰਦਰੂਨੀ ਖੁਦ ਮੁਖਤਿਆਰੀ ਦਿੱਤੀ ਸੀ। ਪਰ ਉਪਰੋਂ ਰਾਜ ਪੂਰਨ ਰੂਪ ਵਿੱਚ ਇੰਗਲੈਂਡ ਦਾ ਹੀ ਸੀ। ਬੇਸ਼ਕ ਕਨੇਡਾ ਵਿੱਚ ਗੁਲਾਮੀ ਉਸ ਕਿਸਮ ਦੀ ਨਹੀਂ ਸੀ, ਜਿਸ ਤਰ੍ਹਾਂ ਦੀ ਇੰਡੀਆ ਜਾਂ ਹੋਰ ਕਈ ਏਸ਼ੀਅਨ ਤੇ ਅਫਰੀਕਨ ਦੇਸ਼ਾਂ ਵਿੱਚ ਸੀ। ਇੱਥੇ ਯੂਰਪੀਅਨ ਗੋਰਿਆਂ ਨੇ 16ਵੀਂ ਸਦੀ ਵਿੱਚ ਵਸਣਾ ਸ਼ੁਰੂ ਕਰ ਦਿੱਤਾ ਸੀ ਤੇ ਉਨ੍ਹਾਂ ਦਾ ਹੀ ਇੱਥੇ ਰਾਜ ਸੀ। ਇਨ੍ਹਾਂ ਨੇ ਇਥੋਂ ਦੇ ਨੇਟਿਵ ਲੋਕਾਂ ਨੂੰ ਆਪਣੇ ਗੁਲਾਮ ਬਣਾ ਕੇ ਉਨ੍ਹਾਂ ਦੇ ਦੇਸ਼ ਤੇ ਕਬਜ਼ਾ ਕਰ ਲਿਆ ਸੀ। ਜਿਨ੍ਹਾਂ ਤੋਂ ਆਪਣੇ ਆਪ ਨੂੰ ਵੱਖਰੇ ਕਰਨ ਲਈ, ਉਨ੍ਹਾਂ ਨੂੰ 'ਰੈਡ ਇੰਡੀਅਨ' ਵੀ ਕਿਹਾ ਜਾਂਦਾ ਸੀ, ਪਰ ਅੱਜ ਨੇਟਿਵਜ਼ (ਮੂਲ ਨਿਵਾਸੀਆਂ) ਨੂੰ ਰੈਡ ਇੰਡੀਅਨ ਕਹਿਣਾ ਅਪਮਾਨਜਨਕ ਮੰਨਿਆ ਜਾਂਦਾ ਹੈ। ਜਿਵੇਂ ਹੁਣ ਕਾਲ਼ਿਆਂ ਨੂੰ 'ਹਬਸ਼ੀ' ਕਹਿਣਾ ਨਸਲੀ ਸ਼ਬਦ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਕੋਲੰਬਸ ਜਦੋਂ ਇੰਡੀਆ ਲੱਭਣ ਤੁਰਿਆ ਸੀ ਤੇ ਗਲਤੀ ਨਾਲ਼ ਇੱਥੇ ਪਹੁੰਚ ਗਿਆ ਤਾਂ ਉਸਦੇ ਦਿਮਾਗ ਵਿੱਚ ਇੰਡੀਅਨ ਲੋਕ ਕਾਲ਼ੇ ਜਾਂ ਭੂਰੇ ਹੁੰਦੇ ਹਨ, ਪਰ ਇੱਥੇ ਦੇ ਮੂਲ ਨਿਵਾਸੀਆਂ ਦਾ ਰੰਗ ਲਾਲ ਜਿਹਾ ਦੇਖ ਉਸਨੇ ਇਨ੍ਹਾਂ ਨੂੰ 'ਲਾਲ ਇੰਡੀਅਨ' (ਰੈਡ ਇੰਡੀਅਨ) ਕਹਿਣਾ ਸ਼ੁਰੂ ਕਰ ਦਿੱਤਾ। ਸੰਨ 1946 ਤੱਕ ਕਨੇਡਾ ਸਰਕਾਰ ਵਲੋਂ ਪਾਸ ਕਿਸੇ ਵੀ ਕਨੂੰਨ ਨੂੰ ਰੱਦ ਕਰਨ ਦਾ ਇੰਗਲੈਂਡ ਦੀ ਰਾਣੀ ਜਾਂ ਉਸਦੀ ਸਰਕਾਰ ਕੋਲ਼ ਪੂਰਾ ਅਧਿਕਾਰ ਸੀ। ਸੰਨ 1946 ਤੱਕ ਕਨੇਡਾ ਤੇ ਇੰਗਲੈਂਡ ਦੀ ਇੱਕ ਹੀ ਸਿਟੀਜ਼ਨਸ਼ਿਪ ਹੁੰਦੀ ਸੀ। ਕਨੇਡੀਅਨ ਸਿਟੀਜ਼ਨਸ਼ਿਪ ਐਕਟ 1946 ਵਿੱਚ ਪਹਿਲੀ ਵਾਰ ਕਨੇਡਾ ਨੇ ਆਪਣੀ ਵੱਖਰੀ ਆਜ਼ਾਦ ਸਿਟੀਜ਼ਨਸ਼ਿਪ ਦੇਣੀ ਸ਼ੁਰੂ ਕੀਤੀ ਸੀ। ਇਹੀ ਕਾਰਨ ਹੈ ਕਿ ਕਨੇਡਾ ਵਸਦੇ ਭਾਰਤੀਆਂ ਨੂੰ ਕਨੇਡੀਅਨ ਸਿਟੀਜ਼ਨਸ਼ਿਪ ਨਹੀਂ ਦਿੱਤੀ ਜਾਂਦੀ ਸੀ ਕਿਉਂਕਿ ਉਹ ਭਾਰਤ ਵਿੱਚ ਇੰਗਲੈਂਡ ਦੇ ਗੁਲਾਮ ਸਨ। ਜਦੋਂ 1947 ਵਿੱਚ ਭਾਰਤ ਆਜ਼ਾਦ ਹੋਇਆ, ਉਸੇ ਸਾਲ ਕਨੇਡਾ ਵਿੱਚ ਭਾਰਤੀਆਂ ਨੂੰ ਸਿਟੀਜ਼ਨਸ਼ਿਪ ਤੇ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੋਇਆ ਸੀ। ਚੀਨਿਆਂ ਨੂੰ ਵੀ ਇਸੇ ਸਾਲ 1947 ਵਿੱਚ ਵੋਟ ਦਾ ਹੱਕ ਮਿਲ਼ਿਆ ਸੀ। ਔਰਤਾਂ ਨੂੰ ਕਨੇਡਾ ਵਿੱਚ ਵੋਟ ਦਾ ਹੱਕ 1916 ਤੋਂ 1922 ਤੱਕ ਵੱਖ-ਵੱਖ ਸਮਿਆਂ ਵਿੱਚ ਵੱਖ-ਵੱਖ ਸਟੇਟਾਂ ਨੇ ਦਿੱਤਾ ਸੀ, ਪਰ ਕਿਊਬਕ ਵਿੱਚ ਇਹ ਹੱਕ ਔਰਤਾਂ ਨੂੰ 1940 ਵਿੱਚ ਮਿਲਿਆ ਸੀ। ਇਥੇ ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਬਾਹਰੋਂ ਆ ਕੇ ਵਸੇ ਲੋਕਾਂ ਨੂੰ ਤਾਂ ਵੋਟਿੰਗ ਤੇ ਸਿਟੀਜ਼ਨਸ਼ਿਪ ਹੱਕ ਮਿਲ ਗਏ ਸਨ, ਪਰ ਜਿਨ੍ਹਾਂ ਦਾ ਦੇਸ਼ ਸੀ, ਉਨ੍ਹਾਂ ਨੇਟਿਵਜ਼ ਨੂੰ ਵੋਟ ਦਾ ਹੱਕ 1 ਜੁਲਾਈ, 1960 ਨੂੰ ਮਿਲ਼ਿਆ ਸੀ, ਕਿਉਂਕਿ ਉਸ ਤੋਂ ਪਹਿਲਾਂ 1867 ਵਿੱਚ ਕਹੇ ਜਾਂਦੇ ਆਜ਼ਾਦ ਕਨੇਡਾ ਵਿੱਚ ਉਨ੍ਹਾਂ ਹੀ ਨੇਟਿਵਜ਼ ਕੋਲ ਸੀਮਤ ਸਿਟੀਜ਼ਨਸ਼ਿਪ ਦੇ ਅਧਿਕਾਰ ਸਨ, ਜੋ ਆਪਣੀ ਲੈਂਡ ਜਾਂ ਹੋਰ ਕੁਦਰਤੀ ਸੋਮਿਆਂ ਤੇ ਆਪਣਾ ਹੱਕ ਛੱਡਣ ਲਈ ਤਿਆਰ ਹੁੰਦੇ ਸਨ। ਮੇਰੀ ਸਮਝ ਤੇ ਇਤਿਹਾਸਕ ਜਾਣਕਾਰੀ ਅਨੁਸਾਰ ਕਨੇਡਾ ਆਜ਼ਾਦ (ਬੇਸ਼ੱਕ ਪੂਰਨ ਰੂਪ ਵਿੱਚ ਅਜੇ ਵੀ ਨਹੀਂ) 29 ਮਾਰਚ, 1982 ਦੇ 'ਕੈਨੇਡਾ ਐਕਟ 1982' ਅਨੁਸਾਰ ਹੋਇਆ ਸੀ, ਜਦੋਂ ਬ੍ਰਿਟਿਸ਼ ਪਾਰਲੀਮੈਂਟ ਨੇ ਕਨੂੰਨ ਪਾਸ ਕਰਕੇ ਇਸਨੂੰ ਪੂਰਨ ਆਜ਼ਾਦੀ ਦੀ ਮਾਨਤਾ ਦਿੱਤੀ ਸੀ, ਜਿਸ ਤੇ ਬਾਅਦ ਵਿੱਚ 17 ਅਪਰੈਲ, 1982 ਨੂੰ ਇੰਗਲੈਂਡ ਦੀ ਰਾਣੀ ਤੇ ਕਨੇਡਾ ਦੇ ਪ੍ਰਧਾਨ ਮੰਤਰੀ ਮਿ. ਪੀਅਰ ਟਰੂਡੋ (ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਪਿਤਾ) ਨੇ ਸਾਈਨ ਕਰਕੇ ਕਨੂੰਨ ਬਣਾਇਆ ਸੀ। ਜਿਹੜਾ ਬਿੱਲ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਕਨੇਡਾ ਨੂੰ ਪੂਰਨ ਆਜ਼ਾਦੀ ਦਾ ਪਾਸ ਹੋਇਆ ਸੀ, ਉਸ ਵਿੱਚ ਇੰਗਲੈਂਡ ਦੇ 44 ਐਮ ਪੀਜ਼ ਨੇ ਵਿਰੋਧ ਵਿੱਚ ਵੋਟ ਪਾਇਆ ਸੀ।



1 ਜੁਲਾਈ, 1867 ਨੂੰ ਜਿਸ ਕਨੇਡਾ ਨੂੰ ਅਜ਼ਾਦੀ ਮਿਲੀ ਸੀ, ਉਸ ਵਿੱਚ ਸਿਰਫ 4 ਪ੍ਰੌਵਿੰਸ (ਸਟੇਟਾਂ) ਕਿਊਬਿਕ, ਉਨਟੇਰੀਉ, ਨਿਊ ਬਰੰਜ਼ਵਿਕ ਤੇ ਨੋਵਾ ਸਕੋਸ਼ੀਆ ਹੀ ਸ਼ਾਮਿਲ ਸਨ। ਮੈਨੀਟੋਬਾ ਜੁਲਾਈ 1870, ਨਾਰਥ ਵੈਸਟ ਟੈਰੋਟਰੀਜ਼ 1870, ਬੀ. ਸੀ. 1871, ਪਰਿੰਸ ਐਡਵਰਡ ਆਈਲੈਂਡ 1873, ਅਲਬਰਟਾ ਤੇ ਸਸਕੈਚਵਨ 1905 ਅਤੇ ਨਿਊਫਨਲੈਂਡ ਸਭ ਤੋਂ ਬਾਅਦ 31 ਮਾਰਚ, 1949 ਨੂੰ ਕਨੇਡਾ ਵਿੱਚ ਸ਼ਾਮਲ ਹੋਇਆ ਸੀ। ਇਸ ਤਰ੍ਹਾਂ ਸਹੀ ਮਹਿਨਿਆਂ ਵਿੱਚ ਮੌਜੂਦਾ ਕਨੇਡਾ 1949 ਵਿੱਚ ਨਿਊਫਨਲੈਂਡ ਦੇ ਰਲ਼ਣ ਨਾਲ ਹੋਂਦ ਵਿੱਚ ਆਇਆ ਸੀ। ਬੇਸ਼ਕ 'ਕਨੇਡਾ ਐਕਟ 1982' ਤੇ 'ਕਨੇਡੀਅਨ ਚਾਰਟਰ ਆਫ ਰਾਈਟਸ ਤੇ ਫਰੀਡਮ ਐਕਟ' ਅਨੁਸਾਰ ਕਨੇਡਾ ਇੱਕ ਵੱਖਰਾ ਤੇ ਆਜ਼ਾਦ ਦੇਸ਼ ਹੈ, ਜਿਥੇ ਸਭ ਨਾਗਰਿਕਾਂ ਕੋਲ ਬਿਨਾਂ ਕਿਸੇ ਜਾਤ, ਧਰਮ, ਨਸਲ, ਭਾਸ਼ਾ, ਲਿੰਗ, ਰੰਗ ਆਦਿ ਦੇ ਵਿਤਕਰੇ ਤੋਂ ਸਭ ਅਧਿਕਾਰ ਹਨ। ਪਰ ਕਨੇਡਾ ਨੂੰ ਇੰਗਲੈਂਡ ਤੋਂ ਪੂਰਨ ਰੂਪ ਵਿੱਚ ਆਜ਼ਾਦ ਹੋਣ ਲਈ ਹੋਰ ਹੰਭਲਾ ਮਾਰਨਾ ਪਵੇਗਾ ਤਾਂ ਕਿ ਇੰਗਲੈਂਡ ਦੀ ਮਹਾਰਾਣੀ ਤੇ ਉਸਦੇ ਸ਼ਾਹੀ ਪਰਿਵਾਰ ਦਾ ਦਖਲ ਤੇ ਉਸਦੇ ਨੁਮਾਇੰਦੇ ਗਵਰਨਰ ਜਨਰਲ ਜਾਂ ਲੈਫਟੀਨੈਂਟ ਗਵਰਨਰ ਦੇ ਅਹੁਦੇ ਖਤਮ ਹੋਣ। ਇਨ੍ਹਾਂ ਅਹੁਦਿਆਂ ਨੂੰ ਕਾਇਮ ਰੱਖਣ ਅਤੇ ਇੰਗਲੈਂਡ ਦੇ ਸ਼ਾਹੀ ਪਰਿਵਾਰ ਦੀ ਆਉ ਭਗਤ ਤੇ ਹਰ ਸਾਲ ਕਨੇਡੀਅਨ ਟੈਕਸ ਪੇਅਰ ਦਾ 58.7 ਮਿਲੀਅਨ ਡਾਲਰ ਤੋਂ ਵੱਧ ਖਰਚਾ ਕੀਤਾ ਜਾਂਦਾ ਹੈ। ਅਜੇ ਵੀ ਸਾਨੂੰ ਕਨੇਡੀਅਨ ਸਿਟੀਜ਼ਨਸ਼ਿਪ ਲੈਣ ਵੇਲੇ ਇੰਗਲੈਂਡ ਦੀ ਰਾਣੀ ਪ੍ਰਤੀ ਵਫਾਦਾਰ ਰਹਿਣ ਦੀ ਸਹੁੰ ਚੁੱਕਣੀ ਪੈਂਦੀ ਹੈ। ਕਨੇਡਾ ਸਰਕਾਰ ਦੀ ਸਰਕਾਰੀ ਸੀਲ ਅਜੇ ਵੀ ਰਾਣੀ ਦੇ ਨਾਮ ਦੀ ਹੈ, ਜਿਹੜੀ ਸਰਕਾਰੀ ਦਸਤਾਵੇਜ਼ਾਂ ਜਾਂ ਕਨੂੰਨ ਬਣਾਉਣ ਆਦਿ ਲਈ ਲਾਈ ਜਾਂਦੀ ਹੈ। ਸਾਡੇ ਐਮ. ਐਲ਼. ਏ., ਐਮ. ਪੀਜ਼ ਜਾਂ ਸੈਨੇਟਰਾਂ ਨੂੰ ਮਹਾਰਾਣੀ ਪ੍ਰਤੀ ਵਫਾਦਾਰ ਰਹਿਣ ਦੀ ਸਹੁੰ ਚੁੱਕਣੀ ਪੈਂਦੀ ਹੈ। ਅਜੇ ਵੀ ਕਨੇਡੀਅਨ ਕਰੰਸੀ ਉਤੇ ਮਹਾਰਾਣੀ ਜਾਂ ਸ਼ਾਹੀ ਖਾਨਦਾਨ ਦੀ ਫੋਟੋ ਲਾਈ ਜਾਂਦੀ ਹੈ ਕਿਉਂਕਿ ਉਹ ਦੇਸ਼ ਦੇ ਅਸਿੱਧੇ ਤੌਰ 'ਤੇ ਅਜੇ ਵੀ ਸਮਰਾਟ ਹਨ। ਕਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਸਮੇਤ 16 ਕਾਮਨ ਵੈਲਥ ਦੇਸ਼ਾਂ ਵਿੱਚ ਸ਼ਾਹੀ ਖਾਨਦਾਨ ਦੀ ਹਿੱਸਾਪੱਤੀ ਅਜੇ ਵੀ ਜਾਰੀ ਹੈ, ਭਾਵੇਂ ਕਹਿਣ ਨੂੰ ਉਨ੍ਹਾਂ ਨੇ ਸਿੱਧੇ ਤੌਰ 'ਤੇ ਬਸਤੀਵਾਦੀ ਲੁੱਟ ਤੋਂ ਦੇਸ਼ਾਂ ਨੂੰ ਦੂਜੀ ਸੰਸਾਰ ਜੰਗ ਤੋਂ ਬਾਅਦ ਆਜ਼ਾਦ ਕਰ ਦਿੱਤਾ ਸੀ। ਅੱਜ ਜਦੋਂ ਕਨੇਡਾ ਸਰਕਾਰ ਬੜੇ ਧੂਮ-ਧੜੱਕੇ ਨਾਲ ਕਨੇਡਾ ਦੀ ਆਜ਼ਾਦੀ ਦੇ 1 ਜੁਲਾਈ ਨੂੰ ਜ਼ਸ਼ਨ ਮਨਾਉਂਦੀ ਹੈ ਤਾਂ ਸਾਨੂੰ ਸਰਕਾਰੀ ਪੈਸੇ ਨਾਲ ਕੀਤੇ ਜਾ ਰਹੇ ਸ਼ੋਰ ਸ਼ਰਾਬੇ ਵਿੱਚ ਉਨ੍ਹਾਂ ਨੇਟਿਵ ਲੋਕਾਂ ਤੇ ਹੋਏ ਜ਼ੁਲਮਾਂ, ਅੱਤਿਆਚਾਰਾਂ, ਕਤਲੇਆਮ ਨੂੰ ਨਹੀਂ ਭੁੱਲਣਾ ਚਾਹੀਦਾ, ਜਿਨ੍ਹਾਂ ਦਾ ਧਰਮ, ਕਲਚਰ, ਬੋਲੀ ਵਿਦੇਸ਼ੀ ਹਮਲਾਵਰਾਂ ਨੇ ਖਤਮ ਕਰ ਦਿੱਤੀ ਸੀ ਅਤੇ ਜਿਨ੍ਹਾਂ ਦੇ ਦੇਸ਼ (ਸੁਪਨਿਆਂ ਦੀ ਧਰਤੀ ਤੇ) ਵਿੱਚ ਅਸੀਂ ਸਾਰੀ ਦੁਨੀਆਂ ਵਿਚੋਂ ਆ ਕੇ ਮੌਜਾਂ ਮਾਣ ਰਹੇ ਹਾਂ ਅਤੇ ਉਹ ਲੋਕ ਅਜੇ ਵੀ ਆਪਣੇ ਦੇਸ਼ ਵਿੱਚ ਰਿਜ਼ਰਵ (ਰਾਖਵੀਆਂ) ਬਸਤੀਆਂ ਵਿੱਚ ਨਰਕਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਜਿਸ ਤਰ੍ਹਾਂ ਕਦੇ ਇੰਡੀਆ ਵਿੱਚ ਸ਼ੂਦਰ (ਦਲਿਤ) ਅਲਗ ਬਸਤੀਆਂ ਵਿੱਚ ਰਹਿੰਦੇ ਸਨ। ਜਦੋਂ ਤੱਕ ਇਸ ਧਰਤੀ ਦੇ ਅਸਲ ਬਸ਼ਿੰਦਿਆਂ ਨੂੰ ਬਰਾਬਰ ਹੱਕ ਤੇ ਪੂਰਨ ਆਜ਼ਾਦੀ ਨਹੀਂ ਮਿਲਦੀ, ਸਾਡਾ ਅਜ਼ਾਦੀ ਦੇ ਜ਼ਸ਼ਨ ਮਨਾਉਣਾ ਕੋਈ ਮਾਅਨੇ ਨਹੀਂ ਰੱਖਦਾ ਅਤੇ ਨਾ ਹੀ ਕਨੇਡਾ ਨੂੰ ਪੂਰਨ ਅਜ਼ਾਦ ਦੇਸ਼ ਕਿਹਾ ਜਾ ਸਕਦਾ ਹੈ?

12 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372


ਮਾਸਟਰ ਭਜਨ (ਕੈਲਗਰੀ) 403-455-4220


ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794


ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955


ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598



SAROKARAN DI AWAZ
Publisher
Pro-People Arts Project
Media Group 29
Mapleview Ave, Brampton
Ontario, CA, L6R 1M2
Managing Director
Devinder Toor, Toronto
416-902-9372
ppapmg@gmail.com
Chief Editor
Harbans Singh
416-817-7142
ppapmg@gmail.com
Editor
Master Bhajan Singh
Calgary (Alberta)
403-455-4220
btarksheel@gmail.com
Editor
Dr. Hardeep Singh Atwal
Cambridge (Ontario)
416-209-6363
deephsingh@gmail.com
Chief advisor
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Literary Advisor
Haripal
Calgary (NE) Alberta
403-714-4816
haripalharry2016@gmail.com
Parminder Swaich
Surrey (BC)
604-760-4794
pswaich@hotmail.com
Jasvir kaur Manguwal
Winnipeg
204-881-4955
manguwal.j@gmail.com
Honorary Advisory Board
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211
Graphic Desinger
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦੁੱਖਾਂ ਦਰਦਾਂ ਦੀ ਬਾਤ ਪਾਉਂਦਾ ਨਾਟਕ 'ਮੈਂ ਕਿਤੇ ਨਹੀਂ ਗਿਆ'





ਵਿੰਨੀਪੈਗ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਵੱਲੋਂ 11 ਜੂਨ 2023 ਨੂੰ ਮੈਪਲਜ ਕਾਲਜੀਏਟ ਦੇ ਥੀਏਟਰ ਵਿੱਚ ਗਿਆਨ, ਵਿਗਿਆਨ ਅਤੇ ਵਿਚਾਰ ਨੂੰ ਪਰਫੁੱਲਤ ਕਰਨ ਲਈ ਜਾਦੂ ਦੇ ਸ਼ੋਅ ਅਤੇ ਲੈਕਚਰ ਰਾਜਿੰਦਰ ਭਦੌੜ, ਬੀਰਬਲ ਭਦੌੜ ਵੱਲੋਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦੁੱਖਾਂ ਦਰਦਾਂ ਦੀ ਬਾਤ ਪਾਉਂਦਾ ਨਾਟਕ "ਮੈਂ ਕਿਤੇ ਨਹੀਂ ਗਿਆ" ਦਾ ਮੰਚਨ ਲੋਕ ਕਲਾ ਮੰਚ ਮੰਡੀ ਮੁਲਾਂਪੁਰ ਦੇ ਅਦਾਕਾਰ ਸੁਰੰਦਰ ਸ਼ਰਮਾ ਵੱਲੋਂ ਕੀਤਾ ਗਿਆ।

ਸਟੇਜ ਦੀ ਸੁਰੂਆਤ ਖਚਾਖੱਚ ਭਰੇ ਹਾਲ ਵਿੱਚ ਛੋਟੀ ਬੱਚੀ ਪ੍ਰਭਲੀਨ ਤੂਰ ਦੀ ਕਵਿਤਾ "ਮਾਂ-ਬਾਪ" ਨਾਲ ਹੋਇਆ। ਪੰਜਾਬੀ ਭਾਸ਼ਾ ਨੂੰ ਸਕੂਲਾਂ-ਕਾਲਜਾਂ ਦੇ ਸਲੇਬਸ ਦਾ ਹਿੱਸਾ ਬਣਾਉਣ ਦੀਆਂ ਕੋਸ਼ਿਸ਼ਾਂ ਹਿੱਤ ਹੋਂਦ ਵਿੱਚ ਆਈ ਜਥੇਬੰਦੀ 'ਐਸੋਸੀਏਸ਼ਨ ਫਾਰ ਪ੍ਰਮੋਸ਼ਨ ਆਫ਼ ਪੰਜਾਬੀ ਲੈਂਗੂਏਜ਼ ਐਜੂਕੇਸ਼ਨ (ਐਪਲ) ਵਿੰਨੀਪੈਗ ਦੇ ਬੁਲਾਰੇ ਡਾ: ਬਬਨੀਤ ਕੌਰ ਨੇ ਕਮਿਊਨਿਟੀ ਨੂੰ ਇਸ ਜੱਥੇਬੰਦੀ ਦਾ ਸਹਿਯੋਗ ਦੇਣ ਲਈ ਅਪੀਲ ਕੀਤੀ ਅਤੇ ਉਨ੍ਹਾਂ ਨੇ ਇਸ ਜੱਥੇਬੰਦੀ ਵੱਲੋਂ ਬੱਚਿਆਂ ਲਈ ਪੰਜਾਬੀ ਵਿੱਚ ਇੱਕ 'ਕਵਿਤਾ ਉਚਾਰਨ ਮੁਕਾਬਲਾ' ਜੋ 25 ਜੂਨ ਦਿਨ ਐਤਵਾਰ ਨੂੰ ਹੋਣਾ ਜਾ ਰਿਹਾ ਹੈ ਦਾ ਹਿੱਸਾ ਬਣਨ ਅਤੇ ਸ਼ਾਮਲ ਹੋਣ ਲਈ ਵੀ ਸਭ ਨੂੰ ਸੱਦਾ ਦਿੱਤਾ।

ਇਸ ਤੋਂ ਬਾਅਦ ਤਰਕਸ਼ੀਲ ਸੁਸਾਇਟੀ ਦੇ ਨੁਮਾਇੰਦੇ ਬੀਰਬਲ ਭਦੌੜ ਤੇ ਰਾਜਿੰਦਰ ਭਦੌੜ ਨੇ ਜਾਦੂ ਦੇ ਸ਼ੋਅ ਦਿਖਾ ਕੇ ਲੋਕਾਂ ਨੂੰ ਵਹਿਮਾ, ਭਰਮਾਂ ਅਤੇ ਜਾਦੂ-ਮੰਤਰਾਂ ਦੀ ਅਸਲੀਅਤ ਲੋਕਾਂ ਸਾਹਮਣੇ ਰੱਖੀ। ਰਾਜਿੰਦਰ ਭਦੌੜ ਨੇ ਕੁੱਝ ਘਟਨਾਵਾਂ ਗਿਣਾਕੇ ਉਹਨਾਂ ਦੇ ਕੀਤੇ ਵਿਗਿਆਨਕ ਹੱਲ ਵੀ ਸਾਂਝੇ ਕੀਤੇ ਅਤੇ ਵਿੰਨੀਪੈਗ 'ਚ ਤਰਕਸੀਲ ਸੁਸਾਇਟੀ ਬਨਾਉਣ ਦਾ ਹੋਕਾ ਵੀ ਦਿੱਤਾ।

ਪ੍ਰੋਗਰਾਮ ਦੇ ਅੱਗੇ ਜਾਕੇ ਸਟੇਜ ਤੋਂ ਹੇਠ ਲਿਖੇ ਤਿੰਨ ਮਤੇ ਪੜ੍ਹਕੇ ਲੋਕਾਂ ਨੂੰ ਸੁਣਾਏ ਗਏ ਅਤੇ ਫਿਰ ਸਾਰਿਆਂ ਦੀ ਮਨਜ਼ੂਰੀ ਨਾਲ ਪਾਸ ਕੀਤੇ ਗਏ।

1. ਅੱਜ ਦੀ ਇਹ ਇਕੱਤਰਤਾ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੁਸ਼ਤੀ ਪਹਿਲਵਾਨ ਲੜਕੀਆਂ ਵੱਲੋਂ ਇਨਸਾਫ ਦੀ ਮੰਗ ਨੂੰ ਲੈਕੇ ਪਿਛਲੇ ਕਾਫੀ ਸਮੇਂ ਤੋਂ ਦਿੱਲੀ ਜੰਤਰ ਮੰਤਰ ਤੇ ਯੌਨ ਸ਼ੋਸ਼ਣ ਦੇ ਦੋਸ਼ੀ ਭਾਰਤੀ ਜੰਤਾਂ ਪਾਰਟੀ ਦੇ ਮੈਂਬਰ ਪਾਰਲੀਮੈਂਟ ਅਤੇ ਭਾਰਤੀ ਕੁਸ਼ਤੀ ਫੈਡਰੇਸਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸਨ ਸ਼ਰਨ ਸਿੰਘ ਦੀ ਗ੍ਰਿਫਤਾਰੀ ਅਤੇ ਬਰਖਾਸਤਗੀ ਨੂੰ ਲੈ ਕੇ ਪਿਛਲੇ ਕਾਫੀ ਸਮੇਂ ਤੋਂ ਚਲ ਰਹੇ ਸੰਘਰਸ਼ ਦੀ ਹਮਾਇਤ ਕਰਦੀ ਹੈ ਅਤੇ ਬ੍ਰਿਜ ਭੂਸਨ ਸ਼ਰਨ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਮੰਗ ਕਰਦੀ ਹੈ।

2. ਜਮਹੂਰੀ ਹੱਕਾਂ ਦੀ ਉੱਘੀ ਤੇ ਨਿਧੜਕ ਕਾਰਕੁੰਨ, ਕਿਸਾਨਾਂ, ਔਰਤਾਂ ਅਤੇ ਦੱਬੇ ਕੁਚਲਿਆਂ ਦੇ ਹੱਕਾਂ ਲਈ ਅਵਾਜ਼ ਬੁਲੰਦ ਕਰਨ ਵਾਲੀ ਡਾ: ਨਵਸ਼ਰਨ ਜੋ ਭਾਜੀ ਗੁਰਸ਼ਰਨ ਸਿੰਘ ਦੀ ਵੱਡੀ ਬੇਟੀ ਹਨ; ਕਾਰਲਟਨ ਯੂਨੀਵਰਸਿਟੀ ਓਟਾਵਾ ਤੋਂ ਪੋਲੀਟੀਕਲ ਸਾਇੰਸ 'ਚ PhD ਹਨ ਅਤੇ ਇਸ ਯੂਨੀਵਰਸਿਟੀ ਦੇ 75 ਐਮੀਨਿੰਟ ਗ੍ਰੈਜੂਏਟਾਂ ਵਿਚ ਗਿਣੇ ਜਾਂਦੇ ਹਨ ਨੂੰ ਕੇਂਦਰ ਦੀ ਫਾਸ਼ੀਵਾਦੀ ਭਾਜਪਾ ਸਰਕਾਰ ਦੇ ਇਸ਼ਾਰੇ ਤੇ ਈ ਡੀ ਵੱਲੋਂ ਪੁੱਛ-ਗਿੱਛ ਦੇ ਨਾਂ ਹੇਠ ਤੰਗ-ਪ੍ਰੇਸ਼ਾਨ ਕਰਨ, ਡਰਾਉਣ, ਧਮਕਾਉਣ ਅਤੇ ਪੀ ਐਮ ਐਲ ਏ ਵਰਗੇ ਕਾਨੂੰਨਾਂ ਵਿੱਚ ਫਸਾਉਣ ਦੀ ਕੋਸ਼ਿਸ਼ ਦੀ ਅੱਜ ਦਾ ਇਹ ਇਕੱਠ ਸਖ਼ਤ ਨਿਖੇਧੀ ਕਰਦਾ ਹੈ ਅਤੇ ਡਾ. ਨਵਸ਼ਰਨ ਅਤੇ ਉਨ੍ਹਾਂ ਦੀ ਵਿਰਾਸਤ ਦੇ ਨਾਲ ਖੜ੍ਹਣ ਦਾ ਅਹਿਦ ਕਰਦਾ ਹੈ।

3. ਇਸ ਤੋਂ ਪਹਿਲਾਂ ਵੀ ਬਹੁਤ ਸਾਰੇ ਬੁੱਧੀਜੀਵੀਆਂ, ਜਮਹੂਰੀ ਕਾਰਕੁੰਨਾਂ, ਸਮਾਜਕ ਕਾਰਜਕਰਤਾਵਾਂ ਨੂੰ ਲੰਗੜੇ ਤੇ ਝੂਠੇ ਬਹਾਨੇ ਜਾਂ ਬਿਨਾ ਕੋਈ ਕੇਸ ਹੇਠ ਜੇਲ੍ਹਾਂ 'ਚ ਬੰਦ ਕੀਤਾ ਜਾ ਚੁੱਕਾ ਹੈ। ਅੱਜ ਦੀ ਇਹ ਇਕੱਤਰਤਾ ਉਨ੍ਹਾਂ ਬੁੱਧੀਜੀਵੀਆਂ ਦੀ ਬਿਨਾ ਸ਼ਰਤ ਰਿਹਾਈ ਦੀ ਮੰਗ ਕਰਦੀ ਹੈ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਦੀ ਵੀ ਮੰਗ ਕਰਦੀ ਹੈ।

ਪ੍ਰੋਗਰਾਮ ਦੇ ਅਖੀਰ ਵਿੱਚ ਨਾਟਕ 'ਮੈਂ ਕਿਤੇ ਨਹੀਂ ਗਿਆ' ਪੇਸ਼ ਕੀਤਾ ਗਿਆ। ਇਹ ਨਾਟਕ ਜਿੱਥੇ ਭਗਤ ਸਿੰਘ ਦੀ ਵਿਚਾਰਧਾਰਾ ਦੀ ਗੱਲ ਕਰਦਾ ਹੈ ਉੱਥੇ ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਕਨੇਡਾ ਵਿੱਚ ਹੁੰਦੇ ਧੱਕੇ ਅਤੇ ਸ਼ੋਸ਼ਣ ਨੂੰ ਵੀ ਉਜਾਗਰ ਕਰਦਾ ਹੈ। ਵਿਦਿਆਰਥੀਆਂ ਦਾ ਸ਼ੋਸ਼ਣ ਕਿਸੇ ਹੋਰ ਵੱਲੋਂ ਨਹੀਂ ਸਗੋਂ ਸਾਡੀ ਆਪਣੀ ਕਮਿਊਨਿਟੀ ਦੇ ਲੋਕਾਂ ਵੱਲੋਂ ਹੀ ਕੀਤਾ ਜਾਂਦਾ ਹੈ। ਨਾਟਕ ਆਪਣੀ ਗੱਲ ਕਹਿਣ ਵਿੱਚ ਸਫਲ ਰਿਹਾ। ਲੋਕਾਂ ਨੇ ਨਾਟਕ ਨੂੰ ਬਹੁਤ ਧਿਆਨ ਤੇ ਇਕਾਗਰਤਾ ਨਾਲ ਦੇਖਿਆ।

ਪ੍ਰੋਗਰਾਮ ਦੀ ਸਮਾਪਤੀ ਤੋਂ ਪਹਿਲਾਂ ਮੰਚ ਸੰਚਾਲਕ ਨੇ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਉਚੇਚੇ ਤੌਰ 'ਤੇ ਜਗਦੀਪ ਤੂਰ ਜੀ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਮੱਦਦ ਤੋਂ ਵਗੈਰ ਇਹ ਪ੍ਰੋਗਰਾਮ ਸੰਭਵ ਨਹੀਂ ਸੀ।

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵੱਲੋਂ
ਉੱਘੇ ਪੱਤਰਕਾਰ ਅਤੇ ਲੋਕ-ਪੱਖੀ ਲੇਖਕ

ਜਸਪਾਲ ਸਿੰਘ ਸਿੱਧੂ
ਦਾ ਅਜੋਕੇ ਮਸਲਿਆਂ 'ਤੇ ਵਿਸ਼ੇਸ਼ ਲੈਕਚਰ
23 July 2023 Sunday
4774 Westwinds DR NE Calgary
Timing: 2:00pm to 4:00pm
ਇੰਡੀਅਨ ਐਕਸ ਸਰਵਿਸਮੈਨ ਇਮੀਗਰਾਂਟ ਐਸੋਸੀਏਸ਼ਨ ਦੇ ਹਾਲ ਵਿਖੇ ਹੋਵੇਗਾ।
ਨੋਟ: ਪ੍ਰੋਗਰੈਸਿਵ ਕਲਾ ਮੰਚ ਵੱਲੋਂ ਐਕਸ਼ਨ ਕੋਰੀਓਗਰਾਫ਼ੀ ਪੇਸ਼ ਕੀਤੀ ਜਾਵੇਗੀ।
Master Bhajan Singh 403-455-4220
Harcharan Singh Parhar 403-681-8689

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work
ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।
Free Estimate Paul Sekhon: 403-701-4947
HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work

Paul Sekhon: 403-829-5000
Bay 11 2316 27 Ave. NE, Calgary Ph. : 403-

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION Applications for Family Class and APPEALS, Skilled Workers, Investors, Refugee Claims
REAL ESTATE Buying and Selling Commercial and Residential Land Development Condominium Projects WILLS & ESTATE CRIMINAL LAW
SMALL BUSINESS Buying and Selling Franchises, Shareholder Agreements and Incorporations FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਜ਼ਖਮ ਨੂੰ ਸੂਰਜ ਬਣਨ ਦਿਓ; ਪਰ ਹੋਸ਼ ਦਾ ਪੱਲੜਾ ਵੀ ਨਾ ਛੱਡੋ !

## (ਸਾਕਾ ਨੀਲਾ ਤਾਰਾ ਦੁਖਾਂਤ ਦਾ ਚਿਤਵਨ ਕਰਦਿਆਂ)



ਹਰਚਰਨ ਸਿੰਘ ਪਰਹਾਰ
403-681-8689
hp8689@gmail.com

'ਜੂਨ 1984 ਦਾ ਬਲਿਊ ਸਟਾਰ ਉਪਰੇਸ਼ਨ, ਇੱਕ ਵੱਡਾ ਘੱਲੂਘਾਰਾ ਸੀ। ਇਹ ਇੱਕ ਜ਼ਖਮ ਹੈ, ਜੋ ਸਿੱਖ ਕੌਮ ਦੀ ਸਿਮਰਤੀ ਵਿੱਚੋਂ ਜਾ ਨਹੀਂ ਸਕਦਾ। ਇਹ ਇੱਕ ਪੀੜ੍ਹ ਹੈ, ਇੱਕ ਕਸਕ ਹੈ, ਜੋ ਕਦੇ ਪੂਰੀ ਤਰ੍ਹਾਂ ਮਿਟ ਨਹੀਂ ਸਕਦੀ।'

'ਹੁਣ ਸਮਾਂ ਆ ਗਿਆ ਹੈ ਕਿ ਅਸੀਂ ਬਲਿਊ ਸਟਾਰ ਜਿਹੇ ਜ਼ਖ਼ਮ ਨੂੰ ਵੀ ਪਰਮ ਪ੍ਰੇਰਨਾ ਸ੍ਰੋਤ ਬਣਨ ਦੇਈਏ। ਗੁਰੂ ਸਾਹਿਬਾਨ ਦੀ ਮਿਸਾਲ ਵਾਂਗ, ਇਸਨੂੰ ਇੱਕ ਸ਼ੁਆ, ਗਿਆਨ-ਕਿਰਨ, ਬਲਕਿ ਇਸ ਤੋਂ ਵੀ ਅੱਗੇ ਲੰਘ ਕੇ, ਸੂਰਜ ਬਣਨ ਦੇਈਏ। ਸਾਡੇ ਸਮਿਆਂ ਵਿੱਚ ਯਹੂਦੀ ਭਰਾਤੀਅਤਾ ਨੇ ਆਪਣੇ ਹੌਲੋਕੌਸਟ ਬਾਰੇ ਇਹੀ ਵਰਤਾਰਾ ਬਣਾਇਆ ਹੈ..।'

(ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ ਦੇ ਲੇਖ ਸੰਗ੍ਰਹਿ ਦੀ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਦੇ ਪੰਨਾ 89-90 ਤੇ ਲੇਖ 'ਜ਼ਖ਼ਮ ਨੂੰ ਸੂਰਜ ਬਣਨ ਦਿਉ' ਵਿੱਚੋਂ)

'ਸਾਡੇ ਸਮਕਾਲੀ ਇਤਿਹਾਸ ਵਿੱਚ ਸਭ ਤੋਂ ਵੱਡਾ ਕੌਮੀ ਜ਼ਖ਼ਮ, ਹਿਟਲਰ ਵਲੋਂ ਯੋਜਨਾਬੱਧ ਢੰਗ ਨਾਲ਼ ਕੀਤਾ 'ਮਹਾਂਨਾਸ਼' ਸੀ (ਜਿਸਨੂੰ ਯਹੂਦੀ ਹੌਲੋਕੌਸਟ ਕਹਿੰਦੇ ਹਨ)। ਇਸਨੇ ਯਹੂਦੀ ਕੌਮ ਨੂੰ ਤਹਿਸ-ਨਹਿਸ ਕੀਤਾ। ਪਰ ਉਸ ਤੋਂ ਪਿੱਛੋਂ ਯਹੂਦੀ ਚਿੰਤਕਾਂ ਨੇ ਪੱਛਮ ਦੇ ਸਮੁੱਚੇ ਦਰਸ਼ਨ, ਰਾਜਨੀਤੀ ਅਤੇ ਹੋ ਰਹੇ ਅਭਿਆਸਾਂ ਨੂੰ ਫਰੋਲਿਆ। ਮਹਾਨਾਸ਼ ਦੇ ਕਾਰਨ ਲੱਭੇ...।'

(ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ ਦੇ ਲੇਖਾਂ ਦੀ ਸੰਪਾਦਿਤ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਦੇ ਪੰਨਾ 93 ਤੇ ਲੇਖ 'ਜ਼ਖ਼ਮ ਨੂੰ ਚੇਤੰਨਤਾ ਬਣਾਉਣ ਦੀ ਲੋੜ' ਵਿੱਚੋਂ..)

'ਸਿੱਖ ਕੌਮ ਲਈ ਵੀ ਇਹ ਜਰੂਰੀ ਹੈ ਕਿ ਉਹ ਬਲਿਊ ਸਟਾਰ ਵਰਗੇ ਮਹਾਂਨਾਸ਼ਕ ਸਾਕੇ ਨੂੰ ਸਿਰਜਨਾਤਮਿਕ ਸ਼ੋਅਲੇ ਵਿੱਚ ਬਦਲੇ। ਇੱਥੋਂ ਸਿੱਖ ਚਿੰਤਨ ਤੇ ਵਿਸ਼ਵ ਚਿੰਤਨ ਨੂੰ ਪ੍ਰਭਾਵਿਤ ਕਰਨ ਵਾਲ਼ੇ ਵਿਚਾਰਾਂ ਦਾ ਆਰੰਭ ਕਰੇ।ਕੀ ਅਜਿਹੇ ਚਿੰਤਕ ਸਿੱਖ ਕੌਮ ਕੋਲ਼ ਮੌਜੂਦ ਹਨ, ਜੋ ਇਸ ਵੰਗਾਰ ਨੂੰ ਕਬੂਲ ਕਰਨ...?'

(ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ ਦੇ ਲੇਖਾਂ ਦੀ ਸੰਪਾਦਿਤ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਦੇ ਪੰਨਾ 96 ਤੇ ਲੇਖ 'ਬਲਿਊ ਸਟਾਰ ਉਪਰੇਸ਼ਨ ਸਿਰਜਨਾਤਮਿਕ ਸ਼ੋਅਲਾ ਬਣਾਉਣ ਦੀ ਲੋੜ' ਵਿੱਚੋਂ...)

'ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਨੇ ਜੋ ਕੁਝ ਕੀਤਾ, ਉਹ ਕਿਸੇ ਹੋਰ ਦੇ ਤਜ਼ਰਬੇ ਤੋਂ ਪ੍ਰਭਾਵਿਤ ਜਾਂ ਉਤਸ਼ਾਹਿਤ ਹੋ ਕੇ ਅਤੇ ਜਾਂ ਕਿਸੇ ਬਾਹਰੀ ਤਾਕਤ ਦੀ ਸ਼ਹਿ ਹੇਠਾਂ ਕੀਤਾ ਨਹੀਂ ਸੀ। ਇਹ ਕਿਸੇ ਹੋਰ ਦੀ ਰੀਸ ਜਾਂ ਨਕਲ ਨਹੀਂ ਸੀ। ਇਹ ਉਸਦੇ ਅੰਦਰੋਂ ਨਿਕਲ਼ੀ ਵਿਚਾਰ ਸੀ, ਉਸਦੀ ਕੁਆਰੀ ਸੋਚ ਦਾ ਨਤੀਜਾ ਸੀ। ਇਹ ਮਰੀਅਮ ਦੀ ਪਵਿੱਤਰ ਕੁੱਖ 'ਚੋਂ ਈਸਾ ਦੇ ਪ੍ਰਗਟ ਹੋਣ ਵਰਗੀ ਹੀ ਕੋਈ ਗੱਲ ਸੀ, ਜਿਸਨੂੰ ਕਿਸੇ ਤਰਕਵਾਦੀ ਸੋਚ ਜਾਂ ਵਿਸ਼ਲੇਸ਼ਣ ਵਿਧੀ ਨਾਲ਼ ਸਮਝ ਸਕਣਾ ਕਤਈ ਸੰਭਵ ਨਹੀਂ ਸੀ। ਉਸ ਨੇ ਕਿਤਾਬੀ ਗਿਆਨ ਜਾਂ ਅਕਾਦਮਿਕ ਸਿਖਲਾਈ ਹਾਸਲਿ ਨਹੀਂ ਸੀ ਕੀਤੀ ਹੋਈ। ਉਹ ਇੱਕ ਸਾਦ ਮੁਰਾਦਾ ਸੰਤ-ਪੁਰਖ ਸੀ, 'ਸੱਚ ਦੀ ਉਸ ਮਹਾਂ-ਮ੍ਰਿਤੂ ਵਿੱਚ ਅਭੇਦ ਹੋ ਕੇ, ਜੋ ਗੁਰੂ ਦੀ ਜਗਾਈ ਨਾਮ ਰੂਪੀ ਜੋਤ ਵਿੱਚ ਰੱਤੜੇ ਨੈਣਾਂ ਵਾਲ਼ਾ ਬਣ ਗਿਆ ਸੀ।'

(ਸਿੱਖ ਵਿਦਵਾਨ ਅਜਮੇਰ ਸਿੰਘ ਦੀ ਕਿਤਾਬ 'ਕਿਸ ਬਿਧ ਰੁਲ਼ੀ ਪਾਤਸ਼ਾਹੀ' ਦੇ ਚੈਪਟਰ 'ਪਹਾੜ ਜਿੱਡਾ ਕੰਮ' ਦੇ ਪੰਨਾ 247 ਤੋਂ)

'ਉਪਰੇਸ਼ਨ ਬਲਿਊ ਸਟਾਰ, ਇੱਕ ਨਾ-ਮੁਆਫ ਕਰਨ ਵਾਲ਼ਾ ਕਰੂਰ ਕਾਰਾ ਸੀ। ਭਿੰਡਰਾਂਵਾਲ਼ੇ ਵਰਗੀ 'ਦੂਰ ਆਤਮਾ' ਆਪਣੇ ਅਜਿਹੇ ਅੰਤ ਦੀ ਹੱਕਦਾਰ ਸੀ।ਜੇਕਰ ਤੁਹਾਡੇ ਵਲੋਂ ਰੀਝਾਂ ਨਾਲ਼ ਬਣਾਏ ਆਲੀਸ਼ਾਨ ਮਹਿਲ ਵਿੱਚ ਕੋਈ ਜੰਗਲੀ ਚੂਹਾ ਦਾਖਿਲ ਹੋ ਜਾਵੇ ਤਾਂ ਉਸ ਤੋਂ ਖਹਿੜਾ ਛੁਡਾਉਣ ਲਈ, ਕੀ ਮਹਿਲ ਨੂੰ ਨੇਸਤੋ ਨਾਬੂਦ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ ? ਸੰਤ ਭਿੰਡਰਾਂਵਾਲ਼ੇ ਦੀ ਹਿੰਦੂਆਂ ਪ੍ਰਤੀ ਨਫਰਤ ਇਤਨੀ ਵਧ ਚੁੱਕੀ ਸੀ ਕਿ ਉਹ ਅੰਦਰ ਬੈਠਾ ਕਹਿ ਰਿਹਾ ਸੀ ਕਿ ਭਾਰਤ ਦੇ ਸਾਰੇ ਹਿੰਦੂਆਂ ਨੂੰ ਮਾਰਨ ਲਈ ਇੱਕ-ਇੱਕ ਸਿੱਖ ਦੇ ਹਿੱਸੇ ਸਿਰਫ 32 ਹਿੰਦੂ ਆਉਂਦੇ ਹਨ, ਨਾ 31 ਤੇ ਨਾ 33, ਸਿਰਫ 32। ਸਿੱਖ ਤਾਂ ਇਕੱਲਾ ਸਵਾ ਲੱਖ ਨਾਲ਼ ਲੜ ਸਕਦਾ ਹੈ। ਮੈਨੂੰ ਇਸ ਗੱਲ ਦੀ ਹੈਰਾਨੀ ਹੈ ਕਿ ਸਿੱਖ, ਸੰਤ ਦੀਆਂ ਅਜਿਹੀਆਂ ਨਫਰਤੀ ਸਪੀਚਾਂ ਤੇ ਬੋਲ ਕਿਉਂ ਨਹੀਂ ਰਹੇ ਸਨ ?'

(ਪ੍ਰਸਿੱਧ ਲੇਖਕ ਤੇ ਸਿੱਖ ਹਿਸਟੋਰੀਅਨ, ਖੁਸਵੰਤ ਸਿੰਘ ਦੀ ਆਪਣੀ ਜੀਵਨ ਕਥਾ ਅਧਾਰਿਤ ਕਿਤਾਬ 'Truth, Love and a Little Malice' ਵਿੱਚੋਂ)

ਖੁਸ਼ਵੰਤ ਸਿੰਘ ਬੇਸ਼ੱਕ ਸੰਤ ਭਿੰਡਰਾਂਵਾਲ਼ਿਆਂ ਦਾ ਕੱਟੜ ਵਿਰੋਧੀ ਸੀ ਅਤੇ ਸੰਤ ਭਿਡਰਾਂਵਾਲ਼ਿਆਂ ਤੇ ਕੀਤੀ ਕਾਰਵਾਈ ਨੂੰ ਵੀ ਉਹ ਜਾਇਜ ਮੰਨਦਾ ਸੀ। ਉਸਦਾ ਮੰਨਣਾ ਸੀ ਕਿ ਭਿੰਡਰਾਂਵਾਲ਼ੇ ਤੇ ਕਾਰਵਾਈ ਤਾਂ ਕੀ ਜਾਣੀ ਚਾਹੀਦੀ ਸੀ, ਪਰ ਇਸ ਤਰ੍ਹਾਂ ਦੀ ਅਹਿਮਕਾਨਾ ਕਾਰਵਾਈ ਨਹੀਂ ਹੋਣੀ ਚਾਹੀਦੀ ਸੀ, ਜਿਸ ਤਰ੍ਹਾਂ ਦੀ ਕਾਰਵਾਈ ਮੈਡਮ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਤੇ ਫੌਜੀ ਕਾਰਵਾਈ ਕਰਕੇ ਕੀਤੀ ਸੀ। ਜਿਸਦੇ ਸਿੱਟੇ ਵਜੋਂ ਉਹ ਆਪ ਤਾਂ ਮਰੀ ਹੀ ਮਰੀ, ਪੂਰੇ ਮੁਲਕ ਨੂੰ ਵੀ ਭਾਰੀ ਕੀਮਤ ਚੁਕਾਉਣੀ ਪਈ। ਬੇਸ਼ਕ ਮੈਡਮ ਇੰਦਰਾ ਨੇ ਆਪਣੀ ਗਲਤੀ ਮਹਿਸੂਸ ਕਰਦਿਆਂ, ਫੌਜੀ ਹਮਲੇ ਵਿੱਚ ਅਕਾਲ ਤਖਤ ਦੀ ਨੁਕਸਾਨੀ ਇਮਾਰਤ ਦਿਨਾਂ ਵਿੱਚ ਹੀ ਬਣਵਾ ਕੇ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਸੀ ਤੇ ਉਥੋਂ ਫੌਜ ਵੀ ਵਾਪਿਸ ਬੁਲਾ ਲਈ ਸੀ। ਪਰ ਉਸ ਦੇ ਸਭ ਯਤਨ ਸਿੱਖ ਨੌਜਵਾਨਾਂ ਦੇ ਵਲੂੰਧਰੇ ਜਜਬਾਤਾਂ ਨੂੰ ਸ਼ਾਂਤ ਨਾ ਕਰ ਸਕੇ। ਅਨੇਕਾਂ ਸਿੱਖ ਵਿਦਵਾਨ ਅਜੇ ਵੀ ਇਸ ਹਮਲੇ ਨੂੰ 18ਵੀਂ ਸਦੀ ਦੇ ਅਹਿਮਦ ਸ਼ਾਹ ਅਬਦਾਲੀ ਜਾਂ ਮੱਸੇ ਰੰਘੜ ਨਾਲ਼ ਜੋੜਦੇ ਹਨ। ਜੋ ਕਿ ਸ਼ਾਇਦ ਬਿਲਕੁਲ ਢੁਕਵਾਂ ਨਹੀਂ ਹੈ, ਭਾਵੇਂ ਕਿ ਉਨ੍ਹਾਂ ਹਮਲਾਵਰਾਂ ਦਾ ਸੰਦਰਭ ਵੱਖਰਾ ਸੀ। ਉਨ੍ਹਾਂ ਵਿੱਚੋਂ ਕਿਸੇ ਨੇ ਕਦੇ ਹਰਿਮੰਦਰ ਸਾਹਿਬ ਦੀ ਬਿਲਡਿੰਗ ਢਾਹ ਕੇ ਪਛਤਾਵੇ ਵਿੱਚ ਬਣਾ ਕੇ ਨਹੀਂ ਦਿੱਤੀ ਸੀ ? ਵਰਨਣਯੋਗ ਹੈ ਕਿ ਖੁਸ਼ਵੰਤ ਸਿੰਘ ਪਹਿਲਾ ਸਿੱਖ ਸੀ, ਜਿਸਨੇ ਉਸ ਵਕਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਮਿਲ਼ ਕੇ ਰੋਸ ਪੱਤਰ ਅਤੇ ਆਪਣਾ 'ਪਦਮ ਭੂਸ਼ਣ' ਐਵਾਰਡ ਵਾਪਿਸ ਕਰ ਦਿੱਤਾ ਸੀ। ਬੇਸ਼ਕ ਗਿਆਨੀ ਜੀ ਨੇ ਉਸਨੂੰ ਕੁਝ ਸਮਾਂ ਸੋਚਣ ਲਈ ਕਿਹਾ ਸੀ, ਪਰ ਉਸਨੇ ਆਪਣਾ ਫੈਸਲਾ ਨਹੀਂ ਬਦਲਿਆ ਸੀ। ਹਾਲਾਂਕਿ ਉਸਦੇ ਇਸ ਕਦਮ ਦੇ ਉਸਨੂੰ ਬਹੁਤ ਹੀ ਕੌੜੇ ਨਤੀਜੇ ਭੁਗਤਣੇ ਪਏ ਸਨ। ਦੇਸ਼ ਭਰ ਵਿੱਚੋਂ ਦੂਜੀ ਧਿਰ ਦੇ ਬੁੱਧੀਜੀਵੀਆਂ ਦਾ ਉਸ ਖਿਲਾਫ ਤੂਫਾਨ ਝੁੱਲ ਗਿਆ ਸੀ। ਉਸਨੇ ਪਾਰਲੀਮੈਂਟ ਵਿੱਚ ਦਿੱਤੀਆਂ ਆਪਣੀਆਂ ਸਪੀਚਾਂ ਵਿੱਚ ਕਈ ਵਾਰ ਧਰਮ ਯੁੱਧ ਮੋਰਚੇ ਦੀਆਂ ਜਾਇਜ਼ ਮੰਗਾਂ ਮੰਨ ਲੈਣ ਦੀ ਵਕਾਲਤ ਕੀਤੀ ਸੀ। ਉਹ ਦਰਬਾਰ ਸਾਹਿਬ ਤੇ ਕਿਸੇ ਸੰਭਾਵੀ ਫੌਜੀ ਕਾਰਵਾਈ ਬਾਰੇ ਸਰਕਾਰ ਨੂੰ ਵਾਰ-ਵਾਰ ਚਿਤਾਵਨੀਆਂ ਦਿੰਦਾ ਰਿਹਾ ਸੀ ਕਿ ਸਰਕਾਰ ਅਜਿਹੀ ਗਲਤੀ ਨਾ ਕਰੇ। ਉਹ ਧਰਮ ਯੁੱਧ ਮੋਰਚੇ ਦੌਰਾਨ ਦਰਬਾਰ ਸਾਹਿਬ ਕੰਪਲੈਕਸ ਅੰਦਰ, ਸੰਤ ਭਿੰਡਰਾਂਵਾਲ਼ੇ ਤੇ ਸਾਥੀਆਂ ਵਲੋਂ ਕੀਤੀਆਂ ਜਾਂਦੀਆਂ ਭੜਕਾਊ ਤਕਰੀਰਾਂ ਤੇ ਕਾਰਵਾਈਆਂ ਦਾ ਵੀ ਸਖਤ ਅਲੋਚਕ ਸੀ। ਉਸਨੂੰ ਵੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਭੜਕੀ ਸਿੱਖ ਵਿਰੋਧੀ ਹਿੰਸਾ ਵਿੱਚ ਘਰੋਂ ਭੱਜ ਕੇ ਜਾਨ ਬਚਾਉਣੀ ਪਈ ਸੀ। ਇਸ ਸਭ ਦੇ ਬਾਵਜੂਦ ਵੀ ਉਹ 84 ਤੋਂ ਬਾਅਦ ਦੀ ਹਥਿਆਰਬੰਦ ਖਾੜਕੂ ਲਹਿਰ ਦਾ ਵੀ ਵਿਰੋਧ ਕਰਦਾ ਰਿਹਾ, ਜਿਸ ਕਰਕੇ ਖਾੜਕੂ ਜਰਨੈਲ ਹਰਜਿੰਦਰ ਸਿੰਘ ਜਿੰਦਾ, ਉਸਦੀ ਆਵਾਜ਼ ਸਦਾ ਲਈ ਬੰਦ ਕਰਾਉਣ ਵਾਸਤੇ ਉਸਦੇ ਘਰ ਕਿਚਨ ਤੱਕ ਪਹੁੰਚ ਗਿਆ ਸੀ, ਪਰ ਮਿ. ਸਿੰਘ ਘਰ ਨਾ ਹੋਣ ਕਾਰਨ ਬਚ ਗਿਆ ਸੀ।

ਉਪਰ ਸਿੱਖ ਵਿਦਵਾਨਾਂ ਦੀਆਂ ਵੱਖ-ਵੱਖ ਕਿਤਾਬਾਂ ਵਿੱਚੋਂ ਜੂਨ, 1984 ਦੇ ਘੱਲੂਘਾਰੇ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਬਾਰੇ ਕੁਝ ਸਤਰਾਂ ਪਾਠਕਾਂ ਨਾਲ਼ ਸਾਂਝੀਆਂ ਕੀਤੀਆਂ ਹਨ ਤਾਂ ਕਿ ਸਾਨੂੰ ਸਿੱਖ ਵਿਦਵਾਨਾਂ ਦੀ ਇਸ ਵੱਡੀ ਇਤਿਹਾਸਕ ਘਟਨਾ ਬਾਰੇ ਸਮਝ ਪਤਾ ਲੱਗ ਸਕੇ। ਜਦੋਂ ਸਿੱਖ ਵਿਦਵਾਨਾਂ ਦੀਆਂ ਲਿਖਤਾਂ ਨਿਰਪੱਖ ਨਜ਼ਰੀਏ ਤੋਂ ਪੜ੍ਹਦੇ ਹਾਂ ਤਾਂ ਉਨ੍ਹਾਂ ਅੰਦਰ ਵਿਚਾਰਧਾਰਕ ਸਪੱਸ਼ਟਤਾ ਦੀ ਰੜਕਵੀਂ ਘਾਟ ਨਜ਼ਰ ਆਉਂਦੀ ਹੈ ? ਉਹ ਦੁਨੀਆਂ ਭਰ ਦੇ ਇਤਿਹਾਸ ਵਿੱਚੋਂ ਵੱਡੀਆਂ-ਵੱਡੀਆਂ ਘਟਨਾਵਾਂ ਨੂੰ ਚੁੱਕ ਕੇ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਤਾਂ ਕਰਦੇ ਹਨ, ਪਰ ਮਸਲਿਆਂ ਦੀ ਗੰਭੀਰਤਾ ਨੂੰ ਸਮੁੱਚਤਾ ਨਾਲ਼ ਨਾ ਵਿਚਾਰਨ ਕਾਰਨ, ਕਿਸੇ ਨਤੀਜੇ ਤੇ ਨਹੀਂ ਪਹੁੰਚਦੇ।ਜਿਸ ਤਰ੍ਹਾਂ ਡਾ. ਗੁਰਭਗਤ ਸਿੰਘ ਜੀ ਯਹੂਦੀਆਂ ਦੇ ਨਰ-ਸੰਹਾਰ ਦੀ ਉਦਾਹਰਣ ਦੇ ਕੇ ਇਹ ਤਾਂ ਦੱਸ ਰਹੇ ਹਨ ਕਿ ਯਹੂਦੀ ਚਿੰਤਕਾਂ ਨੇ ਕਿਵੇਂ ਪੱਛਮ ਦੇ ਚਿੰਤਨ ਤੇ ਰਾਜਨੀਤੀ ਦੀ ਡੂੰਘਾਈ ਵਿੱਚ ਖੋਜ ਕਰਕੇ ਇਸ ਨਸਲਕੁਸ਼ੀ ਦੇ ਕਾਰਨ ਲੱਭੇ, ਪਰ ਉਨ੍ਹਾਂ ਨੇ ਆਪਣੀਆਂ ਜੂਨ, 1984 ਬਾਰੇ ਘਟਨਾਵਾਂ ਵਿੱਚ ਸਿੱਖਾਂ ਨੂੰ ਜਜ਼ਬਾਤੀ ਕਰਕੇ ਉਸਨੂੰ ਆਪਣੀ ਸਿਮ੍ਰਿਤੀ ਵਿੱਚ ਵਸਾਉਣ, ਇਸਨੂੰ ਸੂਰਜ ਬਣਨ, ਸ਼ੋਅਲਾ ਬਣਨ ਆਦਿ ਤੇ ਜ਼ੋਰ ਤਾਂ ਦਿੱਤਾ ਹੈ, ਪਰ ਕਿਤੇ ਵੀ ਕੋਈ ਯਤਨ ਨਹੀਂ ਕੀਤਾ ਦਿਸਦਾ ਕਿ ਅਜਿਹੀ ਵੱਡੀ ਘਟਨਾ ਵਾਪਰਨ ਪਿੱਛੇ ਕੀ ਕਾਰਨ ਸਨ ? ਕਿਤੇ ਅਜਿਹਾ ਕੋਈ ਯਤਨ ਕੀਤਾ ਨਹੀਂ ਮਿਲਦਾ ਕਿ ਭਵਿੱਖ ਵਿੱਚ ਸਿੱਖ ਪੰਥ ਨੂੰ ਅਜਿਹੇ ਕੁਲਹਿਣੇ ਘੱਲੂਘਾਰਿਆਂ ਵਿੱਚੋਂ ਦੁਬਾਰਾ ਨਾ ਲੰਘਣਾ ਪਵੇ ? ਪੰਜਾਬ ਜਾਂ ਦਰਬਾਰ ਸਾਹਿਬ ਅੰਦਰ 1982-1984 ਤੱਕ ਅਜਿਹਾ ਕੀ ਵਾਪਰ ਰਿਹਾ ਸੀ ਕਿ ਸਰਕਾਰ ਨੂੰ ਸਿੱਖਾਂ ਵਰਗੇ ਬਹਾਦਰ, ਮਿਹਨਤੀ ਤੇ ਸਨਮਾਨਯੋਗ ਭਾਈਚਾਰੇ ਖਿਲਾਫ ਮੁਜਰਮਾਨਾ ਫੌਜੀ ਹਮਲਾ ਕਰਨ ਲਈ ਮਜਬੂਰ ਹੋਣਾ ਪਿਆ ? 1982-ਜੂਨ 84 ਤੱਕ ਦੀਆਂ ਪੰਜਾਬ ਦੀਆਂ ਰੋਜ਼ਾਨਾ ਅਖ਼ਬਾਰਾਂ ਵਿੱਚ ਛਪਦੀਆਂ ਅਖ਼ਬਾਰੀ ਰਿਪੋਰਟਾਂ ਦੇ ਤੱਥਾਂ ਅਨੁਸਾਰ ਆਮ ਲੋਕਾਂ ਤੋਂ ਲੈ ਕੇ ਵੱਡੇ ਲੀਡਰਾਂ ਤੱਕ 500 ਤੋਂ ਵੱਧ ਲੋਕ ਸ੍ਰੀ ਹਰਿਮੰਦਰ ਸਾਹਿਬ ਅੰਦਰ ਬੈਠੇ ਗਰਮ ਖਿਆਲੀ ਧੜਿਆਂ ਦੇ ਖਾੜਕੂਆਂ ਦੀਆਂ ਕਾਰਵਾਈਆਂ ਦੀ ਭੇਟ ਚੜ੍ਹ ਚੁੱਕੇ ਸਨ। ਇਸ ਦੌਰਾਨ ਬੈਂਕਾਂ ਕਿਤਨੀਆਂ ਲੁੱਟੀਆਂ ਗਈਆਂ ਤੇ ਫਿਰੌਤੀਆਂ ਕਿਤਨੀਆਂ ਹੋਈਆਂ, ਇਸਦਾ ਲੇਖਾ ਵੱਖਰਾ ਹੈ ? ਇਸ ਸਬੰਧੀ ਵਿਸਤਾਰਤ ਵੇਰਵੇ ਦਰਬਾਰ ਸਾਹਿਬ ਅੰਦਰ ਰਹੇ ਸਾਬਕਾ ਖਾੜਕੂ ਕੁਲਜਿੰਦਰ ਸਿੰਘ ਢਿੱਲੋਂ ਅਤੇ ਹੋਰ ਅੰਦਰੂਨੀ ਸੂਤਰਾਂ ਤੋਂ ਬਥੇਰੇ ਬਾਹਰ ਆ ਚੁੱਕੇ ਹਨ। **ਕੀ ਕੋਈ ਦੱਸ ਸਕਦਾ ਹੈ ਕਿ ਇਨ੍ਹਾਂ ਦੋ ਸਾਲਾਂ ਵਿੱਚ ਸਰਕਾਰ ਵਲੋਂ ਕਿਤਨੇ ਕੁ ਸਿੱਖ ਕਤਲ ਕੀਤੇ ਗਏ ਜਾਂ ਕਿਤਨੇ ਕੁ ਝੂਠੇ ਪੁਲਿਸ ਮੁਕਾਬਲੇ ਹੋਏ ਸਨ ?** ਕੀ ਸਾਡੇ ਵਿਦਵਾਨਾਂ ਦੇ ਸਿਰਫ ਇਤਨਾ ਕਹਿਣ ਨਾਲ਼ ਕਿ ਬ੍ਰਾਹਮਣਾਂ ਨੇ ਸਿੱਖਾਂ ਨਾਲ਼ 5 ਸਦੀਆਂ ਦਾ ਵੈਰ ਕੱਢਿਆ ਹੈ, ਨਾਲ਼ ਸਾਡਾ ਕੁਝ ਸੰਵਰ ਸਕਦਾ ਹੈ ? ਕੀ ਸਾਡੇ ਵਿਦਵਾਨਾਂ ਨੂੰ ਇਹ ਨਹੀਂ ਵਿਚਾਰਨਾ ਚਾਹੀਦਾ ਕਿ ਅਕਾਲੀ ਦਲ ਵਲੋਂ ਪੰਜਾਬ ਤੇ ਸਿੱਖਾਂ ਦੀਆਂ ਮੰਗਾਂ ਲਈ ਚੱਲ ਰਹੇ ਸ਼ਾਂਤਮਈ ਸੰਘਰਸ਼ ਵਿੱਚ ਹਥਿਆਰ ਲਿਜਾਣ



ਤੇ ਦਰਬਾਰ ਸਾਹਿਬ ਅੰਦਰ ਮੋਰਚਾਬੰਦੀ ਕਰਨ ਦੀ ਕਿਉਂ ਲੋੜ ਪਈ ਸੀ ? ਸੰਤ ਭਿੰਡਰਾਂਵਾਲ਼ਿਆਂ ਦੇ ਨਜਦੀਕੀ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰੋ. ਆਫ ਸਿੱਖਇਜਮ ਦੀ ਉਪਾਧੀ ਨਾਲ਼ ਸਨਮਾਨਿਤ ਸਿੱਖ ਵਿਦਵਾਨ ਸ. ਗੁਰਤੇਜ ਸਿੰਘ ਆਪਣੀਆਂ ਲਿਖਤਾਂ ਵਿੱਚ ਕਈ ਵਾਰ ਕਹਿ ਚੁੱਕੇ ਹਨ ਕਿ ਦਰਬਾਰ ਸਾਹਿਬ ਅੰਦਰ ਹਥਿਆਰਾਂ ਦੇ ਟਰੱਕ ਪਹੁੰਚਾਣ ਵਾਲ਼ਾ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ, ਭਾਰਤੀ ਖੁੱਫੀਆ ਏਜੰਸੀ ਰਾਅ ਦਾ ਏਜੰਟ ਸੀ। ਕੀ ਕਦੇ ਕਿਸੇ ਨੇ ਸ. ਗੁਰਤੇਜ ਸਿੰਘ ਨੂੰ ਸਵਾਲ ਕੀਤਾ ਕਿ ਉਨ੍ਹਾਂ ਕੋਲ਼ ਇਸਦੇ ਕੀ ਸਬੂਤ ਹਨ ? ਜੇ ਉਨ੍ਹਾਂ ਦੇ ਇਲਜਾਮ ਸਹੀ ਹਨ ਤਾਂ ਕੀ ਸੰਤ ਭਿੰਡਰਾਂਵਾਲ਼ਿਆਂ ਨੂੰ ਪਤਾ ਸੀ ਕਿ ਰਾਅ ਦਰਬਾਰ ਸਾਹਿਬ ਅੰਦਰ ਹਥਿਆਰ ਭੇਜ ਕੇ ਫੌਜੀ ਹਮਲਾ ਕਰਨ ਲਈ ਤਿਆਰੀ ਕਰ ਰਹੀ ਹੈ ? ਫਿਰ ਉਨ੍ਹਾਂ ਨੇ ਰਾਅ ਵਲੋਂ ਭੇਜੇ ਹਥਿਆਰ ਕਿਵੇਂ ਪ੍ਰਾਪਤ ਕਰ ਲਏ ਤੇ ਉਹੀ ਹਥਿਆਰ ਜੂਨ 84 ਵਿੱਚ ਖਾੜਕੂਆਂ ਵਲੋਂ ਅੰਦਰੋਂ ਫੌਜ ਵਿਰੁੱਧ ਵਰਤੇ ਗਏ ? ਸ. ਗੁਰਤੇਜ ਸਿੰਘ, ਜੋ ਆਪਣੇ ਆਪ ਨੂੰ ਸੰਤਾਂ ਦਾ ਸਲਾਹਕਾਰ ਦੱਸਦਾ ਹੈ, ਉਸਨੇ ਇਹ ਗੱਲ ਸੰਤਾਂ ਨੂੰ ਕਿਉਂ ਨਹੀਂ ਦੱਸੀ ਕਿ ਰਾਅ ਹਥਿਆਰ ਅੰਦਰ ਭੇਜ ਕੇ ਸਿੱਖਾਂ ਤੇ ਵੱਡਾ ਹਮਲਾ ਕਰਨ ਦੀ ਤਿਆਰੀ ਕਰ ਰਹੀ ਹੈ ? ਕੀ ਕਦੇ ਅਸੀਂ ਅਜਿਹੇ ਮੁੱਦਿਆਂ ਤੇ ਗੰਭੀਰ ਹੋ ਕੇ ਨਿਰਪੱਖਤਾ ਨਾਲ਼ ਵਿਚਾਰ ਕਰਾਂਗੇ ? ਕੀ ਉਸ ਵਕਤ ਸਿੱਖਾਂ ਤੇ ਸਰਕਾਰੀ ਜ਼ਬਰ ਇਤਨਾ ਵਧ ਚੁੱਕਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ **'ਜਦ ਸਾਰੇ ਹੀਲੇ ਮੁੱਕ ਜਾਣ ਹਥਿਆਰ ਚੁੱਕਣੇ ਜਾਇਜ ਹਨ'** ਅਨੁਸਾਰ ਸਿੱਖਾਂ ਕੋਲ਼ ਹਥਿਆਰਾਂ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਸੀ ? ਕੀ ਸਾਨੂੰ ਹਥਿਆਰ ਚੁੱਕਣ ਤੋਂ ਪਹਿਲਾਂ ਨਹੀਂ ਵਿਚਾਰਨਾ ਚਾਹੀਦਾ ਸੀ ਕਿ ਇਸਦੇ ਕੀ ਨਤੀਜੇ ਨਿਕਲ਼ ਸਕਦੇ ਹਨ ? ਕੀ ਹਥਿਆਰ ਚੁੱਕਣ ਤੋਂ ਪਹਿਲਾਂ ਉਸ ਤੇ ਪੰਥ ਵਿੱਚ ਕੋਈ ਸਹਿਮਤੀ ਬਣਾਈ ਗਈ ਸੀ ? ਹਥਿਆਰਬੰਦ ਮੂਵਮੈਂਟ ਵਿੱਚ ਹਜਾਰਾਂ ਲੋਕਾਂ ਦੇ ਮਾਰੇ ਜਾਣ ਤੇ ਉਸ ਲਹਿਰ ਦੇ 1994-95 ਵਿੱਚ ਖਤਮ ਹੋਣ ਦੇ 28 ਸਾਲ ਬਾਅਦ ਵੀ ਕਿਸੇ ਖਾੜਕੂ ਜਾਂ ਪੰਥਕ ਧਿਰ ਨੇ ਕਦੇ ਨਹੀਂ ਵਿਚਾਰਿਆ ਕਿ ਅਸੀਂ ਉਸ ਸੰਘਰਸ਼ ਵਿੱਚੋਂ ਕੀ ਖੱਟਿਆ ? ਭਵਿੱਖ ਲਈ ਕਿਸੇ ਕੌਮੀ ਸੰਘਰਸ਼ ਦੀ ਪਿਛਲੀਆਂ ਗਲਤੀਆਂ ਤੋਂ ਸਬਕ ਸਿੱਖ ਕੇ ਰਣਨੀਤੀ ਤਿਆਰ ਕਰਨ ਲਈ ਕਦੇ ਕਿਤੇ ਚਰਚਾ ਨਹੀਂ ਸੁਣੀ ? ਇਸ ਵਿੱਚ ਕੋਈ ਸ਼ੱਕ ਨਹੀਂ ਕਿ 1982-1995 ਤੱਕ ਸਿੱਖ ਭਾਈਚਾਰੇ ਦਾ ਹਰ ਪੱਖ ਤੋਂ ਵੱਡਾ ਨੁਕਸਾਨ ਹੋਇਆ, ਪਰ ਇਸ ਬਾਰੇ ਵੀ ਦੇਸ਼-ਵਿਦੇਸ਼ ਵਿੱਚ ਕਿਸੇ ਪਲੈਟਫਾਰਮ ਤੇ ਕਦੇ ਚਰਚਾ ਹੁੰਦੀ ਨਹੀਂ ਸੁਣੀ ? ਕੁਝ ਮੌਕਾਪ੍ਰਸਤ ਤੇ ਨਿੱਜੀ ਹਿੱਤਾਂ ਤੋਂ ਪ੍ਰੇਰਤ ਲੋਕ ਗੁਰਦੁਆਰਾ ਸਟੇਜਾਂ ਤੋਂ ਜਜਬਾਤੀ ਤਕਰੀਰਾਂ ਜਰੂਰ ਕਰਦੇ ਸੁਣੇ ਜਾ ਸਕਦੇ ਹਨ।

ਅਸੀਂ ਪਹਿਲਾਂ ਵੀ ਕਈ ਵਾਰ ਇਹ ਚਰਚਾ ਕੀਤੀ ਹੈ ਕਿ ਇੰਦਰਾ ਗਾਂਧੀ ਨੂੰ ਫੌਜੀ ਕਾਰਵਾਈ ਵਰਗੀ ਕਰਤੂਤ ਨਹੀਂ ਕਰਨੀ ਚਾਹੀਦੀ ਸੀ। ਸਰਕਾਰ ਨੇ ਜੇ ਪੰਜਾਬ ਵਿੱਚ ਹੋ ਰਹੇ ਲਗਾਤਾਰ ਕਤਲਾਂ ਅਤੇ ਦਰਬਾਰ ਸਾਹਿਬ ਵਿੱਚ ਕੀਤੀ ਜਾ ਚੁੱਕੀ ਹਥਿਆਰਬੰਦ ਮੋਰਚਾਬੰਦੀ ਲਈ ਕੋਈ ਐਕਸ਼ਨ ਲੈਣਾ ਹੀ ਸੀ ਤਾਂ ਉਸ ਲਈ ਹੋਰ ਤਰੀਕੇ ਸੋਚੇ ਜਾਣੇ ਚਾਹੀਦੇ ਸਨ ਤਾਂ ਕਿ ਘੱਟ ਨੁਕਸਾਨ ਨਾਲ਼ ਇਹ ਮਸਲਾ ਸੁਲ਼ਝਾਇਆ ਜਾ ਸਕਦਾ ? ਸਵਾਲ ਤਾਂ ਫਿਰ ਵੀ ਇਹ ਉਵੇਂ ਹੀ ਖੜਾ ਹੈ ਕਿ ਇਹ ਭਾਣਾ ਵਾਪਰਿਆ ਕਿਉਂ ? ਜਦੋਂ ਤੱਕ ਅਸੀਂ ਇਸ ਗੱਲ ਤੇ ਵਿਚਾਰ ਨਹੀਂ ਕਰਦੇ ਕਿ ਅਜਿਹਾ ਭਾਣਾ ਵਾਪਰਿਆ ਕਿਉਂ ? ਉਦੋਂ ਤੱਕ ਲੋਕਾਂ ਨੂੰ ਜਜ਼ਬਾਤੀ ਕਰਕੇ ਸਿੱਖ ਲੀਡਰਾਂ ਤੇ ਵਿਦਵਾਨਾਂ ਵਲੋਂ ਆਪਣੇ ਜਾਤੀ ਤੇ ਜਮਾਤੀ ਹਿੱਤ ਤਾਂ ਪੂਰੇ ਜਾ ਸਕਦੇ ਹਨ, ਇਸ ਨਾਲ਼ ਦੁਨੀਆਂ ਭਰ ਵਿੱਚ ਵਸਦੇ ਵਿਸ਼ਾਲ ਸਿੱਖ ਭਾਈਚਾਰੇ ਦਾ ਕਿੰਨਾ ਕੁ ਭਲਾ ਹੋ ਸਕਦਾ ਹੈ ?

ਸਾਕਾ ਨੀਲਾ ਤਾਰਾ ਵਾਪਰਨ ਤੋਂ 4 ਦਹਾਕਿਆਂ ਬਾਅਦ ਸਿੱਖ ਵਿਦਵਾਨਾਂ, ਚਿੰਤਕਾਂ ਤੇ ਪੱਤਰਕਾਰਾਂ ਦੀਆਂ ਜੂਨ ਚੁਰਾਸੀ ਬਾਰੇ ਅਤਿ ਭਾਵੁਕ ਵਿਆਖਿਆਵਾਂ ਦੇ ਬਾਵਜੂਦ, ਅੱਜ ਤੱਕ ਵੀ ਸਭ ਤੋਂ ਵੱਡਾ ਸਵਾਲ ਕੀ ਇਹ ਹੀ ਨਹੀਂ ਹੈ ਕਿ ਅਜਿਹਾ ਭਿਆਨਕ ਦੁਖਾਂਤ ਆਖਿਰ ਵਾਪਰਿਆ ਕਿਉਂ ? 1982 ਤੋਂ 1984 ਤੱਕ ਦੋ ਸਾਲ ਚੱਲੇ ਧਰਮ ਯੁੱਧ ਮੋਰਚੇ ਦੌਰਾਨ ਕੀ ਸਾਡੀਆਂ ਆਪਣੀਆਂ ਧਿਰਾਂ ਵਲੋਂ ਵੀ ਕੋਈ ਗਲਤੀਆਂ ਹੋਈਆਂ ਸਨ ਜਾਂ ਨਹੀਂ ?

ਇਸ ਪ੍ਰਥਾਏ ਸਭ ਤੋਂ ਵੱਡੀ ਘਟਨਾ ਤਾਂ ਸੀਨੀਅਰ ਪੁਲਿਸ ਅਧਿਕਾਰੀ, ਏ ਐਸ ਅਟਵਾਲ ਦੀ ਦਰਬਾਰ ਸਾਹਿਬ ਦੀਆਂ ਬਰੂਹਾਂ ਤੇ ਹੋਏ ਕਤਲ ਦੀ ਸੀ।ਉਸ ਕਤਲ ਨੂੰ ਅੰਜਾਮ ਦੇਣ ਵਾਲ਼ੇ ਸੂਰਬੀਰ ਮੇਜਰ ਸਿੰਘ ਨਾਗੋਕੇ ਦੇ ਇੰਗਲੈਂਡ ਰਹਿੰਦੇ ਪੁੱਤਰ ਨੇ ਆਪਣੀ ਇੱਕ ਯੂਟਿਊਬ ਇੰਟਰਵਿਊ ਵਿੱਚ ਕਤਲ ਦੀ ਸਾਰੀ ਵਿਥਿਆ ਦੱਸੀ ਹੋਈ ਹੈ, ਜੋ ਉਸਨੇ ਸੰਤਾਂ ਦੀ ਛਤਰਛਾਇਆ ਹੇਠ ਕੰਪਲੈਕਸ ਅੰਦਰ ਹਾਜਿਰ ਆਪਣੀ ਮਾਤਾ ਕੋਲ਼ੋਂ ਸੁਣੀ ਹੋਈ ਸੀ।ਅਜਿਹੀ ਫਸਟ ਹੈਂਡ ਇਨਫੌਰਮੇਸ਼ਨ ਤੋਂ ਬਾਅਦ ਵੀ ਕੀ ਸ਼ੱਕ ਦੀ ਕੋਈ ਗੁੰਜ਼ਾਇਸ਼ ਰਹਿ ਜਾਂਦੀ ਹੈ ਕਿ ਕਤਲ ਕਿਸਨੇ ਕੀਤਾ ਸੀ ? ਹੈਰਾਨੀ ਹੁੰਦੀ ਹੈ ਕਿ ਮੋਰਚੇ ਬਾਰੇ ਦੋ ਪੁਸਤਕਾਂ ਲਿਖਣ ਵਾਲ਼ਾ ਸੀਨੀਅਰ ਪੱਤਰਕਾਰ ਸ. ਜਗਤਾਰ ਸਿੰਘ, ਨਿਸ਼ੰਗ ਹੋ ਕੇ ਕੱਚੀਆਂ ਦਲੀਲਾਂ ਦੇ ਰਿਹਾ ਹੈ ਕਿ ਸੰਤਾਂ ਦਾ ਅਟਵਾਲ ਦੀ ਹੱਤਿਆ ਨਾਲ਼ ਕੋਈ ਲਾਗਾ ਦੇਗਾ ਨਹੀਂ ? ਇਸ ਬਾਰੇ ਵਿਸਥਾਰ ਵਿੱਚ ਵੇਰਵੇ ਇਥੇ ਲਿਖਣ ਦੀ ਗੁੰਜਾਇਸ਼ ਨਹੀਂ ਹੈ, ਪਾਠਕ ਏਬੀਸੀ ਟੀਵੀ ਚੈਨਲ ਦੇ ਪੱਤਰਕਾਰ ਸੰਦੀਪ ਨਾਲ਼ ਉਸਦੀ ਵਿਸਤਾਰਤ ਇੰਟਰਵਿਊ ਸੁਣ

ਸਕਦੇ ਹਨ। ਸ. ਜਗਤਾਰ ਸਿੰਘ ਦੀ ਨਿਰਪੱਖਤਾ ਦਾ ਪਤਾ ਤਾਂ ਉਸਦੇ ਆਪਣੇ ਪੁਰਾਣੇ ਸਾਥੀ ਰਜਿੰਦਰ ਸਿੰਘ ਤੱਗੜ ਨਾਲ਼ ਉਸਦੀ ਯੂ ਟਿਊਬ ਚੈਨਲ 'ਪੰਜਾਬ ਦਸਤਾਵੇਜ' ਤੇ ਦਿੱਤੀ 'ਬਲਦੇ ਦਰਿਆਵਾਂ ਦੀ ਗਾਥਾ' ਹੇਠਲੀ ਇੰਟਰਵਿਊ ਵਿੱਚ ਉਸਦੀ ਪੁਸਤਕ ਬਾਰੇ ਕੀਤੇ ਜ਼ਰਾ ਤਿੱਖੇ ਸਵਾਲ ਤੇ ਦਿੱਤੇ ਕੜਵੇ ਜਵਾਬ ਤੋਂ ਲੱਗ ਜਾਂਦਾ ਹੈ। ਜਦੋਂ ਤੱਗੜ ਸਵਾਲ ਪੁੱਛਦਾ ਹੈ ਕਿ ਕੀ ਧਰਮ ਯੁੱਧ ਮੋਰਚੇ ਦੌਰਾਨ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਹਿੰਸਕ ਵਾਰਦਾਤਾਂ ਵੀ ਹੁੰਦੀਆਂ ਰਹੀਆਂ ਸਨ ਜਾਂ ਕੀ ਜਗਤਾਰ ਸਿੰਘ ਨੂੰ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਦੇ ਕਤਲ ਬਾਰੇ ਪਤਾ ਹੈ? (ਗਿਆਨੀ ਜੀ ਦਾ ਕਤਲ ਸੰਤ ਭਿੰਡਰਾਂਵਾਲ਼ੇ ਦੇ ਖਾੜਕੂਆਂ ਵਲੋਂ ਦਰਬਾਰ ਸਾਹਿਬ ਅੰਦਰ ਹਥਿਆਰਾਂ ਦੀ ਹੋ ਰਹੀ ਪ੍ਰਦਰਸ਼ਨੀ ਦੇ ਵਿਰੋਧ ਵਿੱਚ ਦਿੱਤੇ ਬਿਆਨ ਤੋਂ ਬਾਅਦ ਕੀਤਾ ਗਿਆ ਸੀ)।ਜਗਤਾਰ ਸਿੰਘ ਹੋਰਾਂ ਦਾ ਪਾਰਾ ਇੱਕਦਮ ਸੱਤਵੇਂ ਅਸਮਾਨ ਤੇ ਚੜ੍ਹ ਜਾਂਦਾ ਹੈ। ਜਗਤਾਰ ਸਿੰਘ ਦਾ ਆਪਣੇ ਸਾਥੀ ਪੱਤਰਕਾਰ ਵੱਲ ਪ੍ਰਤੀਕਰਮ ਉਵੇਂ ਹੀ ਸੀ, ਜਿਵੇਂ ਕਦੇ ਸੰਤ ਜਰਨੈਲ ਸਿੰਘ ਨੇ ਨੌਜਵਾਨ ਪੱਤਰਕਾਰ ਬੀਬੀ ਤਵਲੀਨ ਸਿੰਘ ਨੂੰ ਦਿੱਤਾ ਸੀ।ਜਦੋਂ ਤਵਲੀਨ ਸਿੰਘ ਇੰਟਰਵਿਊ ਦੌਰਾਨ ਇਹ ਸਵਾਲ ਕਰਨ ਦੀ ਹਮਾਕਤ ਕਰ ਬੈਠੀ ਸੀ ਕਿ ਸੰਤ ਜੀ ਦੇ ਪੈਰੋਕਾਰ ਹਥਿਆਰ ਲੈ ਕੇ ਦਰਬਾਰ ਸਾਹਿਬ ਅੰਦਰ ਕੀ ਕਰ ਰਹੇ ਹਨ ਜਾਂ ਸੰਤ ਜੀ ਨੇ ਕਾਂਗਰਸੀ ਉਮੀਦਵਾਰਾਂ ਦੀ ਚੋਣਾਂ ਵਿੱਚ ਮੱਦਦ ਕਿਸ ਨਜ਼ਰੀਏ ਤੋਂ ਕੀਤੀ ਸੀ? ਕੀ ਤਵਲੀਨ ਸਿੰਘ ਦੀ ਗਲਤੀ ਸਿਰਫ ਇਤਨੀ ਹੀ ਨਹੀਂ ਸੀ ਕਿ ਉਸਨੇ ਸ਼ਾਂਤਮਈ ਮੋਰਚੇ ਵਿੱਚ ਹਥਿਆਰ ਚੁੱਕੀ ਫਿਰਦੇ ਨੌਜਵਾਨਾਂ ਦੀ ਰਿਪੋਰਟਿੰਗ ਕਰ ਦਿੱਤੀ ਸੀ? ਜੋ ਕਿ ਦਰਬਾਰ ਸਾਹਿਬ ਅੰਧਰ ਮੌਜੂਦ ਸਿੱਖ ਪੱਤਰਕਾਰਾਂ ਦਲਬੀਰ ਸਿੰਘ, ਮਹਿੰਦਰ ਸਿੰਘ, ਜਗਤਾਰ ਸਿੰਘ ਤੇ ਜਸਪਾਲ ਸਿੰਘ ਸਿੱਧੂ ਹੋਰਾਂ ਦੀ ਨਿਰਪੱਖ/ਹਮਦਰਦਾਨਾ ਰਿਪੋਰਟਿੰਗ ਤੋਂ ਜ਼ਰਾ ਹਟਵੀਂ ਸੀ?

ਫਿਰ ਉਸੇ ਘਟਨਾ (ਅਟਵਾਲ ਕਤਲ ਕਾਂਡ) ਬਾਰੇ ਤਵਲੀਨ ਸਿੰਘ ਦੀ ਤਰਜ ਤੇ ਹੀ ਇੱਕ ਹੋਰ ਪੱਤਰਕਾਰ ਸ. ਹਰਵੀਰ ਸਿੰਘ ਭੰਵਰ ਨੇ ਕੰਪਲੈਕਸ ਵਿੱਚ ਰਹਿ ਰਹੀ ਆਪਣੀ ਪਤਨੀ ਦੀ ਅੱਖੀਂ ਦੇਖੀ ਘਟਨਾ ਦੀ ਨਿਰਪੱਖ ਰਿਪੋਰਟਿੰਗ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ਼ ਅਤੇ ਫੈਡਰੇਸ਼ਨ ਸਕੱਤਰ ਹਰਮਿੰਦਰ ਸਿੰਘ ਸੰਧੂ ਕੋਲ਼ ਭੋਲ਼ੇ-ਭਾਅ ਕਰ ਦਿੱਤੀ ਸੀ।ਉਸਨੂੰ ਇਸਦੀ ਕਿਸ ਤਰ੍ਹਾਂ ਦੀ ਕੀਮਤ ਉਤਾਰਨੀ ਪਈ ਸੀ, ਇਸ ਬਾਰੇ ਸ. ਜਸਪਾਲ ਸਿੰਘ ਸਿੱਧੂ ਹੋਰੀਂ ਆਪਣੀ ਟੀਵੀ ਇੰਟਰਵਿਊ ਵਿੱਚ ਦੱਸਿਆ ਹੋਇਆ ਹੈ।ਉਸਨੂੰ ਇਤਨਾ ਡਰਾ ਦਿੱਤਾ ਗਿਆ ਸੀ ਕਿ ਉਹ ਯੂ ਐਨ ਆਈ ਦਾ ਦਫਤਰ ਛੱਡ ਕੇ ਭੱਜ ਗਿਆ ਸੀ। ਇਸੇ ਇੰਟਰਵਿਊ ਵਿੱਚ ਸ. ਜਸਪਾਲ ਸਿੰਘ ਸਿੱਧੂ ਹੋਰੀਂ ਦੱਸਿਆ ਸੀ ਕਿ ਕਿਵੇਂ ਦਰਬਾਰ ਸਾਹਿਬ ਅੰਦਰ ਬੈਠੇ ਬੱਬਰਾਂ ਨੇ 35 ਨਿਰੰਕਾਰੀ ਮਾਰਨ ਦੀ ਜਿੰਮੇਵਾਰੀ ਵਾਲ਼ਾ ਪ੍ਰੈਸ ਨੋਟ ਉਨ੍ਹਾਂ ਨੂੰ ਦਿੱਤਾ ਸੀ। ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਸੰਤ ਭਿੰਡਰਾਂਵਾਲ਼ਾ ਤਾਂ ਐਵੇਂ ਕਰੈਡਿਟ ਲੈ ਰਿਹਾ ਹੈ, ਨਿਰੰਕਾਰੀਆਂ ਖਿਲਾਫ ਸਾਰੇ ਐਕਸ਼ਨ ਤਾਂ ਉਨ੍ਹਾਂ ਨੇ ਕੀਤੇ ਸਨ। ਇਸੇ ਇੰਟਰਵਿਊ ਵਿੱਚ ਸ. ਜਸਪਾਲ ਸਿੰਘ ਸਿੱਧੂ ਹੋਰਾਂ ਦੇ ਦੱਸਣ ਅਨੁਸਾਰ ਉਹ ਇਹ ਪ੍ਰੈਸ ਨੋਟ ਭੇਜ ਤਾਂ ਬੈਠੇ, ਪਰ ਉਹ ਅਜੇ ਵੀ ਆਪਣੇ ਵਲੋਂ ਕੀਤੀ ਸਹੀ ਰਿਪੋਰਟਿੰਗ ਦਾ ਪਛਤਾਵਾ ਕਰ ਰਹੇ ਹਨ ਕਿਉਂਕਿ ਇਸ ਰਿਪੋਰਟ ਦੇ ਸਿੱਟੇ ਵਜੋਂ ਕੰਪਲੈਕਸ ਅੰਦਰ ਖਾੜਕੂਆਂ ਵਲੋਂ ਪਨਾਹ ਲਈ ਹੋਣ ਦਾ ਮਹੀਨ ਜਿਹਾ ਪੜਦਾ ਫਟ ਗਿਆ ਸੀ, ਉਸ ਨਾਲ਼ ਸਰਕਾਰੀ ਖੇਮੇ ਵਿੱਚ ਕਾਫੀ ਹੋ ਹੱਲਾ ਮਚ ਗਿਆ ਸੀ।

ਗੱਲ ਅੱਗੇ ਤੋਰਨ ਤੋਂ ਪਹਿਲਾਂ ਇੱਥੇ ਖਾਲਿਸਤਾਨੀ ਧਿਰਾਂ ਦੇ ਮੋਢੀ ਵਿਦਵਾਨ ਤੇ ਸਾਬਕਾ ਆਈ ਸੀ ਐਸ ਸਿਰਦਾਰ ਕਪੂਰ ਸਿੰਘ ਹੋਰਾਂ ਦੀ ਕਿਤਾਬ 'ਸਿੱਖਾਂ ਦਾ ਸਰਬਨਾਸ਼' ਵਿੱਚੋਂ ਕੁਝ ਲਾਈਨਾਂ ਸਿੱਖ ਵਿਦਵਾਨਾਂ ਦੇ ਭੰਬਲਭੂਸੇ ਨੂੰ ਸਪੱਸ਼ਟ ਕਰਨ ਲਈ ਸਾਂਝੀਆਂ ਕਰ ਰਹੇ ਹਾਂ। ਪਾਠਕਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦੇ ਹਾਂ ਕਿ ਸਿਰਦਾਰ ਕਪੂਰ ਸਿੰਘ ਨੂੰ 'ਅਨੰਦਪੁਰ ਦੇ ਮਤੇ' ਦਾ ਲੇਖਕ ਵੀ ਮੰਨਿਆ ਜਾਂਦਾ ਹੈ, ਜਿਸਨੂੰ ਅਕਾਲੀ ਦਲ ਨੇ ਆਪਣੇ 1973 ਦੇ ਜਨਰਲ ਇਜਲਾਸ ਵਿੱਚ ਪਾਸ ਕੀਤਾ ਸੀ। ਅਨੰਦਪੁਰ ਦੇ ਮਤੇ ਅਨੁਸਾਰ ਕੇਂਦਰ ਸਰਕਾਰ ਕੋਲ਼ ਚਾਰ ਮਹਿਕਮੇ ਛੱਡ ਕੇ ਬਾਕੀ ਸਾਰੇ ਅਧਿਕਾਰ ਰਾਜਾਂ ਨੂੰ ਦੇ ਦਿੱਤੇ ਜਾਣੇ ਚਾਹੀਦੇ ਹਨ।ਇਸੇ ਕਰਕੇ 'ਅਨੰਦਪੁਰ ਦਾ ਮਤਾ' ਰਾਜਾਂ ਨੂੰ ਵੱਧ ਅਧਿਕਾਰ (ਸੂਬਾਈ ਖੁਦਮੁਖਤਾਰੀ) ਅਤੇ ਫੈਡਰਲ ਢਾਂਚੇ ਦੀ ਮੰਗ ਕਰਦਾ ਹੈ। ਸਿਰਦਾਰ ਕਪੂਰ ਸਿੰਘ ਆਪਣੀ ਕਿਤਾਬ 'ਸਿੱਖਾਂ ਦਾ ਸਰਬਨਾਸ਼' ਦੇ ਪੰਨਾ 76-79 ਤੇ 'ਸੂਬਾਈ ਖੁਦਮੁਖਤਾਰੀ' ਬਾਰੇ ਇਵੇਂ ਲਿਖਦੇ ਹਨ:

'ਸੂਬਾਈ ਖੁਦਮੁਖਤਾਰੀ ਦਾ ਮਤਾ ਸੰਤ ਅਕਾਲੀ ਦਲ (ਸੰਤ ਫਤਹਿ ਸਿੰਘ ਧੜਾ) ਨੇ ਸੰਨ 1968 ਵਿੱਚ ਆਪਣੀ ਬਟਾਲ਼ਾ ਕਾਨਫਰੰਸ ਵਿੱਚ ਪਾਸ ਕੀਤਾ ਸੀਸ਼। ਉਨ੍ਹਾਂ ਸੋਚਿਆ ਨਹੀਂ ਕਿ 'ਸੂਬਾਈ ਖੁਦਮੁਖਤਾਰੀ' ਮਿਲਣ ਨਾਲ਼ ਪੰਜਾਬ ਅਤੇ ਪੰਜਾਬੋਂ ਬਾਹਰ ਰਹਿੰਦੇ ਸਿੱਖਾਂ ਦੀ ਕੀ ਦੁਰ-ਦਸ਼ਾ ਹੋ ਸਕਦੀ ਹੈ ਅਤੇ ਪੰਥ ਨੂੰ ਕੀ ਹਾਣ-ਲਾਭ ਹੋ ਸਕਦਾ ਹੈ? ਇਹ ਤਾਂ ਹੁਣ ਸਪੱਸ਼ਟ ਹੋ ਗਿਆ ਹੈ ਕਿ 'ਸੂਬਾਈ ਖੁਦਮੁਖਤਾਰੀ' ਆਉਣ ਉਤੇ ਪੰਜਾਬ ਵਿੱਚ ਰਾਜਸੀ ਸ਼ਕਤੀ ਉਨ੍ਹਾਂ ਦੇ ਹੱਥਾਂ ਵਿੱਚ ਜਾ ਸਕਦੀ ਹੈ, ਜਿਨ੍ਹਾਂ ਨੂੰ ਨਾ ਸਿੱਖੀ ਨਾਲ਼ ਬੱਝਵੀਂ ਪਕੜ ਹੈ ਅਤੇ ਨਾ ਪੰਥ ਵੱਲ ਕੋਈ ਜਿੰਮੇਵਾਰੀ। ਜਿਵੇਂ ਕਿ ਹੁਣ ਪੰਜਾਬੀ ਸੂਬੇ ਵਿੱਚ ਹੋ ਗਿਆ ਹੈ।ਹੁਣ ਦੀ 'ਪੰਜਾਬੀ ਸੂਬੀ' ਨਾਲੋਂ ਸਿੱਖੀ ਤੇ ਪੰਥ ਦੇ ਦ੍ਰਿਸ਼ਟੀਕੋਣ ਤੋਂ ਫਰੀਦਾਬਾਦ ਤੋਂ ਸਪਿੱਤੀ ਲਾਹੌਲ ਵਾਲ਼ਾ ਪੰਜਾਬ ਕਿਤੇ ਚੰਗੇਰਾ ਸੀ, ਇਸ ਲਈ ਕੋਈ ਵਿਦਵਾਨ ਕਿੰਤੂ ਨਹੀਂ ਕਰ ਸਕਦਾ।ਸੂਬਾਈ ਖੁਦਮੁਖਤਾਰੀ' ਨਾਲੋਂ ਹੁਣ ਦੇ ਅਧਿਕਾਰਾਂ ਵਾਲ਼ਾ ਪੰਜਾਬੀ ਸੂਬਾ, ਸਿੱਖੀ ਤੇ ਪੰਥ ਲਈ, ਕਿਤੇ ਵੱਧ ਲਾਹੇਵੰਦ ਹੈ। 'ਜਿਉਂ ਜਿਉਂ ਸੂਬੇ ਵਧੇਰੇ ਸ਼ਕਤੀਸ਼ਾਲੀ ਹੁੰਦੇ ਜਾਣਗੇ, ਕੇਂਦਰ ਲਿਬਰਲ ਹੁੰਦਾ ਜਾਵੇਗਾ, ਜਿਸਦਾ ਸਿੱਖਾਂ ਨੂੰ ਦੂਹਰਾ ਨੁਕਸਾਨ ਹੈ। ਦੇਸ਼ ਦੀ ਕੇਂਦਰੀ ਸ਼ਕਤੀ ਘਟਣ ਨਾਲ਼ ਦੇਸ਼ ਦਾ ਗੌਰਵ ਤੇ ਕੌਮਾਂਤਰੀ ਪ੍ਰਭਾਵ ਘਟਦਾ ਹੈ ਅਤੇ ਕੋਈ ਸੋਝੀਵਾਨ ਸਿੱਖ, ਦੇਸ਼ ਲਈ ਇਉਂ ਸੋਚ ਜਾਂ ਸਹਿ ਨਹੀਂ ਸਕਦਾ। ਸੂਬਾਈ ਖੁਦਮੁਖਤਾਰੀ ਨਾਲ਼ ਸਿੱਖਾਂ ਦਾ ਇਹ ਗੰਭੀਰ ਨੁਕਸਾਨ ਹੋਵੇਗਾ ਕਿ ਜਦੋਂ ਭਾਰਤ ਦੇ ਉਹ ਪ੍ਰਦੇਸ਼, ਜਿਨ੍ਹਾਂ ਵਿੱਚ ਪੰਜਾਬੋਂ ਬਾਹਰ ਸਿੱਖ ਵਸਦੇ ਹਨ, ਜੇ ਉਥੇ ਦੇ ਲੋਕ ਆਪ-ਹੁਦਰੇ ਤੇ ਖੁਦਮੁਖਤਾਰ ਹੋ ਗਏ ਤਾਂ ਪੰਜਾਬੋਂ ਬਾਹਰਲੇ ਸਿੱਖਾਂ ਉਤੇ ਸਖਤੀ, ਤੱਦੀ ਤੇ ਵਿਤਕਰਾ ਹੋਰ ਤੀਖਣ ਹੋ ਜਾਵੇਗਾ। **'ਸਿੱਖਾਂ ਵਿਰੁੱਧ ਅਜਿਹੇ ਵਿਤਕਰਿਆਂ ਦਾ ਇੱਕੋ ਇਲਾਜ ਹੈ ਕਿ ਕੇਂਦਰ ਅਥਵਾ ਦਿੱਲੀ ਦੀ ਹਕੂਮਤ ਸ਼ਕਤੀਸ਼ਾਲੀ ਬਣੀ ਰਹੇ।'**

ਉਪਰਲੀ ਸਾਰੀ ਵਾਰਤਾ ਪੜ੍ਹ ਕੇ ਲਗਦਾ ਹੈ ਕਿ ਸਿਰਦਾਰ ਸਾਹਿਬ ਇੱਕ ਪਾਸੇ ਰਾਜਾਂ ਲਈ ਵੱਧ ਅਧਿਕਾਰਾਂ ਦਾ ਮਤਾ ਲਿਖਦੇ ਹਨ, ਜੋ ਫੈਡਰਲ ਢਾਂਚੇ ਦੀ ਮੰਗ ਕਰਦਾ ਹੈ ਤੇ ਦੂਜੇ ਪਾਸੇ ਆਪਣੀ ਕਿਤਾਬ ਵਿੱਚ 'ਮਜਬੂਤ ਕੇਂਦਰ' ਦੀ ਵਕਾਲਤ ਕਰਦੇ ਹਨ? ਮੈਨੂੰ ਯਾਦ ਹੈ ਕਿ 20 ਕੁ ਸਾਲ ਪਹਿਲਾਂ ਅਮਰੀਕਾ ਵਿੱਚ ਰਹਿੰਦੇ ਖਾਲਿਸਤਾਨੀ ਵਿਦਵਾਨ ਡਾਕਟਰ ਸਾਹਿਬ ਨਾਲ਼ ਸਿਰਦਾਰ ਕਪੂਰ ਸਿੰਘ ਬਾਰੇ ਚੱਲਦੀ ਗਲਬਾਤ ਵਿੱਚ ਮੈਂ ਸਿਰਦਾਰ ਕਪੂਰ ਸਿੰਘ ਹੋਰਾਂ ਦੀ ਸੋਚ ਦੀ ਦੁਬਿਧਾ ਬਾਰੇ ਕੋਈ ਟਿੱਪਣੀ ਕੀਤੀ ਤਾਂ ਡਾਕਟਰ ਸਾਹਿਬ ਕਹਿਣ ਲੱਗੇ ਕਿ ਅੱਗੇ ਤੋਂ ਕਿਤੇ ਕਪੂਰ ਸਿੰਘ ਬਾਰੇ ਕੋਈ ਨੈਗੇਟਿਵ ਟਿੱਪਣੀ ਨਹੀਂ ਕਰਨੀ ਕਿਉਂਕਿ ਸਾਡਾ ਤਾਂ **'ਖਾਲਿਸਤਾਨ ਦਾ ਸਾਰਾ ਕੇਸ'** ਹੀ 'ਸਾਚੀ ਸਾਖੀ' ਤੇ ਖੜ੍ਹਾ ਹੈ।ਪਰ ਕੀ ਸਿਰਦਾਰ ਕਪੂਰ ਸਿੰਘ ਸਚਮੁੱਚ ਭਾਰਤ ਤੋਂ ਵੱਖਰੇ ਦੇਸ਼ ਖਾਲਿਸਤਾਨ ਦੇ ਹਾਮੀ ਸਨ? ਜ਼ਰਾ, ਉਨ੍ਹਾਂ ਦੀ **'ਖਾਲਿਸਤਾਨ ਦੀ ਬਾਈਬਲ ਸਾਚੀ ਸਾਖੀ'** ਦੇ ਪੰਨਾ 127 ਦੀਆਂ ਇਹ ਲਾਈਨਾਂ ਪੜ੍ਹੋ:

'ਸੰਨ 1966 ਵਿੱਚ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ **'ਸਿੱਖ ਹੋਮਲੈਂਡ'** ਦੀ ਮੰਗ ਦਾ ਮਤਾ ਪਾਸ ਕੀਤਾ, ਉਦੋਂ ਵੀ ਮਾਸਟਰ ਤਾਰਾ ਸਿੰਘ ਨੇ ਇਸੇ ਬੁੱਧੀ-ਹੀਣ, ਬਿਬੇਕ-ਹੀਣ, ਰਾਜ-ਹਠ ਦੀ ਪ੍ਰਦਰਸ਼ਨੀ ਕੀਤੀ ਸੀ ਕਿ ਮਤੇ ਵਿੱਚ ਇਹ ਲਿਖੋ ਕਿ ਸਿੱਖ ਹੋਮਲੈਂਡ, ਭਾਰਤ ਅੰਦਰ ਬਣੇ, ਪਰ ਇਹ ਜਦ ਚਾਹੇ, ਇਸਨੂੰ ਭਾਰਤ ਵਿੱਚੋਂ ਬਾਹਰ ਨਿਕਲਣ ਦਾ ਅਧਿਕਾਰ ਦਿੱਤਾ ਜਾਵੇ।ਉਸ ਵੇਲ਼ੇ ਮੈਂ ਪਾਰਲੀਮੈਂਟ ਦੀ ਲੋਕ ਸਭਾ ਦਾ ਮੈਂਬਰ ਭੀ ਸੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਸਲਾਹਕਾਰ ਵੀ।ਮੈਂ ਝਟ ਗਿਆ ਅਤੇ ਬੇਨਤੀ ਕੀਤੀ ਕਿ ਇੱਕ ਤਾਂ ਹੁਣ ਭਾਰਤੀ ਸੰਵਿਧਾਨ ਵਿੱਚ ਸੰਸ਼ੋਧਨ ਹੋ ਚੁੱਕਾ ਹੈ ਕਿ ਹਿੰਦੁਸਤਾਨ ਤੋਂ ਵੱਖਰੇ ਹੋਣ ਦੀ ਮੰਗ ਕਰਨਾ ਹੀ ਘੋਰ ਅਪਰਾਧ ਹੈ, ਜਿਸਦੀ ਸਜ਼ਾ 10 ਸਾਲ ਸਖਤ ਕੈਦ ਹੋ ਸਕਦੀ ਹੈ। ਕੇਵਲ 10 ਸਾਲ ਲਈ ਜੇਲ੍ਹ ਯਾਤਰਾ ਦਾ ਚਾਅ, ਜੇ ਕਿਸੇ ਅਕਾਲੀ ਸਿੰਘ ਨੂੰ ਹੈ ਤਾਂ ਉਹ ਮਾਸਟਰ ਤਾਰਾ ਸਿੰਘ ਜੀ ਦਾ ਸੁਝਾਇਆ ਮਤਾ ਪਾਸ ਕਰ ਦੇਖੋ।ਮੈਂ ਇਹੋ ਜਿਹੀ ਮੰਤਵਹੀਣ, ਤੇ ਹੂੜ-ਮੱਤ ਕਰਨ ਨੂੰ ਤਿਆਰ ਨਹੀਂ। **'ਸਿੱਖਾਂ ਵਲੋਂ ਹਿੰਦੂਆਂ ਨੂੰ ਇਹ ਸੱਚਾ ਤੇ ਦ੍ਰਿੜ ਵਿਸ਼ਵਾਸ਼ ਦਿਵਾਇਆ ਜਾਵੇ ਕਿ ਜੇ ਸਾਰੇ ਹਿੰਦੂ ਭੀ ਭਾਰਤ ਨੂੰ ਖੇਰੂੰ-ਖੇਰੂੰ ਕਰਨ ਨੂੰ ਤਤਪਰ ਹੋ ਜਾਣ, ਤਦ ਵੀ ਸਿੱਖ ਭਾਰਤ ਦੀ ਏਕਤਾ ਤੇ ਅਖੰਡਤਾ ਲਈ ਅਖੀਰ ਤੱਕ ਲੜਦੇ ਰਹਿਣਗੇ।'** ਇਹ ਸਾਰੀ ਵਾਰਤਾ ਪੜ੍ਹ ਕੇ ਕੀ ਕਿਸੇ ਨੂੰ ਕੋਈ ਸ਼ੱਕ ਰਹਿ ਜਾਂਦਾ ਹੈ ਕਿ ਕਿਵੇਂ ਸਾਡੇ ਧੁਰੰਤਰ ਵਿਦਵਾਨ ਅਨੰਦਪੁਰ ਦਾ ਮਤਾ, ਸਿੱਖ ਹੋਮਲੈਂਡ, ਸਿੱਖਾਂ ਦੇ ਬੋਲ-ਬਾਲੇ, ਵੱਖਰਾ ਸਿੱਖ ਰਾਜ, ਖਾਲਿਸਤਾਨ, ਖਾਲਸਾ ਰਾਜ, ਅੰਮ੍ਰਿਤਸਰ ਐਲਾਨਨਾਮਾ ਆਦਿ ਦੇ ਸੰਕਲਪਾਂ ਤੇ ਭੰਬਲਭੂਸੇ ਦਾ ਕਿਵੇਂ ਸ਼ਿਕਾਰ ਹਨ?

ਇਸ ਸਬੰਧੀ ਪਾਠਕਾਂ ਦੀ ਜਾਣਕਾਰੀ ਲਈ 'ਅਨੰਦਪੁਰ ਸਾਹਿਬ ਦੇ 1973 ਵਾਲ਼ੇ ਮਤੇ' ਦੀਆਂ ਮੁਢਲੀਆਂ ਕੁਝ ਲਾਈਨਾਂ ਪੜ੍ਹਨੀਆਂ ਜਾਣਕਾਰੀ ਭਰਪੂਰ ਹੋਣਗੀਆਂ ਕਿ ਕਿਵੇਂ ਸਾਡੇ ਲੀਡਰ 17ਵੀਂ-18ਵੀਂ ਸਦੀ ਦੀ ਮਾਨਸਿਕਤਾ ਦੇ ਖਿਆਲੀ ਪੁਲਾਓ ਵਿੱਚ ਫਸੇ ਹੋਏ ਹਨ।ਉਹ ਭੁੱਲ ਜਾਂਦੇ ਹਨ ਕਿ ਹੁਣ 16ਵੀਂ-19ਵੀਂ ਸਦੀ ਦਾ ਰਜਵਾੜਾਸ਼ਾਹੀ ਤੇ ਵਿਦੇਸ਼ੀ ਹਮਲਾਵਰਾਂ ਦਾ ਰਾਜ ਪ੍ਰਬੰਧ ਜਾ ਚੁੱਕਾ ਹੈ ਅਤੇ ਸਾਰੀ ਦੁਨੀਆਂ ਲੋਕਤੰਤਰੀ ਸਿਸਟਮ ਵਿੱਚ ਵਿਚਰ ਰਹੀ ਹੈ। ਜਿੱਥੇ ਸਭ ਕੋਲ਼ ਵੋਟ ਅਤੇ ਕਨੂੰਨ ਦੇ ਬਰਾਬਰ ਅਧਿਕਾਰ ਹਨ। ਪਰ ਸਿੱਖ ਲੀਡਰ ਤੇ ਵਿਦਵਾਨ ਪਤਾ ਨਹੀਂ ਕਿਸ ਖਿਆਲੀ ਦੁਨੀਆਂ ਵਿੱਚ ਵਿਚਰ ਰਹੇ ਹਨ।

'ਭਾਰਤ ਵਿੱਚ ਸਿੱਖ ਕੌਮ 17ਵੀਂ ਸਦੀ ਦੇ ਅੰਤਲੇ ਸਾਲਾਂ, ਖਾਲਸਾ ਪੰਥ ਦੀ ਸਾਜਨਾ ਦੇ ਸਮੇਂ ਤੋਂ ਹੀ, ਇਤਿਹਾਸਕ ਤੌਰ ਤੇ ਇੱਕ ਰਾਜਨੀਤਕ ਕੌਮ (ਜਿਵੇਂ ਹਿੰਦੂ ਤੇ ਮੁਸਲਿਮ ਨੇ) ਵਾਂਗ ਤਸਲੀਮ ਕੀਤੀ ਜਾ ਚੁੱਕੀ ਹੈ (ਭਾਵ ਸਿੱਖਾਂ ਨੂੰ ਤੀਜੀ ਕੌਮ ਮੰਨਿਆ ਹੈ)। ਸਿੱਖ ਕੌਮ ਦਾ ਇਹ ਰੁਤਬਾ, ਕੌਮਾਂਤਰੀ ਪੱਧਰ ਤੇ ਯੂਰਪ ਅਤੇ ਏਸ਼ੀਆ ਦੀਆਂ ਸ਼ਕਤੀਆਂ, ਜਿਵੇਂ ਕਿ ਫਰਾਂਸ, ਇੰਗਲੈਂਡ, ਇਟਲੀ, ਰੂਸ, ਚੀਨ, ਤਿੱਬਤ, ਇਰਾਨ, ਨੇਪਾਲ, ਅਫਗਾਨਿਸਤਾਨ, ਤਿੱਬਤ ਅਤੇ ਕੰਪਨੀ ਬਹਾਦਰ ਫੋਰਟ ਵਿਲੀਅਮ ਕਲਕੱਤਾ ਵਲੋਂ 19ਵੀਂ ਸਦੀ ਦੇ ਅੱਧ ਤੱਕ, ਅਤੇ ਫੇਰ ਦੇਸ਼ ਛੱਡ ਕੇ ਜਾ ਰਹੇ ਫਿਰੰਗੀ, ਹਿੰਦੂ ਕਾਂਗਰਸ ਅਤੇ ਮੁਸਲਿਮ ਲੀਗ ਵਲੋਂ 20ਵੀਂ ਸਦੀ ਦੇ ਅੱਧ (1947 ਤੋਂ ਥੋੜਾ ਸਮਾਂ ਪਹਿਲਾਂ) ਤਸਲੀਮ ਕੀਤਾ ਹੈ ਕਿ ਸਿੱਖ ਇੱਕ ਵੱਖਰੀ ਕੌਮ ਹੈ।'

'ਹੁਣ ਮੁਲਕ ਦੀ ਵੰਡ ਤੋਂ ਬਾਅਦ 1950 ਵਿੱਚ ਹਿੰਦੁਸਤਾਨ ਦੀ ਧੱਕੜ ਬਹੁ-ਗਿਣਤੀ ਹਿੰਦੂ ਕੌਮ ਨੇ ਇੱਕ ਅਜਿਹਾ ਸੰਵਿਧਾਨਕ ਇੰਤਜਾਮ ਠੋਕਿਆ ਹੈ, ਜਿਸਨੇ ਸਿੱਖਾਂ ਨੂੰ ਉਸਦੀ ਰਾਜਸੀ ਪਛਾਣ ਅਤੇ ਸਭਿਆਚਾਰਕ ਵਿਲੱਖਣਤਾ ਤੋਂ ਸੱਖਣੇ ਕਰ ਦਿੱਤਾ।ਇਸ ਤਰ੍ਹਾਂ ਸਿੱਖਾਂ ਨੂੰ ਰਾਜਸੀ ਤੌਰ ਤੇ ਖਤਮ ਕਰਕੇ ਅਤੇ ਉਨ੍ਹਾਂ ਨੂੰ ਆਤਮਿਕ ਤੇ ਸਭਿਆਚਾਰਕ ਗਿਰਾਵਟ ਦੇ ਕੰਢੇ ਲਿਆ ਕੇ, ਬੇ-ਸਿਰ ਪੈਰੇ ਹਿੰਦੂ ਧਰਮ ਦੇ ਡੂੰਘੇ ਸਾਗਰ ਵਿੱਚ, ਹਰ ਹੀਲੇ ਡੁੱਬ ਜਾਣ ਦੀ ਨੌਬਤ ਤੱਕ ਲੈ ਆਂਦਾ ਹੈ..।'

'ਅਨੰਦਪੁਰ ਦੇ ਮਤੇ' ਵਿੱਚ ਮੁਢਲੇ ਰੂਪ ਵਿੱਚ ਇਹ ਦੋ ਪਹਿਰੇ ਲਿਖ ਕੇ ਸਾਡੀ ਲੀਡਰਸ਼ਿਪ ਦੁਨੀਆਂ ਨੂੰ ਕੀ ਦੱਸਣਾ ਚਾਹੁੰਦੀ ਸੀ, ਜੇ ਕਿਸੇ ਨੂੰ ਸਮਝ ਆਵੇ ਤਾਂ ਜਰੂਰ ਦੱਸਣਾ? ਜਦੋਂ ਵਿਰੋਧੀ ਇਹ ਕਹਿੰਦੇ ਹਨ ਕਿ ਇਹ ਮਤਾ 'ਫਿਰਕੂ ਤੇ ਵੱਖਵਾਦੀ' ਹੈ ਤਾਂ ਅਸੀਂ ਰੌਲ਼ਾ ਪਾਉਂਦੇ ਹਾਂ ਕਿ ਨਹੀਂ ਇਹ ਮਤਾ ਤਾਂ ਸਭ ਲਈ ਸਾਂਝਾ ਹੈ ਤੇ ਭਾਰਤ ਦੇ ਸਾਰੇ ਰਾਜਾਂ ਲਈ ਵੱਧ ਅਧਿਕਾਰਾਂ ਦੀ ਮੰਗ ਕਰਦਾ ਹੈ।ਸਿੱਖ ਲੀਡਰਸ਼ਿਪ ਦੀ ਦੁਬਿਧਾ ਇਥੋਂ ਪਤਾ ਲਗਦੀ ਹੈ, ਜਦੋਂ ਉਹ ਇਸੇ ਮਤੇ ਵਿੱਚ 'ਸਿੱਖਾਂ ਦਾ ਰਾਜਸੀ ਨਿਸ਼ਾਨਾ' ਸਿਰਲੇਖ ਹੇਠ ਲਿਖਦੇ ਹਨ:

'ਪੰਥਕ ਰਾਜਸੀ ਨਿਸ਼ਾਨਾ ਨਿਸਚੇ ਤੌਰ ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ (ਨੋਟ: ਜੇ ਕਿਸੇ ਕੋਲ਼ ਦਸਮ ਪਾਤਸ਼ਾਹ ਦੇ ਕਿਸੇ ਅਜਿਹੇ ਆਦੇਸ਼ ਦਾ ਕੋਈ ਇਤਿਹਾਸਕ ਪ੍ਰਮਾਣ ਹੋਵੇ ਤਾਂ ਜਰੂਰ ਸ਼ੇਅਰ ਕਰਨਾ-ਲੇਖਕ), ਸਿੱਖ ਇਤਿਹਾਸ ਦੇ ਪੰਨਿਆਂ ਅਤੇ 'ਖਾਲਸਾ ਪੰਥ' ਦੇ ਮਨ ਮੰਦਰ ਵਿੱਚ ਉਕਰਿਆ ਚਲਿਆ ਆ ਰਿਹਾ ਹੈ, ਜਿਸਦਾ ਮਕਸਦ 'ਖਾਲਸਾ ਜੀ ਦਾ ਬੋਲ-ਬਾਲਾ' ਹੈ, (ਨੋਟ: ਖਾਲਸਾ ਜੀ ਦਾ ਬੋਲ-ਬਾਲਾ ਦੇ ਕੀ ਅਰਥ ਹਨ, ਕਿਤੇ ਸਪੱਸ਼ਟ ਨਹੀਂ ਕੀਤਾ ਗਿਆ? ਕੀ ਇਸਦਾ ਮਤਲਬ ਵੱਖਰਾ ਦੇਸ਼ ਹੈ? ਕੀ ਇਸਦਾ ਮਤਲਬ ਭਾਰਤ ਵਿੱਚ ਸਿੱਖ ਚੌਧਰ ਵਾਲ਼ਾ ਖਿੱਤਾ ਹੈ? ਜਾਂ ਕੁਝ ਹੋਰਸ਼ -ਲੇਖਕ)। ਖਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ, ਦੇਸ਼ ਕਾਲ ਤੇ ਰਾਜਸੀ ਵਿਧਾਨ ਦੀ ਸਿਰਜਨਾ ਪ੍ਰਾਪਤੀ ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।'

ਇੱਕ ਪਾਸੇ ਰਾਜਾਂ ਲਈ ਵੱਧ ਅਧਿਕਾਰਾਂ ਤੇ ਪੰਜਾਬ ਦੀਆਂ ਸਾਂਝੀਆਂ ਮੰਗਾਂ ਦੀ ਗੱਲ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ 'ਖਾਲਸਾ ਰਾਜ' ਤੇ 'ਸਿੱਖਾਂ ਦੇ ਬੋਲ-ਬਾਲੇ' ਦੀ ਮੰਗ ਵੀ ਉਸੇ ਮਤੇ ਵਿੱਚ ਕੀਤੀ ਜਾ ਰਹੀ ਹੈ? ਪਾਠਕ ਸੋਚਣ ਕਿ ਸਿੱਖ ਲੀਡਰਸ਼ਿਪ ਦੀ ਅਜਿਹੀ ਦੁਬਿਧਾ ਨੂੰ ਕਿਵੇਂ ਸਮਝਿਆ ਜਾਵੇ?

ਇੱਕ ਹੋਰ ਉਦਾਹਰਣ ਦੇਖੋ। ਸਾਬਕਾ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਅਤੇ ਸਾਬਕਾ ਖਾੜਕੂ ਨਰਾਇਣ ਸਿੰਘ ਚੌੜਾ ਵਲੋਂ ਸੰਪਾਦਤ ਕਿਤਾਬ **'ਪੰਥਕ ਦਸਤਾਵੇਜ: ਧਰਮ ਯੁੱਧ ਤੇ ਜੁਝਾਰੂ ਲਹਿਰ'** ਦੇ ਪੰਨਾ 69 ਉਤੇ ਧਰਮ ਯੁੱਧ ਮੋਰਚੇ ਦੌਰਾਨ ਲੰਡਨ ਤੋਂ ਛਪਦੇ ਹਫਤਾਵਾਰੀ ਅਖ਼ਬਾਰ **'ਦੇਸ ਪ੍ਰਦੇਸ'** ਨੂੰ ਸਿਰਦਾਰ ਕਪੂਰ ਸਿੰਘ ਵਲੋਂ ਉਸ ਮੌਕੇ ਦਿੱਤੀ ਇੱਕ ਯਾਦਗਾਰੀ ਇੰਟਰਵਿਊ ਦਰਜ ਕੀਤੀ ਹੈ।ਇਸ ਇੰਟਰਵਿਊ ਦਾ ਤੁਆਰਫ ਸੰਪਾਦਕਾਂ ਵਲੋਂ ਕਪੂਰ ਸਿੰਘ ਨੂੰ ਸਿੱਖ ਕੌਮ ਦੇ ਉਘੇ ਦਾਰਸ਼ਨਿਕ ਤੇ ਥਿੰਕ ਟੈਂਕ ਆਖ ਕੇ ਕਰਵਾਇਆ ਗਿਆ।ਲੇਖਕਾਂ ਵਲੋਂ ਉਨ੍ਹਾਂ ਨੂੰ ਵਿਸ਼ਾਲ ਵਿਦਵਤਾ ਤੇ ਬੇਮਿਸਾਲ ਸੋਝੀ ਅਤੇ ਸੁਹਿਰਦ ਪੰਥਕ ਸੋਚ ਸਦਕਾ 13 ਅਕਤੂਬਰ, 1973 ਨੂੰ ਸ੍ਰੀ ਅਕਾਲ ਤਖਤ ਤੋਂ **'ਪ੍ਰੋਫੈਸਰ ਆਫ ਸਿੱਖਇਜ਼ਮ'** ਦੀ ਉਪਾਧੀ ਮਿਲਣ ਦੀ ਕਹਾਣੀ ਵੀ ਦਰਜ ਕੀਤੀ ਗਈ ਹੈ। ਸੰਪਾਦਕਾਂ ਦੇ ਵਿਚਾਰ ਅਨੁਸਾਰ ਇਸ ਇੰਟਰਵਿਊ ਵਿੱਚ ਸੁਣਾਈਆਂ ਗਈਆਂ ਖਰੀਆਂ-ਖਰੀਆਂ ਅਤੇ ਪ੍ਰਗਟ ਕੀਤੇ ਡੂੰਘੇ ਖਿਆਲਾਂ ਵਿੱਚ ਸਿੱਖ ਕੌਮ ਦੀ ਵਿਗੜੀ ਸੰਵਾਰਨ ਦਾ ਦਮ ਹੋਣ ਦਾ ਦਾਅਵਾ ਕੀਤਾ ਗਿਆ ਹੈ। ਲੇਖਕਾਂ ਅਨੁਸਾਰ ਕਪੂਰ ਸਿੰਘ ਦੀ ਸਿੱਖ ਪੰਥ ਬਾਰੇ ਰਾਜਨੀਤਕ ਸਮਝ, ਪਹੁੰਚ ਤੇ ਵਿਚਾਰਧਾਰਾ ਨੂੰ ਕਦੇ ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ। **'ਦੁਨੀਆਂ ਵਿੱਚ ਰਾਜ ਕੇਵਲ ਸਿੱਖ ਕੌਮ ਨੇ ਕੀਤਾ'** ਸਿਰਲੇਖ ਹੇਠਲੀ ਇੰਟਰਵਿਊ ਵਿੱਚ ਕਪੂਰ ਸਿੰਘ ਕਹਿੰਦੇ ਹਨ ਕਿ ਮੈਂ ਵਰਤਮਾਨ ਸਿੱਖ ਲੀਡਰਸ਼ਿਪ ਨੂੰ **'ਕੰਜਰੀ'** ਦਾ ਨਾਮ ਦਿੰਦਾ ਹਾਂ। ਕੰਜਰੀ ਨੂੰ ਭਾਵੇਂ ਲੱਖ ਕਹੋ ਕਿ ਸ਼ਰੀਫ ਬਣ ਜਾਵੇ, ਉਲਟਾ ਉਹ ਤੁਹਾਨੂੰ ਬੇਵਕੂਫ ਕਹੇਗੀਸ਼। ਸ਼ਅੱਗੇ ਕਪੂਰ ਸਿੰਘ ਕਹਿੰਦੇ ਹਨ: **'ਇੱਕ ਗੱਲ ਮੈਂ ਅੱਜ ਤੋਂ ਦਾਅਵੇ ਨਾਲ਼ ਕਹਿ ਸਕਦਾ ਹਾਂ ਕਿ ਭਾਵੇਂ ਮੈਨੂੰ ਦੁਬਾਰਾ ਜਨਮ ਮਿਲ੍ਹ ਜਾਵੇ ਅਤੇ ਦਸ ਪੰਦਰਾਂ ਹਜ਼ਾਰ ਸਾਲ ਮਿਲਦਾ ਰਹੇ, ਮੈਂ ਫਿਰ ਵੀ ਕਹਾਂਗਾ ਕਿ ਸਿੱਖਾਂ ਦਾ ਖੁਦਮੁਖਤਾਰ ਹਕੂਮਤ ਬਿਨ ਗੁਜ਼ਾਰਾ ਨਹੀਂ।'** ਕਪੂਰ ਸਿੰਘ ਹੋਰ ਦੱਸਦੇ ਹਨ: 'ਗੁਰੂ ਗੋਬਿੰਦ ਸਿੰਘ ਨੂੰ ਐਵੇਂ ਹੀ ਸਿੱਖ ਪੰਜਾਬ ਨਾਲ ਬੰਨ੍ਹੀ ਜਾਂਦੇ ਹਨ। ਉਸਦੀ ਸੋਚਣੀ ਪੂਰੇ ਹਿੰਦੁਸਤਾਨ ਦੀ ਸੀ। ਪੰਜਾਂ ਪਿਆਰਿਆਂ ਵਿੱਚੋਂ ਕੇਵਲ ਇੱਕ ਪੰਜਾਬੀ ਸੀ, ਬਾਕੀ ਭਾਰਤ ਦੇ ਦੂਜੇ ਪ੍ਰਾਂਤਾਂ ਦੇ ਸਨ। ਗੁਰੂ ਗੋਬਿੰਦ ਸਿੰਘ ਦਾ ਨਾ ਜਨਮ ਪੰਜਾਬ ਵਿਚ ਹੋਇਆ ਤੇ ਨਾ ਮ੍ਰਿਤੂ ਪੰਜਾਬ ਵਿੱਚ ਹੋਈ। ਉਹ ਦੱਖਣ ਦਾ ਰਾਜ ਸਿੱਖਾਂ ਨੂੰ ਦਿੰਦੇ ਸੀ।ਪਰ ਸੇਵਕਾਂ ਨੇ ਆਖਿਆ ਕਿ ਨਹੀਂ ਸਾਨੂੰ ਆਪਣਾ ਘਰ ਹੀ ਚਾਹੀਦਾ ਹੈ।'

ਜਿਸ ਤਰ੍ਹਾਂ ਉਪਰ ਅਸੀਂ ਦੇਖਿਆ ਸੀ ਕਿ ਇੱਕ ਪਾਸੇ ਸ. ਕਪੂਰ ਸਿੰਘ **ਸਿੱਖ ਰਾਜ** ਦੀ ਵਕਾਲਤ ਕਰਦੇ ਕਹਿੰਦੇ ਹਨ ਕਿ ਸਿੱਖਾਂ ਦਾ ਖੁਦਮੁਖਤਾਰ ਹਕੂਮਤ ਬਿਨਾਂ ਗੁਜ਼ਾਰਾ ਨਹੀ, ਦੂਜੇ ਪਾਸੇ ਅਕਾਲੀਆਂ ਨੂੰ ਗਾਲ੍ਹਾਂ ਕੱਢਣ ਤੱਕ ਜਾਂਦੇ ਹਨ, ਜਦੋਂ ਉਹ ਪੰਜਾਬੀ ਸੂਬਾ ਮੰਗ ਨਾ ਮੰਨੇ ਜਾਣ ਦੇ ਗੁੱਸੇ ਵਿੱਚ **'ਸਿੱਖ ਹੋਮਲੈਂਡ'** ਦਾ ਮਤਾ ਪਾਉਣ ਦੀ ਗੱਲ ਕਰਦੇ ਹਨ, ਜਿਸ ਵਿੱਚ ਭਾਰਤ ਤੋਂ ਵੱਖ ਹੋਣ ਦੀ ਗੱਲ ਕੀਤੀ ਗਈ ਸੀ, ਤੀਜੇ ਪਾਸੇ ਆਪੇ ਲਿਖੇ ਅਨੰਦਪੁਰ ਦੇ ਮਤੇ ਵਿੱਚ ਪੰਜਾਬ ਸਮੇਤ ਦੇਸ਼ ਦੇ ਸਾਰੇ ਰਾਜਾਂ ਲਈ ਵੱਧ ਅਧਿਕਾਰਾਂ ਦੀ ਮੰਗ ਕਰ ਰਹੇ ਹਨ, ਚੌਥੇ ਪਾਸੇ ਜਦੋਂ ਸਿੱਖ ਵੱਖਰੇ ਹੋਣ ਦੀ ਗੱਲ ਕਰਦੇ ਹਨ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਨਾਲ਼ ਸਿੱਖੀ ਨੂੰ ਸਾਰੇ ਭਾਰਤ ਨਾਲ ਜੋੜਦੇ ਹਨ।

ਸਿੱਖ ਹੋਮਲੈਂਡ ਜਾਂ ਅਨੰਦਪੁਰ ਦੇ 1973 ਜਾਂ 1978 ਵਾਲ਼ੇ ਮਤੇ ਬਾਰੇ ਵਿਵਾਦ ਅਜੇ ਮੁੱਕੇ ਵੀ ਨਹੀਂ ਸਨ, ਕਿ ਟੌਹੜਾ ਸਾਹਿਬ ਨੇ ਇੱਕ ਵਾਰ ਮੁੜ ਪੱਛਮ ਤੋਂ ਦੁਨਿਆਵੀ ਵਿਦਿਆ ਪੜ੍ਹ ਕੇ ਆਏ, ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ ਕੋਲੋਂ ਅਜਿਹੀ ਹੀ ਇਕ ਹੋਰ ਦੋਹਰੇ ਅਰਥਾਂ ਵਾਲ਼ੀ ਦਸਤਾਵੇਜ ਤਿਆਰ ਕਰਵਾ ਲਈ, ਅਤੇ ਅਕਾਲ ਤਖਤ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਕੋਲੋਂ ਉਸਨੂੰ **'ਅੰਮ੍ਰਿਤਸਰ ਐਲਾਨਾਮੇ'** ਦੇ ਰੂਪ ਵਿੱਚ ਜਾਰੀ ਕਰਵਾ ਦਿੱਤਾ।ਫਿਰ ਦੇਸ਼ ਭਰ ਵਿੱਚ ਰੌਲ਼ਾ ਪੈਣ ਤੋਂ ਹਫਤੇ ਦੇ ਅੰਦਰ-ਅੰਦਰ ਜਥੇਦਾਰ ਅਕਾਲ ਤਖਤ, ਜਥੇਦਾਰ ਟੌਹੜਾ ਤੇ ਸਿਮਰਨਜੀਤ ਮਾਨ ਤੋਂ ਬਿਨਾਂ ਬਾਦਲ, ਬਰਨਾਲਾ, ਤਲਵੰਡੀ, ਕੈਪਟਨ ਸਮੇਤ ਤਕਰੀਬਨ ਸਾਰੇ ਹਸਤਾਖਰੀ ਮਤੇ ਤੋਂ ਇਨਕਾਰੀ ਹੋ ਗਏ।ਜਿਸਦਾ ਮੁੱਖ ਕਾਰਨ ਸੀ ਕਿ ਮਤੇ ਦੇ ਅਖੀਰ ਵਿੱਚ ਧਮਕੀ ਦਿੱਤੀ ਗਈ ਸੀ ਕਿ ਜੇਕਰ ਹਿੰਦੁਸਤਾਨੀ ਹਾਕਮਾਂ ਨੇ ਦੇਸ਼ ਲਈ **'ਕਨਫੈਡਰਲ'** ਢਾਂਚੇ ਨੂੰ ਪ੍ਰਵਾਨ ਨਾ ਕੀਤਾ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ਼ **'ਵੱਖਰੇ ਖੁਦਮੁਖਤਾਰ ਰਾਜ'** ਦੀ ਸਥਾਪਨਾ ਲਈ ਸੰਘਰਸ਼ ਕਰਨ ਤੋਂ ਬਿਨਾਂ ਕੋਈ ਰਸਤਾ ਨਹੀਂ ਰਹਿ ਜਾਵੇਗਾ।ਹੁਣ ਸਾਫ ਜਾਹਰ ਹੈ ਕਿ ਇੱਥੇ ਜੇਕਰ ਦਸਤਾਵੇਜ ਵਿੱਚ ਇਹ ਲਿਖਿਆ ਜਾਂਦਾ ਹੈ ਕਿ ਜੇ ਦੇਸ਼ ਦੀਆਂ ਵੱਖ-ਵੱਖ ਸਭਿਆਚਾਰਕ ਇਕਾਈਆਂ ਨੂੰ ਸਹੀ ਲੀਹਾਂ ਤੇ ਖੁਦਮੁਖਤਾਰ ਅਧਿਕਾਰ ਨਾ ਦਿੱਤੇ ਗਏ ਤਾਂ ਦੇਸ਼ ਦਾ ਕੇਂਦਰੀਕ੍ਰਿਤ ਰਾਜਨੀਤਕ ਢਾਂਚਾ ਕਾਇਮ ਨਹੀਂ ਰਹਿ ਸਕੇਗਾ।ਅਜਿਹੀ ਸਥਿਤੀ ਵਿੱਚ ਵੱਖ-ਵੱਖ ਸਭਿਆਚਾਰਕ ਇਕਾਈਆਂ ਆਪਣੀ ਅਜ਼ਾਦ ਸਿਆਸੀ ਹੋਂਦ ਦੀ ਰਾਖੀ ਵਾਸਤੇ ਲੜਨ ਲਈ ਮਜਬੂਰ ਹੋ ਜਾਣਗੀਆਂ। ਇਸ ਨਾਲ਼ ਸ਼ਾਇਦ ਭਾਰਤ ਵਿੱਚ ਵਸਦੀਆਂ ਵੱਖ-ਵੱਖ ਕੌਮਾਂ ਨਾਲ਼ ਸਾਂਝਾ ਮੁਹਾਜ ਬਣਾ ਕੇ ਲੜਨ ਲਈ ਕੋਈ ਰਾਹ ਖੁੱਲ੍ਹ ਜਾਂਦਾ। ਪਰ ਡਾ. ਗੁਰਭਗਤ ਸਿੰਘ ਵਲੋਂ ਲਿਖੇ 'ਅੰਮ੍ਰਿਤਸਰ ਐਲਾਨਨਾਮੇ' ਨੂੰ ਸਾਰੀ ਲੀਡਰਸ਼ਿਪ ਨੇ ਬਿਨਾਂ ਪੜ੍ਹੇ, ਉਸੇ ਤਰ੍ਹਾਂ ਸਾਈਨ ਕਰ ਦਿੱਤਾ ਸੀ, ਜਿਵੇਂ ਕਦੇ ਸਿਰਦਾਰ ਕਪੂਰ ਸਿੰਘ ਦੇ 1973 ਦੇ ਮਤੇ ਦੇ 'ਸਿੱਖਾਂ ਦੇ ਬੋਲ-ਬਾਲੇ' ਵਾਲ਼ੇ ਮਤੇ ਤੇ ਬਿਨਾਂ ਪੜ੍ਹੇ ਸਾਈਨ ਕਰ ਦਿੱਤੇ ਸਨ ਅਤੇ ਕੁਝ ਦਿਨਾਂ ਬਾਅਦ ਹੀ ਸਾਰੀ ਲੀਡਰਸ਼ਿਪ ਮਤੇ ਤੋਂ ਵੱਖ ਹੋ ਗਈ ਸੀ, ਇਸਨੂੰ ਠੰਡੇ ਬਸਤੇ ਪਾ ਦਿੱਤਾ ਸੀ। ਫਿਰ ਇਸਨੂੰ 1978 ਵਿੱਚ ਸੋਧ ਕਰਕੇ 'ਧਰਮ ਯੁੱਧ ਮੋਰਚੇ' ਦਾ ਹਿੱਸਾ ਬਣਾਇਆ ਗਿਆ ਸੀ।

ਉਪਰਲੀ ਕਿਤਾਬ ਦੇ ਪੰਨਾ 168 ਤੇ ਇੱਕ ਚੈਪਟਰ 'ਕੁੰਜੀਵਤ ਭਾਸ਼ਣ ਸਿੱਖ ਸੰਮੇਲਨ ਲੁਧਿਆਣਾ' ਵਿੱਚ ਪੱਤਰਕਾਰ ਦਲਬੀਰ ਸਿੰਘ ਦਾ ਲੈਕਚਰ ਸ਼ਾਮਿਲ ਕੀਤਾ ਗਿਆ ਹੈ। ਇਹ ਲੈਕਚਰ ਸ.

ਦਲਬੀਰ ਸਿੰਘ ਵਲੋਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਿਜ ਲੁਧਿਆਣਾ ਵਿੱਚ 31 ਅਗਸਤ, 1988 ਨੂੰ ਦਿੱਤਾ ਗਿਆ ਸੀ।ਦਲਬੀਰ ਸਿੰਘ ਆਪਣੇ ਭਾਸ਼ਣ ਵਿੱਚ ਆਖਦੇ ਹਨ: 'ਕਿਸੇ ਵੀ ਸੰਘਰਸ਼ ਦੀ ਕਾਮਯਾਬੀ ਦੀ ਬੁਨਿਆਦ ਉਸਨੂੰ ਪ੍ਰਾਪਤ ਜਨਤਕ ਹਮਾਇਤ ਤੋਂ ਹੁੰਦੀ ਹੈ।ਉਹ ਹਮਾਇਤ ਸਿੱਖ ਜਗਤ ਵਲੋਂ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ 'ਧਰਮ ਯੁੱਧ ਮੋਰਚੇ' ਨੂੰ ਮਿਲੀ।ਸਿੱਖ ਲੀਡਰਸ਼ਿਪ ਦੀ ਰਾਜਨੀਤਕ ਸੂਝ-ਬੂਝ ਦੀ ਘਾਟ, ਨਵੀਨਤਮ ਢੰਗ ਤਰਕਿਆਂ ਵਿੱਚ ਅੱਲੜਪਨ ਤੇ ਹਾਕਮ ਸ਼੍ਰੇਣੀ ਦੀ ਉਲਟੀ ਤੇ ਮਕਾਰੀ ਭਰੀ ਸੋਚ ਨੂੰ ਸਮਝਦਾਰੀ ਨਾਲ਼ ਜਵਾਬ ਦੇਣ ਦੀ ਅਸਫਲਤਾ ਤੋਂ ਵੱਧ ਲਾਲਚ ਤੇ ਹਉਮੈ ਵੱਸ ਹੋ ਕੇ ਵਿਚਰਨ ਦੀ ਰੁਚੀ ਨੇ ਸਿੱਖ ਸੰਘਰਸ਼ ਨੂੰ ਔਝੜੇ ਰਾਹ ਪਾਈ ਰੱਖਿਆ। ਹਾਕਮ ਸ਼੍ਰੇਣੀ ਤੇ ਦਿੱਲੀ ਦਰਬਾਰ ਦਾ ਇਹ ਪੂਰਾ ਤਾਣ ਲੱਗਿਆ ਹੋਇਆ ਸੀ ਕਿ ਸਿੱਖਾਂ ਦੇ ਹੱਕੀ ਸੰਘਰਸ਼ ਨੂੰ ਦੇਸ਼ ਵਿਰੋਧੀ ਅੱਤਵਾਦੀ, ਵੱਖਵਾਦੀ ਸਿੱਧ ਕੀਤਾ ਜਾਵੇ। ਸਿੱਖ ਆਗੂਆਂ ਦੇ ਇੱਕ ਵੱਡੇ ਹਿੱਸੇ ਨੇ ਆਪ ਕੁਝ ਅਜਿਹੇ ਢੰਗ ਤਰੀਕੇ ਅਪਨਾਏ ਕਿ ਉਹ ਦੁਸ਼ਮਣ ਦੀ ਚਾਲ ਵਿੱਚ ਮੋਹਰੇ ਬਣ ਗਏਸ਼।

ਸ਼ਇਸੇ ਕੁੰਜੀਵਤ ਭਾਸ਼ਨ ਵਿੱਚ ਉਹ ਇੱਕ ਥਾਂ ਕਹਿੰਦੇ ਹਨ: 'ਇੱਕ ਫਿਰਕੇ ਦੇ ਢਿੱਲਵਾਂ ਤੇ ਨੁਸ਼ਹਿਰਾ ਪੰਨੂੰਆਂ ਵਿਖੇ ਹੋਏ ਕਤਲਾਂ ਦੀ ਜ਼ਿੰਮੇਵਾਰੀ ਅੱਜ ਤੱਕ ਸਿੱਧ ਨਹੀਂ ਹੋ ਸਕੀ।ਸਿੱਖ ਵਿਰੋਧੀ ਫਿਰਕਾਪ੍ਰਸਤ, ਸਰਕਾਰੀ ਪ੍ਰਬੰਧਕਾਂ ਨੇ ਆਪਣੀ ਸਿੱਖ ਦੁਸ਼ਮਣੀ ਨੂੰ ਪੁਗਾਉਣ ਲਈ ਪੂਰੀ ਮਕਾਰੀ, ਸ਼ਾਤਰਾਨਾ ਢੰਗ ਨਾਲ਼ ਵਰਤੀ।' ਬੇਸ਼ਕ ਇਨ੍ਹਾਂ ਘਟਨਾਵਾਂ ਬਾਰੇ ਸ. ਦਲਬੀਰ ਸਿੰਘ ਹੋਰਾਂ ਨੂੰ ਉਸ ਵਕਤ ਹੀ ਪਤਾ ਸੀ ਕਿ ਕਿਨ੍ਹਾਂ ਨੇ ਕੀਤੀਆਂ ਹਨ ਤੇ ਉਨ੍ਹਾਂ ਆਪਣੀ ਕਿਤਾਬ 'ਨੇੜਿਉਂ ਡਿੱਠੇ ਸੰਤ ਭਿੰਡਰਾਂਵਾਲ਼ੇ' ਵਿੱਚ ਵੀ ਕੀਤਾ ਹੈ ਅਤੇ ਪੱਤਰਕਾਰ ਜਗਤਾਰ ਸਿੰਘ ਦੀ ਕਿਤਾਬ 'ਬਲਦੇ ਦਰਿਆਵਾਂ ਦੀ ਕਹਾਣੀ' ਵਿੱਚ ਕਤਲ ਕਰਨ ਵਾਲ਼ੇ ਖਾੜਕੂ ਨੇ ਆਪਣੇ ਸਮੇਤ ਸਾਰੇ ਨਾਮ ਨਸ਼ਰ ਕਰ ਦਿੱਤੇ ਸਨ।ਫਿਰ ਵੀ ਇਹ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਕਿ ਬੇਗੁਨਾਹਾਂ ਦੇ ਕਤਲ ਖਾੜਕੂਆਂ ਨੇ ਨਹੀਂ, ਏਜੰਸੀਆਂ ਨੇ ਕਰਾਏ ਸਨ। ਦੂਜੇ ਪਾਸੇ ਇਹ ਮੰਨਣ ਲਈ ਵੀ ਤਿਆਰ ਨਹੀਂ ਕਿ ਮਾਰਨ ਵਾਲ਼ੇ ਖਾੜਕੂ ਏਜੰਸੀਆਂ ਦੇ ਬੰਦੇ ਸਨ?

ਇਸ ਕੁੰਜੀਵਤ ਭਾਸ਼ਨ ਵਿੱਚ ਸ. ਦਲਬੀਰ ਸਿੰਘ ਇਹ ਗੱਲ ਭੁੱਲ ਜਾਂਦੇ ਹਨ ਕਿ ਢਿੱਲਵਾਂ ਕਾਂਡ ਤੋਂ ਅਗਲੇ ਦਿਨ ਜਦੋਂ ਉਹ ਸੰਤ ਭਿੰਡਰਾਂਵਾਲ਼ੇ ਨੂੰ ਬਠਿੰਡੇ ਤੋਂ ਮਿਲਣ ਗਏ ਸਨ ਤਾਂ ਉਨ੍ਹਾਂ ਨੇ ਦਲਬੀਰ ਸਿੰਘ ਨੂੰ ਉਪਰ ਕਮਰੇ ਵਿੱਚ ਲਿਜਾ ਕੇ ਜਦੋਂ ਸਲਾਹ ਮੰਗੀ ਸੀ ਕਿ ਹੁਣ ਪੱਤਰਕਾਰਾਂ ਨੂੰ ਢਿਲਵਾਂ ਕਾਂਡ ਬਾਰੇ ਜਵਾਬ ਕੀ ਦੇਈਏ, ਤਾਂ ਉਨ੍ਹਾਂ ਨੇ ਸੰਤਾਂ ਨੂੰ ਕਿਸ ਕਿਸਮ ਦੀ ਸਲਾਹ ਦਿੱਤੀ ਸੀ।ਜਿਸ ਬਾਰੇ ਉਨ੍ਹਾਂ ਆਪ ਹੀ ਆਪਣੀ ਕਿਤਾਬ 'ਨੇੜਿਉਂ ਡਿੱਠੇ ਸੰਤ ਭਿੰਡਰਾਂਵਾਲ਼ੇ' ਵਿੱਚ ਵਿਸਥਾਰ ਨਾਲ਼ ਲਿਖਿਆ ਹੋਇਆ ਹੈ।

ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ, ਸ. ਅਜਮੇਰ ਸਿੰਘ, ਸ. ਹਰਿੰਦਰ ਸਿੰਘ ਮਹਿਬੂਬ, ਪੱਤਰਕਾਰ ਕਰਮਜੀਤ ਸਿੰਘ, ਡਾ ਅਮਰਜੀਤ ਸਿੰਘ ਆਦਿ ਆਪਣੀਆਂ ਲਿਖਤਾਂ ਵਿੱਚ ਜੂਨ 84 ਤੇ ਨਵੰਬਰ 84 ਦੀਆਂ ਘਟਨਾਵਾਂ ਦੇ ਹਵਾਲੇ ਨਾਲ਼ ਯਹੂਦੀਆਂ ਦੀ ਨਸਲਕੁਸ਼ੀ ਦੀ ਗੱਲ ਵਾਰ-ਵਾਰ ਕਰਦੇ ਹਨ। ਉਹ 1984 ਦੀਆਂ ਘਟਨਾਵਾਂ ਨੂੰ ਯਹੂਦੀਆਂ ਦੀ ਨਸਲਕੁਸ਼ੀ ਦੇ ਬਰਾਬਰ ਜਾਂ ਉਸ ਤੋਂ ਵੀ ਵੱਧ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ।ਜੇ ਕਦੇ ਸਾਡੇ ਵਿਦਵਾਨ ਯਹੂਦੀਆਂ ਤੇ ਹੋਰ ਕੌਮਾਂ ਦੀਆਂ ਇਤਿਹਾਸ ਵਿੱਚ ਹੋਈਆਂ ਨਸਲਕੁਸ਼ੀਆਂ ਨੂੰ ਪੜ੍ਹ ਲੈਣ ਤਾਂ ਉਹ ਆਪ ਹੀ ਸੰਗ ਮਹਿਸੂਸ ਕਰਨਗੇ? ਇਸਦਾ ਮਤਲਬ ਇਹ ਨਹੀਂ ਕਿ ਅਸੀਂ 1984 ਦੇ ਸਿੱਖ ਕਤਲੇਆਮ ਨੂੰ ਛੁਟਿਆਣਾ ਜਾਂ ਘਟਾ ਕੇ ਪੇਸ਼ ਕਰਨਾ ਚਾਹੁੰਦੇ ਹਾਂ, ਬੇਗੁਨਾਹ ਕਿਤੇ ਵੀ ਮਰਨ, ਉਸਦਾ ਵਿਰੋਧ ਹੋਣਾ ਚਾਹੀਦਾ ਹੈ ਤੇ ਸਭ ਨੂੰ ਬਰਾਬਰ ਇਨਸਾਫ ਮਿਲਣਾ ਚਾਹੀਦਾ ਹੈ। ਪਰ ਦੁਨੀਆਂ ਵਿੱਚ ਵਾਪਰੇ ਨਸਲਘਾਤਾਂ ਨਾਲ਼ ਇਨ੍ਹਾਂ ਘਟਨਾਵਾਂ ਦੀ ਤੁਲਨਾ ਕਦੇ ਵੀ ਨਹੀਂ ਹੋ ਸਕਦੀ? ਯਹੂਦੀਆਂ ਨਾਲ਼ ਵਿਤਕਰਾ ਸਿਰਫ ਹਿਟਲਰ ਵਲੋਂ ਹੀ ਨਹੀਂ ਸ਼ੁਰੂ ਹੋਇਆ ਸੀ, ਉਨ੍ਹਾਂ ਦੀ ਨਸਲਕੁਸ਼ੀ ਤਾਂ 2 ਹਜ਼ਾਰ ਸਾਲ ਤੋਂ ਪੂਰੇ ਯੂਰਪ ਵਿੱਚ ਹੋ ਰਹੀ ਸੀ। ਹਿਟਲਰ ਦੇ 10 ਕੁ ਸਾਲ ਦੇ ਰਾਜ ਵਿੱਚ 60 ਲੱਖ ਯਹੂਦੀ ਮਾਰੇ ਗਏ ਸਨ। ਇਸ ਤੋਂ ਇਲਾਵਾ ਜੇ ਜ਼ਿਆਦਾ ਪਿਛੇ ਨਾ ਵੀ ਜਾਈਏ ਤਾਂ ਪਿਛਲੇ 100 ਕੁ ਸਾਲਾਂ ਵਿੱਚ ਦੁਨੀਆਂ ਅੰਦਰ ਜੋ ਵੱਡੇ ਨਸਲਘਾਤ ਹੋਏ ਹਨ, ਉਨ੍ਹਾਂ ਵਿੱਚ 1915 ਦੇ ਅਰਮੀਨੀਆ ਨਸਲਘਾਤ ਵਿੱਚ 15 ਲੱਖ ਬੰਦੇ ਮਰੇ, 1932 ਦੇ ਰੋਮਾਨੀਆਂ ਨਸਲਘਾਤ ਵਿੱਚ 5 ਲੱਖ ਬੰਦਾ ਮਰਿਆ, 1941-45 ਦੇ ਕਰੋਸ਼ੀਆ ਨਸਲਘਾਤ ਵਿੱਚ 5 ਲੱਖ ਬੰਦਾ ਮਰਿਆ, 1975 ਦੇ ਕੰਬੋਡੀਅਨ ਨਸਲਘਾਤ ਵਿੱਚ 25-30 ਲੱਖ ਬੰਦਾ ਮਰਿਆ, 1992-95 ਬੋਸਨੀਆ ਨਸਲਘਾਤ ਵਿੱਚ 25-30 ਲੱਖ ਬੰਦਾ ਮਰਿਆ, 1994 ਦੇ ਰਵਾਂਡਾ ਨਸਲਘਾਤ ਵਿੱਚ 8 ਲੱਖ ਬੰਦਾ ਮਰਿਆ, 2017 ਵਿੱਚ ਮਾਈਨਾਮਾਰ ਵਿੱਚ ਰੋਹਿੰਗੀਆ ਦਾ 50 ਹਜ਼ਾਰ ਬੰਦਾ ਮਾਰਿਆ ਗਿਆ। ਇਸ ਤੋਂ ਇਲਾਵਾ ਹੋਰ ਵੀ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਵਿੱਚ ਲੱਖਾਂ ਲੋਕ ਮਾਰੇ ਗਏ। ਇਹ ਸਾਰੇ ਅੰਕੜੇ ਪੜ੍ਹ ਕੇ ਜਰਾ ਸੋਚੋ? ਕੀ ਸਿੱਖਾਂ ਦੇ ਹਾਲਾਤ ਪਿਛਲੇ 75 ਸਾਲਾਂ ਵਿੱਚ ਭਾਰਤ ਅੰਦਰ ਕਦੇ ਵੀ ਅਜਿਹੇ ਸਨ, ਜਿੱਥੇ ਸਿੱਖਾਂ ਦਾ ਕਿਤੇ ਯੋਜਨਾਬੱਧ ਢੰਗ ਨਾਲ਼ ਕਤਲੇਆਮ ਤਾਂ ਦੂਰ ਪ੍ਰਤੱਖ ਵਿਤਕਰਾ ਵੀ ਹੋਇਆ ਹੋਵੇ, ਸਗੋਂ ਇਸਦੇ ਉਲਟ ਸਿੱਖ ਤਾਂ ਦੂਜੇ ਭਾਈਚਾਰਿਆਂ ਦੇ ਮੁਕਾਬਲੇ ਸਾਰੇ ਭਾਰਤ ਵਿੱਚ ਸਭ ਤੋਂ ਵੱਧ ਖੁਸ਼ਹਾਲ ਸਨ। ਅੱਜ ਵੀ ਅਸੀਂ ਗੁਲਾਮੀ ਤੇ ਵਿਤਕਰਿਆਂ ਦੇ ਜਿਤਨੇ ਮਰਜੀ ਵੱਡੇ-ਵੱਡੇ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕਰੀਏ, ਸਿੱਖ ਅੱਜ ਵੀ ਦੂਜੀਆਂ ਕੌਮਾਂ ਮੁਕਾਬਲੇ ਹਰ ਖੇਤਰ ਵਿੱਚ ਖੁਸ਼ਹਾਲ ਹਨ। ਇਸੇ ਕਰਕੇ ਸਿੱਖਾਂ ਵਿਚਲੇ ਛੋਟੇ ਜਿਹੇ ਸੈਕਸ਼ਨ ਵਲੋਂ ਸਿੱਖਾਂ ਲਈ ਵੱਖਰੇ ਅਜ਼ਾਦ ਸਿੱਖ ਰਾਜ ਦੀ ਮੰਗ ਨੂੰ ਆਮ ਸਿੱਖਾਂ ਨੇ ਕਦੇ ਵੀ ਸੀਰੀਅਸਲੀ ਨਹੀਂ ਲਿਆ, ਭਾਵੇਂ ਕਿ 84 ਦੀਆਂ ਘਟਨਾਵਾਂ ਤੋਂ ਬਾਅਦ ਸਿੱਖਾਂ ਵਿੱਚ ਇਨ੍ਹਾਂ ਘਟਨਾਵਾਂ ਤੇ ਸਰਕਾਰਾਂ ਪ੍ਰਤੀ ਗੁੱਸਾ ਹੈ ਕਿ ਉਨ੍ਹਾਂ ਨੂੰ ਬਣਦਾ ਇਨਸਾਫ ਨਹੀਂ ਮਿਲਿਆ।ਜੋ ਕਿ ਸਿੱਖਾਂ ਸਮੇਤ ਹਰ ਪੀੜ੍ਹਤ ਧਿਰ ਨੂੰ ਮਿਲਣਾ ਚਾਹੀਦਾ ਹੈ।

ਪਿਛਲੀ ਸਦੀ ਤੋਂ ਪਹਿਲਾਂ ਵੱਖ-ਵੱਖ ਕੌਮਾਂ, ਧਰਮਾਂ ਜਾਂ ਦੇਸ਼ਾਂ ਦੇ ਲੋਕਾਂ ਦੇ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿੱਚ ਛੋਟੇ-ਵੱਡੇ ਰਾਜ ਸਨ।ਜਿਨ੍ਹਾਂ ਵਿਚੋਂ ਅੰਗਰੇਜ਼ਾਂ, ਫਰਾਂਸੀਸੀਆਂ, ਪੁਰਤਗਾਲੀਆਂ ਦੇ ਦੁਨੀਆਂ ਭਰ ਵਿੱਚ ਰਾਜ ਰਹੇ ਹਨ। ਇਸ ਤੋਂ ਇਲਾਵਾ ਭਾਰਤ ਵਿੱਚ ਮੰਗੋਲਾਂ, ਮੁਗਲਾਂ, ਪਠਾਣਾਂ ਦਾ ਇੱਕ ਹਜਾਰ ਸਾਲ ਰਾਜ ਰਿਹਾ। ਔਟੋਮਨ ਇੰਪਾਇਰ ਮੁਸਲਮਾਨਾਂ ਦਾ ਵਿਸ਼ਾਲ ਰਾਜ ਸੀ। ਮਕਦੂਨੀਆਂ ਵਰਗੀ ਨਿੱਕੀ ਜਿਹੀ ਰਿਆਸਤ ਦੇ ਸਰਦਾਰ ਸਿਕੰਦਰ ਨੇ ਸਾਰੀ ਦੁਨੀਆਂ ਜਿੱਤ ਲਈ ਸੀ। ਕੀ ਇਨ੍ਹਾਂ ਸਭ ਵਿੱਚੋਂ ਅੱਜ ਕੋਈ ਵੀ ਕੌਮ, ਇਹ ਕਲੇਮ ਕਰ ਸਕਦੀ ਹੈ ਕਿ ਸਾਡੇ ਪੁਰਖਿਆਂ ਦਾ ਰਾਜ ਫਲਾਣੇ ਖੇਤਰ ਵਿੱਚ ਸੀ, ਇਸ ਲਈ ਅੱਜ ਵੀ ਉਥੇ ਸਾਡਾ ਅਧਿਕਾਰ ਹੈ? ਫਿਰ ਕੀ ਕੁਝ ਸਿੱਖ ਵਿਦਵਾਨਾਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਹ ਕਿਵੇਂ ਵੱਖਰੇ ਦੇਸ਼ ਦੀ ਮੰਗ ਇਸ ਅਧਾਰ ਤੇ ਕਰ ਰਹੇ ਹਨ ਕਿ ਸਿੱਖਾਂ ਦਾ 200 ਸਾਲ ਪਹਿਲਾਂ ਪੰਜਾਬ ਤੇ 40 ਕੁ ਸਾਲ ਰਾਜ ਰਿਹਾ ਸੀ, ਇਸ ਕਰਕੇ ਹੁਣ ਸਾਡਾ ਉਸ ਖਿੱਤੇ ਤੇ ਜੱਦੀ-ਪੁਸ਼ਤੀ ਰਾਜ ਕਰਨ ਦਾ ਅਧਿਕਾਰ ਹੈ? ਕੀ ਅੰਗਰੇਜ਼ਾਂ ਨੂੰ ਹਿੰਦੁਸਤਾਨ ਛੱਡਦੇ ਵਕਤ ਸਿੱਖਾਂ ਨੂੰ ਸਤਲੁਜ ਤੋਂ ਪਿਸ਼ਾਵਰ ਤੱਕ ਪੰਜਾਬ ਦਾ ਰਾਜ ਇਸ ਅਧਾਰ ਤੇ ਦੇ ਦੇਣਾ ਚਾਹੀਦਾ ਸੀ ਕਿ ਉਨ੍ਹਾਂ ਦੇ ਇੱਕ ਰਾਜੇ ਨੇ 13% ਸਿੱਖ ਵਸੋਂ ਹੋਣ ਦੇ ਬਾਵਜੂਦ 87% ਹਿੰਦੂਆਂ-ਮੁਸਲਮਾਨਾਂ ਤੇ ਰਾਜ ਕੀਤਾ ਸੀ? ਜਾਂ ਇਸ ਕਰਕੇ ਸਿੱਖਾਂ ਨੂੰ ਰਾਜ ਵਾਪਿਸ ਮਿਲਣਾ ਚਾਹੀਦਾ ਸੀ ਕਿ ਅੰਗਰੇਜਾਂ ਨੇ 1849 ਵਿੱਚ ਪੰਜਾਬ ਦੀ ਸਲਤਨਤ ਮਹਾਰਾਜਾ ਦਲੀਪ ਸਿੰਘ ਤੋਂ ਹਥਿਆਈ ਸੀ? ਸਾਡੇ ਇਸ ਕਿਸਮ ਦੇ ਗੈਰ-ਸਿਧਾਂਤਕ ਦਾਅਵਿਆਂ ਦੀ ਮਾਡਰਨ ਵਰਲਡ ਵਿੱਚ ਕਿਤਨੀ ਕੁ ਸਾਰਥਿਕਤਾ ਸਮਝੀ ਜਾ ਸਕਦੀ ਹੈ? ਕੀ ਅਸੀਂ ਕਦੇ ਸਾਡੇ ਵਿਦਵਾਨਾਂ ਨੂੰ ਅਜਿਹੇ ਗੰਭੀਰ ਵਿਸ਼ਿਆਂ ਤੇ ਸਵਾਲ ਕਰਾਂਗੇ? ਅਜਿਹੀ ਵਿਚਾਰਧਾਰਕ ਅਸਪੱਸ਼ਟਤਾ ਸਿੱਖ ਵਿਦਵਾਨਾਂ ਵਿੱਚ ਆਮ ਹੀ ਦੇਖਣ ਨੂੰ ਮਿਲਦੀ ਹੈ, ਜੋ ਇਤਿਹਾਸ ਨੂੰ ਸਮੁੱਚਤਾ ਵਿੱਚ ਵਿਚਾਰ ਕੇ ਮਾਡਰਨ ਵਰਲਡ ਦੀਆਂ ਹਕੀਕਤਾਂ ਦੇ ਸੰਦਰਭ ਵਿੱਚ ਦੇਖਣ ਦਾ ਗੰਭੀਰ ਚਿੰਤਨ ਨਹੀਂ ਕਰਦੇ?

ਅਜਿਹੇ ਹੀ ਵਿਚਾਰਧਾਰਕ ਭੰਬਲ਼ਭੂਸੇ ਦੇ ਸ਼ਿਕਾਰ ਸ. ਰਣਜੀਤ ਸਿੰਘ ਕੁੱਕੀ (ਗਿੱਲ) ਆਪਣੀਆਂ ਇੰਟਰਵਿਊਆਂ ਵਿੱਚ ਨਜ਼ਰ ਆਉਂਦੇ ਹਨ? ਰਣਜੀਤ ਸਿੰਘ ਕੁੱਕੀ ਵਰਗੇ ਇਨਸਾਨ ਦੀ ਨਿਸ਼ਕਾਮ ਲਾਸਾਨੀ ਕੁਰਬਾਨੀ ਤੋਂ ਭਲਾ ਕੌਣ ਇਨਕਾਰੀ ਹੋ ਸਕਦਾ ਹੈ-ਕੋਈ ਵੀ ਨਹੀਂ? ਪਰ 'ਸਿੱਖ ਰਾਜ' ਦੇ ਹੇਰਵਿਆਂ ਦੇ ਭਰਮਾਊ ਸ਼ਬਦ ਜ਼ਾਲ ਤੋਂ ਬਾਹਰ ਨਿਕਲ ਕੇ ਨੌਜਵਾਨ ਪੀੜ੍ਹੀ ਲਈ ਅਜੋਕੇ ਸੰਸਾਰ ਦੀਆਂ ਹਕੀਕਤਾਂ ਦੇ ਸਨਮੁੱਖ ਨਵੇਂ ਦਿਸਹਦੇ ਖੋਲਣ ਦੀ ਜ਼ੁਰਅਤ, ਉਨ੍ਹਾਂ ਦੇ ਕਿਸੇ ਪ੍ਰਵਚਨ ਵਿੱਚ ਕਿਤੇ ਨਜ਼ਰ ਨਹੀਂ ਆਉਂਦੀ? ਜੂਨ, 1984 ਦਾ ਦੁਖਾਂਤ ਅਤੀ ਮੰਦਭਾਗਾ ਸੀ, ਇਸ ਗੱਲ ਦਾ ਪਤਾ ਕਿਸ ਨੂੰ ਨਹੀਂ ਹੈ, ਪਰ ਇਹ ਵਾਪਰਿਆ ਕਿਉਂ? ਇਸਦੇ ਕਾਰਨਾਂ ਦੀ ਖੁੱਲ੍ਹੇ ਮਨ ਨਾਲ਼ ਪੜਤਾਲ਼ ਕਰਨ ਵਾਲ਼ੇ ਪਾਸੇ ਅੱਗੇ ਵਧਣ ਦਾ ਹੌਸਲਾ ਉਹ ਕਿਉਂ ਨਹੀਂ ਕਰਦੇ? 3 ਜੂਨ ਤੋਂ 6 ਜੂਨ, 1984 ਤੱਕ ਵਾਪਰੇ ਘਟਨਾਕਰਮ ਨੂੰ ਹਰ ਸਾਲ ਨਵੇਂ ਤੇ ਸਨਸਨੀਖੇਜ਼ ਢੰਗਾਂ ਨਾਲ਼ ਵਾਰ-ਵਾਰ ਪੇਸ਼ ਕਰੀ ਜਾਣ ਨਾਲ਼ ਪਿਛਲੇ 39 ਸਾਲਾਂ ਵਿੱਚ ਸਾਡਾ ਕੁਝ ਵੀ ਨਹੀਂ ਸੰਵਰਿਆ? ਸਿਵਾਏ ਇਸਦੇ ਕਿ ਅਸੀਂ ਆਪਣੇ ਸਾਂਝੀਵਾਲਤਾ ਤੇ ਮਨੁੱਖੀ ਬਰਾਬਰੀ ਦੇ ਮੌਲਿਕ ਸਿਧਾਂਤ ਛੱਡ ਕੇ ਹਿੰਸਾ ਤੇ ਨਫਰਤ ਦੀ ਘਾਤਕ ਰਾਜਨੀਤੀ ਸ਼ੁਰੂ ਕਰ ਲਈ ਹੈ? ਕੁੱਕੀ ਗਿੱਲ ਆਪਣੇ ਪ੍ਰਵਚਨਾਂ ਵਿੱਚ ਵਾਰ-ਵਾਰ ਕਹਿੰਦੇ ਹਨ ਕਿ ਭਾਰਤੀ ਸਟੇਟ ਨੇ ਸ੍ਰੀ ਅਕਾਲ ਤਖਤ ਤੇ ਹਮਲਾ ਕਰਕੇ ਸਾਡੀ ਅਣਖ ਨੂੰ ਵੰਗਾਰਿਆ ਹੈ? ਜਿਸ ਕਰਕੇ ਉਨ੍ਹਾਂ ਵਰਗੇ ਹਜ਼ਾਰਾਂ ਨੌਜਵਾਨਾਂ ਨੇ ਹਥਿਆਰ ਚੁੱਕ ਲਏ। ਪਰ ਸਵਾਲ ਤਾਂ ਫਿਰ ਵੀ ਇਹੋ ਖੜ੍ਹਾ ਹੈ ਕਿ ਜੂਨ, 1984 ਤੋਂ ਪਹਿਲਾਂ ਸ਼ਾਂਤਮਈ ਚੱਲ ਰਹੇ 'ਧਰਮ ਯੁੱਧ ਮੋਰਚੇ' ਵਿੱਚ ਹਥਿਆਰ ਚੁੱਕਣੇ ਕਿਉਂ ਜਰੂਰੀ ਸਨ ਜਾਂ ਕਿਤਨੇ ਕੁ ਜਾਇਜ ਸਨ? ਉਸ ਤੋਂ ਵੀ ਵੱਧ ਸ੍ਰੀ ਦਰਬਾਰ ਸਾਹਿਬ ਵਰਗੇ ਸਰਬਸਾਂਝੀਵਾਲਤਾ ਦੇ ਪ੍ਰਤੀਕ ਪਵਿੱਤਰ ਧਾਰਮਿਕ ਅਸਥਾਨ ਤੇ ਹਥਿਆਰ ਜਮ੍ਹਾਂ ਕਰਕੇ, ਚਾਰੇ ਪਾਸੇ ਮੋਰਚਾਬੰਦੀ ਕਰਕੇ, ਜੰਗ ਦਾ ਅਖਾੜਾ ਬਣਾਉਣ ਨੂੰ ਸੱਦਾ ਦੇਣ ਵਾਲ਼ੇ ਪਾਸੇ ਅਸੀਂ ਕਦੋਂ ਸੋਚਾਂਗੇ? ਉਸ ਵਕਤ ਤਾਂ ਜੇ ਸ੍ਰੀ ਅਕਾਲ ਤਖਤ ਸਾਹਿਬ ਦਾ 82 ਸਾਲਾ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਦਰਬਾਰ ਸਾਹਿਬ ਕੰਪਲੈਕਸ ਅੰਦਰ ਹਥਿਆਰਾਂ ਦੀ ਪ੍ਰਦਰਸ਼ਨੀ ਤੇ ਮੋਰਚਾਬੰਦੀ ਬਾਰੇ ਮਹਿਜ਼ ਇੱਕ ਬਿਆਨ ਦਿੰਦਾ ਹੈ ਤਾਂ ਅਗਲੇ ਦਿਨ ਉਸਦੇ ਘਰ ਜਾ ਕੇ ਗੋਲ਼ੀਆਂ ਨਾਲ਼ ਭੁੰਨ ਦਿੱਤਾ ਜਾਂਦਾ ਹੈ। ਜੇ ਸਮੇਂ ਤੇ ਹਾਲਾਤਾਂ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਦਰਬਾਰ ਸਾਹਿਬ, ਅੰਮ੍ਰਿਤਸਰ ਸ਼ਹਿਰ ਹੀ ਨਹੀਂ, ਮਾਝੇ ਦਾ ਏਰੀਆ ਛੱਡ ਕੇ ਕੀਰਤਪੁਰ ਜਾ ਵਸਦੇ ਸਨ ਜਾਂ ਗੁਰੂ ਗੋਬਿੰਦ ਸਿੰਘ ਜੀ, ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਸਕਦੇ ਸਨ ਤਾਂ ਸਾਡੇ ਉਨ੍ਹਾਂ ਯੋਧਿਆਂ ਨੇ ਬਾਹਰ ਨਿਕਲਣ ਬਾਰੇ ਕਿਉਂ ਨਾ ਸੋਚਿਆ, ਜਿਨ੍ਹਾਂ ਨੂੰ ਸਪੱਸ਼ਟ ਪਤਾ ਸੀ ਕਿ ਦੁਨੀਆਂ ਦੀ ਚੌਥੇ ਨੰਬਰ ਦੀ ਵੱਡੀ ਫੌਜੀ ਤਾਕਤ ਨਾਲ਼ ਅਸੀਂ ਕੁਝ ਘੰਟਿਆਂ ਤੋਂ ਵੱਧ ਮੁਕਾਬਲਾ ਨਹੀਂ ਕਰ ਸਕਦੇ? ਜਦੋਂ ਅਸੀਂ ਸਰਕਾਰ ਨੂੰ ਕਹਿੰਦੇ ਹਾਂ ਕਿ ਦਰਬਾਰ ਸਾਹਿਬ ਤੇ ਹਮਲਾ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਹੋਰ ਘੱਟ ਜਾਨੀ-ਮਾਲੀ ਨੁਕਸਾਨ ਵਾਲ਼ੇ ਢੰਗ ਤਰੀਕੇ ਅਪਨਾਉਣੇ ਚਾਹੀਦੇ ਸਨ ਤਾਂ ਕੀ ਇਹੀ ਸਵਾਲ ਅਸੀਂ ਆਪਣੇ ਯੋਧਿਆਂ ਤੇ ਨਹੀਂ ਕਰ ਸਕਦੇ ਕਿ ਜਦੋਂ ਭਾਰਤੀ ਫੌਜ ਚੜ੍ਹ ਕੇ ਆ ਗਈ ਸੀ ਤਾਂ ਅਸੀਂ ਆਪਣੇ ਸਰਬ ਉਚ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਬਚਾਉਣ ਲਈ ਕੀ ਯਤਨ ਕੀਤੇ ਸਨ?

ਅਖੀਰ ਵਿੱਚ ਸਿੱਖ ਵਿਦਵਾਨ ਅਮਰਜੀਤ ਸਿੰਘ ਗਰੇਵਾਲ਼ ਦੇ ਲੇਖ 'ਆ ਪੰਜਾਬ ਪਿਆਰ ਤੂੰ ਮੁੜ ਆ, ਪੰਜਾਬ ਜੀਂਦਾ ਗੁਰਾਂ ਦੇ ਨਾਮ' ਦਾ ਹਵਾਲਾ ਸਾਂਝਾ ਕਰਨਾ ਚਾਹੁੰਦਾ ਹਾਂ, ਜਿਸ ਵਿੱਚ ਉਹ ਸਿੱਖ ਜਗਤ ਵਿੱਚ ਸਰਬ ਪ੍ਰਵਾਨਤ ਵਿਦਵਾਨ ਪ੍ਰੋ. ਪੂਰਨ ਸਿੰਘ ਦੀਆਂ ਲਾਈਨਾਂ ਦੇ ਹਵਾਲੇ ਨਾਲ ਲਿਖਦੇ ਹਨ: 'ਪ੍ਰੋ. ਪੂਰਨ ਸਿੰਘ ਪੰਜਾਬ ਦੇ ਵੰਨ-ਸੁਵੰਨੇ ਭਾਈਚਾਰਿਆਂ ਨੂੰ ਸਿੱਖ ਸਪਿਰਟ ਵਿੱਚ ਬੰਨ੍ਹਣਾ ਚਾਹੁੰਦੇ ਸਨ। ਇਸਦੇ ਉਲਟ ਸਿੱਖਾਂ ਦੀ ਨੁਮਾਇੰਦਾ ਰਾਜਨੀਤਕ ਤੇ ਧਾਰਮਿਕ ਜਮਾਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦਾ ਏਜੰਡਾ ਪੰਜਾਬ ਵਿੱਚ ਸਿੱਖ ਲਡਿਰਸ਼ਿਪ ਦੀ ਚੌਧਰ/ਹਕੂਮਤ ਸਥਾਪਿਤ ਕਰਨਾ ਸੀ। ਸਿੱਖ ਲੀਡਰਸ਼ਿਪ ਦੀ ਚੌਧਰ ਦਾ ਅਰਥ ਸਿੱਖ ਭਾਈਚਾਰੇ ਦੀ ਚੌਧਰ ਵੀ ਨਹੀਂ ਸੀਸ਼। 'ਪੰਜਾਬ ਵਿੱਚ ਆਪਣੀ ਚੌਧਰ ਸਥਾਪਿਤ ਕਰਨ ਲਈ ਸਿੱਖ ਭਾਈਚਾਰੇ ਕੋਲ਼ ਦੋ ਵਿਕਲਪ ਸਨ। ਇੱਕ ਸੀ, ਪ੍ਰੋ. ਪੂਰਨ ਸਿੰਘ ਦੁਆਰਾ ਸੁਝਾਇਆ, ਸਿੱਖ ਸਿਧਾਂਤਾਂ ਦੇ ਅਧਾਰ ਤੇ ਸਿੱਖ ਸਪਿਰਟ ਵਾਲ਼ੇ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸੰਸਕ੍ਰਿਤਕ ਪੰਜਾਬ ਦਾ ਨਿਰਮਾਣ, ਜਿਸਨੂੰ ਉਹ ਪੰਜਾਬ ਪਿਆਰ ਅਤੇ ਸਿੱਖ ਪੰਜਾਬ ਦਾ ਨਾਮ ਦਿੰਦੇ ਸਨ। ਦੂਸਰਾ ਵਿਕਲਪ ਇੱਕ ਅਜਿਹੇ ਸਿੱਖ ਬਹੁ-ਗਿਣਤੀ ਵਾਲ਼ੇ ਖਿੱਤੇ ਦੀ ਸਥਾਪਨਾ, ਜਿੱਥੇ ਸਿੱਖ ਲੀਡਰਸ਼ਿਪ ਆਪਣੀ ਹਕੂਮਤ ਕਰ ਸਕੇ। ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੇ 'ਸਿੱਖ ਸਪਿਰਟ' ਦੀ ਥਾਂ 'ਸਿੱਖ ਲੀਡਰਸ਼ਿਪ' ਦੀ ਚੌਧਰ ਵਾਲ਼ਾ ਰਾਹ ਅਪਨਾ ਨੇ ਕੇਵਲ ਆਪਣੇ ਆਪ ਨੂੰ ਹੀ ਨਹੀਂ, ਸਗੋਂ ਪੰਜਾਬ ਅਤੇ ਪੰਜਾਬੀ ਭਾਈਚਾਰੇ ਨੂੰ ਵੀ ਇਸਦੀ ਮੌਜੂਦਾ ਸੰਕਟਮਈ ਸਥਿਤੀ ਵਿੱਚ ਲਿਆ ਖੜ੍ਹਾ ਕੀਤਾ ਹੈਸ਼।'

ਅਸੀਂ ਵੀ ਸਿੱਖ ਵਿਦਵਾਨ ਅਮਰਜੀਤ ਸਿੰਘ ਗਰੇਵਾਲ਼ ਨਾਲ਼ ਸਹਿਮਤ ਹਾਂ ਕਿ ਸਿੱਖਾਂ ਕੋਲ਼ ਪਹਿਲਾਂ ਵੀ ਤੇ ਅੱਜ ਵੀ ਗੁਰੂਆਂ ਦਾ ਸਾਂਝੀਵਾਲਤਾ, ਸਮਾਜਿਕ ਬਰਾਬਰੀ, ਸਮਾਜਿਕ ਨਿਆਂ ਵਾਲ਼ਾ ਰਸਤਾ ਹੀ ਸਹੀ ਮਾਰਗ ਹੈ। ਇਹੀ ਦੁਨੀਆਂ ਭਰ ਵਿੱਚ ਫੈਲ ਚੁੱਕੇ ਛੋਟੇ ਜਿਹੇ ਸਿੱਖ ਭਾਈਚਾਰੇ ਦੇ ਹਿੱਤ ਵਿੱਚ ਹੈ। ਪੰਜਾਬ ਵਿੱਚ ਮੇਨ ਸਟਰੀਮ ਸਿੱਖਾਂ ਤੋਂ ਇਲਾਵਾ ਸਿੱਖਾਂ ਵਿਚਲੇ ਛੋਟੇ ਭਾਈਚਾਰਿਆਂ (ਨਾਮਧਾਰੀਆਂ, ਰਾਧਾ ਸਵਾਮੀਆਂ, ਨਿਰੰਕਾਰੀਆਂ, ਨਾਨਕਸਰੀਆਂ ਆਦਿ), ਹਿੰਦੂਆਂ, ਦਲਿਤਾਂ, ਇਸਾਈਆਂ ਆਦਿ ਦੇ ਹਿੱਤ ਵਿੱਚ ਇਹੀ ਹੈ ਕਿ ਪੰਜਾਬ ਵਿੱਚ ਗੁਰੂਆਂ ਦੀ ਸਪਿਰਟ ਵਾਲ਼ਾ ਸਮਾਜ ਸਿਰਜਿਆ ਜਾਵੇ, ਜਿਸ ਤਰ੍ਹਾਂ ਕਦੇ 19ਵੀਂ ਸਦੀ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਘੱਟ-ਗਿਣਤੀ ਸਿੱਖ (12%) ਹੋਣ ਦੇ ਬਾਵਜੂਦ ਮਹਾਂ-ਪੰਜਾਬ ਵਿੱਚ 40 ਸਾਲ ਰਾਜ ਕੀਤਾ। ਜੋ ਹਿੰਸਾ ਦਾ ਰਾਹ ਸਿੱਖ ਭਾਈਚਾਰੇ ਦੇ ਇੱਕ ਸੈਕਸ਼ਨ ਵਲੋਂ ਜਾਣੇ-ਅਣਜਾਣੇ ਵਿੱਚ ਫੜ ਲਿਆ ਸੀ, ਉਸਨੇ ਇਹ ਸਾਬਿਤ ਕੀਤਾ ਹੈ ਕਿ ਹਿੰਸਾ ਤੇ ਨਫਰਤ ਦੀ ਰਾਜਨੀਤੀ ਕਿਸੇ ਵੀ ਤਰ੍ਹਾਂ ਸਾਡੇ ਹਿੱਤ ਵਿੱਚ ਨਹੀਂ। ਜੇ 1978-1995 ਤੱਕ ਦੇ ਵੱਡੇ ਨੁਕਸਾਨਾਂ ਬਾਅਦ ਵੀ ਅਸੀਂ ਕੋਈ ਸਬਕ ਨਹੀਂ ਲੈ ਸਕੇ ਤਾਂ ਇਸ ਤੋਂ ਵੱਡੀ ਸਾਡੀ ਹੋਰ ਕੋਈ ਬਦਕਿਸਮਤੀ ਨਹੀਂ ਹੋ ਸਕਦੀ? ਪੰਜਾਬ ਨੂੰ ਸਿੱਖਾਂ ਦੀ ਚੌਧਰ ਵਾਲ਼ਾ ਵੱਖਰਾ ਖਿੱਤਾ ਬਣਾਉਣ ਨਾਲੋਂ ਪੰਜਾਬ ਹੀ ਨਹੀਂ ਦੁਨੀਆਂ ਨੂੰ ਵਾਤਾਵਰਣ, ਗਲੋਬਲ ਵਾਰਮਿੰਗ, ਪਾਣੀ ਸੰਕਟ, ਬੇਰੁਜ਼ਗਾਰੀ, ਮਹਿੰਗਾਈ, ਸਮਾਜਿਕ ਨਾ-ਬਰਾਬਰੀ, ਆਰਟੀਫਿਸ਼ਲ ਇੰਟੈਲੀਜੈਂਸ ਵਰਗੇ ਅਨੇਕਾਂ ਮੁੱਦੇ, ਜੋ ਮਨੁੱਖਤਾ ਨੂੰ ਤਬਾਹੀ ਵੱਲ ਨੂੰ ਲਿਜਾ ਰਹੇ ਹਨ, ਲਈ ਬਾਕੀ ਦੁਨੀਆਂ ਜਾਂ ਬਾਕੀ ਭਾਰਤੀਆਂ ਨਾਲ਼ ਰਲ਼ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਪੰਜਾਬ ਵਿੱਚ ਸਾਡੇ ਕੋਲ਼ ਜ਼ਹਿਰੀਲੇ ਹੋ ਰਹੇ ਪਾਣੀ, ਧਰਤੀ ਹੇਠੋਂ ਘਟ ਰਹੇ ਪਾਣੀ, ਬੰਜਰ ਹੋ ਰਹੀ ਜਮੀਨ, ਸਿੱਖਾਂ ਦਾ ਵਿਦੇਸ਼ਾਂ ਨੂੰ ਪ੍ਰਵਾਸ, ਨੌਜਵਾਨੀ ਦਾ ਨਸ਼ਿਆਂ ਵਿੱਚ ਗਲਤਾਨ ਹੋਣਾ, ਸਿੱਖ ਨੌਜਵਾਨਾਂ ਦਾ ਗੈਂਗਸਟਰ ਬਣਨਾ, ਬੇਰੁਜਗਾਰੀ, ਭ੍ਰਿਸ਼ਟਾਚਾਰ ਆਦਿ ਅਨੇਕਾਂ ਗੰਭੀਰ ਮੁੱਦੇ ਹਨ, ਜਿਨ੍ਹਾਂ ਤੇ ਸਿੱਖਾਂ ਨੂੰ ਪੰਜਾਬ ਵਿੱਚ ਵਸਦੇ ਸਾਰੇ ਭਾਈਚਾਰਿਆਂ ਨੂੰ ਨਾਲ਼ ਲੈ ਕੇ ਮੋਹਰੀ ਰੋਲ ਅਦਾ ਕਰਨਾ ਚਾਹੀਦਾ ਹੈ। ਧਰਮ ਅਧਾਰਿਤ ਦੇਸ਼ ਬਣਾਉਣ ਦੇ ਸੁਪਨੇ ਲੈਣ ਤੋਂ ਪਹਿਲਾਂ ਸਾਨੂੰ ਪਾਕਿਸਤਾਨ, ਅਫਗਾਨਿਸਤਾਨ, ਸੀਰੀਆ, ਮਿਸਰ, ਇਜ਼ਰਾਈਲ ਆਦਿ ਅਨੇਕਾਂ ਦੇਸ਼ਾਂ ਬਾਰੇ ਸਟੱਡੀ ਜਰੂਰ ਕਰ ਲੈਣੀ ਚਾਹੀਦੀ ਹੈ?

ਫਿਰ ਵੀ ਸਿੱਖਾਂ ਲਈ ਵੱਖਰੇ ਦੇਸ਼ ਖਾਲਿਸਤਾਨ ਦੀ ਮੰਗ ਤੋਂ ਜੇ ਨਾਤਾ ਤੋੜਨਾ ਹੀ ਨਹੀਂ ਹੈ ਤਾਂ ਪਾਣੀਆਂ ਦੇ ਮਾਹਰ ਮਰਹੂਮ ਸ. ਪ੍ਰੀਤਮ, ਸਿੰਘ ਕੁੰਮੇਦਾਨ ਦੀ ਰੈਫਰੈਂਡਮ 2020 ਬਾਰੇ ਚਿਤਾਵਨੀਨੁਮਾ ਇੰਟਰਵਿਊ ਜਰੂਰ ਹੀ ਵਿਚਾਰ ਲੈਣੀ ਚਾਹੀਦਾ ਹੈ-'ਪੰਜਾਬ ਪਹਿਲਾਂ ਸੰਨ 47 ਵਿੱਚ ਵੰਡਿਆ ਗਿਆ, ਜਿਸਦੇ ਹੇਰਵੇ ਤੋਂ ਦੋਹਾਂ ਪਾਸਿਆਂ ਦੇ ਪੰਜਾਬੀ ਅਜੇ ਤੱਕ ਵੀ ਮੁਕਤ ਨਹੀਂ ਹੋਏ; ਫਿਰ ਇਸ ਦੀਆਂ ਵੰਡੀਆਂ 1966 ਵਿੱਚ ਪੰਜਾਬੀ ਸੂਬਾ ਬਣਨ ਵੇਲੇ ਪਈਆਂ।ਨਵੇਂ ਸਿੱਖ ਹੋਮਲੈਂਡ ਵਿੱਚ ਜੇ ਹਿੰਦੂ ਬਹੁਲ ਵਸੋਂ ਵਾਲ਼ੇ ਜਲੰਧਰ, ਹੁਸ਼ਿਆਰਪੁਰ, ਫਾਜ਼ਿਲਕਾ, ਪਠਾਨਕੋਟ ਵਗੈਰਾ 5-6 ਹੋਰ ਪੈਰੀਫੇਰੀ ਦੇ ਜ਼ਿਲ੍ਹੇ ਹਿੰਦੁਸਤਾਨ ਵਿੱਚ ਚਲੇ ਗਏ ਤਾਂ ਉਨ੍ਹਾਂ ਨੂੰ ਅਸੀਂ ਕਿਸ ਤਰਕ ਜਾਂ ਦਲੀਲ ਦੇ ਅਧਾਰ ਤੇ ਬਚਾਵਾਂਗੇ? ਤੇ ਜਾਂ ਫਿਰ ਪੰਜਾਬ ਨੂੰ ਇੱਕ ਵਾਰ ਫਿਰ 47 ਵਾਂਗੂੰ ਹੀ ਵਸੋਂ ਦੇ ਤਬਾਦਲੇ ਵਾਲ਼ੇ ਹੌਲਨਾਕ ਵਰਤਾਰੇ ਵਿੱਚੋਂ ਲੰਘਣਾ ਪਵੇਗਾ? ਪਣ-ਬਿਜਲੀ ਦੇ ਸਭ ਸ੍ਰੋਤ ਵੀ ਉਨ੍ਹਾਂ ਜ਼ਿਲ੍ਹਿਆਂ ਦੇ ਨਾਲ਼ ਹੀ ਹਿੰਦੁਸਤਾਨ ਵਿੱਚ ਚਲੇ ਜਾਣਗੇ।'

ਸ. ਕੁੰਮੇਦਾਨ ਆਪਣੀ ਇੰਟਰਵਿਊ ਵਿੱਚ ਅੱਗੇ ਕਹਿੰਦੇ ਹਨ: 'ਭਾਖੜਾ, ਪੌਂਗ, ਜਰਿੰਦਰ ਨਗਰ ਡੈਮ ਪਹਿਲਾਂ ਹੀ ਭਾਰਤ ਵਿੱਚ ਹੋਣਗੇ। ਇਲਾਕਾਈ ਤਬਾਦਲੇ ਨਾਲ਼ ਥੀਨ ਡੈਮ, ਅਨੰਦਪੁਰ ਸਾਹਿਬ, ਹਾਈਡਲ ਚੈਨਲ, ਕੋਟਲਾ ਗੰਗੂਵਾਲ਼, ਮਕੇਰੀਆਂ ਵੀ ਹਿੰਦੁਸਤਾਨ ਨੂੰ ਚਲੇ ਜਾਣਗੇ? ਸਾਰੇ ਥਰਮਲ ਪਾਵਰ ਪਲਾਂਟ 'ਖਾਲਿਸਤਾਨ' ਕੋਲ਼ ਰਹਿ ਜਾਣਗੇ, ਪਰ ਸਾਡੇ ਕੋਲ਼ ਕੋਲਾ ਨਹੀਂ ਹੋਵੇਗਾ? ਜੇ ਭਾਰਤ ਕੋਲੇ ਦੀ ਸਪਲਾਈ ਬੰਦ ਕਰ ਦੇਵੇ ਤਾਂ ਸਾਡੇ ਕੋਲ਼ ਹੋਰ ਰਸਤਾ ਹੋਵੇਗਾ? ਜਿਸ ਨਾਲ਼ ਸਾਡੇ ਕੋਲ਼ ਖੇਤੀ ਦੀ ਸਿੰਚਾਈ ਲਈ ਕੋਈ ਸਾਧਨ ਨਹੀਂ ਰਹੇਗਾ? ਜਿਸ ਨਾਲ਼ ਪੰਜਾਬ ਦੀ ਖੇਤੀ ਵੀ ਤਬਾਹ ਹੋ ਜਾਵੇਗੀ? ਜੇ ਭਾਰਤ ਮਾਧੋਪੁਰ ਹੈਡਵਰਕਸ, ਪੌਂਗ ਡੈਮ, ਭਾਖੜਾ ਨੰਗਲ ਡੈਮ ਤੋਂ ਨਹਿਰੀ ਪਾਣੀ ਬੰਦ ਕਰ ਦੇਵੇ ਤਾਂ ਸਾਡੇ ਕੋਲ਼ ਕੀ ਬਚੇਗਾ? ਅੱਜ ਪੰਜਾਬ ਭਾਰਤ ਦੇ ਅਨਾਜ ਭੰਡਾਰ ਵਿੱਚ ਯੋਗਦਾਨ ਪਾ ਕੇ ਮਾਣ ਮਹਿਸੂਸ ਕਰਦਾ ਹੈ।ਪਰ ਇਹ ਬਹੁਤ ਚਿਰ ਨਹੀਂ ਚੱਲੇਗਾ ਕਿਉਂਕਿ 'ਖਾਲਿਸਤਾਨ' ਕੋਲ਼ ਨਾ ਬਿਜਲੀ ਰਹੇਗੀ ਨਾ ਪਾਣੀ?' ਇਹ ਸਭ ਸੋਚਦਿਆਂ ਵੀ ਡਰ ਆਉਂਦਾ ਹੈ? ਪਰ ਕੀ ਅਜਿਹੇ ਗੰਭੀਰ ਮੁੱਦਿਆਂ ਤੇ ਖਾਲਿਸਤਾਨੀ ਧਿਰਾਂ ਨੇ ਕਦੇ ਨਾਹਰੇ ਮਾਰਨ ਤੋਂ ਬਿਨਾਂ ਕੋਈ ਚਿੰਤਨ ਕੀਤਾ ਹੈ ਜਾਂ ਆਪਣਾ ਪੱਖ ਦੁਨੀਆਂ ਤਾਂ ਕੀ ਸਿੱਖਾਂ ਅੱਗੇ ਵੀ ਕਦੇ ਪੇਸ਼ ਕੀਤਾ ਹੈ?

ਪੰਜਾਬ ਸਮੇਤ ਹਰੇਕ ਪ੍ਰਾਂਤ ਦੀਆਂ ਅਨੇਕਾਂ ਸਮੱਸਿਆਵਾਂ ਹਨ।ਸਮੱਸਿਆਵਾਂ ਕਸ਼ਮੀਰੀਆਂ, ਬੰਗਾਲੀਆਂ, ਨਾਗਿਆਂ, ਮਰਾਠੀਆਂ, ਤਾਮਿਲਾਂ, ਅਸਾਮੀਆਂ ਦੀ ਵੀ ਉਤਨੀਆਂ ਹੀ ਹਨ? ਸਾਡਾ ਮੱਤ ਹੈ ਕਿ ਲੋਕ ਹਿੱਤਾਂ ਲਈ ਭਾਰਤ ਦੇ ਫਿਰਕੂ ਤੇ ਤਾਨਾਸ਼ਾਹੀ ਹਾਕਮਾਂ ਖਿਲਾਫ ਲੋਕ ਸੰਘਰਸ਼ ਜਾਰੀ ਰਹਿਣੇ ਚਾਹੀਦੇ ਹਨ..।ਪਰ ਇਹ ਸਭ ਲੜਾਈਆਂ ਸਭ ਨਾਲ਼ ਰਲ਼ ਕੇ ਹੀ ਲੜੀਆਂ ਜਾ ਸਕਦੀਆਂ ਹਨ, ਉਹ ਭਾਵੇਂ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਗੱਲ ਹੋਵੇ ਤੇ ਚਾਹੇ ਫੈਡਰਲ ਢਾਂਚੇ ਦੀ..।ਪਰ ਅਸੀਂ ਤਾਂ ਹੋਰਨਾਂ ਨੂੰ ਨਾਲ਼ ਕੀ ਲੈਣਾ ਹੈ, ਪੰਜਾਬ ਵਿੱਚ ਵਸਦੇ 65% ਦਲਿਤਾਂ, ਹਿੰਦੂਆਂ ਤੇ ਸਿੱਖਾਂ ਵਿਚਲੇ ਛੋਟੇ ਭਾਈਚਾਰਿਆਂ ਨੂੰ ਵੀ ਆਪਣੇ ਵਿਰੋਧੀ ਬਣਾ ਲਿਆ ਹੈ। ਪਹਿਲਾਂ ਅਸੀਂ ਦੋ ਦੇਸ਼ਾਂ ਦੀ ਵੰਡ ਦੇ ਨਾਮ ਤੇ ਪੰਜਾਬ ਵੰਡ ਲਿਆ, ਫਿਰ ਭਾਸ਼ਾ ਦੇ ਨਾਮ ਤੇ ਵੰਡ ਲਿਆ ਅਤੇ ਹੁਣ ਖਾਲਿਸਤਾਨ ਦੇ ਨਾਮ ਤੇ ਵੰਡਣ ਨੂੰ ਫਿਰਦੇ ਹਾਂ..।

ਦੇਸ਼ ਦੀ ਤਰਾਸਦੀ ਜੋ ਹਰ ਇਕ ਨੂੰ ਬੇਚੈਨ ਕਰਦੀ ਹੈ

# ਸਾਡੇ ਹਿੱਸੇ ਤਾਂ ਸੰਘਰਸ਼ ਕਰਨਾ ਹੀ ਆਇਆ ਹੈ ਜਦੋਂ ਕਿ ਅਸੀਂ ਦੇਸ਼ ਦਾ ਸਰਮਾਇਆ ਸੀ

ਗੁਰਮੇਲ ਭੁਟਾਲ਼
9417759042

**ਲਹੂ ਕਿਸੇ ਅਬਲਾ ਦੀ ਆਬਰੂ ਦਾ ਲੱਗਦਾ**
**ਨਿੱਤ ਹੀ ਤਾਜ਼ਾਂ ਵਾਲ਼ਿਆਂ ਦੀਆਂ ਬਰਾਛਾਂ ਦੇ**
**"ਬੇਟੀ ਬਚਾਓ" ਦੰਭ ਹੈ ਲੀਰੋ ਲੀਰ ਹੋਇਆ**
**'ਚੌਕੀਦਾਰ' ਸੰਗ ਖੜ੍ਹਦਾ ਖਾਸਮਖਾਸਾਂ ਦੇ**

ਕੁਸ਼ਤੀ ਖਿਡਾਰਨਾਂ ਨਾਲ਼ ਹਵਸੀ ਹਰਕਤਾਂ ਕਰਨ ਵਾਲ਼ਾ ਬ੍ਰਿਜ ਭੂਸ਼ਨ ਅੱਜ ਕੱਲ੍ਹ ਦੇਸ਼ ਦੁਨੀਆਂ ਤੱਕ ਫ਼ਿਟਕਾਰ ਦਾ ਪਾਤਰ ਬਣਿਆ ਹੋਇਆ ਹੈ। ਪੀੜਤ ਮਹਿਲਾਵਾਂ ਨੇ ਆਖ਼ਰ ਬ੍ਰਿਜ ਦੀਆਂ ਕਰਤੂਤਾਂ ਦਾ ਭਾਂਡਾ ਫੋੜ ਦਿੱਤਾ। ਭਾਜਪਾ ਸਰਕਾਰ ਅਤੇ ਅਦਾਲਤਾਂ ਦਾ ਚੇਹਰਾ ਇੱਕ ਵਾਰ ਫ਼ਿਰ ਨੰਗਾ ਹੋਇਆ ਹੈ। ਖਿਡਾਰਨਾਂ ਨੇ ਗੁੰਡਾਗਰਦੀ ਖਿਲਾਫ਼ ਆਵਾਜ਼ ਉਠਾਉਂਦਿਆਂ ਬਿਰਜ ਭੂਸ਼ਨ ਨੂੰ ਕੁਸ਼ਤੀ ਸੰਘ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਪਰ ਕੋਈ ਸੁਣਵਾਈ ਨਾ ਹੋਈ। 23 ਅਪ੍ਰੈਲ ਤੋਂ ਜੰਤਰ ਮੰਤਰ ਵਿਖੇ ਧਰਨਾ ਲਾਇਆ। ਦੋ ਪਰਚੇ ਦਰਜ ਕਰਨ ਦਾ 'ਡਰਾਮਾ' ਹੋਇਆ ਹੈ। ਹੋਰ ਮਾਮਲਿਆਂ ਦੀ ਤਰ੍ਹਾਂ 10 ਮੈਂਬਰੀ 'ਸਿੱਟ' (ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਬਿਠਾ ਦਿੱਤੀ ਹੈ। ਮੋਦੀ ਲਾਣੇ ਦੀ ਛਤਰ-ਛਾਇਆ ਹੇਠ ਬ੍ਰਿਜ ਭੂਸ਼ਨ ਰੋਜ਼ ਕੋਈ ਨਵੀਂ ਚਗ਼ਲ਼ ਮਾਰਦਾ ਹੈ। ਭਾਜਪੀਏ, ਬੂਬਨਿਆਂ ਦੇ ਵੱਗ ਇਕੱਠੇ ਕਰ ਕੇ ਸੰਸਦ ਦੇ ਨਵੇਂ 'ਕੋਠੇ' ਦਾ ਮਹੂਰਤ ਕਰਦੇ ਹਨ। ਕੁਸ਼ਤੀ ਮਹਿਲਾਵਾਂ ਆਪਣੀ ਅਣਸੁਣੀ ਆਵਾਜ਼ ਨੂੰ 'ਕੋਠੇ' ਵੱਲ ਲਿਜਾਣਾ ਚਾਹੁੰਦੀਆਂ ਹਨ। ਪੁਲੀਸ ਫੋਰਸਾਂ ਨੇ ਓਹੀ ਕੁੱਝ ਕੀਤਾ ਜੋ ਇਹਨਾਂ ਦੀ ਖ਼ਸਲਤ ਵਿੱਚ ਲਿਖਿਆ ਹੋਇਆ ਹੈ। ਖਿਚ-ਧੂਹ, ਧੱਕਾ-ਮੁੱਕੀ, ਪਰਚੇ, ਗ੍ਰਿਫ਼ਤਾਰੀਆਂ।

ਭਲਵਾਨ ਲੜਕੀਆਂ ਨੇ ਦਰਜਨਾਂ ਤਗ਼ਮੇ ਦੇਸ਼ ਦੀ ਝੋਲ਼ੀ ਪਾਏ ਹਨ। ਮਾਪਿਆਂ ਦਾ ਅਤੇ ਦੇਸ਼ ਦਾ ਦੁਨੀਆਂ ਭਰ ਵਿੱਚ ਨਾਂ ਚਮਕਾਇਆ ਹੈ। ਇਸਤਰੀ ਜਾਤੀ ਦਾ ਮਾਣ ਵਧਾਇਆ ਹੈ। ਦੰਗਲਾਂ ਉੱਪਰ ਪਸੀਨਾ ਵਹਾਇਆ ਹੈ, ਫ਼ੇਰ ਕਿਤੇ ਕੋਈ ਮਾਣਮੱਤਾ ਮੁਕਾਮ ਪਾਇਆ ਹੈ। 'ਬੇਟੀ ਬਚਾਓ' ਦੇ ਅਡੰਬਰ ਕਰਦੇ ਫ਼ਿਰਦੇ ਹਾਕਮਾਂ ਨੇ ਹਰ ਵਾਰ ਦੀ ਤਰ੍ਹਾਂ ਹਵਸੀ ਕੀੜਿਆਂ ਨੂੰ ਗਲ਼ੇ ਲਗਾਇਆ ਹੈ।



ਭਾਵੇਂ ਕਿ ਇਸ ਮਾਮਲੇ ਵਿੱਚ ਸਾਕਸ਼ੀ ਮਲਿਕ ਸਮੇਤ ਹੋਰ ਕਈ ਲੜਕੀਆਂ ਸ਼ਾਮਲ ਹਨ ਪਰੰਤੂ ਫ਼ੋਗਟ ਭੈਣਾਂ ਵੱਧ ਚਰਚਾ ਵਿੱਚ ਹਨ। ਇਸ ਤੱਥ ਪਿੱਛੇ ਇਹਨਾਂ ਵੱਲੋਂ ਕੀਤਾ ਗਿਆ ਭਾਰੀ ਤਰੱਦਦ ਅਤੇ ਪ੍ਰਾਪਤੀਆਂ ਹਨ। ਫ਼ੋਗਟ ਭੈਣਾਂ ਛੇ ਭੈਣਾਂ ਹਨ ਜੋ ਕਿ ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਦੇ ਪਿੰਡ ਬਲਾਲੀ ਨਾਲ਼ ਸੰਬੰਧਤ ਹਨ ਜਿੰਨ੍ਹਾਂ ਦੇ ਨਾਮ ਹਨ ਗੀਤਾ ਫ਼ੋਗਾਟ (35), ਬਬੀਤਾ ਫ਼ੋਗਟ (34), ਪ੍ਰਿਯੰਕਾ ਫ਼ੋਗਟ (30), ਰੀਤੂ ਫ਼ੋਗਟ(29), ਵਿਨੇਸ਼ ਫ਼ੋਗਟ (28) ਅਤੇ ਸੰਗੀਤਾ ਫ਼ੋਗਟ(25)। ਗੀਤਾ, ਬਬੀਤਾ, ਰੀਤੂ ਅਤੇ ਸੰਗੀਤਾ ਉੱਘੇ ਕੁਸ਼ਤੀ ਭਲਵਾਨ ਤੇ ਕੋਚ ਮਹਾਂਵੀਰ ਸਿੰਘ ਦੀਆਂ ਬੇਟੀਆਂ ਹਨ ਜਦਕਿ ਪ੍ਰਿਯੰਕਾ ਤੇ ਵਿਨੇਸ਼ ਮਹਾਂਵੀਰ ਫ਼ੋਗਟ ਦੇ ਛੋਟੇ ਭਰਾ ਦੀਆਂ ਬੇਟੀਆਂ (ਭਾਵ ਉਸ ਦੀਆਂ ਭਤੀਜੀਆਂ) ਹਨ। ਪ੍ਰਿਯੰਕਾ/ਵਿਨੇਸ਼ ਦਾ ਪਿਤਾ ਰਾਜਪਾਲ, ਮਹਾਂਵੀਰ ਫ਼ੋਗਟ ਦਾ ਛੋਟਾ ਭਰਾ ਸੀ ਜਿਸ ਦੀ ਬੇਵਕਤ ਮੌਤ ਉਪਰੰਤ ਦੋਹਾਂ ਭਤੀਜੀਆਂ ਦਾ ਪਾਲਣ-ਪੋਸ਼ਣ ਮਹਾਂਵੀਰ ਫ਼ੋਗਟ ਅਤੇ ਉਸ ਦੀ ਪਤਨੀ ਦਇਆ ਕੌਰ ਨੇ ਕੀਤਾ। ਮਹਾਂਵੀਰ ਸਿੰਘ ਨੇ ਸਾਰੀਆਂ ਫ਼ੋਗਟ ਭੈਣਾਂ ਨੂੰ ਕੁਸ਼ਤੀ ਖ਼ੇਤਰ ਵਿੱਚ ਪ੍ਰਵੇਸ਼ ਕਰਾਇਆ ਅਤੇ ਅਥਾਹ ਮਿਹਨਤ ਕੀਤੀ।

ਗੀਤਾ, ਬਬੀਤਾ ਤੇ ਵਿਨੇਸ਼ ਕਾਮਵੈਲਥ ਖੇਡਾਂ ਵਿੱਚ ਸੋਨ-ਤਗ਼ਮੇ ਪ੍ਰਾਪਤ ਕਰ ਚੁੱਕੀਆਂ ਹਨ ਅਤੇ ਪ੍ਰਿਯੰਕਾ ਨੇ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸਿਲਵਰ ਮੈਡਲ ਜਿੱਤਿਆ ਹੈ। ਰੀਤੂ 2016 ਦੀ ਕਾਨਵੈਲਥ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਸੋਨ-ਤਗ਼ਮਾ ਪ੍ਰਾਪਤ ਕਰ ਚੁੱਕੀ ਹੈ। ਸੰਗੀਤਾ ਨੇ ਉਮਰ ਆਧਾਰਤ ਇੰਟਰਨੈਸ਼ਨਲ ਚੈਂਪੀਅਨਸ਼ਿੱਪ ਵਿੱਚ ਮੈਡਲ ਪ੍ਰਾਪਤ ਕੀਤੇ ਹਨ।

ਫ਼ੋਗਟ ਭੈਣਾਂ ਕੁਸ਼ਤੀ ਦੀਆਂ ਪ੍ਰਾਪਤੀਆਂ ਦੇ ਨਾਲ਼ ਨਾਲ਼ ਲਿੰਗੀ ਭੇਦ, ਬਾਲ ਵਿਆਹ ਅਤੇ ਮਾਦਾ ਭਰੂਣ ਹੱਤਿਆਂ ਜਿਹੇ ਭਖ਼ਦੇ ਮੁੱਦਿਆਂ ਉੱਪਰ ਵੀ ਸਰਗਰਮੀ ਕਰ ਰਹੀਆਂ ਹਨ। 1990 ਤੋਂ ਬਾਦ ਦੇ ਸਾਲਾਂ ਵਿੱਚ ਸੋਨਿਕਾ ਤੇ ਦੀਪਿਕਾ ਨੇ ਮਹਿਲਾਵਾਂ ਨੂੰ ਕੁਸ਼ਤੀਆਂ ਲਈ ਉਤਸ਼ਾਹਿਤ ਕਰਨ ਦਾ ਮੁੱਢ ਬੰਨ੍ਹਿਆ। ਸੋਨਿਕਾ ਤੇ ਦੀਪਿਕਾ ਚਾਂਦਗੀ ਰਾਮ ਦੀਆਂ ਬੇਟੀਆਂ ਹਨ।

ਚਾਂਦਗੀ ਰਾਮ ਨੇ ਖ਼ੁਦ 1970 ਦੀਆਂ ਏਸ਼ੀਆਈ ਖੇਡਾਂ ਵਿੱਚ ਸੋਨ-ਤਗ਼ਮਾ ਜਿੱਤਿਆ ਅਤੇ 1972 ਦੀਆਂ ਸਰਦ ਰੁੱਤ ਓਲਿੰਪਕ ਖੇਡਾਂ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ। ਚਾਂਦਗੀ ਰਾਮ ਨੇ 'ਹਿੰਦ ਕੇਸਰੀ' 'ਭਾਰਤ ਕੇਸਰੀ' 'ਭਾਰਤ ਭੀਮ' ਰੁਸਤਮ-ਏ-ਹਿੰਦ' ਅਤੇ ਮਹਾਂਭਾਰਤ ਕੇਸਰੀ' ਆਦਿ ਖ਼ਿਤਾਬ ਹਾਸਲ ਕੀਤੇ। ਚਾਂਦਗੀ ਰਾਮ ਦੀ ਮ੍ਰਿਤੂ 2010 ਵਿੱਚ ਹੋਈ ਸੀ।

ਸੋਨਿਕਾ ਤੇ ਦੀਪਿਕਾ ਦੀਆਂ ਸ਼ਾਗਿਰਦਾਂ ਵਜੋਂ ਫ਼ੋਗਟ ਭੈਣਾਂ ਨੇ ਮਹਿਲਾ ਕੁਸ਼ਤੀ ਦੇ ਖ਼ੇਤਰ ਅੰਦਰ ਵੱਡੀ ਤਰਥੱਲੀ ਪਾਈ। ਸਾਕਸ਼ੀ ਮਲਿਕ ਨੇ ਓਲੰਪਿਕ ਮੈਡਲ ਜਿੱਤ ਕੇ ਮਹਿਲਾ ਕੁਸ਼ਤੀ ਖ਼ੇਤਰ ਵਿੱਚ ਇੱਕ ਹੋਰ ਮੀਲ-ਪੱਥਰ ਸਥਾਪਤ ਕੀਤਾ। ਹਰਿਆਣਾ ਇੱਕ ਅਜਿਹਾ ਸੂਬਾ ਹੈ ਜਿੱਥੇ ਇਸਤਰੀਆਂ ਦੀ ਸਮਾਜਿਕ ਦਸ਼ਾ ਹਾਲੇ ਵੀ ਬਹੁਤੀ ਵਧੀਆ ਨਹੀਂ ਹੈ। ਘੁੰਗਟ ਪ੍ਰਥਾ, ਹਾਲੇ ਵੀ ਹਰਿਆਣਾ ਦੇ ਬਹੁਤ ਸਾਰੇ ਇਲਾਕਿਆਂ ਅੰਦਰ ਮੌਜੂਦ ਰਹਿ ਰਹੀ ਹੈ। ਬਹੁਤ ਸਾਰੀਆਂ ਨੌਕਰੀ-ਸ਼ੁਦਾ ਇਸਤਰੀਆਂ ਵੀ ਹਾਲੇ ਘੁੰਗਟ ਪ੍ਰਥਾ ਹੇਠ ਹਨ। ਕੁਸ਼ਤੀ ਤਾਂ ਕੀ, ਬਹੁਤੇ ਪਰਿਵਾਰਾਂ ਦੀਆਂ ਲੜਕੀਆਂ ਦਾ ਪੜ੍ਹਾਈ ਤੇ ਰਵਾਇਤੀ ਖੇਡਾਂ ਵਿੱਚ ਸ਼ਾਮਲ ਹੋਣਾ ਵੀ ਉਹਨਾਂ ਸਮਿਆਂ ਦਾ ਬੜਾ ਔਖਾ ਕੰਮ ਸੀ ਜਿਹੜੇ ਸਾਲਾਂ ਵਿੱਚ ਅੱਜ ਤੋਂ 33 ਸਾਲ ਪਹਿਲਾਂ ਸ਼ੁਰੂ ਹੋਈ ਮਹਿਲਾ ਕੁਸ਼ਤੀ ਦੀਆਂ ਅਸੀਂ ਅੱਜ ਗੱਲਾਂ ਕਰ ਰਹੇ ਹਾਂ। ਮਹਿਲਾ ਕੁਸ਼ਤੀ ਦੀ ਉਠਾਣ, ਪ੍ਰਵਾਨਗੀ ਤੇ ਸਥਾਪਤੀ ਦੇ ਦੌਰ ਅੰਦਰ ਫ਼ੋਗਟ ਪਰਿਵਾਰ ਨੂੰ ਆਪਣੇ ਪਿੰਡ ਦੇ ਲੋਕਾਂ ਦੇ ਸਖ਼ਤ ਦਬਾਅ ਅਤੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ ਪਰੰਤੂ ਅਖ਼ੀਰ ਮਹਿਲਾ ਕੁਸ਼ਤੀ ਦੀ ਜੇਤੂ ਚਮਕ ਨੇ ਹਰਿਆਣਵੀ ਲੋਕਾਂ ਦੀ ਮਹਿਲਾਵਾਂ ਪ੍ਰਤੀ ਅਤੇ ਮਹਿਲਾ ਕੁਸ਼ਤੀ ਪ੍ਰਤੀ ਮਾਨਸਿਕਤਾ ਵਿੱਚ ਵੀ ਵੱਡੀ ਤਬਦੀਲੀ ਕਰ ਦਿੱਤੀ।


**ਕੀ ਹੈ ਬ੍ਰਿਜ ਭੂਸ਼ਨ ?**


ਬ੍ਰਿਜ ਭੂਸ਼ਨ 65 ਸਾਲ ਉਮਰ ਦਾ ਉਹ ਸਖਸ਼ ਹੈ ਜੋ ਕਿ ਪੰਜ ਵਾਰ ਭਾਜਪਾ ਦਾ ਅਤੇ ਇੱਕ ਵਾਰ ਸਮਾਜਵਾਦੀ ਪਾਰਟੀ ਦਾ ਐੱਮ ਪੀ ਰਹਿ ਚੁੱਕਾ ਹੈ ਅਤੇ ਹੁਣ ਯੂਪੀ ਦੇ ਕੇਸਰਗੰਜ ਤੋਂ ਭਾਜਪਾ ਦਾ ਐੱਮ ਪੀ ਹੈ। ਇਸ ਦੇ ਵਿਰੁੱਧ ਇਸ ਤੋਂ ਪਹਿਲਾਂ 38 ਪੁਲੀਸ ਕੇਸ ਦਰਜ ਹਨ। 1992 ਵਿੱਚ ਬਾਬਰੀ ਮਸਜਿਦ ਨੂੰ ਢਾਹੁਣ ਦਾ ਪਰਚਾ ਵੀ ਇਸ ਉੱਪਰ ਦਰਜ ਹੋਇਆ। 1993 ਵਿੱਚ ਮੁੰਬਈ ਗੋਲ਼ੀਬਾਰੀ ਵਿੱਚ ਦਾਊਦ ਇਬਰਾਹਿਮ ਦੇ ਗੈਂਗਸਟਰ ਵਜੋਂ ਵੀ ਇਸ ਉੱਪਰ ਪਰਚਾ ਦਰਜ ਹੋਇਆ ਹੈ। ਚੋਣ ਹਲਫ਼ਨਾਮੇ ਮੁਤਾਬਕ ਇਹ ਬਰੀ ਹੋ ਚੁੱਕਾ ਹੈ। ਭਾਰਤੀ ਨਿਆਂ ਪ੍ਰਣਾਲ਼ੀ ਦੇ, ਰਾਜਸੱਤਾ ਨਾਲ਼ ਕਦੇ ਲੁਕਵੇਂ ਤੇ ਕਦੇ ਜਾਹਰਾ ਗੱਠਜੋੜ ਕਰਕੇ ਅਤੇ ਭ੍ਰਿਸ਼ਟ ਹੋਣ ਕਰਕੇ ਅਕਸਰ ਹੀ ਅਜਿਹੇ ਅਪਰਾਧੀਆਂ ਨੂੰ ਬਚਦਿਆਂ ਰੋਜ਼ ਦੇਖਿਆ ਜਾਂਦਾ ਹੈ। 2004 ਵਿੱਚ ਇਸ ਦਾ ਛੋਟਾ ਪੁੱਤਰ ਸ਼ਕਤੀ ਸ਼ਰਣ ਸਿੰਘ ਖੁਦਕਸ਼ੀ ਕਰਦਾ ਹੈ ਅਤੇ ਆਪਣੇ ਖੁਦਕਸ਼ੀ ਨੋਟ ਵਿੱਚ ਉਹ ਲਿਖਦਾ ਹੈ ਕਿ "ਮੈਂ ਆਪਣੇ ਪਿਤਾ ਦੇ ਖੁਦਗਰਜ਼ ਰਵੱਈਏ ਕਾਰਨ ਖੁਦਕਸ਼ੀ ਕਰਦਾ ਹਾਂ।" ਬ੍ਰਿਜ ਭੂਸ਼ਨ ਵਿਰੁੱਧ ਸਾਰੇ ਮਾਮਲੇ ਗੰਭੀਰ ਅਪਰਾਧਾਂ ਨਾਲ਼ ਸੰਬੰਧਤ ਹਨ ਜਿਵੇਂ ਕਿ ਕਤਲ, ਡਕੈਤੀਆਂ, ਫ਼ਿਰੌਤੀਆਂ, ਅਗਵਾ ਆਦਿ.......। ਇੱਕ ਵੀਡੀਓ ਇੰਟਰਵਿਊ ਵਿੱਚ ਇਹ ਆਪਣੇ ਖਾਸ ਦੋਸਤ ਦੇ ਕਾਤਲ ਨੂੰ ਕਤਲ ਕਰਨ ਦਾ ਜ਼ੁੰਮਾ ਪ੍ਰਵਾਨ ਕਰਦਾ ਹੈ। ਇਹ ਇੱਕ ਸ਼ੇਖ਼ੀਬਾਜ਼ ਬੰਦਾ ਹੈ। ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਬਣਨ ਉਪਰੰਤ 'ਇੰਡੀਅਨ ਐਕਸਪ੍ਰੈੱਸ' ਨਾਲ਼ ਇੰਟਰਵਿਊ ਵਿੱਚ ਇਸ ਨੇ ਫੁਕਰੀ ਮਾਰੀ ਸੀ ਕਿ "ਭਲਵਾਨ ਮੁੰਡੇ-ਕੁੜੀਆਂ ਤਾਕਤਵਰ ਹੁੰਦੇ ਹਨ ਜਿਨ੍ਹਾਂ ਨੂੰ ਕਾਬੂ ਕਰਨ ਲਈ ਤਾਕਤਵਰ ਬੰਦੇ ਦੀ ਲੋੜ ਹੁੰਦੀ ਹੈ ਅਤੇ ਮੇਰੇ ਤੋਂ ਤਕੜਾ ਕੋਈ ਨਹੀਂ ਹੈ।" ਇੱਕ ਕੁਸ਼ਤੀ ਟੂਰਨਾਮੈਂਟ ਵਿੱਚ ਇਸ ਨੇ ਇੱਕ ਭਲਵਾਨ ਨੂੰ ਥੱਪੜ ਵੀ ਮਾਰਿਆ ਸੀ। ਇਸ ਤਰ੍ਹਾਂ ਘੋਰ ਅਪਰਾਧੀ ਅਤੇ ਇਕਦਮ ਸਮਾਜ ਵਿਰੋਧੀ ਅਨਸਰਾਂ ਦਾ ਦੇਸ਼ ਦੀ ਰਾਜਕੀ ਮਸ਼ੀਨਰੀ ਉੱਪਰ ਕਬਜ਼ਾ ਹੋਣਾ ਅਤੇ ਪ੍ਰਧਾਨ ਮੰਤਰੀ ਸਣੇ ਸਾਰੇ ਦਾ ਸਾਰਾ 'ਸੂਰਾਂ ਦਾ ਵਾੜਾ' ਨਾ ਕੇਵਲ ਚੁੱਪ ਹੋਣਾ ਸਗੋਂ ਇਸ ਤੋਂ ਵੀ ਅੱਗੇ ਅਜਿਹੇ ਅਨਸਰਾਂ ਦੀ ਸਿੰਘਾਸ਼ਨੀ ਤੇ ਅਦਾਲਤੀ ਪੁਸ਼ਤ-ਪਨਾਹੀ ਵਿੱਚ ਗ਼ਲਤਾਨ ਹੋਣਾ, ਦੇਸ਼ ਦੀਆਂ ਧੀਆਂ ਖ਼ਾਤਰ ਇਸ ਤੋਂ ਵੱਡੀ ਖ਼ਤਰਨਾਕ ਅਣਹੋਣੀ ਹੋਰ ਕੋਈ ਨਹੀਂ ਹੋ ਸਕਦੀ। ਇੱਥੇ ਇਕੱਲਾ ਬ੍ਰਿਜ ਭੂਸ਼ਨ ਹੀ ਨਹੀਂ ਸਗੋਂ ਲੁੱਟ, ਜ਼ਬਰ, ਭ੍ਰਿਸਟਾਚਾਰ, ਧੋਖੇਬਾਜ਼ੀ, ਮਾਰਧਾੜ, ਮਾਫ਼ੀਆ ਅਤੇ ਹਵਸੀ ਕਰਤੂਤਾਂ ਦੇ ਹਮਾਮ ਅੰਦਰ ਸਭ ਪਾਰਲੀਮਾਨੀ ਬਘਿਆੜ ਨੰਗ-ਧੜੰਗੇ ਹਨ। ਜੋ ਲੋੜ ਹਮੇਸ਼ਾਂ ਰਹੀ ਹੈ ਅਤੇ ਅੱਜ ਹੋਰ ਵੀ ਵਧ ਗਈ ਹੈ, ਦੇਸ਼ ਦੇ ਪਿੰਡੇ ਉੱਤੇ ਚਿੰਬੜੀਆਂ ਜੋਕਾਂ ਨੂੰ ਪਹਿਚਾਣਿਆ ਜਾਵੇ। ਬਰਬਾਦੀ ਦੀ ਸਰਦਲ਼ ਉੱਪਰ ਖੜ੍ਹੇ ਮੁਲਕ ਅਤੇ ਇਸਤਰੀ ਜਾਤੀ ਦੀ ਇੱਜ਼ਤਦਾਰ ਹੋਂਦ ਨੂੰ ਬਚਾਉਣ ਲਈ ਹਰ ਚਾਰਾਜੋਈ ਕੀਤੀ ਜਾਵੇ।

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
New Location
Extensive experience with Revenue Canada audits, reviews etc.
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ
Sharmanjot22@gmail.com
Harmanjot Dhudike
403-975-0006





# ਬੇਗਾਨਗੀ ਦਾ ਆਲਮ ਮਨੀਪੁਰ ਦੇ ਲੋਕਾਂ ਦੀ ਤਰਾਸਦੀ



**ਇਹ ਦੰਗਾ ਨਹੀਂ ਹੈ :** ਦੰਗਿਆਂ ਦਾ ਮਤਲਬ ਹੈ ਕਿ ਲੋਕਾਂ ਦੀ ਭੀੜ ਸਵੈ ਸਫ਼ੂਰਤ ਹੀ ਹਿੰਸਾ ਤੇ ਉਤਰ ਆਈ ਹੈ। ਲੇਕਿਨ ਇਸ ਸਮੇ ਮਨੀਪੁਰ ਵਿਚ ਜੋ ਹਿੰਸਕ ਘਟਨਾਵਾਂ ਹੋਈਆਂ ਅਤੇ ਹੋ ਰਹੀਆਂ ਹਨ, ਉਹ ਸਵੈ ਸਫ਼ੂਰਤ ਨਹੀ ਹਨ। ਉਨ੍ਹਾਂ ਨੂੰ ਜਾਣ-ਬੁੱਝ ਕੇ ਅਤੇ ਗਿਣ ਮਿਥ ਕੇ ਬਹੁਤ ਹੀ ਯੋਜਨਾ ਬੱਧ ਢੰਗ ਨਾਲ ਅੰਜ਼ਾਮ ਦਿੱਤਾ ਗਿਆ ਹੈ। ਹਿੰਸਾ ਵਿੱਚ ਸ਼ਾਮਲ ਹਥਿਆਰਬੰਦ ਗਰੋਹਾਂ ਨੇ ਆਪਣੀ ਪਹਿਚਾਣ ਛੁਪਾਉਣ ਦੇ ਲਈ ਮਾਸਕ ਪਹਿਨੇ ਹੋਏ ਸਨ। ਪੁਲਿਸ ਮੂਕ ਦਰਸ਼ਕ ਬਣ ਕੇ ਬੇ ਹਰਕਤ ਖੜੀ ਰਹੀ ਅਤੇ ਹਮਲਿਆਂ ਨੂੰ ਹੋਣ ਦਿੱਤਾ।

ਜਦੋਂ ਵੀ ਸਾਡੇ ਦੇਸ਼ ਦੇ ਕਿਸੇ ਸਮੂਹ ਨੂੰ ਨਿਸ਼ਾਨਾ ਬਣਾ ਕੇ ਵੱਡੇ ਪੈਮਾਨੇ ਤੇ ਹਿੰਸਾ ਹੁੰਦੀ ਹੈ, ਤਾਂ ਸਰਕਾਰ ਇਨ੍ਹਾਂ ਨੂੰ "ਦੰਗਿਆਂ" ਦਾ ਨਾਂ ਦਿੰਦੀ ਹੈ ਅਤੇ ਇਸ ਦੇ ਲਈ ਲੋਕਾਂ ਨੂੰ ਦੋਸ਼ੀ ਠਹਿਰਾਉਂਦੀ ਹੈ। ਮਿਸਾਲ ਦੇ ਤੌਰ ਤੇ, ਜਦੋਂ ਦਿੱਲੀ ਵਿੱਚ ਨਵੰਬਰ 1984 ਵਿੱਚ ਜਨਸੰਹਾਰ ਹੋਇਆ ਸੀ, ਤਾਂ ਸਰਕਾਰ ਨੇ ਇਹ ਪਰਚਾਰ ਕੀਤਾ ਸੀ ਕਿ ਹਿੰਦੂ ਅਤੇ ਸਿੱਖ ਇੱਕ ਦੂਜੇ ਦਾ ਕਤਲ ਕਰ ਰਹੇ ਹਨ। ਪਰ ਅਸਲੀਅਤ ਇਸ ਤੋਂ ਬਿਲਕੁੱਲ ਵੱਖਰੀ ਸੀ।

ਕਾਂਗਰਸ ਪਾਰਟੀ ਦੀ ਸਰਕਾਰ ਨੇ ਸਿੱਖਾਂ ਤੇ ਹਮਲਾ ਕਰਨ ਲਈ ਵਿਭਿੰਨ ਗਰੋਹਾਂ ਨੂੰ ਲਾਮਬੰਦ ਕੀਤਾ ਸੀ। ਸਿੱਖਾਂ ਦੇ ਘਰਾਂ ਦੀ ਪਹਿਚਾਣ ਕਰਨ ਦੇ ਲਈ ਕਾਤਲ ਗਰੋਹਾਂ ਨੂੰ ਵੋਟਰ ਸੂਚੀਆਂ ਦਿੱਤੀਆਂ ਗਈਆਂ ਸਨ। ਸਿੱਖਾਂ ਦੇ ਜਨਸੰਹਾਰ ਨੂੰ ਜਾਇਜ਼ ਠਹਿਰਉਣ ਦੇ ਲਈ, ਪੁਲਿਸ ਅਤੇ ਖ਼ੁਫ਼ੀਆਂ ਏਜੰਸੀਆਂ ਨੇ ਖ਼ੁਦ ਸਾਰੀਆਂ ਝੂਠੀਆਂ ਅਫ਼ਵਾਹਾਂ ਫ਼ੈਲਾਈਆਂ ਸਨ, ਜਿਵੇਂ ਕਿ "ਸਿੱਖਾਂ ਨੇ ਦਿੱਲੀ ਦੇ ਪਾਣੀ ਵਿੱਚ ਜ਼ਹਿਰ ਮਿਲਾ ਦਿੱਤਾ ਹੈ, ਆਦਿ। ਇਸ ਤਰ੍ਹਾਂ ਜਨਤਾ ਵਿੱਚ ਦਹਿਸ਼ਤ ਫ਼ੈਲਾਈ ਗਈ ਸੀ। ਦਿੱਲੀ ਵਿੱਚ ਕਈ ਹਿੰਦੂ ਪਰਿਵਾਰਾਂ ਨੇ ਆਪਣੇ ਸਿੱਖ ਗੁਆਂਢੀਆਂ ਦੀ ਰਾਖੀ ਕੀਤੀ ਸੀ, ਉਨ੍ਹਾਂ ਨੂੰ ਆਪਣੇ ਘਰਾਂ ਵਿੱਚ ਸ਼ਰਨ ਦਿੱਤੀ ਸੀ। ਇਨ੍ਹਾਂ ਗੱਲਾਂ ਤੋਂ ਹੁਣ ਸਾਰੇ ਵਾਕਿਫ਼ ਹਨ। ਲੇਕਿਨ ਸਰਕਾਰੀ ਰਿਕਾਰਡ ਵਿੱਚ ਹਾਲੇ ਵੀ ਉਸ ਜਨਸੰਹਾਰ ਨੂੰ "ਸਿੱਖ ਵਿਰੋਧੀ ਦੰਗੇ" ਹੀ ਕਿਹਾ ਜਾ ਰਿਹਾ ਹੈ।

ਇਸੇ ਤਰ੍ਹਾਂ 2002 ਦੇ ਗੁਜਰਾਤ ਨਰਸੰਹਾਰ ਨੂੰ ਵੀ "ਦੰਗੇ" ਕਿਹਾ ਜਾਂਦਾ ਹੈ, ਇਸ ਅਸਲੀਅਤ ਨੂੰ ਛੁਪਾਉਣ ਦੇ ਲਈ ਕਿ ਸੱਤਾ ਤੇ ਬੈਠੇ ਲੋਕਾਂ ਵਲੋਂ ਚੰਗੀ ਤਰ੍ਹਾਂ ਗਿਣ-ਮਿਥ ਕੇ ਕੀਤਾ ਗਿਆ ਅਪਰਾਧ ਸੀ। ਫ਼ਰਵਰੀ 2020 ਵਿੱਚ ਪੂਰਵ-ਉੱਤਰ ਦਿੱਲੀ ਵਿੱਚ ਰਾਜ ਵਲੋਂ ਅਯੋਜਤ ਸੰਪ੍ਰਦਾਇਕ ਹਿੰਸਾ ਨੂੰ ਵੀ "ਦੰਗੇ" ਕਿਹਾ ਜਾਂਦਾ ਹੈ।

"ਦੰਗੇ" ਸ਼ਬਦ ਦਾ ਇਸਤੇਮਾਲ, ਹੁਕਮਰਾਨ ਵਰਗ, ਉਸਦੇ ਲੀਡਰਾਂ ਅਤੇ ਰਾਜਨੀਤਕ ਪਾਰਟੀਆਂ ਵਲੋਂ ਕੀਤੇ ਗਏ ਅਪਰਾਧਾਂ ਲਈ ਆਮ ਲੋਕਾਂ ਨੂੰ ਦੋਸ਼ੀ ਠਹਿਰਉਣ ਦਾ ਇੱਕ ਸੋਚਿਆਂ ਸਮਝਿਆ ਯਤਨ ਹੈ।

ਮਨੀਪੁਰ ਦੇ ਮਾਮਲੇ ਵਿੱਚ, "ਦੰਗੇ" ਸ਼ਬਦ ਦਾ ਇਸਤੇਮਾਲ ਹੋਰ ਵੀ ਹੈਰਾਨਗੀ ਭਰਿਆ ਹੈ ਕਿਉਂਕਿ ਮਨੀਪੁਰ ਇੱਕ ਅਜਿਹਾ ਰਾਜ ਹੈ ਜਿੱਥੇ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧਿਨਿਯਮ (ਅ.ਫਸਪਾ) ਲਾਗੂ ਹੈ। ਇਹ ਕਨੂੰਨ ਫ਼ੌਜ ਅਤੇ ਅਰਧ ਸੈਨਿਕ ਬਲਾਂ ਨੂੰ ਲੋਕਾਂ ਤੇ ਗੋਲੀ ਚਲਾਉਣ ਅਤੇ ਮਾਤਰ ਸ਼ੱਕ ਦੇ ਅਧਾਰ ਤੇ ਮਾਰ ਦੇਣ ਦਾ ਅਧਿਕਾਰ ਦਿੰਦਾ ਹੈ। 5 ਮਈ ਨੂੰ ਕੇਂਦਰ ਸਰਕਾਰ ਨੇ ਉੱਥੇ ਸ਼ਾਂਤੀ ਬਹਾਲ ਕਰਨ ਦੇ ਨਾਂ ਤੇ ਹਜ਼ਾਰਾਂ ਹੋਰ ਸੈਨਿਕ ਭੈਜੇ। ਪਰੰਤੂ ਇਸ ਦੇ ਬਾਵਜੂਦ ਵੀ ਅਗਜ਼ਨੀ ਅਤੇ ਲੁੱਟ-ਪਾਟ ਜ਼ਾਰੀ ਹੈ। ਹਥਿਆਰਬੰਦ ਗਰੋਹਾਂ ਨੂੰ ਰਾਸ਼ਟਰੀ ਰਾਜ ਮਾਰਗਾਂ ਤੇ ਗੱਡੀਆਂ ਨੂੰ ਲੁੱਟਣ ਅਤੇ ਯਾਤਰੀਆਂ ਦੀ ਪਹਿਚਾਣ ਕਰਦੇ ਦੇਖਿਆ ਗਿਆ ਹੈ। ਸੱਤਾ ਵਿੱਚ ਬੈਠੇ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਕੋਈ ਵੀ ਅਜਿਹਾ ਕਰਨ ਦੀ ਹਿੰਮਤ ਨਹੀਂ ਕਰ ਸਕਦਾ ਹੈ।

ਅਜਿਹੇ ਕਈ ਜ਼ਿਲੇ ਹਨ ਜੋ ਸ਼ਾਂਤੀ ਪੂਰਣ ਰਹੇ ਹਨ, ਜਿਵੇਂ ਕਿ ਉਹ ਇਲਾਕੇ ਜਿੱਥੇ ਨਾਗਾ ਲੋਕਾਂ ਦੇ ਜਨ ਸੰਗਠਨਾਂ ਦਾ ਲੋਕਾਂ ਨੂੰ ਸਹਿਯੋਗ ਹੈ। ਅਜਿਹੇ ਸੰਗਠਨਾਂ ਨੇ ਐਲਾਨ ਕੀਤਾ ਹੈ ਕਿ ਕੋਈ ਵੀ ਗੱਡੀਆਂ ਨੂੰ ਰੋਕਣ ਅਤੇ ਯਾਤਰੀਆਂ ਦੀ ਪਹਿਚਾਣ ਕਰਨ ਦੀ ਹਿੰਮਤ ਨਹੀਂ ਕਰ ਸਕਦਾ ਹੈ। ਜੇਕਰ ਜਨ ਸੰਗਠਨ ਇਹ ਸੁਨਿਸ਼ਚਤ ਕਰ ਸਕਦੇ ਹਨ ਕਿ ਉਨ੍ਹਾਂ ਦੇ ਇਲਾਕੇ ਹਿੰਸਾ ਮੁਕਤ ਰਹਿਣ, ਸਵਾਲ ਪੈਦਾ ਹੁੰਦਾ ਹੈ ਕਿ ਕੇਂਦਰੀ ਅਤੇ ਮਨੀਪੁਰ ਸਰਕਾਰਾਂ ਇੰਨੀ ਵੱਡੀ ਗ਼ਿਣਤੀ ਵਿੱਚ ਹਥਿਆਰਬੰਦ ਬਲਾਂ ਅਤੇ ਪੁਲਿਸ ਦੇ ਸਹਾਰੇ ਵੀ, ਕਿਵੇਂ ਇੰਫ਼ਾਲ ਅਤੇ ਹੋਰ ਇਲਾਕਿਆਂ ਵਿੱਚ ਹਿੰਸਾ ਨੂੰ ਰੋਕਣ ਵਿੱਚ ਅਸਮਰਥ ਹੈ?


ਮਨੀਪੁਰ ਦੇ ਲੋਕ, ਜਿਨ੍ਹਾਂ ਵਿੱਚ ਘਾਟੀ ਅਤੇ ਪਹਾੜੀ ਦੋਹਾਂ ਦੇ ਲੋਕ ਸ਼ਾਮਲ ਹਨ, ਕਈ ਸਦੀਆਂ ਤੋਂ ਮਿਲਜੁਲ ਕੇ, ਸ਼ਾਂਤੀਪੂਰਵਕ ਢੰਗ ਨਾਲ ਇਕੱਠੇ ਰਹਿ ਰਹੇ ਹਨ। ਉਨ੍ਹਾਂ ਨੇ ਮਨੀਪੁਰੀ ਹੋਣ ਦੇ ਨਾਤੇ, ਆਪਣੇ ਸਾਂਝੇ ਅਧਿਕਾਰਾਂ ਦੇ ਲਈ ਇੱਕਜੁੱਟ ਹੋ ਕੇ ਸੰਘਰਸ਼ ਕੀਤੇ ਹਨ।

ਇੰਫ਼ਾਲ, ਚੁਰਚੰਦਪੁਰ, ਮੋਰੇਹ ਅਤੇ ਹੋਰ ਥਾਵਾਂ ਤੇ ਹਿੰਸਾ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਕਈ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਦੀਆਂ ਖ਼ਬਰਾਂ ਮਿਲੀਆਂ ਹਨ- ਜਿਨ੍ਹਾਂ ਵਿੱਚ ਇੱਕ ਸਮੁਦਾਏ ਦੇ ਲੋਕਾਂ ਨੇ ਆਪਣੀ ਜਾਨ ਜ਼ੋਖ਼ਿਮ ਵਿੱਚ ਪਾਕੇ ਦੂਜੇ ਸਮੁਦਾਏ ਦੇ ਲੋਕਾਂ ਦੀ ਰਾਖੀ ਕੀਤੀ ਹੈ।

ਸੱਤਾ ਵਿੱਚ ਬੈਠੇ ਲੋਕਾਂ ਨੇ ਜਾਣ ਬੁਝ ਕੇ

(ਬਾਕੀ ਸਫ਼ਾ 23 'ਤੇ)


ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ
ਪੇਸ਼ ਕਰਦੇ ਹਨ ਨਾਟਕ



'ਸੰਮਾਂ ਵਾਲੀ ਡਾਂਗ'
(ਲੇਖਕ, ਨਿਰਦੇਸ਼ਕ ਅਤੇ ਅਦਾਕਾਰ ਡਾ. ਸਾਹਿਬ ਸਿੰਘ)
ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਦੋ ਡਰਾਮੇ ਪੇਸ਼ ਕੀਤੇ ਜਾਣਗੇ।

20 August 2023 Sunday


Theatre: Calgary Public Library Theatre Downtown 800-3rd St. SE Calgary (Behind City Hall)

Ticket $10


Timing: Door Open 1:30pm Show start 2:00pm

Master Bhajan Singh 403-455-4220
Harcharan Parhar 403-681-8689

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week



New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2023 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!



Apinder Aujla
BSc.Pharm
#1150, 4818 Westwindus Drive NE. Calgary
403-293-9360
Satvachan Lal
B.Sc.Pharm

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals
Customer satisfaction is our pride!

| VIDEO | PHOTOGRAPHY | MUSIC |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM(37326)
Special Packages Available For All Occasions in Calgary

Call Romi Sidhu For Insurance & Financial Needs



StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

| | | |
|---|---|---|
| * HOME | * DISABILTY | * VEHICLE FINANCE |
| * AUTO | * RRSV | * CRITICAL ILLNESS |
| * LIFE | * RESP | * MUTUAL FUNDS |

Romi Sidhu, Agent
P02720CN

# ਲੋਕ ਆਵਾਜ਼ — ਆਜ਼ਾਦੀ ਅਤੇ ਵਿਤਕਰੇ ਸਮੇਤ ਧੱਕਿਆਂ ਖਿਲਾਫ਼ ਸਾਡੀ ਆਵਾਜ਼ ਤੁਹਾਡਾ ਹਿਸਾ ਹੈ







ਕੈਲਗਰੀ (ਹਰਚਰਨ ਸਿੰਘ ਪ੍ਰਹਾਰ): 'ਪਹਿਲਵਾਨ ਕੁੜੀਆਂ ਨਾਲ਼ ਇਨਸਾਫ ਕਰੋ', 'ਲੋਕ ਏਕਤਾ ਜ਼ਿੰਦਾਬਾਦ', 'ਦੋਸ਼ੀਆਂ ਨੂੰ ਗ੍ਰਿਫਤਾਰ ਕਰੋ' ਆਦਿ ਦੇ ਨਾਹਰੇ ਮਾਰਦਾ ਇੱਕ ਪ੍ਰਭਾਵਸ਼ਾਲੀ ਰੋਸ ਪ੍ਰਦਰਸ਼ਨ ਕੈਲਗਰੀ (ਕਨੇਡਾ) ਵਿੱਚ ਹੋਇਆ। ਇਹ ਰੋਸ ਰੈਲੀ ਐਤਵਾਰ 11 ਜੂਨ, 2023 ਨੂੰ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ, ਪ੍ਰੋਗਰੈਸਿਵ ਕਲਾ ਮੰਚ ਕੈਲਗਰੀ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਯੰਗਸਤਾਨ ਕੈਲਗਰੀ ਦੇ ਸਹਿਯੋਗ ਨਾਲ਼ ਕੀਤੀ ਗਈ। ਇਸ ਮੌਕੇ ਤੇ ਮਾਸਟਰ ਭਜਨ ਸਿੰਘ ਨੇ ਬੋਲਦਿਆਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਹਰਿਆਣੇ ਦੀਆਂ ਪਹਿਲਵਾਨ ਕੁੜੀਆਂ ਨਾਲ਼ ਰੈਸਲਿੰਗ ਫੈਡਰੇਸ਼ਨ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਵਲੋਂ ਕੀਤੇ ਜਾ ਰਹੇ ਜਿਣਸੀ ਸੋਸ਼ਣ ਦੀ ਅਸੀਂ ਸਖਤ ਨਿਖੇਧੀ ਕਰਦੇ ਹਾਂ।ਸਰਕਾਰ ਤੋਂ ਪੁਰਜ਼ੋਰ ਮੰਗ ਕਰਦੇ ਹਾਂ ਕਿ ਦੋਸ਼ੀਆਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਲਾਂਭੇ ਕਰਕੇ ਕੇਸ ਦਰਜ ਕੀਤੇ ਜਾਣ। ਉਨ੍ਹਾਂ ਤੋਂ ਇਲਾਵਾ ਇਸ ਮੌਕੇ ਤੇ ਬੋਲਦਿਆਂ, ਹਰਕੇਸ਼ ਚੌਧਰੀ ਨੇ ਕਿਹਾ ਕਿਹਾ ਕਿ ਰਾਜਸੀ ਕਾਰਨਾਂ ਕਰਕੇ ਦੋਸ਼ੀਆਂ ਖਿਲਾਫ ਕਾਰਵਾਈ ਨਾ ਕਰਨੀ ਮੰਦਭਾਗਾ ਵਰਤਾਰਾ ਹੈ। ਸਰਕਾਰ ਨੂੰ ਜਲਦੀ ਤੋਂ ਜਲਦੀ ਦੋਸ਼ੀਆਂ ਖਿਲਾਫ ਕਾਰਵਾਈ ਕਰਕੇ ਲੜਕੀਆਂ ਨੂੰ ਇਨਸਾਫ ਦਿਵਾਉਣਾ ਚਾਹੀਦਾ ਹੈ। ਇਸ ਮੌਕੇ




ਤੇ ਹਾਜਿਰ ਮੁਜ਼ਾਹਰਕਾਰੀਆਂ ਵਲੋਂ ਲਗਾਤਾਰ ਰੈਸਲਰ ਲੜਕੀਆਂ ਦੇ ਹੱਕ ਅਤੇ ਭਾਰਤ ਸਰਕਾਰ ਤੇ ਰੈਸਲਰ ਫੈਡਰੇਸ਼ਨ ਦੇ ਖਿਲਾਫ ਜੰਮ ਕੇ ਨਾਹਰੇਬਾਜ਼ੀ ਕੀਤੀ ਗਈ। ਸਰਬਸੰਮਤੀ ਨਾਲ਼ ਰੈਸਲਰ ਲੜਕੀਆਂ ਦੇ ਹੱਕ ਵਿੱਚ ਮਤਾ ਪਾਸ ਕੀਤਾ ਗਿਆ ਤੇ ਉਨ੍ਹਾਂ ਦੇ ਸੰਘਰਸ਼ ਨੂੰ ਹਰ ਤਰ੍ਹਾਂ ਦੀ ਮੱਦਦ ਦਾ ਅਹਿਦ ਲਿਆ ਗਿਆ। ਖਿਡਾਰੀ ਜਗਤ ਨੂੰ ਰੈਸਲਰ ਔਰਤਾਂ ਦੇ ਹੋ ਰਹੇ ਜਿਣਸੀ ਸੋਸ਼ਣ ਖਿਲਾਫ ਲਾਮਬੰਦ ਹੋਣ ਦਾ ਸੱਦਾ ਦਿਤਾ ਗਿਆ।

NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।




www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

ਪੁਸਤਕ ਮੇਲਾ

# ਬੌਧਿਕ ਪ੍ਰਵਿਰਤੀ ਵਿਕਸਿਤ ਕਰਨਾ ਸਾਡਾ ਅਹਿਮ ਕਾਰਜ







ਕੈਲਗਰੀ (ਹਰਚਰਨ ਸਿੰਘ ਪਰਹਾਰ): ਐਤਵਾਰ 11 ਜੂਨ, 2023 ਨੂੰ ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਦੂਜਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ।ਸਵੇਰੇ 10 ਵਜੇ ਤੋਂ ਸ਼ੁਰੂ ਹੋਇਆ ਪੁਸਤਕ ਮੇਲਾ ਸ਼ਾਮ 6 ਵਜੇ ਤੱਕ ਚੱਲਦਾ ਰਿਹਾ, ਜਿਸ ਵਿੱਚ ਹਰ ਵਰਗ ਦੇ ਪਾਠਕਾਂ ਨੇ ਭਾਰੀ ਉਤਸ਼ਾਹ ਨਾਲ਼ ਪੁਸਤਕਾਂ ਖਰੀਦੀਆਂ।ਇਸ ਮੌਕੇ ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਹੋਰਾਂ ਨੇ ਹਰ ਵਾਰ ਦੀ ਤਰ੍ਹਾਂ ਪਾਠਕਾਂ ਵਲੋਂ ਦਿਖਾਏ ਉਤਸ਼ਾਹ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਤੇ ਕਿਹਾ ਕਿ ਕੈਲਗਰੀ ਵਿੱਚ ਹੁਣ ਬੁੱਕ ਕਲਚਰ ਪ੍ਰਫੁੱਲਤ ਹੋ ਰਿਹਾ ਹੈ।ਉਨ੍ਹਾਂ ਮੀਡੀਏ ਵਲੋਂ ਕੀਤੇ ਸਹਿਯੋਗ ਲਈ ਸਭ ਦਾ ਧੰਨਵਾਦ ਕੀਤਾ। ਉਨ੍ਹਾਂ ਅੱਗੇ ਦੱਸਿਆ ਕਿ ਅਗਲੇ ਹਫਤੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 17 ਤੇ 18 ਜੂਨ ਨੂੰ ਕਰਵਾਏ ਜਾ ਰਹੇ 12ਵੇਂ ਦੋ ਰੋਜ਼ਾ ਨਾਟਕ ਸਮਾਗਮ ਵਿੱਚ ਨੈਸ਼ਨਲ ਯੂਨੀਅਰ ਫੀਲਡ ਹਾਕੀ ਟੀਮ ਦੀ ਖਿਡਾਰੀ ਪ੍ਰਭਲੀਨ ਕੌਰ ਗਰੇਵਾਲ਼ ਅਤੇ ਰੈਸਲਿੰਗ ਵਿੱਚ ਗੋਲਡ ਮੈਡਲ ਜਿੱਤਣ ਵਾਲ਼ੀ ਖਿਡਾਰੀ ਜੈਸਲੀਨ ਕੌਰ ਸਿੱਧੂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕਰਨ ਦੇ ਨਾਲ਼ ਇੱਕ-ਇੱਕ ਹਜ਼ਾਰ ਡਾਲਰ ਦੀ ਧੰਨ ਰਾਸ਼ੀ ਵੀ ਹੌਸਲਾ ਅਫਜਾਈ ਵਜੋਂ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪੁਸਤਕ ਮੇਲੇ ਦੌਰਾਨ ਪਾਠਕਾਂ ਨੇ ਨਾਟਕ ਸਮਾਗਮ ਦੀਆਂ ਟਿਕਟਾਂ ਵੀ ਭਾਰੀ ਉਤਸ਼ਾਹ ਨਾਲ਼ ਖਰੀਦੀਆਂ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ।

ਪੁਸਤਕ ਮੇਲੇ ਦਾ ਉਦਘਾਟਨ 'ਲੋਕ ਕਲਾ ਮੰਚ' ਮੰਡੀ ਮੁੱਲਾਂਪੁਰ ਤੋਂ ਲੇਖਕ, ਨਿਰਦੇਸ਼ਕ ਤੇ ਕਲਾਕਾਰ, ਹਰਕੇਸ਼ ਚੌਧਰੀ ਵਲੋਂ ਕੀਤਾ ਗਿਆ, ਜੋ ਕਿ ਪਿਛਲੇ ਦਿਨਾਂ ਤੋਂ ਅਗਲੇ ਹਫਤੇ ਹੋਣ ਵਾਲ਼ੇ ਦੋ ਰੋਜ਼ਾ ਨਾਟਕ ਸਮਾਗਮ ਦੀ ਤਿਆਰੀ ਲਈ ਪਹੁੰਚੇ ਹੋਏ ਹਨ। ਇਸ ਮੌਕੇ ਤੇ ਬੋਲਦਿਆਂ, ਹਰਕੇਸ਼ ਚੌਧਰੀ ਨੇ ਉਘੇ ਲੇਖਕ ਪਾਬਲੋ ਨੇਰੂਦਾ ਦੀ ਕਿਤਾਬਾਂ ਬਾਰੇ ਟਿੱਪਣੀ ਸਾਂਝੀ ਕਰਦਿਆ ਕਿਹਾ, 'ਜਦੋਂ ਮੈਂ ਕਿਤਾਬ ਦੇ ਵਰਕੇ ਫਰੋਲਦਾਂ ਹਾਂ ਤਾਂ ਮੈਨੂੰ ਜ਼ਿੰਦਗੀ ਦੇ ਵਰਕੇ ਖੁੱਲਣੇ ਸ਼ੁਰੂ ਹੋ ਜਾਂਦੇ ਮਹਿਸੂਸ ਹੋ ਜਾਂਦੇ ਨੇ।' ਉਨ੍ਹਾਂ ਸੁਰਜੀਤ ਪਾਤਰ ਦੀ ਕਵਿਤਾ ਦੀਆਂ ਕੁਝ ਲਾਈਨਾਂ; 'ਮੰਨਿਆ ਕਿ ਰਾਜ ਹਨੇਰੇ ਦਾ ਹਠੀਲਾ, ਪਰ ਅਜੇ ਜਿਉਂਦਾ ਏ ਕਿਰਨਾਂ ਦਾ ਕਬੀਲਾ। ਕਾਲ਼ਿਆਂ ਸਫਿਆਂ ਤੇ ਸਤਰਾਂ ਲਾਲ ਰੱਤੀਆਂ, ਉਠ ਜਗਾ ਦੇ ਮੋਮਬੱਤੀਆਂ, ਤੂੰ ਜਗਾ ਦੇ ਮੋਮਬੱਤੀਆਂ' ਦੇ ਨਾਲ਼ ਪ੍ਰਬੰਧਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਬੇਸ਼ਕ ਇਹ ਇੱਕ ਰੋਜ਼ਾ ਪੁਸਤਕ ਮੇਲਾ ਤਾਂ ਉਸੇ ਦਿਨ ਸਮਾਪਤ ਹੋ ਗਿਆ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ।ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੀ ਮਨਪਸੰਦ ਦੀਆਂ ਕਿਤਾਬਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ?




ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ

ਪਾਸਪੋਰਟ ਰੀਨਿਊ (ਕੈਨੇਡੀਅਨ ਜਾਂ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।

ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।

Lash Extension Service

Looking for lash extensions in Calgary? I offer classic, hybrid and volume sets at reasonable price. Located in Cornerstone, NE.

Please email or message on Instagram @llash_n_pout

Corner Meadows Gate NE, Calgary, AB T3N

Nav Gill : 780-850-7730





Baljinder Singh

Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com



For Honest and Best Results

Please Call :

Cell. (403)-680-1895

Fax. (403)-457-1216

Email : taranmand@shaw.ca

MLS MULTIPLE LISTING SERVICE® R REALTOR®

REAL ESTATE BOARD



Taranjit "T. J." Mand

Real Estate Associate

Max Value Reality Ltd.



The Mortgage Centre Est. 1989

For Excellent Mortgage Service

Access to Multiple Lenders Including major banks

* New Purchase * Refinance * Preapprovals
* Debt Consolidation * New Immigrants
* Self Employed



Sukhvinder S Toor

Mortgage Associate

The Mortgage Centre Elevo Mortgages

Cell : 403-919-1444

Office : 403-264-7750 | Fax : 403-264-7752

Elevo Mortgages Unit 210, 6424-36 Street NE, Calgary, AB. T3J 4C8

Email : toor.s@mortgagecentre.com | www.toormortgage.com



BAINS VISION CENTRE



Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains

ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ

Appointments also available on Saturdays & Evenings

ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।

Services Available in Punjabi, Hindi, Urdu & English

403-274-4514

deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਪਰਵਾਸ ਦਾ ਗੰਭੀਰ ਸਵਾਲ

# ਦਰ ਦਰ ਭਟਕਦੇ ਲੋਕਾਂ ਦੀ ਦਾਸਤਾਨ ਦੇ ਅੰਗ-ਸੰਗ



ਮਨਦੀਪ
+54-9381-338-9246
mandeepsaddowal@gmail.com



ਦੁਨੀਆਂ ਭਰ ਦੇ ਵਿਕਸਿਤ ਅਤੇ ਵਿਕਾਸਸ਼ੀਲ ਮੁਲਕਾਂ ਵਿੱਚ ਬੜੀ ਤੇਜੀ ਨਾਲ ਵੱਡੇ ਆਰਥਿਕ, ਸਿਆਸੀ ਅਤੇ ਸਮਾਜਿਕ ਸੰਕਟ ਖੜ੍ਹੇ ਹੋ ਰਹੇ ਹਨ। ਸਰਕਾਰਾਂ ਆਪਣੇ ਲੋਕਾਂ ਦੀ ਸੁਰੱਖਿਆ ਕਰਨ ਵਿੱਚ ਨਾਕਾਮ ਸਿੱਧ ਹੋ ਰਹੀਆਂ ਹਨ ਤੇ ਸੰਕਟ ’ਚ ਘਿਰੇ ਲੋਕ ਸੁਰੱਖਿਆ, ਰੁਜਗਾਰ ਤੇ ਚੰਗੇ ਭਵਿੱਖ ਦੀ ਭਾਲ ਲਈ ਦੁਨੀਆਂ ਭਰ ਦੇ ਦੇਸ਼ਾਂ ਦੀਆਂ ਸਰਹੱਦਾਂ ਉੱਤੇ ਇੱਧਰ-ਉਧਰ ਹਿਜਰਤ ਕਰ ਰਹੇ ਹਨ। ਸੰਸਾਰ ਸਰਹੱਦਾਂ ਤੇ ਵੱਧ ਰਹੀ ਮਨੁੱਖੀ ਅਵਾਜਾਈ ਆਲਮੀ ਪ੍ਰਵਾਸੀ ਸੰਕਟ ਨੂੰ ਦਿਨੋ-ਦਿਨ ਤੇਜ ਕਰ ਰਹੀ ਹੈ। ਅਮਰੀਕਾ ਅਤੇ ਯੂਰਪ ਦੀਆਂ ਨਵੀਆਂ ਇਮੀਗ੍ਰੇਸ਼ਨ ਨੀਤੀਆਂ ਅਤੇ ਗ੍ਰੀਸ ’ਚ ਸਰਨਾਰਥੀ ਕਿਸ਼ਤੀ ਡੁੱਬਣ ਦੇ ਹਾਦਸੇ ਨੇ ਸਰਨਾਰਥੀ ਤੇ ਪ੍ਰਵਾਸੀ ਸੰਕਟ ਬਾਰੇ ਵੱਡੀ ਚਰਚਾ ਛੇੜ ਦਿੱਤੀ ਹੈ। ਕਾਨੂੰਨੀ-ਗੈਰ-ਕਾਨੂੰਨੀ ਪ੍ਰਵਾਸ, ਮਨੁੱਖੀ ਤਸਕਰੀ, ਸਸਤੀ ਮਜਦੂਰੀ, ਮਾੜੀਆਂ ਕੰਮ ਹਾਲਤਾਂ, ਜੰਗੀ ਉਜਾੜਾ, ਨਸਲੀ ਵਿਤਕਰਾ, ਔਰਤਾਂ ਨਾਲ ਲਿੰਗ ਅਧਾਰਿਤ ਹਿੰਸਾ, ਫਿਰਕੂ ਹਮਲੇ, ਜੇਲ੍ਹਾਂ-ਜੁਰਮਾਨੇ, ਦੇਸ਼-ਨਿਕਾਲਾ, ਸਰਨਾਰਥੀ ਕੈਂਪ (ਖੁੱਲੀ ਜੇਲ੍ਹ) ਅਤੇ ਸੰਸਾਰ ਸਰਹੱਦਾਂ ’ਤੇ ਮਾਰੂਥਲਾਂ, ਜੰਗਲਾਂ ਤੇ ਕੌਮਾਂਤਰੀ ਪਾਣੀਆਂ ਵਿੱਚ ਪ੍ਰਵਾਸੀਆਂ ਦੀਆਂ ਮੌਤਾਂ ਪ੍ਰਵਾਸ ਅਤੇ ਪ੍ਰਵਾਸੀ ਸੰਕਟ ਦੇ ਜਾਹਰਾ ਰੂਪ ਹਨ।

ਪ੍ਰਵਾਸ ਭਾਵੇਂ ਮੁੱਢ-ਕਦੀਮੀਂ ਵਰਤਾਰਾ ਰਿਹਾ ਹੈ ਪਰ ਪ੍ਰਵਾਸ ਦੇ ਮੌਜੂਦਾ ਸੰਕਟ ਦੇ ਬੀਜ ਪੂੰਜੀਵਾਦ ਪ੍ਰਬੰਧ ਦੇ ਆਰਥਿਕ ਤੇ ਵਿਚਾਰਧਾਰਕ ਮਾਡਲ ਦੇ ਸੁਨਹਿਰੀ ਕਾਲ ਵਿੱਚ ਹੀ ਬੀਜੇ ਜਾ ਚੁੱਕੇ ਸਨ। ਸੱਤਰਵਿਆਂ-ਅੱਸਵਿਆਂ ਦਾ ਦੌਰ ਸਮਾਜਵਾਦੀ ਦੇਸ਼ਾਂ ਦੇ ਢਹਿਢੇਰੀ ਹੋਣ ਦਾ ਦੌਰ ਸੀ ਤੇ ਇਸੇ ਸਮੇਂ ਸੰਸਾਰ ਪੂੰਜੀਵਾਦ ਅਤੇ ਇਸਦੇ ਸਰਦਾਰ ਅਮਰੀਕੀ ਸਾਮਰਾਜ ਨੇ ਤੇਜੀ ਨਾਲ ਹਮਲਾਵਰ ਰੁਖ ਅਖਤਿਆਰ ਕੀਤਾ। ਪੂੰਜੀਵਾਦੀ ਦੀਆਂ ਵਿਸ਼ਵੀਕਰਨ-ਉਦਾਰੀਕਰਨ-ਨਿੱਜੀਕਰਨ ਦੀਆਂ ਨਵੀਆਂ ਆਰਥਿਕ ਨੀਤੀਆਂ ਦੇ ਧੂੰਆਂਧਾਰ ਪ੍ਰਚਾਰ ਤੇ ਪਸਾਰ ਨੇ ਗਲੋਬਲ ਆਰਥਿਕਤਾ ਦਾ ਮੁਹਾਂਦਰਾ ਬਦਲ ਦਿੱਤਾ। ਸਾਮਰਾਜੀ ਵਿੱਤੀ ਪੂੰਜੀ ਦਾ ਬੇਥਾਹ-ਬੇਰੋਕ ਸੰਸਾਰਵਿਆਪੀ ਪ੍ਰਵਾਹ ਅਤੇ ਉੱਨਤ ਤਕਨੀਕ ਦੇ ਤੇਜ ਫੈਲਾਅ ਨੇ ਕੁੱਲ ਦੁਨੀਆਂ ਦੀ ਦੌਲਤ ਦਾ ਵੱਡਾ ਹਿੱਸਾ ਕੁਝ ਕੁ ਲੋਕਾਂ ਦੇ ਹੱਥਾਂ ਵਿੱਚ ਇਕੱਤਰ ਕਰ ਦਿੱਤਾ ਅਤੇ ਬਹੁਗਿਣਤੀ ਲੋਕਾਂ ਨੂੰ ਆਧੁਨਿਕ ਗੁਲਾਮੀ ਵੱਲ ਧੱਕ ਦਿੱਤਾ।

ਦੁਨੀਆਂ ਭਰ ਦੇ ਮੁਲਕਾਂ ਵਿੱਚ ਸਥਾਨਕ ਅਤੇ ਕੌਮਾਂਤਰੀ ਪੱਧਰ ਤੇ ਵੱਧ ਰਹੇ ਵਪਾਰਕ, ਭੂ-ਸਿਆਸੀ ਤੇ ਸਰਹੱਦੀ ਝਗੜੇ, ਵੱਧਦੀ ਗਰੀਬੀ, ਭੁੱਖਮਰੀ ਅਤੇ ਜੰਗੀ ਹਾਲਾਤ ਲੋਕਾਂ ਨੂੰ ਆਪਣੇ ਘਰ, ਉਜਾੜੇ ਦਾ ਸ਼ਿਕਾਰ ਹੋਏ, 2.6 ਕਰੋੜ ਸ਼ਰਨਾਰਥੀ ਬਣੇ ਅਤੇ 4.8 ਕਰੋੜ ਲੋਕ ਦੇਸ਼ ਅੰਦਰਲੇ ਉਜਾੜੇ ਦਾ ਸ਼ਿਕਾਰ ਹੋਏ। 80% ਲੋਕਾਂ ਨੇ ਭੋਜਨ ਅਸੁਰੱਖਿਆ ਅਤੇ ਕੁਪੋਸ਼ਣ ਤੋਂ ਪੀੜਤ ਹੋਕੇ ਪ੍ਰਵਾਸ ਕਰਨ ਦਾ ਰਾਹ ਚੁਣਿਆ ਅਤੇ 5% ਔਰਤਾਂ ਲਿੰਗ ਅਧਾਰਿਤ ਵਖਰੇਵੇਂ ਕਾਰਨ ਆਪਣਾ ਵਤਨ ਛੱਡ ਗਈਆਂ। ਇਹ ਮਨੁੱਖੀ ਉਜਾੜਾ ਸੀਰੀਆ, ਵੈਨਜ਼ੂਏਲਾ, ਅਫਗਾਨਿਸਤਾਨ, ਦੱਖਣੀ ਸੁਡਾਨ, ਮੀਆਂਮਾਰ, ਯੂਕਰੇਨ ਆਦਿ ਮੁਲਕਾਂ ਵਿੱਚੋਂ ਵੱਧ ਹੋਇਆ।

ਪਿਛਲੇ ਕੁਝ ਦਹਾਕਿਆਂ ਤੋਂ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਆਪਣੇ ਸਰਮਾਏ ਅਤੇ ਉੱਨਤ ਤਕਨੀਕ ਦੇ ਜੋਰ ਸਿਰ ਆਪਣੇ ਸਨਅਤੀ ਵਿਕਾਸ ਲਈ ਪੱਛੜੇ ਮੁਲਕਾਂ ਦੀ ਸਸਤੀ ਲੇਬਰ ਨੂੰ ਕੱਚੇ-ਪੱਕੇ ਕਾਮਿਆਂ ਵਜ਼ੋਂ ਵੱਡੀ ਪੱਧਰ ਉੱਤੇ ਆਪਣੇ ਦੇਸ਼ਾਂ ਵਿੱਚ ਖਿੱਚਣ ਲਈ ਆਪਣੀਆਂ ਇਮੀਗ੍ਰੇਸ਼ਨ, ਸਿੱਖਿਆ ਅਤੇ ਵਿਦੇਸ਼ੀ ਨੀਤੀਆਂ ਵਿੱਚ ਖਾਸ ਸੋਧਾਂ ਕੀਤੀਆਂ। ਉਦਯੋਗ ਤੇ ਖੇਤੀਬਾੜੀ ਖੇਤਰ ਦਾ ਡਿਜੀਟਲਾਈਜੇਸ਼ਨ, ਕੰਪਿਊਟਰੀਕਰਨ, ਆਨਲਾਇਨ ਸਿੱਖਿਆ ਅਤੇ ਵੱਖ-ਵੱਖ ਖੇਤਰਾਂ ਵਿੱਚ ਵੱਧ ਰਹੀ ਮਸਨੂਈ ਬੌਧਿਕਤਾ ਦੀ ਵਰਤੋਂ ਪੱਛੜੇ ਮੁਲਕਾਂ ਤੋਂ ਬੌਧਿਕ ਹੂੰਝਾ (ਬ੍ਰੇਨ ਡ੍ਰੇਨ) ਫੇਰ ਰਹੀ ਹੈ। ਇਹਨਾਂ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਆਪਣੇ ਖੇਤੀਬਾੜੀ, ਢੋਆ-ਢੁਆਈ, ਕਸਾਈ, ਭੋਜਨ ਸਪਲਾਈ, ਉਦਯੋਗ ਆਦਿ ਘੱਟ ਹੁਨਰਮੰਦ ਖੇਤਰਾਂ ਲਈ ਘੱਟ ਸਿਖਲਾਈ ਅਤੇ ਘੱਟ ਉਜ਼ਰਤਾਂ ਵਾਲੇ ਕਾਮਿਆਂ ਲਈ ‘ਅਸਥਾਈ ਪ੍ਰੋਗਰਾਮ’ ਅਤੇ ਇੰਜੀਨੀਅਰ, ਬਿਜ਼ਨਿਸ ਮੈਨੇਜਮੈਂਟ, ਅਕਾਊਂਟੈਂਟ, ਮੈਡੀਕਲ ਆਦਿ ਖੇਤਰਾਂ ਦੇ ਹੁਨਰਮੰਦ ਕਾਮਿਆਂ ਲਈ ‘ਸਥਾਈ’ ਪ੍ਰੋਗਰਾਮ ਲਿਆਂਦੇ। ਸਿੱਖਿਆ ਦੇ ਖੇਤਰ ਨੂੰ ਵਪਾਰ ਅਤੇ ਸਸਤੇ ਹੁਨਰਮੰਦ ਕਾਮੇ ਹਾਸਲ ਕਰਨ ਦਾ ਸਭ ਤੋਂ ਵੱਡਾ ਸਾਧਨ ਬਣਾਇਆ ਗਿਆ। ਸਿੱਖਿਆ ਦੇ ਵਪਾਰੀਕਰਨ ਦੀ ਇਸ ਨੀਤੀ ਨੇ ਸਿੱਖਿਆ ਜੋ ਕਿ ਗਿਆਨ ਹਾਸਲ ਕਰਨ ਦਾ ਉੱਤਮ ਮਾਧਿਅਮ ਹੈ, ਦੇ ਮਹੱਤਵ ਨੂੰ ਘਟਾਕੇ ਪ੍ਰਵਾਸ ਕਰਨ ਅਤੇ ਰੁਜਗਾਰ ਹਾਸਲ ਕਰਨ ਤੱਕ ਸੀਮਿਤ ਕਰ ਦਿੱਤਾ। ਜਿਨ੍ਹਾਂ ਦੇਸ਼ਾਂ ਤੋਂ ਪ੍ਰਵਾਸ ਹੋ ਰਿਹਾ ਹੈ ਉਹਨਾਂ ਦੇਸ਼ਾਂ ਵਿੱਚ ਸਿੱਖਿਆ ਖੇਤਰ ਦੇ ਵਪਾਰੀਕਰਨ-ਨਿੱਜੀਕਰਨ ਦੇ ਨਾਲ-ਨਾਲ ਉੱਥੋਂ ਦੇ ਸੱਭਿਆਚਾਰ, ਭਾਸ਼ਾ ਅਤੇ ਸਮਾਜਿਕ ਸਬੰਧਾਂ ਵਿੱਚ ਵੀ ਅਨੇਕਾਂ ਵਿਗਾੜ ਪੈਦਾ ਹੋਏ ਹਨ। ਅਤੇ ਜਿਨ੍ਹਾਂ ਦੇਸ਼ਾਂ ਵਿੱਚ ਪ੍ਰਵਾਸ ਹੋ ਰਿਹਾ ਹੈ ਉੱਥੇ ਭਾਸ਼ਾ ਦੀਆਂ ਰੁਕਾਵਟਾਂ, ਸੱਭਿਆਚਾਰਕ ਸ਼ਹਿਣਸ਼ੀਲਤਾ, ਵਿਤਕਰੇਬਾਜੀ, ਰੁਜਗਾਰ ਅਤੇ ਵਸੇਬੇ ਦੀਆਂ ਅਨੇਕਾਂ ਮੁਸ਼ਕਲਾਂ ਖੜੀਆਂ ਹੁੰਦੀਆਂ ਹਨ।

ਹੁਣ ਬਦਲ ਰਹੀਆਂ ਸੰਸਾਰ ਹਾਲਤਾਂ ਦੇ ਮੱਦੇਨਜ਼ਰ ਇਮੀਗ੍ਰੇਸ਼ਨ ਨੀਤੀਆਂ ਵਿੱਚ ਬਦਲਾਅ ਆ ਰਹੇ ਹਨ। ਪ੍ਰਵਾਸੀਆਂ ਨੂੰ ਇੱਕ ਨਿਸ਼ਚਿਤ ਸਮੇਂ ਤੱਕ ਸਥਾਨਕ ਨਿਵਾਸੀਆਂ ਵਾਲੀਆਂ ਸਹੂਲਤਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਪੱਛਮੀ ਉਦਾਰ ਲੋਕਤੰਤਰਾਂ ਦੀਆਂ ਕਲਿਆਣਕਾਰੀ ਨੀਤੀਆਂ ਲਗਾਤਾਰ ਖੁਰ ਰਹੀਆਂ ਹਨ। ਜਨਤਕ ਸਹੂਲਤਾਂ ਦਾ ਭੋਗ ਪਾਕੇ ਨਿੱਜੀਕਰਨ ਨੂੰ ਤੇਜ ਕੀਤਾ ਜਾ ਰਿਹਾ ਹੈ। ਲੋਕਾਂ ਉਪਰ ਟੈਕਸ ਤੇ ਮਹਿੰਗਾਈ ਦਾ ਬੋਝ ਲਗਾਤਾਰ ਵੱਧ ਰਿਹਾ ਹੈ। ਇਮੀਗ੍ਰੇਸ਼ਨ ਨੀਤੀਆਂ ਸਖਤ ਕੀਤੀਆਂ ਜਾ ਰਹੀਆਂ ਹਨ। ਪੱਕੇ ਰੁਜਗਾਰ ਦੀ ਥਾਂ ਰੁਜਗਾਰ ਦਾ ਠੇਕੇਦਾਰੀਕਰਨ ਕੀਤਾ ਜਾ ਰਿਹਾ ਹੈ। ਕੰਮ ਘੰਟੇ ਵੱਧ ਤੇ ਉਜਰਤਾਂ ਘੱਟ ਰਹੀਆਂ ਹਨ। ਸਥਾਈ ਨਾਗਰਿਕਤਾ ਤੇ ਪੱਕੀਆਂ ਸਹੂਲਤਾਂ ਤੇ ਕੱਟ ਲਾਏ ਜਾ ਰਹੇ ਹਨ।

ਏਸ਼ੀਆ, ਅਫਰੀਕਾ ਤੇ ਦੱਖਣੀ ਅਮਰੀਕੀ ਮਹਾਂਦੀਪਾਂ ਦੇ ਅਨੇਕਾਂ ਪੱਛੜੇ ਮੁਲਕਾਂ ਤੋਂ ਵਿਕਸਿਤ ਪੂੰਜੀਵਾਦੀ ਮੁਲਕਾਂ ਵਿੱਚ ਦਾਖਲ ਹੋਏ ਸਰਨਾਰਥੀ ਅਤੇ ਗੈਰਕਾਨੂੰਨੀ ਪ੍ਰਵਾਸੀਆਂ ਲਈ ਪੱਕੇ ਹੋਣ ਲਈ ਮਹਿੰਗੇ, ਲੰਮੇ ਤੇ ਗੁੰਝਲਦਾਰ ਪ੍ਰੋਗਰਾਮ ਬਣਾਏ ਜਾ ਰਹੇ ਹਨ। ਅਮਰੀਕਾ ਨੇ ਦੱਖਣੀ ਅਤੇ ਮੱਧ ਅਮਰੀਕੀ ਮੁਲਕਾਂ ਵਿੱਚੋਂ ਮੈਕਸੀਕੋ ਸਰਹੱਦ ਰਾਹੀਂ ਹੋ ਰਹੇ ਪ੍ਰਵਾਸ ਨੂੰ ਕਾਬੂ ਕਰਨ ਲਈ ਜਿੱਥੇ ਆਪਣੇ ਬਜ਼ਟ ਦਾ ਵੱਡਾ ਹਿੱਸਾ ਸਰਹੱਦੀ ਕੰਧ ਉਸਾਰਨ ਅਤੇ ਸਰਹੱਦੀ ਸੁਰੱਖਿਆ ਦਸਤਿਆਂ ਉੱਤੇ ਖਰਚ ਕੀਤਾ ਉੱਥੇ ਇਮੀਗ੍ਰੇਸ਼ਨ ਨੀਤੀਆਂ ਵਿੱਚ ਸਖਤੀ (ਬਿਲ 45) ਵਰਤੀ ਜਾ ਰਹੀ ਹੈ। ਨੇੜ ਭਵਿੱਖ ਵਿੱਚ ਇਹ ਸੰਕਟ ਹੋਰ ਵੱਧ ਤੇਜ ਹੋਣ ਦੇ ਸੰਕੇਤ ਦੇ ਰਿਹਾ ਹੈ। ਦੱਖਣੀ ਤੇ ਮੱਧ ਅਮਰੀਕਾ ਵਿੱਚ ਸਾਮਰਾਜੀ ਵਿੱਤੀ ਪੂੰਜੀ ਦੇ ਉਜਾੜੇ ਤੋਂ ਪੈਦਾ ਹੋਏ ਆਰਥਿਕ-ਸਿਆਸੀ ਸੰਕਟ ਕਰਕੇ ਲੋਕਾਂ ਉੱਤੇ ਜਬਰ ਤੇ ਲੁੱਟ ਵੱਧ ਰਹੇ ਹਨ। ਇਹਨਾਂ ਖੇਤਰਾਂ ਵਿੱਚ ਹਿੰਸਾ, ਰਾਜਪਲਟੇ, ਲੋਕਤੰਤਰੀ ਤਾਨਾਸ਼ਾਹੀ, ਸੰਸਾਰ ਬੈਂਕ ਤੇ ਆਈਐਮਐਫ ਦੇ ਕਰਜ਼ ਤੇ ਵਪਾਰਕ ਸਮਝੌਤੇ ਲੋਕਾਂ ਨੂੰ ਉਜਾੜੇ ਲਈ ਮਜ਼ਬੂਰ ਕਰ ਰਹੇ ਹਨ। ਇਸ ਮਹਾਂਦੀਪ ਦੇ ਜਲ, ਜੰਗਲ ਤੇ ਜ਼ਮੀਨ ਦੇ ਉਜਾੜੇ ਤੋਂ ਬਿਨਾਂ ਜਲਵਾਯੂ ਤਬਦੀਲੀਆਂ ਵੱਡਾ ਖਤਰਾ ਬਣੀਆਂ ਹੋਈਆਂ ਹਨ। ਇਸ ਖਿੱਤੇ ਵਿੱਚ ਜੰਗਲਾਂ ਦੀ ਕਟਾਈ, ਜੰਗਲੀ ਅੱਗ ਅਤੇ ਸੋਕੇ ਕਾਰਨ ਕੌਫੀ, ਗੰਨਾ, ਸੋਇਆਬੀਨ, ਮੱਕੀ ਆਦਿ ਫਸਲੀ ਤਬਾਹੀ ਬਹੁਗਿਣਤੀ ਲੋਕਾਂ ਦੇ ਉਜਾੜੇ ਦਾ ਕਾਰਨ ਬਣ ਰਹੀ ਹੈ। ਅਮਰੀਕਾ ਭੁੱਖ ਨਾਲ ਜੂਝ ਰਹੇ ਦੱਖਣੀ ਤੇ ਮੱਧ ਅਮਰੀਕਾ ਦੇ ਲੋਕਾਂ ਦੇ ਦਾਖਲੇ ਨੂੰ ਰੋਕਣ ਲਈ ਮੈਕਸੀਕੋ ਨੂੰ ਵਿਸ਼ੇਸ਼ ਫੰਡਿਗ ਕਰ ਰਿਹਾ ਹੈ ਤੇ ਮੱਧ ਅਮਰੀਕਾ ਵਿੱਚ ਪ੍ਰਵਾਸੀਆਂ ਦੇ ਦਾਖਲੇ ਤੇ ਰੋਕ ਲਈ ਵਿਸ਼ੇਸ਼ ਚੌਂਕੀਆਂ ਸਥਾਪਤ ਕਰ ਰਿਹਾ ਹੈ। ਉੱਤਰੀ ਅਮਰੀਕਾ ਵੱਡੀ ਪੱਧਰ ਤੇ ਦੱਖਣੀ ਤੇ ਮੱਧ ਅਮਰੀਕਾ ਦੇ ਕੁਦਰਤੀ ਸ੍ਰੋਤਾਂ ਨੂੰ ਹੜੱਪ ਰਿਹਾ ਹੈ ਤੇ ਆਪਣਾ ਕੂੜਾ ਤੇ ਉਦਯੋਗਾਂ ਦੇ ਗੰਦਲੇ ਪਾਣੀ ਦਾ ਨਿਕਾਸ ਇਹਨਾਂ ਮੁਲਕਾਂ ਵਿੱਚ ਕਰ ਰਿਹਾ ਹੈ। ਅਮਰੀਕਾ ਨੇ ਮੱਧ ਏਸ਼ੀਆ ਵਿੱਚ ‘ਦਹਿਸ਼ਤਗਰਦੀ ਖਿਲਾਫ ਜੰਗ’ ਅਤੇ ਮੱਧ ਅਮਰੀਕਾ ਵਿੱਚ ‘ਨਸ਼ਿਆਂ ਖਿਲਾਫ ਜੰਗ’ ਦੇ ਨਾਮ ਹੇਠ ਜੰਗਾਂ ਤੇ ਰਾਜਪਲਟੇ ਕੀਤੇ/ਕਰਵਾਏ ਹਨ। ਮਿਲਟਨ ਫਰਾਇਡਮੈਨ ਮੁਤਾਬਕ ‘ਗੈਰ ਕਾਨੂੰਨੀ ਇਮੀਗ੍ਰੇਸ਼ਨ ਅਮਰੀਕਾ ਲਈ ਉਦੋਂ ਤੱਕ ਹੀ ਚੰਗੀ ਹੈ ਜਦੋਂ ਤੱਕ ਉਹ ਗੈਰ ਕਾਨੂੰਨੀ ਹੈ।’ ਭਾਵ ਗੈਰ ਕਾਨੂੰਨੀ ਕਾਮੇ ਜਿੱਥੇ ਸਸਤੀ ਮਜ਼ਦੂਰੀ ਦਾ ਸਾਧਨ ਹੁੰਦੇ ਹਨ ਉੱਥੇ ਉਹਨਾਂ ਨੂੰ ਸਥਾਈ ਨਾਗਰਿਕਾ ਵਾਲੀਆਂ ਸਹੂਲਤਾਂ ਤੋਂ ਵੀ ਵਾਂਝੇ ਰੱਖਿਆ ਜਾਂਦਾ ਹੈ। ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮੰਦੀ ਹਾਲਤ ਅਤੇ ਦੇਸ਼-ਨਿਕਾਲੇ ਦੀ ਨੀਤੀ ਪ੍ਰਵਾਸ ਸੰਕਟ ਦਾ ਅਟੁੱਟ ਹਿੱਸਾ ਹੈ।

ਯੂਰਪ ਵਿੱਚ ਏਸ਼ੀਆ ਖਾਸਕਰ ਜੰਗੀ ਉਜਾੜੇ ਦਾ ਸ਼ਿਕਾਰ ਮੱਧ ਏਸ਼ੀਆ ਦੇ ਦੇਸ਼ਾਂ ਵਿੱਚੋਂ ਸਭ ਤੋਂ ਵੱਧ ਪ੍ਰਵਾਸ ਹੋਇਆ। ਇੰਗਲੈਂਡ ਦਾ ਯੂਰਪੀਅਨ ਯੂਨੀਅਨ ਤੋਂ ਬਾਹਰ ਨਿਕਲਣਾ ਅਤੇ ਹੁਣ ਪ੍ਰਵਾਸ ਨੂੰ ਰੋਕਣ ਲਈ ਸਖਤ ਇਮੀਗ੍ਰੇਸ਼ਨ ਕਾਨੂੰਨ ਲਿਆਉਣੇ ਉੱਭਰ ਰਹੇ ਆਰਥਿਕ ਸੰਕਟ ਦਾ ਨਤੀਜਾ ਹਨ। ਯੂਰਪ ਦੇ ਨੌਰਡਿਕ ਦੇਸ਼ ਪਹਿਲਾਂ ਹੀ ਗੈਰ ਕਾਨੂੰਨੀ ਪ੍ਰਵਾਸ ਪ੍ਰਤੀ ਸਖਤੀ ਨਾਲ ਪੇਸ਼ ਆ ਰਹੇ ਹਨ। ਸਾਮਰਾਜੀ ਦੇਸ਼ਾਂ ਵੱਲੋਂ ਇੱਕ ਹੱਥ ਦੁਨੀਆਂ ਭਰ ਦੇ ਅਨੇਕਾਂ ਦੇਸ਼ਾਂ ਵਿੱਚ ਨਿਹੱਕੀਆਂ ਜੰਗਾਂ ਲਾ ਕੇ ਉਜਾੜਾ ਪੈਦਾ ਕੀਤਾ ਜਾ ਰਿਹਾ ਹੈ ਅਤੇ ਦੂਸਰੇ ਹੱਥ ਜੰਗੀ ਸਹਿਯੋਗੀ ਗੁੱਟ ਵਾਲੇ ਮੁਲਕਾਂ ਨੂੰ ਸਰਨਾਰਥੀ ਕੋਟਾ ਲਾ ਕੇ ਜੰਗੀ ਉਜਾੜੇ ਦਾ ਸ਼ਿਕਾਰ ਨਿਗੂਣੀ ਗਿਣਤੀ ਨੂੰ ਪਨਾਹ ਦੇ ਕੇ ਆਪਣੇ ਸਿਆਸੀ ਤੇ ਕੂਟਨੀਤਿਕ ਮਨਸੂਬੇ ਹਾਸਲ ਕੀਤੇ ਜਾ ਰਹੇ ਹਨ।

ਪੱਛਮੀ ਉਦਾਰਵਾਦੀ ਤੇ ਰੂੜੀਵਾਦੀ ਮੀਡੀਆ ਪ੍ਰਵਾਸ ਸੰਕਟ ਨੂੰ ਪੱਛੜੇ ਮੁਲਕਾਂ ਵਿੱਚੋਂ ਪੈਦਾ ਹੋਇਆ ਸੰਕਟ ਆਖਕੇ ਭੰਡ ਰਿਹਾ ਹੈ ਜਦਕਿ ਅਸਲੀਅਤ ਇਹ ਹੈ ਕਿ ਅਸਾਵੇਂ ਵਿਕਾਸ ਤਹਿਤ ਪੱਛੜੇ ਮੁਲਕਾਂ ਵਿੱਚ ਇਹ ਸੰਕਟ ਸਾਮਰਾਜੀ ਦੇਸ਼ਾਂ ਵੱਲੋਂ ਖੜਾ ਕੀਤਾ ਗਿਆ ਸੰਕਟ ਹੈ। ਵਧੇਰੇ ਸਪੱਸ਼ਟ ਕਹਿਣਾ ਹੋਵੇ ਤਾਂ ਪ੍ਰਵਾਸ ਸੰਕਟ ਅਸਲ ਅਰਥਾਂ ਵਿੱਚ ਪੂੰਜੀਵਾਦੀ ਸੰਕਟ ਹੈ। ਇਹ ਸੰਕਟ ਲੁੱਟ ਤੇ ਮੰਡੀ ਉੱਤੇ ਕਬਜੇ ਦੀਆਂ ਬਸਤੀਵਾਦੀਆਂ ਨੀਤੀਆਂ ਦੀ ਇੱਕ ਕੜੀ ਹੈ। ਸੱਤਾ ਦੇ ਕੇਂਦਰ ਵੱਡੀ ਪੱਧਰ ਤੇ ਸੰਸਾਰ ਦੇ ਅਨੇਕਾਂ ਹਿੱਸਿਆਂ ਦੇ ਸ੍ਰੋਤਾਂ ਨੂੰ ਲੁੱਟ ਰਹੇ ਹਨ ਅਤੇ ਸਰਹੱਦੀ ਰਾਜਨੀਤੀ ਤਹਿਤ ਲੋਕਾਂ ਦੇ ਉਜਾੜੇ ਦੇ ਹਾਲਤ ਅਤੇ ਬੇਲੋੜਾ ਤਣਾਅ ਪੈਦਾ ਕਰ ਰਹੇ ਹਨ। ਪੰਜਾਬ ਵਿੱਚ ਪ੍ਰਵਾਸੀ ਕਾਮਿਆ ਦੇ ਵਿਰੋਧ ਦੀ ਸੁਰ ਤੋਂ ਲੈ ਕੇ ਕੌਮਾਂਤਰੀ ਪੱਧਰ ਤੱਕ ਪ੍ਰਵਾਸੀਆਂ ਪ੍ਰਤੀ ਨਫਰਤ ਨਸਲੀ ਤੇ ਇਜਾਰੇਦਾਰ ਪੂੰਜੀਵਾਦ ਦਾ ਸਿੱਟਾ ਹੈ। ਇਹ ਸਥਾਨਕ ਤੇ ਪ੍ਰਵਾਸੀ ਕਾਮਿਆਂ ਵਿਚਕਾਰ ਵਿਰੋਧ ਖੜਾ ਕਰਦਾ ਹੈ ਅਤੇ ਦੋਨਾਂ ਦੀ ਲੁੱਟ ਕਰਦਾ ਹੈ।

ਪੂੰਜੀਵਾਦ ਦਾ ਸੰਕਟ ਤੇਜੀ ਨਾਲ ਵੱਧ ਰਿਹਾ ਹੈ ਅਤੇ ਹੋਰ ਵੱਧ ਫਾਸ਼ੀ ਰੂਪ ਅਖਤਿਆਰ ਕਰਦਾ ਜਾ ਰਿਹਾ ਹੈ। ਪੂੰਜੀਵਾਦ ਦੇ ਲੁਟੇਰੇ ਖਾਸੇ ਕਰਕੇ ਵਿਸ਼ਵ ਅੰਦਰ ਇੱਕ ਵੱਡਾ ਵਾਤਾਵਰਨਕ ਸੰਕਟ ਪੈਦਾ ਹੋਣ ਨਾਲ ਵੱਡੇ ਪੱਧਰ ’ਤੇ ਮੌਸਮੀ ਤਬਦੀਲੀਆਂ ਹੋ ਰਹੀਆਂ ਹਨ। ਤੂਫ਼ਾਨ, ਮੀਂਹ, ਸੋਕੇ, ਜੰਗਲੀ ਅੱਗਾਂ, ਵਧਦੀ ਗਰਮੀ ਨਾਲ ਗਲੇਸ਼ੀਅਰ ਪਿਘਲ ਰਹੇ ਹਨ ਅਤੇ ਫ਼ਸਲਾਂ ਦੀ ਪੈਦਾਵਾਰ ਵਿੱਚ ਅਨਿਸ਼ਚਤਾ ਆ ਰਹੀ ਹੈ, ਦੁਨੀਆਂ ਵਿੱਚ ਖਾਧ ਸੰਕਟ ਪੈਦਾ ਹੋ ਰਿਹਾ ਹੈ, ਉਪਜਾਊ ਜ਼ਮੀਨ ਦਾ ਰਕਬਾ ਘਟ ਰਿਹਾ ਹੈ, ਪਸ਼ੂਆਂ ਦੇ ਚਾਰੇ ਦੀ ਸਮੱਸਿਆਂ ਪੈਦਾ ਹੋ ਰਹੀ ਹੈ, ਰੂਸ ਯੂਕਰੇਨ ਲਮਕਦੀ ਜੰਗ ਸੰਸਾਰ ਅੰਦਰ ਅੰਨ ਸੰਕਟ ਪੈਦਾ ਕਰ ਰਹੀ ਹੈ, ਵਾਤਰਵਰਨ ਸੰਕਟ ਕਾਰਨ ਖੇਤੀ ਅਧੀਨ ਰਕਬਾ ਘਟਣ ਨਾਲ ਜ਼ਮੀਨਾਂ ’ਤੇ ਕਬਜ਼ੇ ਨੂੰ ਲੈ ਕੇ ਸੰਸਾਰ ਅੰਦਰ ਦੌੜ ਤੇਜ਼ ਹੋ ਰਹੀ ਹੈ। ਇਸ ਨਾਲ ਪਰਵਾਸ ਦਾ ਸੰਕਟ ਹੋਰ ਵਧ ਰਿਹਾ ਹੈ। ਹਾਲਾਂਕਿ 21ਵੀਂ ਸਦੀ ਵਿੱਚ ਪੈਦਾਵਾਰੀ ਸ਼ਕਤੀਆਂ ਦਾ ਤੇਜ਼ੀ ਨਾਲ ਵਿਕਾਸ ਹੋ ਰਿਹਾ ਅਤੇ ਮਸਨੂਈ ਬੌਧਿਕਤਾ ਨੇ ਪੈਦਾਵਾਰ ਵਧਾਉਣ ਦੇ ਵੱਡੇ ਮੌਕੇ ਪੈਦਾ ਕਰ ਦਿੱਤੇ ਪਰ ਪੂੰਜੀਵਾਦ ਦੇ ਲੁਟੇਰੇ ਖਾਸੇ ਕਰਕੇ ਇਨ੍ਹਾਂ ਬੌਧਿਕ ਸ਼ਕਤੀਆਂ ਨੂੰ ਪੂੰਜੀਵਾਦੀ ਪ੍ਰਬੰਧ ਅੰਦਰ ਵਰਤ ਸਕਣ ਦੀਆਂ ਸੰਭਾਵਨਾਵਾਂ ਨਹੀਂ ਹਨ। ਇਸ ਕਰਕੇ ਹੋਰ ਸੰਕਟਾਂ ਵਾਂਗ ਪਰਵਾਸ ਦਾ ਸੰਕਟ ਵੀ ਪੂੰਜੀਵਾਦੀ ਪ੍ਰਬੰਧ ਦਾ ਪੈਦਾ ਕੀਤਾ ਹੋਇਆ ਸੰਕਟ ਹੈ। ਇਹਨਾਂ ਹਲਾਤਾਂ ਨਾਲ ਨਜਿੱਠਣ ਲਈ ਦੁਨੀਆਂ ਭਰ ਵਿੱਚ ਪ੍ਰਵਾਸੀ ਕਾਮਿਆਂ ਨੂੰ ਸੰਗਠਿਤ ਹੋਕੇ ਸਥਾਨਕ ਕਾਮਿਆਂ ਨਾਲ ਜਮਾਤੀ-ਤਬਕਾਤੀ ਸਾਂਝ ਨੂੰ ਵਧਾਉਣਾ ਚਾਹੀਦਾ ਹੈ। ਪ੍ਰਵਾਸ ਸੰਕਟ ਲਈ ਦੇਸ਼-ਨਿਕਾਲੇ ਦੇ ਖਾਤਮੇ, ਬਰਾਬਰ, ਮੁਫਤ ਤੇ ਖੁੱਲ੍ਹੀ ਇਮੀਗ੍ਰੇਸ਼ਨ, ਨਸਲੀ ਵਿਤਕਰੇ ਦਾ ਖਾਤਮਾ, ਪ੍ਰਵਾਸੀ ਕਾਮਿਆਂ ਦੀ ਲੁੱਟ ਤੇ ਜਬਰ ਬੰਦ ਕਰਨ, ਸਥਾਈ ਨਾਗਰਿਕਤਾ, ਸਥਾਨਕ ਨਿਵਾਸੀਆਂ ਦੇ ਬਰਾਬਰ ਹੱਕ, ਲੋਕਾਂ ਨੂੰ ਸੁਰੱਖਿਆ ਤੇ ਸਨਮਾਣ ਨਾਲ ਆਪਣੇ ਘਰਾਂ ਤੇ ਜਮੀਨਾਂ ਉੱਤੇ ਰਹਿਣ ਦੀ ਅਜਾਦੀ ਆਦਿ ਮੰਗਾਂ ਲਈ ਸੰਘਰਸ਼ ਕਰਦਿਆਂ ਲੁੱਟ-ਖਸੁੱਟ ਰਹਿਤ, ਸਰਬਪੱਖੀ ਵਿਕਾਸ ਅਤੇ ਸਰਹੱਦ ਮੁਕਤ ਸੰਸਾਰ ਦੀ ਸਿਰਜਣਾ ਵੱਲ ਅੱਗੇ ਵੱਧਣਾ ਚਾਹੀਦਾ ਹੈ।



*ਜਥੇਬੰਦਕ ਧਰਮਾਂ ਦਾ ਮਾਇਆਜਾਲ-6*

# ਕਰਮਕਾਂਡ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਇਸ ਲੇਖ ਲੜੀ ਦੇ ਪਹਿਲੇ ਭਾਗਾਂ ਵਿੱਚ ਅਸੀਂ ਚਰਚਾ ਕੀਤੀ ਸੀ ਕਿ ਧਰਮ ਦੀਆਂ ਦੋ ਵੱਡੀਆਂ ਸਮੱਸਿਆਵਾਂ ਧਰਮ ਦੀ ਕੁਦਰਤ ਬਾਰੇ ਫਿਲਾਸਫੀ ਤੇ ਧਰਮ ਪੁਜਾਰੀਆਂ ਵਲੋਂ ਬਣਾਈ ਮਰਿਯਾਦਾ ਨੂੰ ਸਦੀਵੀ ਸੱਚ ਮੰਨਣਾ ਹੈ। ਜਦਕਿ ਕੁਦਰਤ ਇੰਨੀ ਬੇਅੰਤ ਹੈ ਕਿ ਇਸਦਾ ਅੰਤ ਨਹੀਂ ਪਾਇਆ ਜਾ ਸਕਦਾ। ਪਰ ਹਰ ਧਰਮ ਕੁਦਰਤ ਦਾ ਅੰਤ ਪਾਉਣ ਦਾ ਦਾਅਵਾ ਹਜ਼ਾਰਾਂ ਸਾਲਾਂ ਤੋਂ ਕਰਦਾ ਆ ਰਿਹਾ ਹੈ ਤੇ ਧਰਮ ਗ੍ਰੰਥਾਂ ਦੇ ਵਿਚਾਰਾਂ ਨੂੰ ਰੱਬੀ ਬਾਣੀ ਕਹਿ ਕੇ ਇਸ ਤੇ ਕਿਸੇ ਤਰ੍ਹਾਂ ਦੀ ਵੀ ਚਰਚਾ ਕਰਨ ਤੇ ਪਾਬੰਦੀ ਲਗਾਉਂਦਾ ਹੈ, ਇਸ ਤੇ ਕਿੰਤੂ ਪ੍ਰੰਤੂ ਕਰਨ ਵਾਲਿਆਂ ਨੂੰ ਕਾਫਿਰ ਜਾਂ ਧਰਮ ਵਿਰੋਧੀ ਨਾਸਤਿਕ ਕਹਿ ਕੇ ਭੰਡਿਆ ਜਾਂਦਾ ਹੈ।ਇਸੇ ਤਰ੍ਹਾਂ ਧਰਮ ਪੁਜਾਰੀ ਆਪਣੀਆਂ ਬਣਾਈਆਂ ਮਰਿਯਾਦਾਵਾਂ ਰੂਪੀ ਬੇੜੀਆਂ ਵਿੱਚ ਮਨੁੱਖ ਨੂੰ ਜਕੜਨ ਲਈ ਇਸ ਨੂੰ ਅੰਤਿਮ ਸੱਚਾਈ ਜਾਂ ਰੱਬ ਦੀ ਬਣਾਈ ਮਰਿਯਾਦਾ ਬਣਾ ਕੇ ਪੇਸ਼ ਕਰਦਾ ਹੈ। ਇਸ ਕਾਰਨ ਸਾਰੇ ਧਰਮ ਸਮਾਂ ਪਾ ਕੇ ਪਿਛਾਂਹ ਖਿੱਚੂ ਸੋਚ ਦੇ ਧਾਰਨੀ ਬਣ ਜਾਂਦੇ ਹਨ। ਆਪਣੀ ਇਸ ਪਿਛਾਂਹ ਖਿੱਚੂ ਸੋਚ ਨਾਲ ਉਹ ਮਨੁੱਖ ਨੂੰ ਮਾਨਸਿਕ ਗੁਲਾਮ ਬਣਾਉਂਦੇ ਹਨ।

ਇਸ ਆਰਟੀਕਲ ਵਿੱਚ ਅਸੀਂ ਲੋਭ-ਲਾਲਚ ਆਧਾਰਿਤ ਨਕਲੀ ਧਰਮ ਦੀ ਚਰਚਾ ਕਰਾਂਗੇ। ਵੱਖ-ਵੱਖ ਧਰਮਾਂ ਵਿੱਚ ਮਨੁੱਖੀ ਮਨ ਦੀਆਂ ਪੰਜ ਪ੍ਰਮੁੱਖ ਕਮਜ਼ੋਰੀਆਂ ਵਿੱਚੋਂ ਲੋਭ ਨੂੰ ਇੱਕ ਪ੍ਰਮੁੱਖ ਕਮਜ਼ੋਰੀ ਮੰਨਿਆ ਗਿਆ ਹੈ। ਲੋਭ ਨੂੰ ਸਭ ਧਰਮਾਂ ਵਲੋਂ ਨਿੰਦਿਆਂ ਜਾਂਦਾ ਹੈ, ਲੋਭ ਬਾਰੇ ਧਰਮ ਗ੍ਰੰਥਾਂ ਵਿੱਚ ਅਨੇਕਾਂ ਕੁਝ ਲਿਖਿਆ ਮਿਲਦਾ ਹੈ। ਮਨੁੱਖ ਨੇ ਜੰਗਲੀ ਜੀਵਨ 'ਚੋਂ ਨਿਕਲ ਕੇ ਜਦੋਂ ਤੋਂ ਜੀਣਾ ਸਿੱਖਿਆ ਹੈ, ਲੋਭ ਇਸਦੀ ਜ਼ਿੰਦਗੀ ਦਾ ਹਮੇਸ਼ਾਂ ਅਹਿਮ ਅੰਗ ਰਿਹਾ ਹੈ। ਜੰਗਲੀ ਜੀਵਨ ਦੇ ਦੌਰ ਵਿੱਚ ਮਨੁੱਖ ਵੀ ਹੋਰ ਜਾਨਵਰਾਂ ਵਾਂਗ ਆਪਣੀ ਭੁੱਖ ਅਨੁਸਾਰ ਖਾ ਕੇ ਗੁਜ਼ਾਰਾ ਕਰਨ ਵਾਲਾ ਜੀਵ ਸੀ, ਪਰ ਜਿਉਂ ਹੀ ਇਸਨੇ ਸਭਿਅਕ ਮਨੁੱਖ ਦੇ ਤੌਰ 'ਤੇ ਜੀਣਾ ਸ਼ੁਰੂ ਕੀਤਾ, ਇਹ ਲੋਭ ਹੀ ਸੀ ਜਿਸਨੇ ਇਸਨੂੰ ਆਉਣ ਵਾਲ਼ੇ ਕੱਲ੍ਹ ਲਈ ਇਕੱਠਾ ਕਰਨ ਵੱਲ ਪ੍ਰੇਰਿਆ, ਫਿਰ ਇਹ ਕੱਲ੍ਹ ਤੋਂ ਪਰਸੋਂ ਤੇ ਫਿਰ ਅੱਗੇ ਹੀ ਅੱਗੇ ਤੁਰਦਾ ਅਗਲੀਆਂ ਪੁਸ਼ਤਾਂ ਲਈ ਵੀ ਇਕੱਠਾ ਕਰਨ ਲੱਗ ਪਿਆ। ਅਸਲ ਵਿੱਚ ਲੋਭ ਮਨੁੱਖ ਦੀ ਭਵਿੱਖ ਦੀ ਚਿੰਤਾ ਵਿੱਚੋਂ ਨਿਕਲਿਆ ਹੈ, ਉਸਨੂੰ ਅੱਜ ਨਾਲੋਂ ਕੱਲ੍ਹ ਦਾ ਜ਼ਿਆਦਾ ਫਿਕਰ ਹੈ। ਉਸਨੂੰ ਇਹ ਭੁੱਲ ਹੀ ਜਾਂਦਾ ਹੈ ਕਿ ਉਸਦੇ ਆਪਣੇ ਵਜੂਦ ਸਮੇਤ ਸਭ ਕੁਝ ਇੱਥੇ ਹੀ ਪੈਦਾ ਹੋਇਆ ਹੈ, ਇਥੇ ਹੀ ਇੱਕ ਦਿਨ ਖਤਮ ਹੋ ਜਾਵੇਗਾ। ਇੱਥੇ ਕੁਝ ਵੀ ਸਦੀਵੀ ਨਹੀਂ, ਸਭ ਕੁਝ ਜੰਮਣ-ਮਰਣ ਦੀ ਖੇਡ ਵਿੱਚ ਪਿਆ ਹੋਇਆ ਹੈ। ਇੱਥੇ ਜੰਮ ਕੇ, ਇੱਥੇ ਹੀ ਕੁਝ ਸਮਾਂ ਬਿਤਾ ਕੇ, ਇੱਥੇ ਹੀ ਖਤਮ ਹੋ ਕਿ ਫਿਰ ਨਵੇਂ ਰੂਪ ਵਿੱਚ ਪੈਦਾ ਹੋ ਜਾਂਦਾ ਹੈ। ਕੁਝ ਵੀ ਨਾ ਕਦੇ ਵਧਦਾ ਹੈ ਤੇ ਨਾ ਹੀ ਘਟਦਾ ਹੈ। ਕਰੋੜਾਂ ਸਾਲਾਂ ਤੋਂ ਇਥੇ ਰਹਿਣ ਵਾਲੇ ਖਾਂਦੇ ਥੱਕ ਗਏ ਹੋਣਗੇ, ਪਰ ਇਥੇ ਕੁਝ ਵੀ ਘਟਿਆ ਨਹੀਂ। ਸਾਇੰਸ ਦੀਆਂ ਖੋਜਾਂ ਨੇ ਵੀ ਇਹ ਸਿੱਧ ਕਰ ਦਿੱਤਾ ਹੈ ਕਿ ਮੈਟਰ ਕਦੇ ਵੀ ਨਾ ਘਟਦਾ ਹੈ ਤੇ ਨਾ ਹੀ ਵਧਦਾ ਹੈ, ਸਿਰਫ ਸ਼ਕਲ ਹੀ ਬਦਲਦਾ ਹੈ। ਇਹ ਸਾਰਾ ਪਸਾਰਾ ਇੱਕ ਵਾਰ ਹੀ ਪਸਰ ਗਿਆ ਸੀ। ਅਸੀਂ ਆਪਣੇ ਜੀਵਨ ਵਿੱਚ ਲੋੜ ਅਨੁਸਾਰ ਵਰਤ ਸਕਦੇ ਸੀ, ਪਰ ਮਨੁੱਖ ਦੀ ਲੋਭੀ ਬਿਰਤੀ ਨੇ ਹੀ ਬਹੁਤਾ ਇਕੱਠਾ ਕਰਨ ਦੀ ਦੌੜ ਸ਼ੁਰੂ ਕੀਤੀ, ਜਿਸ ਨਾਲ ਪਹਿਲੇ ਦੌਰ ਵਿੱਚ ਤਕੜੇ ਵਿਅਕਤੀ ਜਿਥੇ ਆਪਣੇ ਬੱਲ ਨਾਲ ਜਾਂ ਦਿਮਾਗ ਨਾਲ ਜ਼ਿਆਦਾ ਇਕੱਠਾ ਕਰ ਲੈਂਦੇ ਸਨ, ਉਥੇ ਬਾਅਦ ਵਿੱਚ ਇਹ ਤਕੜੇ ਵਿਅਕਤੀ ਆਪਣੇ ਗਰੁੱਪ ਜਾਂ ਕਬੀਲੇ ਬਣਾ ਕੇ ਕਮਜ਼ੋਰਾਂ ਤੇ ਹਮਲੇ ਕਰਕੇ ਖੋਹਣ ਲੱਗੇ। ਇਸੇ ਸੋਚ ਨੇ ਬਾਅਦ ਵਿੱਚ ਸਰੀਰਕ ਤੌਰ 'ਤੇ ਕਮਜ਼ੋਰਾਂ ਨੂੰ ਆਪਣੇ ਗੁਲਾਮ ਬਣਾ ਕੇ ਆਪਣੇ ਲਈ ਵੱਧ ਇਕੱਠਾ ਕਰਨ ਤੇ ਰਾਜ ਕਰਨ ਦੀ ਦੌੜ ਸ਼ੁਰੂ ਕੀਤੀ। ਜਿਸ ਨਾਲ ਸਮਾਜ ਵਿੱਚ ਕਾਣੀ ਵੰਡ ਸ਼ੁਰੂ ਹੋਈ।

ਧਰਮ ਗੁਰੂਆਂ ਨੇ ਮਨੁੱਖ ਨੂੰ ਹਮੇਸ਼ਾਂ ਲੋਭ ਤੋਂ ਬਚਣ ਤੇ ਸਬਰ ਸੰਤੋਖ ਨਾਲ ਜੀਣ ਦਾ ਸੰਦੇਸ਼ ਦਿੱਤਾ ਹੈ। ਹਜ਼ਾਰਾਂ ਧਰਮ ਗੁਰੂਆਂ ਦੇ ਹਜ਼ਾਰਾਂ ਸਾਲਾਂ ਦੇ ਪ੍ਰਚਾਰ ਵੀ ਮਨੁੱਖ ਨੂੰ ਸਬਰ ਸੰਤੋਖ ਵਾਲੀ ਜੀਵਨ ਜਾਚ ਨਹੀਂ ਦੇ ਸਕੇ। ਮਨੁੱਖ ਜਿਵੇਂ ਜਿਵੇਂ ਸੱਭਿਅਕ ਹੋਇਆ, ਤਿਵੇਂ ਤਿਵੇਂ ਹੀ ਉਹ ਹੋਰ ਲੋਭੀ ਲਾਲਚੀ ਹੁੰਦਾ ਗਿਆ। ਜਦੋਂ ਅਸੀਂ ਧਰਮ ਗ੍ਰੰਥ ਪੜ੍ਹਦੇ ਹਾਂ ਤੇ ਲੋਭ ਨੂੰ ਬੜਾ ਘਟੀਆ ਬਣਾ ਕੇ ਪੇਸ਼ ਕੀਤਾ ਗਿਆ ਦੇਖਦੇ ਹਾਂ, ਇਸਨੂੰ ਵੱਡੇ ਵਿਕਾਰਾਂ ਵਿੱਚ ਵੀ ਰੱਖਿਆ ਗਿਆ ਹੈ। ਪਰ ਇਸਦੇ ਬਾਵਜੂਦ ਵੀ ਮਨੁੱਖ ਸਬਰ, ਸੰਤੋਖ, ਵੰਡ ਕੇ ਛਕਣ ਵਾਲਾ, ਦੂਜਿਆਂ ਦੀ ਮੱਦਦ ਕਰਨ ਵਾਲਾ, ਸਰਬੱਤ ਦਾ ਭਲਾ ਮੰਗਣ ਵਾਲਾ ਕਿਉਂ ਨਹੀਂ ਬਣ ਸਕਿਆ? ਧਰਮ ਦੀਆਂ ਸਮੱਸਿਆਵਾਂ ਦੀ ਜਦੋਂ ਮੈਂ ਖੋਜ ਕਰ ਰਿਹਾ ਸੀ ਤਾਂ ਮੈਨੂੰ ਬੜੀ ਹੈਰਾਨੀ ਹੋਈ ਕਿ ਅਸਲ ਵਿੱਚ ਧਰਮ ਹੀ ਮਨੁੱਖ ਨੂੰ ਲੋਭੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ? ਧਰਮ, ਲੋਭ-ਲਾਲਚ ਦਾ ਵਿਰੋਧ ਕਰਕੇ ਵੀ, ਉਸਦੀ ਲੋਭੀ ਬਿਰਤੀ ਨੂੰ ਹੋਰ ਉਤੇਜਤ ਕਰਦਾ ਹੈ।

ਬੇਸ਼ੱਕ ਧਰਮ ਗ੍ਰੰਥ ਜੋ ਮਰਜ਼ੀ ਕਹਿਣ, ਪਰ ਧਰਮ ਪੁਜਾਰੀ ਮਨੁੱਖ ਨੂੰ ਲੋਭੀ ਬਣਾਉਂਦੇ ਤੇ ਬਣਾਏ ਰੱਖਣ ਵਿੱਚ ਆਪਣਾ ਪੂਰਾ ਯੋਗਦਾਨ ਪਾ ਰਹੇ ਹਨ। ਮਨੁੱਖ ਦੀ ਇਸ ਕਮਜ਼ੋਰੀ ਨੂੰ ਧਰਮ ਪੁਜਾਰੀ ਖੂਬ ਸਮਝਦਾ ਹੈ ਤੇ ਉਸਦਾ ਪੂਰਾ ਲਾਭ ਉਠਾਉਂਦਾ ਹੈ। ਭਵਿੱਖ ਪ੍ਰਤੀ ਮਨੁੱਖ ਦੀ ਚਿੰਤਾ ਵਿਚੋਂ ਹੀ ਜੋਤਿਸ਼ ਵਰਗਾ ਅਗਿਆਨ ਪੈਦਾ ਹੋਇਆ ਤੇ ਅੱਜ ਦੇ ਸਾਇੰਸੀ ਯੁੱਗ ਵਿੱਚ ਇਹ ਆਪਣਾ ਅਗਿਆਨ ਬਾਖੂਬੀ ਫੈਲਾ ਰਿਹਾ ਹੈ। ਮਨੁੱਖ ਲੋਭ ਵੱਸ, ਜਦੋਂ ਬਹੁਤਾ ਇਕੱਠਾ ਕਰਨ, ਦੂਜਿਆਂ ਦਾ ਹੱਕ ਮਾਰਨ, ਦੂਜਿਆਂ ਦਾ ਹੱਕ ਖੋਹਣ ਦੇ ਰਾਹ ਪੈਂਦਾ ਹੈ ਤੇ ਜਦੋਂ ਉਹ ਕਾਮਯਾਬ ਨਹੀਂ ਹੁੰਦਾ ਤਾਂ ਧਰਮ ਉਸਨੂੰ ਆਪਣੀ ਅਰਦਾਸ ਦਾ ਠੁੰਮਣ ਦਿੰਦਾ ਹੈ। ਮਨੁੱਖ ਜਦੋਂ ਲੋਭ ਵੱਸ ਹੋਰ ਇਕੱਠਾ ਕਰਨ ਜਾਂ ਜਿਹੜਾ ਇਕੱਠਾ ਕੀਤਾ ਹੋਇਆ, ਉਸਦੇ ਖੁਸ ਜਾਣ ਦੇ ਡਰੋਂ, ਜਦੋਂ ਧਰਮ ਦੀ ਸ਼ਰਨ ਜਾਂਦਾ ਹੈ ਤਾਂ ਧਰਮ ਪੁਜਾਰੀ ਉਸਨੂੰ ਧਰਮ ਗੁਰੂਆਂ ਵਲੋਂ ਦੱਸੇ ਸੱਚ ਦੇ ਮਾਰਗ ਤੇ ਪਾਉਣ ਦੀ ਥਾਂ ਕਹਿੰਦਾ ਹੈ ਕਿ ਮੈਨੂੰ ਡਾਲਰ ਭੇਟ ਕਰ, ਮੈਂ ਤੇਰੇ ਲਈ ਪ੍ਰਾਰਥਨਾ ਕਰਦਾ ਹਾਂ, ਅਰਦਾਸ ਕਰਦਾ ਹਾਂ, ਰੱਬ ਅੱਗੇ ਸਿਫਾਰਸ਼ ਕਰਦਾ ਹਾਂ, ਦਿਲੋਂ ਕੀਤੀ ਅਰਦਾਸ ਕਦੇ ਬਿਰਥੀ ਨਹੀਂ ਜਾਂਦੀ। ਫਲਾਣੇ ਪੀਰ ਦੀ ਕਬਰ ਤੇ ਸੁੱਖਣਾ ਸੁੱਖ, ਫਲਾਣੇ ਤੀਰਥ ਵਿੱਚ ਸੱਚੇ ਦਿਲੋਂ ਮੱਸਿਆ ਜਾਂ ਸੰਗਰਾਂਦ ਨੂੰ ਇਸ਼ਨਾਨ ਕਰ, ਫਲਾਣੇ ਸਥਾਨ 'ਤੇ ਚੱਲ ਰਹੀ ਲੜੀ ਵਿੱਚ ਅਖੰਡ ਪਾਠ ਬੁੱਕ ਕਰਵਾ, ਤੇਰੀਆਂ ਸਾਰੀਆਂ ਮੁਰਾਦਾਂ ਪੂਰੀਆਂ ਹੋਣਗੀਆਂ। ਵੱਖ-ਵੱਖ ਧਰਮ ਅਸਥਾਨਾਂ ਤੇ ਅਜਿਹੇ ਬੋਰਡ ਲੱਗੇ ਤੁਹਾਨੂੰ ਮਿਲਣਗੇ ਕਿ ਇਥੇ ਸੁੱਖਣਾ ਸੁੱਖਣ ਨਾਲ ਹਰ ਤਰ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਲੋਭੀ ਮਨੁੱਖ ਧਰਮ ਪੁਜਾਰੀਆਂ ਵਲੋਂ ਸੁੱਟੇ ਜਾਂਦੇ, ਇਸ ਲੁਭਾਵਣੇ ਜਾਲ਼ ਵਿੱਚ ਆਸਾਨੀ ਨਾਲ ਫਸ ਜਾਂਦਾ ਹੈ। ਕਦੇ ਕਿਸੇ ਨੇ ਕਿਸੇ ਅਜਿਹੇ ਸਥਾਨ, ਜਿਥੇ ਸੁੱਖਣਾ ਪੂਰੀਆਂ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ ਤੇ ਜਾ ਕੇ ਸਰਵੇ ਕਰਨ ਦੀ ਜ਼ੁਰੱਅਤ ਨਹੀਂ ਕੀਤੀ ਕਿ ਕਿੰਨੇ ਵਿਅਕਤੀਆਂ ਨੇ ਸੁੱਖਣਾ ਸੁੱਖੀ ਸੀ, ਕਿੰਨਿਆਂ ਦੀ ਪੂਰੀ ਹੋਈ? ਇਸੇ ਤਰ੍ਹਾਂ ਕਦੇ ਕਿਸੇ ਨੇ ਕਿਸੇ ਧਰਮ ਪੁਜਾਰੀ ਵਲੋਂ ਕੀਤੀਆਂ ਜਾਂਦੀਆਂ ਅਰਦਾਸਾਂ ਵਿੱਚੋਂ ਕਿੰਨੀਆਂ ਪੂਰੀਆਂ ਹੁੰਦੀਆਂ ਹਨ, ਬਾਰੇ ਹਿਸਾਬ ਨਹੀਂ ਲਾਇਆ। ਮੇਰਾ ਵਿਸ਼ਵਾਸ਼ ਹੈ ਕਿ ਜੇਕਰ ਅਜਿਹਾ ਯਤਨ ਕੀਤਾ ਜਾਵੇ ਤਾਂ ਪਤਾ ਲੱਗੇਗਾ ਕਿ ਜੋ ਕੁਝ ਵੀ ਕਿਸੇ ਨੂੰ ਮਿਲਿਆ ਹੋਵੇਗਾ, ਉਸਦੇ ਆਪਣੇ ਯਤਨਾਂ ਨਾਲ ਹੀ ਮਿਲਿਆ ਹੋਵੇਗਾ, ਕਿਸੇ ਅਰਦਾਸ ਜਾਂ ਸੁੱਖਣਾ ਨਾਲ ਨਹੀਂ? ਇਹ ਜੋ ਮਿਲਿਆ ਹੈ, ਉਹ ਵੈਸੇ ਵੀ ਮਿਲ ਜਾਣਾ ਸੀ, ਜੇ ਨਾ ਵੀ ਸੁੱਖਿਆ ਜਾਂਦਾ, ਨਾ ਵੀ ਅਰਦਾਸ ਕੀਤੀ ਜਾਂਦੀ, ਨਾ ਵੀ ਕੋਈ ਮੰਤਰ ਪਾਠ ਕਰਾਇਆ ਜਾਂਦਾ। ਧਰਮ ਪੁਜਾਰੀ ਲੋਭੀ ਮਨੁੱਖ ਨਾਲ ਇੱਕ ਹੋਰ ਚਲਾਕੀ ਖੇਡਦਾ ਹੈ ਕਿ ਜਦ ਲੋਭੀ ਆਪਣੀ ਪਾਪਾਂ ਨਾਲ ਕੀਤੀ ਕਮਾਈ, ਦੂਜਿਆਂ ਦਾ ਹੱਕ ਮਾਰ ਕੇ ਇਕੱਠਾ ਕੀਤਾ ਧਨ, ਦੂਜਿਆਂ ਤੋਂ ਜਬਰੀ ਖੋਹੀ ਮਾਇਆ ਲੈ ਕੇ ਧਰਮ ਮੰਦਰ ਜਾਂਦਾ ਹੈ ਤਾਂ ਉਸਨੂੰ ਦਾਨੀ, ਮਹਾਂਦਾਨੀ ਦਾ ਖਿਤਾਬ ਹੀ ਨਹੀਂ ਦਿੰਦਾ, ਸਗੋਂ ਸਿਰੋਪੇ ਵੀ ਦਿੰਦਾ ਹੈ। ਅੱਜ ਦਿਸਦੇ ਵੱਡੇ-ਵੱਡੇ ਧਰਮ ਮੰਦਰ ਆਮ ਕਿਰਤੀ ਮਨੁੱਖ ਦੀ ਮਿਹਨਤ ਨਾਲ ਕੀਤੀ ਕਮਾਈ ਨਾਲ ਨਹੀਂ ਬਣੇ ਹੋਏ, ਸਗੋਂ ਧਨਾਢਾਂ ਦੇ ਦਾਨ ਨਾਲ ਬਣੇ ਹੋਏ ਹਨ।

ਇੱਕ ਪਾਸੇ ਧਰਮ ਲੋਭ ਲਾਲਚ ਦਾ ਵਿਰੋਧ ਕਰਦਾ ਹੈ, ਦੂਜੇ ਪਾਸੇ ਲੋਭੀਆਂ ਨੂੰ ਦਾਨੀ ਹੋਣ ਦਾ ਖਿਤਾਬ ਦਿੰਦਾ ਹੈ। ਉਸ ਦੇ ਲੋਭ ਨੂੰ ਪੱਠੇ ਪਾਉਣ ਲਈ ਝੂਠੀਆਂ ਅਰਦਾਸਾਂ ਕਰਦਾ ਹੈ। ਮਨੁੱਖੀ ਇਤਿਹਾਸ ਵਿੱਚ ਕਦੇ ਅਜਿਹਾ ਭਾਣਾ ਅੱਜ ਤੱਕ ਨਹੀਂ ਵਰਤਿਆ ਕਿ ਕਿਸੇ ਧਰਮ ਪੁਜਾਰੀ ਨੇ ਕਿਸੇ ਲੋਭੀ ਦੀ, ਕਿਸੇ ਧਨਾਢ ਦੀ, ਕਿਸੇ ਸਰਮਾਏਦਾਰ ਦੀ ਅਰਦਾਸ ਕਰਨ ਤੋਂ ਨਾਂਹ ਕੀਤੀ ਹੋਵੇ ਜਾਂ ਉਸਦੀ ਪਾਪਾਂ ਦੀ ਕਮਾਈ ਦਾ ਦਾਨ ਲੈਣ ਤੋਂ ਨਾਂਹ ਕੀਤੀ ਹੋਵੇ। ਜੇ ਗਹੁ ਨਾਲ ਦੇਖਿਆ ਜਾਵੇ ਤਾਂ ਧਰਮ ਮੰਦਰ ਚੱਲਦੇ ਹੀ ਲੋਭੀਆਂ, ਲਾਲਚੀਆਂ, ਧਨਾਢਾਂ, ਸਰਮਾਏਦਾਰਾਂ ਦੇ ਸਿਰ 'ਤੇ ਹਨ। ਆਪਣੇ ਧਰਮ ਗ੍ਰੰਥਾਂ ਵਿੱਚ ਲੋਭ ਵਿਰੁੱਧ ਲਿਖੇ ਹੋਣ ਦੇ ਬਾਵਜੂਦ ਵੀ ਧਰਮ ਪੁਜਾਰੀ ਮਨੁੱਖ ਦੀ ਇਸ ਕਮਜ਼ੋਰੀ ਜਾਂ ਲਾਲਚ ਨੂੰ ਵਧਾਉਣ ਵਿੱਚ ਪੂਰਾ ਯੋਗਦਾਨ ਪਾ ਰਹੇ ਹਨ। ਉਹ ਆਪਣੇ ਇਸ਼ਟ ਸਾਹਮਣੇ ਖੜ੍ਹ ਕੇ ਝੂਠੀਆਂ ਅਰਦਾਸਾਂ ਕਰਦੇ ਹਨ ਤੇ ਮਨੁੱਖ ਨੂੰ ਝੂਠੀਆਂ ਤਸੱਲੀਆਂ ਦਿੰਦੇ ਹਨ। ਅੰਦਰੋਂ ਉਨ੍ਹਾਂ ਨੂੰ ਪੂਰਾ ਪਤਾ ਹੁੰਦਾ ਹੈ ਕਿ ਕੌਣ ਰੱਬ ਤੇ ਕਿਹੜਾ ਰੱਬ, ਜਿਸ ਤੋਂ ਉਹ ਡਰਨ?

ਅਸਲ ਵਿੱਚ ਧਰਮ ਪੁਜਾਰੀਆਂ ਦਾ ਆਪਣਾ ਲੋਭ ਹੀ ਮਨੁੱਖ ਨੂੰ ਲੋਭੀ ਬਣਾਈ ਰੱਖਣ ਵਿਚ ਸਹਾਇਤਾ ਕਰਦਾ ਹੈ। ਮਨੁੱਖੀ ਮਨ ਦੀਆਂ ਕਮਜ਼ੋਰੀਆਂ ਵਿੱਚ ਮੌਤ ਦਾ ਡਰ ਇੱਕ ਵੱਡਾ ਡਰ ਹੈ। ਬੇਸ਼ੱਕ ਹਰ ਇਨਸਾਨ ਨੂੰ ਪਤਾ ਹੈ ਕਿ ਜੋ ਵੀ ਪੈਦਾ ਹੁੰਦਾ ਹੈ, ਉਸਨੇ ਇੱਕ ਦਿਨ ਖਤਮ ਹੋ ਜਾਣਾ ਹੈ, ਇਸਦੇ ਵਿੱਚ ਮਨੁੱਖ ਦਾ ਕੋਈ ਜ਼ੋਰ ਨਹੀਂ ਹੈ। ਮਨੁੱਖ ਲੱਖ ਕੋਸ਼ਿਸ਼ ਵੀ ਕਰੇ, ਉਹ ਮੌਤ ਤੋਂ ਬਚ ਨਹੀਂ ਸਕਦਾ। ਪਰ ਧਰਮ ਪੁਜਾਰੀ ਮਨੁੱਖ ਵਿਚੋਂ ਮੌਤ ਦਾ ਭੈਅ ਕੱਢ ਕੇ ਉਸਨੂੰ ਸਦੀਵੀ ਕੁਦਰਤੀ ਨਿਯਮ ਦੀ ਸੋਝੀ ਕਰਾਉਣ ਦੀ ਥਾਂ ਉਸਨੂੰ ਮਰਨ ਬਾਅਦ ਸਵਰਗਾਂ ਦਾ ਲੋਭ ਦਿੰਦਾ ਹੈ, ਉਸ ਅਨੁਸਾਰ ਦੱਸੀ ਪੂਜਾ ਪਾਠ, ਦਾਨ ਦੱਛਣਾ, ਮੰਤਰ ਜਾਪ ਆਦਿ ਨਾ ਕਰਨ ਤੇ ਨਰਕਾਂ ਦੇ ਡਰਾਵੇ ਦਿੰਦਾ ਹੈ, ਇਸ ਤਰ੍ਹਾਂ ਉਸਦਾ ਸਦੀਵੀ ਲੁੱਟ ਦਾ ਧੰਦਾ ਪੀੜ੍ਹੀ ਦਰ ਪੀੜ੍ਹੀ ਚਲਦਾ ਹੈ। ਉਸ ਕੋਲ ਮਨੁੱਖ ਦੀ ਡਰ ਤੇ ਲੋਭ ਦੀ ਕਮਜ਼ੋਰੀ ਦਾ ਫਾਇਦਾ ਉਠਾਉਣ ਦੇ ਅਨੇਕਾਂ ਤਰੀਕੇ ਹਨ। ਹਾਲਾਂਕਿ ਉਸ ਨੂੰ ਸਭ ਪਤਾ ਹੁੰਦਾ ਹੈ ਕਿ ਕਿਹੜਾ ਸਵਰਗ ਤੇ ਕਿਹੜਾ ਨਰਕ? ਉਸਨੇ ਕਿਹੜਾ ਜਾ ਕੇ ਦੇਖਿਆ ਹੈ। ਬੱਸ ਇਸੇ ਤਰ੍ਹਾਂ ਸਦੀਆਂ ਤੋਂ ਘੜੀਆਂ ਘੜਾਈਆਂ ਝੂਠੀਆਂ ਕਹਾਣੀਆਂ ਸੁਣਾਈ ਜਾ ਰਿਹਾ ਹੈ।

ਧਰਮ ਦਾ ਕੰਮ ਮਨੁੱਖ ਨੂੰ ਲੋਭ ਲਾਲਚ ਦੀ ਬਿਰਤੀ ਤੋਂ ਹਟਾ ਕੇ ਸੱਚ ਦੇ ਮਾਰਗ ਪਾਉਣਾ ਸੀ, ਪਰ ਅੱਜ ਦਾ ਹਰ ਧਰਮ ਮਨੁੱਖ ਨੂੰ ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੰਦਾ ਹੈ; ਜਿਵੇਂ ਅਰਦਾਸ ਨਾਲ ਔਲਾਦ ਦੀ ਪ੍ਰਾਪਤੀ, ਸੁੱਖਣਾ ਸੁੱਖ ਕੇ ਮਨੋਕਾਮਨਾਵਾਂ ਪ੍ਰਾਪਤ ਕਰਨੀਆਂ, ਮੰਤਰ ਜਾਪ ਨਾਲ ਆਪਣਾ ਲਾਭ ਤੇ ਵਿਰੋਧੀ ਦਾ ਨੁਕਸਾਨ ਕਰਨਾ, ਕਿਸੇ ਖਾਸ ਥਾਂ ਨੂੰ ਸਖਤ ਜਾਂ ਕਰਨੀ ਵਾਲੇ ਦੱਸ ਕੇ, ਉੱਥੋਂ ਮੂੰਹ ਮੰਗੀਆਂ ਮੁਰਾਦਾਂ ਪੂਰੀਆਂ ਹੋਣ ਦਾ ਭਰਮ ਆਦਿ। ਪਰ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਕਿਸੇ ਪੂਜਾ ਪਾਠ, ਮੰਤਰ ਜੰਤਰ, ਭਜਨ ਬੰਦਗੀ, ਸਿਮਰਨ, ਜਪ-ਤਪ, ਕਠਿਨ ਤਪੱਸਿਆ ਆਦਿ ਨਾਲ ਕੁਝ ਨਹੀਂ ਵਾਪਰਦਾ। ਇਨ੍ਹਾਂ ਸਭ ਸਾਧਨਾਂ ਨਾਲ ਤੁਹਾਡੇ ਸਰੀਰ ਤੇ ਚੰਗਾ ਮਾੜਾ ਅਸਰ ਤੇ ਹੋ ਸਕਦਾ ਹੈ, ਪਰ ਕੋਈ ਵਸਤੂ ਪ੍ਰਾਪਤ ਹੋਵੇ, ਇਹ ਭਰਮ ਤੋਂ ਵੱਧ ਕੁਝ ਨਹੀਂ ਹੈ। ਇਸ ਸ੍ਰਿਸਟੀ ਵਿੱਚ ਸਭ ਕੁਝ ਕੁਦਰਤ ਦੇ ਅਟੱਲ ਨਿਯਮ ਅਨੁਸਾਰ ਹੀ ਵਾਪਰਦਾ ਹੈ। ਇਹ ਨਿਯਮ ਬਦਲੇ ਨਹੀਂ ਜਾ ਸਕਦੇ, ਇਨ੍ਹਾਂ ਨੂੰ ਸਮਝ ਕੇ, ਖੋਜ ਕਰਕੇ, ਇਨ੍ਹਾਂ ਨੂੰ ਹੱਕ ਜਾਂ ਵਿਰੋਧ ਵਿਚ ਵਰਤਿਆ ਜਾ ਸਕਦਾ ਹੈ। ਬਹੁਤ ਕੁਝ ਅਜਿਹਾ ਵੀ ਵਾਪਰਦਾ ਹੈ, ਜਿਸ ਬਾਰੇ ਅਸੀਂ ਸੋਚਦੇ ਹਾਂ ਕਿ ਸ਼ਾਇਦ ਇਹ ਕੋਈ ਕਰਾਮਾਤ ਕਿਸੇ ਅਦਿੱਖ ਸ਼ਕਤੀ ਜਾਂ ਕਿਸੇ ਮੰਤਰ ਜੰਤਰ ਦੇ ਅਸਰ ਕਾਰਨ ਹੋਈ ਹੈ, ਪਰ ਅਜਿਹਾ ਨਹੀਂ ਹੁੰਦਾ, ਅਸਲ ਵਿੱਚ ਸਭ ਕੁਝ ਵਾਪਰਦਾ ਕੁਦਰਤ ਦੇ ਨਿਯਮ ਅਨੁਸਾਰ ਹੀ ਹੈ, ਪਰ ਸਾਨੂੰ ਕਈ ਨਿਯਮਾਂ ਦੀ ਅਜੇ ਸਮਝ ਨਹੀਂ। ਜਦੋਂ ਕੁਝ ਅਜਿਹਾ ਵਾਪਰ ਜਾਂਦਾ ਹੈ, ਜਿਸ ਬਾਰੇ ਸਾਨੂੰ ਅਜੇ ਸੋਝੀ ਨਹੀਂ, ਧਰਮ ਪੁਜਾਰੀ ਉਨ੍ਹਾਂ ਨੂੰ ਕਰਾਮਾਤ ਨਾਲ ਜੋੜ ਕੇ ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦਿੰਦਾ ਹੈ। ਹੁਣ ਇਸਦਾ ਹੱਲ ਕੀ ਹੋਵੇ? ਮਨੁੱਖ ਲੋਭ ਲਾਲਚ ਦੀ ਬਿਰਤੀ ਕਿਵੇਂ ਤਿਆਗੇ? ਕਿਵੇਂ ਉਸਦਾ ਜੀਵਨ ਸਬਰ ਸੰਤੋਖ ਭਰਪੂਰ ਹੋ ਜਾਵੇ? ਇਸਦਾ ਪੁਜਾਰੀਆਂ ਆਧਾਰਿਤ ਪ੍ਰਚਲਤ ਜਥੇਬੰਦਕ ਧਰਮਾਂ ਕੋਲ ਜਵਾਬ ਨਹੀਂ ਹੈ। ਪਰ ਉਨ੍ਹਾਂ ਦੇ ਧਰਮ ਗ੍ਰੰਥਾਂ ਵਿਚੋਂ ਜਰੂਰ ਕੁਝ ਮਿਲ ਸਕਦਾ ਹੈ। ਪਰ ਹਰ ਧਰਮ ਦਾ ਪੁਜਾਰੀ ਆਮ ਸ਼ਰਧਾਲੂ ਨੂੰ ਧਰਮ ਗ੍ਰੰਥਾਂ ਤੋਂ ਦੂਰ ਹੀ ਰੱਖਦਾ ਹੈ। ਉਹ ਆਪਣੀ ਬਣਾਈ ਮਰਿਯਾਦਾ ਵਿਚ ਹੀ ਉਸਨੂੰ ਉਲਝਾਈ ਰੱਖਦਾ ਹੈ।

ਧਰਮ ਪੁਜਾਰੀਆਂ ਵਲੋਂ ਲੋਭ ਲਾਲਚ ਅਧਾਰਿਤ ਖੜ੍ਹੇ ਕੀਤੇ ਇਸ ਨਕਲੀ ਧਰਮ ਵਿਚੋਂ ਨਿਕਲਣ ਲਈ ਇਹ ਜਰੂਰੀ ਹੈ ਕਿ ਮਨੁੱਖ ਇਹ ਚੰਗੀ ਤਰ੍ਹਾਂ ਜਾਣ ਲਵੇ ਕਿ ਇਸ ਸ੍ਰਿਸ਼ਟੀ ਵਿੱਚ ਸਭ ਕੁਝ ਕੁਦਰਤ ਦੇ ਅਟੱਲ ਨਿਯਮਾਂ ਅਧੀਨ ਚੱਲ ਰਿਹਾ ਹੈ, ਇਹ ਨਿਯਮ ਬਦਲੇ ਨਹੀਂ ਜਾ ਸਕਦੇ, ਇਨ੍ਹਾਂ ਨੂੰ ਆਪਣੀ ਖੋਜ ਜਾਂ ਪਹਿਲੀਆਂ ਖੋਜਾਂ ਦੇ ਅਧਾਰ ਤੇ ਸਮਝਿਆ ਜਾ ਸਕਦਾ ਹੈ। ਇਸ ਲਈ ਪੁਜਾਰੀਆਂ ਵਲੋਂ ਪੂਜਾ, ਪਾਠ, ਸਿਮਰਨ, ਦਾਨ, ਦੱਛਣਾ, ਮੰਤਰ ਜੰਤਰ ਨਾਲ ਕੁਝ ਕਰ ਸਕਣ, ਕਿਸੇ ਦੇ ਲੋਭ ਨੂੰ ਪੂਰਾ ਕਰਨ, ਕੋਈ ਕਰਾਮਾਤ ਕਰਨ ਦੇ ਦਾਅਵੇ ਥੋਥੇ ਹਨ, ਇਨ੍ਹਾਂ ਵਿੱਚ ਕੋਈ ਸਚਾਈ ਨਹੀਂ। ਸਾਨੂੰ ਆਪਣੀ ਯੋਗਤਾ ਤੇ ਅਕਲ ਅਨੁਸਾਰ ਜੀਵਨ ਦੇ ਹਰ ਖੇਤਰ ਵਿੱਚ ਤਰੱਕੀ ਲਈ ਬੇਸ਼ੱਕ ਯਤਨ ਕਰਦੇ ਰਹਿਣਾ ਚਾਹੀਦਾ ਹੈ, ਪਰ ਜੋ ਹੈ ਉਸ ਵਿੱਚ ਸਬਰ ਸੰਤੋਖ ਨਾਲ ਰਹਿਣ ਦੀ ਜੀਵਨ ਜਾਚ ਵੀ ਸਿੱਖਣ ਦੀ ਲੋੜ ਹੈ। ਲਾਲਚ ਦਾ ਕੋਈ ਅੰਤ ਨਹੀਂ ਅਤੇ ਪਦਾਰਥਾਂ, ਪਦਵੀਆਂ, ਸ਼ੋਹਰਤਾਂ ਨਾਲ਼ ਕੋਈ ਮਨੁੱਖ ਕਦੇ ਤ੍ਰਿਪਤ ਨਹੀਂ ਹੋਇਆ। ਤੁਹਾਡਾ ਮੁਕਾਬਲਾ ਲੋਕਾਂ ਨਾਲ਼ ਨਹੀਂ, ਆਪਣੇ ਨਾਲ਼ ਹੋਣਾ ਚਾਹੀਦਾ ਹੈ ਕਿ ਇਸ ਜੀਵਨ ਨੂੰ ਸਬਰ ਸੰਤੋਖ ਨਾਲ਼ ਜੀਣ ਲਈ ਤੁਹਾਨੂੰ ਕਿਤਨੀ ਦੌਲਤ ਤੇ ਕਿਤਨੇ ਕੁ ਪਦਾਰਥ ਚਾਹੀਦੇ ਹਨ? ਤੁਸੀਂ ਦੂਜਿਆਂ ਦਾ ਮੁਕਾਬਲਾ ਕਰਦੇ, ਖਤਮ ਹੋ ਜਾਵੋਗੇ, ਪਰ ਕਦੇ ਸਭ ਤੋਂ ਅੱਗੇ ਨਹੀਂ ਜਾ ਸਕੋਗੇ ਕਿਉਂਕਿ ਹਰ ਜਗ੍ਹਾ ਤੁਹਾਡੇ ਤੋਂ ਅੱਗੇ ਕਈ ਹੋਰ ਮਿਲ ਜਾਣਗੇ। ਬੇਸ਼ਕ ਆਪਣੇ ਯਤਨਾਂ ਨਾਲ ਸਭ ਕੁਝ ਪ੍ਰਾਪਤ ਕਰਨ ਵਿੱਚ ਕੁਝ ਮਾੜਾ ਨਹੀਂ, ਪਰ ਨਾਲ ਹੀ ਇਹ ਸਦੀਵੀ ਸੱਚ ਵੀ ਸਾਡੇ ਸਾਹਮਣੇ ਰਹਿਣਾ ਚਾਹੀਦਾ ਹੈ ਕਿ ਧਰਤੀ ਤੇ ਸਾਡਾ ਸਦੀਵੀ ਬਸੇਰਾ ਨਹੀਂ ਹੈ, ਇਸ ਜਗਤ ਤਮਾਸ਼ੇ ਵਿੱਚ ਸਾਡੀ ਖੇਡ ਥੋੜੇ ਸਮੇਂ ਦੀ ਹੀ ਹੈ, ਇਸ ਲਈ ਥੋੜੇ, ਪਰ ਕੀਮਤੀ ਸਮੇਂ ਨੂੰ ਕਿਸ ਤਰ੍ਹਾਂ ਆਪਾਂ ਅਨੰਦਮਈ ਬਣਾ ਸਕੀਏ, ਇਸ ਲਈ ਆਪਾ ਚੀਨਣ ਦੀ ਲੋੜ ਹੈ, ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ, ਲੋਭ ਰੂਪੀ ਵਿਕਾਰ ਬਾਹਰ ਨਹੀਂ ਹੈ, ਇਹ ਸਾਡੇ ਅੰਦਰ ਹੀ ਹੈ ਤੇ ਇਸ ਦਾ ਇਲਾਜ ਵੀ ਸਾਡੇ ਅੰਦਰੋਂ ਹੀ ਹੋਵੇਗਾ। ਬਾਹਰੀ ਧਾਰਮਿਕ ਕਰਮਕਾਂਡ ਸਾਡਾ ਕੁਝ ਸੰਵਾਰ ਨਹੀਂ ਸਕਣਗੇ? ਬੇਸ਼ੱਕ ਪਦਾਰਥ ਬਾਹਰ ਹੈ, ਜਿਸਦੀ ਪ੍ਰਾਪਤੀ ਦਾ ਲਾਲਚ ਹੈ, ਪਰ ਲਾਲਚ ਅੰਦਰ ਹੈ, ਇਸ ਲਈ ਜੇ ਕਦੇ ਅਸੀਂ ਕੁਝ ਸਮਾਂ ਕੱਢ ਕੇ ਆਪਣੇ ਅੰਦਰ ਝਾਤੀ ਮਾਰਨੀ ਸਿੱਖ ਲਈਏ ਤਾਂ ਸਭ ਵਿਕਾਰਾਂ ਤੋਂ ਮੁਕਤੀ ਮਿਲ ਸਕਦੀ ਹੈ, ਪੁਜਾਰੀਆਂ ਦੇ ਬਾਹਰੀ ਧਰਮ ਮੰਦਰਾਂ ਵਿਚੋਂ ਕੁਝ ਵੀ ਹਾਸਿਲ ਨਹੀਂ ਹੋ ਸਕੇਗਾ। ਪੁਜਾਰੀਆਂ ਦੇ ਬਣਾਏ ਧਰਮ ਅਸਥਾਨਾਂ ਵਿੱਚ ਹਜ਼ਾਰਾਂ ਸਾਲਾਂ ਤੋਂ ਪੀੜ੍ਹੀ-ਦਰ-ਪੀੜ੍ਹੀ ਮੱਥੇ ਰਗੜਦਾ, ਪੂਜਾ ਪਾਠ ਕਰਦਾ, ਭਜਨ ਬੰਦਗੀ ਕਰਦਾ, ਮਰਿਯਾਦਾ ਅਨੁਸਾਰ ਕਰਮ ਕਾਂਡ ਕਰਦਾ ਮਨੁੱਖ ਅੱਗੇ ਤੋਂ ਅੱਗੇ ਲੋਭੀ ਤੇ ਲਾਲਚੀ ਹੀ ਬਣਦਾ ਗਿਆ ਹੈ। ਸਾਡੇ ਲਈ ਹੁਣ ਸੋਚਣ ਵਿਚਾਰਨ ਦਾ ਸਮਾਂ ਹੈ ਕਿ ਅਸੀਂ ਪੁਜਾਰੀਆਂ ਦੇ ਬਣਾਏ ਇਨ੍ਹਾਂ ਧਰਮਾਂ ਤੇ ਧਰਮ ਮੰਦਰਾਂ ਦਾ ਖਹਿੜਾ ਛੱਡ ਕੇ ਆਪਣੇ ਅੰਦਰ ਝਾਤੀ ਮਾਰਨ, ਆਪਾ ਚੀਨਣ ਦੇ ਰਾਹ ਤੁਰੀਏ ਤਾਂ ਹੀ ਸੱਚ ਦੇ ਮਾਰਗ ਦਾ ਪਾਂਧੀ ਬਣ ਸਕਦੇ ਹਾਂ।

# ਭਾਰਤੀ ਮੀਡੀਆ ਬੌਧਿਕ ਕੰਗਾਲੀ ਦੇ ਦੌਰ 'ਚ

ਰਾਵਿੰਦਰ ਪਟਵਾਲ
ਅਨੁ.: ਬੂਟਾ ਸਿੰਘ ਮਹਿਮੂਦਪੁਰ

*ਵ੍ਹਾਈਟ ਹਾਊਸ ਵਿਚ ਮੋਦੀ ਅਤੇ ਬਾਇਡੇਨ ਦੀ ਸਾਂਝੀ ਕਾਨਫਰੰਸ ਵਿਚ ਜਿਸ ਕਿਸਮ ਦਾ ਸਵਾਲ ਇਕ ਪੱਤਰਕਾਰ ਨੇ ਪੁੱਛ ਲਿਆ ਕਿ ਆਪਣੇ ਆਪ ਨੂੰ ਦੁਨੀਆ ਦੀ ਸਭ ਤੋਂ ਵੱਡਾ ਜਮਹੂਰੀਅਤ ਤਾਂ ਦਰਜ ਕਰਵਾ ਰਹੇ ਹੋ ਪ੍ਰੰਤੂ ਜੋ ਕੁਝ ਘੱਟ ਗਿਣਤੀਆਂ ਨਾਲ ਵਾਪਰ ਰਿਹਾ ਹੈ ਉਸ ਬਾਰੇ ਆਪ ਦੀ ਚੁੱਪੀ ਕਿਉਂ ਹੈ ਜਿਸ ਕਿਸਮ ਨਾਲ ਦੇਸ਼ ਦੇ ਹੁਕਮਰਾਨ ਨੂੰ ਤੌਣੀਆਂ ਆਉਣੀਆਂ ਸ਼ੁਰੂ ਹੋ ਗਈਆਂ ਅਤੇ ਗੋਲ ਮੋਲ ਕਰਕੇ ਸਵਾਲ ਦਾ ਜਵਾਬ ਤਾਂ ਦੇ ਦਿੱਤਾ ਪ੍ਰੰਤੂ ਦੇਸ਼ ਵਿਚ ਵਾਪਸ ਪਰਤਦਿਆਂ ਹੀ ਜਿਸ ਕਿਸਮ ਦਾ ਹੱਲਾ ਆਪਣੇ ਮੰਤਰੀਆਂ ਰਾਹੀਂ ਕਰਵਾਇਆ ਗਿਆ ਅਤੇ ਦੁਨੀਆ ਭਰ ਵਿਚ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਅਸੀਂ ਕਿਸੇ ਤੋਂ ਡਰਦੇ ਨਹੀਂ ਪ੍ਰੰਤੂ ਜੋ ਮੁੜ ਮਸਲਾ ਉਸ ਪੱਤਰਕਾਰ ਨੇ ਅਮਰੀਕਨ ਪ੍ਰੈਸ ਵਿਚ ਰੱਖ ਦਿੱਤਾ ਉਸ ਸਬੰਧੀ ਬੋਲਦਿਆਂ ਉਥੋਂ ਦੇ ਨੁਮਾਇੰਦੇ ਨੇ ਕਿਹਾ ਕਿ ਕੁਝ ਵੀ ਹੋਵੇ ਅਸੀਂ ਆਪਣੇ ਪੱਤਰਕਾਰਾਂ ਅਤੇ ਉਨ੍ਹਾਂ ਦੀ ਅਜ਼ਾਦੀ ਦੀ ਰੱਖਿਆ ਲਈ ਵਚਨਬੱਧ ਹਾਂ। ਇਸ ਕਰਕੇ ਅਸੀਂ ਆਪਣੀ ਪੱਤਰਕਾਰ ਵਲੋਂ ਪੁੱਛੇ ਸਵਾਲ ਨੂੰ ਮਾਣ ਸਤਿਕਾਰ ਦਿੰਦੇ ਹਾਂ ਅਤੇ ਸਮੁੱਚੇ ਪੱਤਰਕਾਰ ਭਾਈਚਾਰੇ ਦੇ ਨਾਲ ਖੜ੍ਹੇ ਹਾਂ। ਇਕ ਪਾਸੇ ਇਹ ਦ੍ਰਿਸ਼ ਅਤੇ ਦੂਜੇ ਪਾਸੇ ਸਾਡੇ ਦੇਸ਼ ਵਿਚ ਜਿਸ ਕਿਸਮ ਨਾਲ ਮੀਡੀਆ ਬੌਧਿਕ ਕੰਗਾਲੀ ਦਿਖਾ ਰਿਹਾ ਹੈ ਉਸ ਨੂੰ ਸਮਝਣ ਲਈ ਇਹ ਲਿਖਤ ਸਨਮੁੱਖ ਕਰ ਰਹੇ ਹਾਂ। – ਸੰਪਾਦਕ*







ਅੱਜ ਭਾਰਤੀ ਮੀਡੀਆ ਦੱਸ ਰਿਹਾ ਹੈ ਕਿ ਕਿਵੇਂ ਰਾਸ਼ਟਰਪਤੀ ਬਾਇਡੇਨ ਅਤੇ ਉਨ੍ਹਾਂ ਦੀ ਪਤਨੀ ਨੇ ਰਾਤ ਦੇ ਸ਼ਾਹੀ ਖਾਣੇ ਦਾ ਪ੍ਰਬੰਧ ਕੀਤਾ ਸੀ। ਉੱਥੇ ਸ਼ਾਕਾਹਾਰੀ ਭੋਜਨ ਦੀ ਕੀ-ਕੀ ਵੰਨਗੀ ਸੀ। ਡੀਡੀ ਨਿਊਜ਼ ਦਾ ਅਸ਼ੋਕ ਸ੍ਰੀਵਾਸਤਵ ਲਗਾਤਾਰ ਆਪਣੇ ਟਵੀਟਸ ਰਾਹੀਂ ਪਲ ਪਲ ਦੀ ਖ਼ਬਰ ਆਪਣੇ ਫਾਲੋਅਰ ਨੂੰ ਭੇਜ ਰਿਹਾ ਹੈ, ਜਿਵੇਂ ਕਿ ਉਨ੍ਹਾਂ ਨੂੰ ਇਹ ਪਲ ਦੁਬਾਰਾ ਨਹੀਂ ਮਿਲੇਗਾ।

ਪਰ ਸ਼ਾਇਦ ਹੀ ਕੋਈ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਅਮਰੀਕਨ ਮੀਡੀਆ ਵਿਚ ਇਸ ਦੌਰੇ ਨੂੰ ਲੈ ਕੇ ਕੀ ਲਿਖਿਆ ਅਤੇ ਕੀ ਕਿਹਾ ਜਾ ਰਿਹਾ ਹੈ। 70 ਤੋਂ ਜ਼ਿਆਦਾ ਅਮਰੀਕੀ ਸੰਸਦ ਮੈਂਬਰਾਂ ਅਤੇ ਕਾਂਗਰਸਮੈਨਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਘਰੇਲੂ ਨੀਤੀਆਂ ਉੱਪਰ ਸਖ਼ਤ ਇਤਰਾਜ਼ ਦਰਜ ਕਰਾਉਂਦੇ ਹੋਏ ਬਾਇਡੇਨ ਤੋਂ ਮੰਗ ਕੀਤੀ ਗਈ ਹੈ ਕਿ ਉਹ ਭਾਰਤ ਵਿਚ ਲੋਕਤੰਤਰ ਦੇ ਤੇਜ਼ੀ ਨਾਲ ਪਤਨ ਉੱਪਰ ਜਨਤਕ ਅਤੇ ਨਿੱਜੀ ਤੌਰ 'ਤੇ ਚਿੰਤਾ ਜ਼ਾਹਿਰ ਕਰੇ।

ਡੈਮੋਕ੍ਰੇਟਿਕ ਪਾਰਟੀ ਦੇ ਪ੍ਰਮੁੱਖ ਅਮਰੀਕਨ ਨੇਤਾ ਅਤੇ ਦੋ ਵਾਰ ਅਮਰੀਕਨ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ 'ਚ ਸਿਖ਼ਰ 'ਤੇ ਪਹੁੰਚ ਕੇ ਆਖ਼ਰੀ ਸਮੇਂ 'ਤੇ ਬਾਹਰ ਹੋਏ ਬਰਨੀ ਸੈਂਡਰਸ ਨੇ ਸਪਸ਼ਟ ਸ਼ਬਦਾਂ ਵਿਚ ਮੋਦੀ ਦੀ ਆਲੋਚਨਾ ਕਰਦੇ ਹੋਏ ਟਵੀਟ ਕੀਤਾ, "ਪ੍ਰਧਾਨ ਮੰਤਰੀ ਮੋਦੀ ਦੀ ਸਰਕਾਰ ਨੇ ਪ੍ਰੈੱਸ ਅਤੇ ਸਿਵਲ ਸੁਸਾਇਟੀ ਉੱਪਰ ਬਹੁਤ ਜ਼ੁਲਮ ਕੀਤੇ ਹਨ, ਆਪਣੇ ਸਿਆਸੀ ਵਿਰੋਧੀਆਂ ਨੂੰ ਜੇਲ੍ਹਾਂ ਵਿਚ ਸੁੱਟਿਆ ਹੈ ਅਤੇ ਹਮਲਾਵਰ ਹਿੰਦੂ ਰਾਸ਼ਟਰਵਾਦ ਨੂੰ ਸ਼ਹਿ ਦੇਣ ਦਾ ਕੰਮ ਕਰਕੇ ਭਾਰਤ ਦੀਆਂ ਧਾਰਮਿਕ ਘੱਟਗਿਣਤੀਆਂ ਲਈ ਕੋਈ ਥਾਂ ਨਹੀਂ ਛੱਡੀ ਹੈ। ਬਾਇਡੇਨ ਨੂੰ ਮੋਦੀ ਨਾਲ ਮੀਟਿੰਗ ਵਿਚ ਇਹ ਸਵਾਲ ਉਠਾਉਣੇ ਚਾਹੀਦੇ ਹਨ।

ਮਨੀਪੁਰ ਹਿੰਸਾ ਦਾ ਮੁੱਦਾ ਵੀ ਅਮਰੀਕਾ




ਦੀਆਂ ਸੜਕਾਂ 'ਤੇ ਗੂੰਜ ਰਿਹਾ ਹੈ। ਮਨੀਪੁਰ ਮੂਲ ਦੀਆਂ ਪਰਵਾਸੀ ਔਰਤਾਂ, ਬੱਚਿਆਂ ਅਤੇ ਨੌਜਵਾਨਾਂ ਨੇ ਹੱਥਾਂ ਵਿਚ ਤਖ਼ਤੀਆਂ ਲੈ ਕੇ ਸਵਾਲ ਪੁੱਛੇ: "ਪੀਐਮ ਮੋਦੀ ਚੁੱਪ ਕਿਉਂ ਹੈ", "ਮਣੀਪੁਰ ਨੂੰ ਬਚਾਓ" ਅਤੇ "ਅਸੀਂ ਮਨੀਪੁਰ ਵਿਚ ਸ਼ਾਂਤੀ ਚਾਹੁੰਦੇ ਹਾਂ" ਵਰਗੀਆਂ ਮੰਗਾਂ ਵਾਲੀਆਂ ਤਖ਼ਤੀਆਂ ਲਈ ਖੜ੍ਹੇ ਲੋਕ ਜੋ ਸਵਾਲ ਉਠਾ ਰਹੇ ਹਨ ਉਹ ਭਾਰਤ ਦੀ ਸਾਖ਼ ਨੂੰ ਕਲੰਕਿਤ ਕਰਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ 100 ਤੋਂ ਵੱਧ ਮੌਤਾਂ ਨਾਲ ਮੇਤੇਈ ਅਤੇ ਕੁਕੀ ਭਾਈਚਾਰਿਆਂ ਵਿਚਕਾਰ ਪਾੜਾ ਇੰਨਾ ਡੂੰਘਾ ਹੋ ਗਿਆ ਹੈ ਕਿ ਇਸ ਨੂੰ ਪੂਰਨਾ ਲੱਗਭੱਗ ਅਸੰਭਵ ਹੈ। ਪੀਐਮ ਮੋਦੀ ਨੇ ਮਨੀਪੁਰ ਨੂੰ ਲੈ ਕੇ ਇਕ ਵਾਰ ਵੀ ਟਵੀਟ ਨਹੀਂ ਕੀਤਾ, ਮੂੰਹ ਖੋਲ੍ਹਣ ਦੀ ਗੱਲ ਤਾਂ ਛੱਡੋ।

ਪਿਛਲੀ ਵਾਰ ਜਦੋਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਅਮਰੀਕਾ ਵਿਚ ਮਹਾਦੋਸ਼ ਦੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ ਤਾਂ ਉਸ ਦੇ ਪਰਮ ਮਿੱਤਰ ਮੋਦੀ ਨੇ ਤੁਰੰਤ ਭਾਰਤ ਵਿਚ ਚੁਟਕੀ ਵਿਚ ਉਨ੍ਹਾਂ ਲਈ ਸ਼ਾਨਦਾਰ ਸਵਾਗਤ ਦਾ ਇੰਤਜ਼ਾਮ ਕੀਤਾ ਸੀ। ਦੁਨੀਆ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮ, ਵੱਲਭਭਾਈ ਪਟੇਲ ਸਟੇਡੀਅਮ, ਜਿਸ ਦਾ ਨਾਂ ਹੁਣ ਨਰਿੰਦਰ ਮੋਦੀ ਦੇ ਨਾਂ 'ਤੇ ਰੱਖਿਆ ਗਿਆ ਹੈ, ਵਿਚ ਟਰੰਪ ਦਾ ਜਿਵੇਂ ਸ਼ਾਨਦਾਰ ਸਵਾਗਤ ਕੀਤਾ ਗਿਆ ਉਹ ਟਰੰਪ ਲਈ ਅਮਰੀਕਾ ਵਿਚ ਆਪਣੀ ਆਲਮੀ ਸਾਖ਼ ਨੂੰ ਸਾਬਤ ਕਰਨ ਦਾ ਸੰਦ ਸਾਬਤ ਹੋਇਆ ਸੀ। ਪਰ ਟਰੰਪ ਦੇ ਦਿੱਲੀ ਦੌਰੇ ਦੌਰਾਨ ਉਤਰ-ਪੂਰਬੀ ਦਿੱਲੀ ਵਿਚ ਹੋਏ ਦੰਗਿਆਂ ਦਾ ਸੇਕ ਉਦੋਂ ਵੀ ਅਮਰੀਕਾ ਦੇ ਨਾਗਰਿਕਾਂ ਨੇ ਮਹਿਸੂਸ ਕੀਤਾ ਸੀ।

ਇਹ ਜੱਗ ਜ਼ਾਹਿਰ ਹੈ ਕਿ 2020 ਤੋਂ ਬਾਦ 2023 'ਚ ਵੀ ਭਾਰਤ ਦਾ ਇਕ ਸੂਬਾ ਪੂਰੀ ਤਰ੍ਹਾਂ ਅੱਗ ਦੀ ਲਪੇਟ 'ਚ ਹੈ ਅਤੇ ਪੀਐੱਮ ਮੋਦੀ ਟੋਕੀਓ 'ਚ ਜੀ-7 ਦੀ ਮੀਟਿੰਗ 'ਚ ਮਹਿਮਾਨ ਦੇ ਤੌਰ 'ਤੇ ਜਾਣ ਤੋਂ ਹੀ ਨਹੀਂ ਰੁਕਦਾ ਸਗੋਂ ਆਸਟ੍ਰੇਲੀਆ ਵਿਚ ਰੱਦ ਹੋ ਚੁੱਕੀ ਮੀਟਿੰਗ (ਜੋ ਬਾਇਡੇਨ ਦੀ ਘਰੇਲੂ ਆਰਥਿਕ ਸਮੱਸਿਆ ਕਾਰਨ ਸੀ) ਦੇ ਬਾਵਜੂਦ ਤਿੰਨ ਦਿਨ ਲਈ ਖ਼ੁਸ਼ੀ-ਖ਼ੁਸ਼ੀ ਚਲਾ ਗਿਆ। ਅਸੀਂ ਆਮ ਭਾਰਤੀ ਸ਼ਾਇਦ ਇਨ੍ਹਾਂ ਗੱਲਾਂ ਨੂੰ ਇਸ ਕਰਕੇ ਨਹੀਂ ਸਮਝ ਸਕਦੇ ਕਿਉਂਕਿ ਗੋਦੀ ਮੀਡੀਆ ਰਾਹੀਂ ਸਾਨੂੰ ਹਮੇਸ਼ਾ ਉਹੀ ਖ਼ਬਰਾਂ ਪਰੋਸੀਆਂ ਜਾਂਦੀਆਂ ਹਨ, ਜਿਸ ਕਾਰਨ ਸਾਡੀ ਸੋਚਣ-ਸਮਝਣ ਦੀ ਤਾਕਤ ਖੁੰਢੀ ਹੁੰਦੀ ਜਾਂਦੀ ਹੈ।

ਅਮਰੀਕਾ ਦੀਆਂ ਸੜਕਾਂ ਉੱਪਰ ਇਕ ਵੈਨ ਨੂੰ ਇਕ ਚਲਦੀ ਫਿਲਮ ਬਣਾ ਦਿੱਤਾ ਗਿਆ ਹੈ। ਇਸ ਵਿਚ ਭਾਰਤ ਵਿਚ ਅੰਤਰਰਾਸ਼ਟਰੀ ਔਰਤ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਉੱਪਰ ਪੀਐੱਮ ਮੋਦੀ ਦੀ ਪਾਰਟੀ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸਿੰਘ ਉੱਪਰ ਲੱਗੇ ਦੋਸ਼ਾਂ ਬਾਬਤ ਮੋਦੀ ਦੀ ਚੁੱਪ ਨੂੰ ਦਿਖਾਇਆ ਜਾ ਰਿਹਾ ਹੈ। ਆਲਮੀ ਮਨੁੱਖੀ ਅਧਿਕਾਰ ਸੰਗਠਨ ਭਾਰਤ ਵਿਚ ਪਾਬੰਦੀਸ਼ੁਦਾ ਬੀਬੀਸੀ ਦਸਤਾਵੇਜ਼ੀ ਨਿਊਯਾਰਕ ਵਿਚ ਦਿਖਾ ਰਹੇ ਹਨ। ਇਹ ਸਾਰੀਆਂ ਗੱਲਾਂ ਸ਼ਾਇਦ ਹੀ ਭਾਰਤ ਦੇ 10% ਹਿੱਸੇ ਤੱਕ ਪਹੁੰਚਣ। ਅੰਤਰਰਾਸਟਰੀ ਯੋਗ ਦਿਵਸ 'ਤੇ ਮਿਸਟਰ ਮੋਦੀ ਨੇ ਯੋਗਾ ਨੂੰ ਲੋਕਾਂ ਨੂੰ ਆਪਸ ਵਿਚ ਜੋੜਨ ਵਾਲਾ ਦੱਸ ਕੇ ਖ਼ੂਬ ਵਾਹ-ਵਾਹ ਖੱਟੀ ਹੈ। ਪਰ ਕੁਝ ਲੋਕ ਸਵਾਲ ਕਰ ਰਹੇ ਹਨ ਕਿ ਜੇਕਰ ਯੋਗ ਨਾਲ ਲੋਕਾਂ ਨੂੰ ਜੋੜਿਆ ਜਾ ਸਕਦਾ ਹੈ ਤਾਂ ਤੁਸੀਂ ਮਨੀਪੁਰ ਦੇ ਲੋਕਾਂ ਨੂੰ ਜੋੜਨ ਲਈ ਅਜੇ ਤੱਕ ਇਕ ਵੀ ਕੋਸ਼ਿਸ਼ ਕਿਉਂ ਨਹੀਂ ਕੀਤੀ?

ਸੈਨੇਟਰ ਅਤੇ 'HouseJudiciary, @OversightDems ਦੀ ਮੈਂਬਰ ਕੋਰੀ ਬੁਸ਼ ਨੇ ਆਪਣੇ ਟਵੀਟ ਵਿਚ ਤਿੱਖੀ ਆਲੋਚਨਾ ਕਰਦੇ ਹੋਏ ਕਿਹਾ, "ਪ੍ਰਧਾਨ ਮੰਤਰੀ ਮੋਦੀ ਦਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸ਼ਰਮਨਾਕ ਇਤਿਹਾਸ ਹੈ, ਲੋਕਤੰਤਰ ਨੂੰ ਤਾਕ 'ਤੇ ਰੱਖਣ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ 'ਚ ਸ਼ਰਮਨਾਕ ਇਤਿਹਾਸ ਰਿਹਾ ਹੈ। ਮੋਦੀ ਅਤੇ ਉਸ ਦੀਆਂ ਨੀਤੀਆਂ ਨੇ ਜਿਨ੍ਹਾਂ ਭਾਈਚਾਰਿਆਂ ਨੂੰ ਸਤਾਇਆ ਹੈ ਉਨ੍ਹਾਂ ਨਾਲ ਇਕਜੁੱਟਤਾ ਦਿਖਾਉਂਦੇ ਹੋਏ ਮੈਂ ਕਾਂਗਰਸ ਦੀ ਸਾਂਝੀ ਸਭਾ ਦੇ ਸੰਬੋਧਨ ਦਾ ਬਾਈਕਾਟ ਕਰ ਰਹੀ ਹਾਂ।"

ਇਕ ਹੋਰ ਔਰਤ ਸੰਸਦ ਮੈਂਬਰ ਰਸ਼ੀਦਾ ਤਲੈਬ ਦਾ ਟਵੀਟ ਗ਼ੌਰ ਕਰਨ ਵਾਲਾ ਹੈ, "ਇਹ ਸ਼ਰਮਨਾਕ ਹੈ ਕਿ ਮੋਦੀ ਨੂੰ ਸਾਡੀ ਕੌਮੀ ਰਾਜਧਾਨੀ ਵਿਚ ਇਕ ਮੰਚ ਦਿੱਤਾ ਜਾ ਰਿਹਾ ਹੈ – ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਗੈਰਜਮਹੂਰੀ ਕਾਰਵਾਈਆਂ, ਮੁਸਲਮਾਨਾਂ ਅਤੇ ਧਾਰਮਿਕ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਅਤੇ ਪੱਤਰਕਾਰਾਂ 'ਤੇ ਪਾਬੰਦੀ ਲਗਾਉਣ ਦਾ ਉਸ ਦਾ ਲੰਮਾ ਇਤਿਹਾਸ ਹੈ ਜੋ ਕਿ ਬਿਲਕੁਲ ਹੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਮੈਂ ਮੋਦੀ ਵੱਲੋਂ ਕਾਂਗਰਸ ਨੂੰ ਸਾਂਝਾ ਸੰਬੋਧਨ ਕਰਨ ਦਾ ਬਾਈਕਾਟ ਕਰਦੀ ਹਾਂ।"

ਅਰਜੁਨ ਸੇਠੀ ਨਾਂ ਦੇ ਇਕ ਸਮਾਜ ਸੇਵੀ ਨੇ ਪੀਐੱਮ ਮੋਦੀ ਉੱਪਰ ਲੱਗੇ ਦੋਸ਼ਾਂ ਦੀ ਤਸਵੀਰ ਅਮਰੀਕਾ ਦੀਆਂ ਸੜਕਾਂ ਉੱਪਰ ਇਕ ਚਲਦੇ-ਫਿਰਦੇ ਟਰੱਕ ਉੱਪਰ ਵੀਡੀਓ ਦੇ ਮਾਧਿਅਮ ਰਾਹੀਂ ਦਿਖਾਈ ਹੈ। ਮੋਬਾਈਲ ਟਰੱਕ ਵਿਚ ਘੁੰਮਦੇ ਹੋਏ ਬਾਇਡੇਨ ਤੋਂ ਕੁਝ ਸਵਾਲ ਪੁੱਛੇ ਹਨ: 'ਹੇ ਜੋਏ, ਸਵਾਲ: 2005-2014 ਤੱਕ ਮੋਦੀ ਦੇ ਅਮਰੀਕਾ 'ਚ ਦਾਖ਼ਲ ਹੋਣ ਉੱਪਰ ਪਾਬੰਦੀ ਕਿਉਂ ਲਗਾਈ ਗਈ ਸੀ? ਜਵਾਬ: ਧਾਰਮਿਕ ਆਜ਼ਾਦੀ ਦੀ ਗੰਭੀਰ ਉਲੰਘਣਾ ਦਾ ਦੋਸ਼ ਸੀ। ਨਾਲ ਹੀ ਹੇਠਾਂ ਲਿਖਿਆ ਹੈ ਕਿ ਮੋਦੀ ਹੀ ਇਕੱਲਾ ਅਜਿਹਾ ਵਿਅਕਤੀ ਹੈ ਜਿਸ ਨੂੰ ਇਸ ਆਧਾਰ 'ਤੇ ਵੀਜ਼ਾ ਨਹੀਂ ਦਿੱਤਾ ਗਿਆ ਸੀ। #CrimeMinisterOfIndia #BrijBhushanSingh #JusticeDelayedJusticeDenied ਵਰਗੇ ਹੈਸ਼ਟੈਗ ਨਾਲ ਇਸ ਟਰੱਕ ਨੂੰ ਅਮਰੀਕਨ ਨਾਗਰਿਕ ਨਿਊਯਾਰਕ ਦੀਆਂ ਸੜਕਾਂ ਉੱਪਰ ਦੇਖ ਰਹੇ ਹਨ। 20 ਜੂਨ, 2023 ਨੂੰ ਅਮਰੀਕੀ ਰਾਸਟਰਪਤੀ ਜੋਏ ਬਾਇਡੇਨ ਨੂੰ ਲਿਖੀ ਇਕ ਚਿੱਠੀ ਵਿਚ ਅਮਰੀਕੀ ਨੁਮਾਇੰਦਾ ਪ੍ਰਮਿਲਾ ਜੈਪਾਲ ਅਤੇ ਸੈਨੇਟਰ ਕ੍ਰਿਸ ਵੇਲ ਹੋਲੇਨ ਦੇ ਨਾਲ 70 ਤੋਂ ਵੱਧ ਨੁਮਾਇੰਦਿਆਂ ਅਤੇ ਸੈਨੇਟਰਾਂ ਨੇ ਉਸ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮਿਲਣੀ ਸਮੇਂ ਮਨੁੱਖੀ ਅਧਿਕਾਰਾਂ ਅਤੇ ਜਮਹੂਰੀ ਅਧਿਕਾਰਾਂ ਬਾਰੇ ਚਰਚਾ ਕਰਨ ਲਈ ਜ਼ੋਰ ਪਾਇਆ ਹੈ। ਚਿੱਠੀ ਵਿਚ ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਪੁਰਾਣੇ ਲੋਕਤੰਤਰ ਦਰਮਿਆਨ ਨਜ਼ਦੀਕੀ ਸੰਬੰਧਾਂ ਅਤੇ ਸਾਂਝੇ ਲੋਕਤੰਤਰੀ ਮੁੱਲਾਂ ਦਾ ਹਵਾਲਾ ਦਿੰਦੇ ਹੋਏ ਕਵੈਡ ਦੇ ਮਹੱਤਵਪੂਰਨ ਮੈਂਬਰ ਵਜੋਂ ਭਾਰਤ ਦੀ ਭੂਮਿਕਾ ਨੂੰ ਸਵੀਕਾਰ ਕੀਤਾ ਗਿਆ ਹੈ। ਪਰ ਇਸ ਦੇ ਨਾਲ ਹੀ ਚਿੱਠੀ ਵਿਚ ਕਿਹਾ ਗਿਆ ਹੈ ਕਿ ਮਜ਼ਬੂਤ ਅਮਰੀਕੀ-ਭਾਰਤੀ ਸੰਬੰਧਾਂ ਦਾ ਜ਼ੋਰਦਾਰ ਹਮਾਇਤੀ ਹੋਣ ਦੇ ਨਾਲ-ਨਾਲ ਸਾਡਾ ਤਕਾਜ਼ਾ ਇਹ ਵੀ ਹੈ ਕਿ ਦੋਸਤਾਂ ਨੂੰ ਆਪਸ ਵਿਚ ਆਪਣੇ ਮੱਤਭੇਦਾਂ ਬਾਰੇ ਖੁੱਲ੍ਹ ਕੇ ਅਤੇ ਇਮਾਨਦਾਰੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਮੱਤਭੇਦਾਂ ਨੂੰ ਦੂਰ ਕਰਨਾ ਚਾਹੀਦਾ ਹੈ।

ਰਾਸਟਰਪਤੀ ਬਾਇਡੇਨ ਨੂੰ ਲਿਖੇ ਇੱਕ ਪੱਤਰ ਵਿਚ, ਅਮਰੀਕੀ ਸੰਸਦ ਮੈਂਬਰਾਂ ਦਾ ਸਪੱਸ਼ਟ ਵਿਚਾਰ ਹੈ ਕਿ "ਅਸੀਂ ਭਾਰਤ ਵਿਚ ਸਿਆਸੀ ਮਾਹੌਲ ਦੇ ਲਗਾਤਾਰ ਸੁੰਗੜਨ ਬਾਰੇ ਕਈ ਨਿਰਪੱਖ ਅਤੇ ਭਰੋਸੇਯੋਗ ਰਿਪੋਰਟਾਂ ਤੋਂ ਜਾਣੂ ਹਾਂ। ਭਾਰਤ ਵਿਚ ਮਨੁੱਖੀ ਹੱਕਾਂ ਬਾਰੇ ਬਦੇਸ਼ ਮੰਤਰਾਲੇ ਦੀ 2022 ਦੀ ਰਿਪੋਰਟ ਰਾਜਨੀਤਿਕ ਹੱਕਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਪਾਬੰਦੀਆਂ ਨੂੰ ਉਜਾਗਰ ਕਰਦੀ ਹੈ। ਇਸੇ ਤਰ੍ਹਾਂ, ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਦੇ ਸਵਾਲ ਉੱਪਰ ਬਦੇਸ਼ ਵਿਭਾਗ ਦੀ 2022 ਦੀ ਰਿਪੋਰਟ ਵਿਚ ਭਾਰਤ ਵਿਚ ਘੱਟਗਿਣਤੀਆਂ ਵਿਰੁੱਧ ਵਧ ਰਹੀ ਧਾਰਮਿਕ ਅਸਹਿਣਸ਼ੀਲਤਾ ਅਤੇ ਨਿੱਜੀ ਤੇ ਸਰਕਾਰੀ ਚੈਨਲਾਂ ਰਾਹੀਂ ਧਾਰਮਿਕਤਾ ਆਧਾਰਿਤ ਹਿੰਸਾ ਦੀਆਂ ਘਟਨਾਵਾਂ ਦੇਖਣ 'ਚ ਆਈਆਂ ਹਨ।"


ਅਮਰੀਕਨ ਸੰਸਦ ਮੈਂਬਰਾਂ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ "ਰਿਪੋਰਟਰਜ਼ ਵਿਦਆਊਟ ਬਾਰਡਰਜ਼ ਨੇ ਆਪਣੀ ਰਿਪੋਰਟ ਵਿਚ ਦੱਸਿਆ ਹੈ ਕਿ ਭਾਰਤ ਜਿਸ ਨੂੰ ਪਿਛਲੇ ਸਮੇਂ ਵਿਚ ਇਸ ਦੀ ਸੁਤੰਤਰ ਅਤੇ ਜਿਉਂਦੀ-ਜਾਗਦੀ ਪ੍ਰੈੱਸ ਲਈ ਜਾਣਿਆ ਜਾਂਦਾ ਸੀ, ਅੱਜ ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿਚ ਇਸ ਦੀ ਦਰਜਾਬੰਦੀ ਕਾਫ਼ੀ ਗਿਰ ਗਈ ਹੈ। ਇੰਨਾ ਹੀ ਨਹੀਂ, ਐਕਸੈੱਸ ਨਾਓ ਅਨੁਸਾਰ, ਦੁਨੀਆ ਵਿਚ ਸਭ ਤੋਂ ਵੱਧ ਇੰਟਰਨੈੱਟ ਬੰਦ ਕਰਨ ਦੇ ਮਾਮਲੇ ਵਿਚ ਭਾਰਤ ਲਗਾਤਾਰ ਪੰਜ ਸਾਲਾਂ ਤੋਂ ਸਿਖ਼ਰਲੇ ਸਥਾਨ 'ਤੇ ਚਲਿਆ ਆ ਰਿਹਾ ਹੈ।

ਚਿੱਠੀ ਦੇ ਆਖ਼ਰੀ ਪੈਰੇ ਵਿਚ ਲਿਖਿਆ ਹੈ: "ਅਸੀਂ ਅਮਰੀਕਾ ਵਿਚ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕਰਨ ਵਿਚ ਤੁਹਾਡੇ ਨਾਲ ਹਾਂ। ਅਸੀਂ ਭਾਰਤ ਅਤੇ ਸੰਯੁਕਤ ਰਾਜ ਦੇ ਲੋਕਾਂ ਦਰਮਿਆਨ ਡੂੰਘੇ ਅਤੇ ਨਿੱਘੇ ਸਬੰਧਾਂ ਦੇ ਹਮਾਇਤੀ ਹਾਂ। ਅਸੀਂ ਚਾਹੁੰਦੇ ਹਾਂ ਕਿ ਸਾਡਾ ਰਿਸ਼ਤਾ ਆਪਸੀ ਹਿੱਤਾਂ ਤੱਕ ਸੀਮਤ ਨਾ ਹੋਵੇ ਸਗੋਂ ਸਾਂਝੀਆਂ ਕਦਰਾਂ-ਕੀਮਤਾਂ ਵਾਲਾ ਵੀ ਹੋਵੇ। ਅਸੀਂ ਕਿਸੇ ਖ਼ਾਸ ਭਾਰਤੀ ਰਾਜਨੇਤਾ ਜਾਂ ਰਾਜਨੀਤਿਕ ਪਾਰਟੀ ਦੀ ਹਮਾਇਤ ਨਹੀਂ ਕਰਦੇ – ਇਹ ਕੰਮ ਭਾਰਤ ਦੇ ਲੋਕਾਂ ਦਾ ਹੈ – ਪਰ ਅਸੀਂ ਉਨ੍ਹਾਂ ਮਹੱਤਵਪੂਰਨ ਸਿਧਾਂਤਾਂ ਦੇ ਹੱਕ 'ਚ ਹਾਂ ਜੋ ਅਮਰੀਕੀ ਬਦੇਸ਼ ਨੀਤੀ ਦਾ ਮਹੱਤਵਪੂਰਨ ਹਿੱਸਾ ਹੋਣੇ ਚਾਹੀਦੇ ਹਨ। ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਪ੍ਰਧਾਨ ਮੰਤਰੀ ਮੋਦੀ ਦੇ ਨਾਲ ਆਪਣੀ ਗੱਲਬਾਤ ਵਿਚ ਤੁਹਾਨੂੰ ਉਨ੍ਹਾਂ ਸਾਰੇ ਮਹੱਤਵਪੂਰਨ ਮੁੱਦਿਆਂ ਉੱਪਰ ਚਰਚਾ ਕਰਨੀ ਚਾਹੀਦੀ ਹੈ ਜੋ ਸਾਡੇ ਦੋ ਮਹਾਨ ਮੁਲਕਾਂ ਦਰਮਿਆਨ ਸੰਬੰਧਾਂ ਨੂੰ ਸਫ਼ਲ, ਮਜ਼ਬੂਤ ਅਤੇ ਲੰਮਾ ਸਮਾਂ ਨਿਭਣ ਵਾਲੇ ਸੰਬੰਧਾਂ ਵਿਚ ਬਦਲਣ ਵਿਚ ਮਦਦ ਕਰ ਸਕਣ।" (ਇਸ ਤੋਂ ਬਾਦ ਹਸਤਾਖ਼ਰੀ ਨੁਮਾਇੰਦਿਆਂ ਅਤੇ ਸੈਨੇਟਰਾਂ ਦੇ ਨਾਂਵਾਂ ਦੀ ਸੂਚੀ ਹੈ)।



# ਭਾਰਤ ਚੀਨ ਸਰਹੱਦ ਵਿਵਾਦ ਦਾ ਇਤਿਹਾਸਕ ਪਿਛੋਕੜ

ਡਾ. ਬਲਜਿੰਦਰ ਸਿੰਘ ਸੇਖੋਂ




ਵਪਾਰ ਦੀਆਂ ਮਜ਼ਬੂਰੀਆਂ ਦੇ ਹੁੰਦਿਆਂ, ਭਾਰਤ ਚੀਨ ਦੀਆਂ ਸਰਕਾਰਾਂ ਜਦ ਵੀ ਇੱਕ ਦੂਜੇ ਦੇ ਨੇੜੇ ਆਉਣ ਦੀ ਕੋਸ਼ਿਸ਼ ਕਰਦੀਆਂ ਹਨ, ਸਰਹੱਦਾਂ ਦਾ ਵਿਵਾਦ ਵਿਚਕਾਰ ਆ ਖੜ੍ਹਦਾ ਹੈ। ਜਦ ਕਿਤੇ ਕੋਈ ਭਾਰਤੀ ਲੀਡਰ ਜਾਂ ਦਲਾਈ ਲਾਮਾਂ ਅਰੁਨਾਚਲ ਪ੍ਰਦੇਸ਼ ਵਿੱਚ ਜਾਂਦਾ ਹੈ ਤਾਂ ਚੀਨ ਵਲੋਂ ਇਤਰਾਜ਼ ਕੀਤਾ ਜਾਂਦਾ ਹੈ ਕਿ ਉਹ ਇਸ ਵਿਵਾਦਿਤ ਖੇਤਰ ਵਿੱਚ ਕਿਉਂ ਗਿਆ ਕਿਉਂਕਿ ਚੀਨ ਮੁਤਾਬਿਕ ਇਹ ਉਨ੍ਹਾਂ ਦਾ ਦੱਖਣੀ ਤਿਬਤ ਹੈ। ਇਸ ਸਰਹੱਦੀ ਵਿਵਾਦ ਦੀ ਜੜ੍ਹ ਇਨ੍ਹਾਂ ਖੇਤਰਾਂ ਦੇ ਇਤਿਹਾਸ ਵਿੱਚ ਹੈ।


ਭਾਰਤ ਚੀਨ ਬਾਰਡਰ 3488 ਕਿਲੋਮੀਟਰ ਹੈ। ਚੀਨ ਦੀ ਹੱਦ 14 ਦੇਸ਼ਾਂ ਨਾਲ ਲਗਦੀ ਹੈ, ਜਦ ਕਿ ਭਾਰਤ ਦੀ 6 ਦੇਸ਼ਾਂ ਨਾਲ, ਪਰ ਕਿਉਂਕਿ ਭਾਰਤ ਪਾਕਿਸਤਾਨ ਕਬਜ਼ੇ ਹੇਠਲੇ, ਗਿਲਗਿਤ ਬਾਲਤਿਸਤਾਨ ਨੂੰ ਅਪਣਾ ਇਲਾਕਾ ਮੰਨਦਾ ਹੈ, ਇਸ ਤਰ੍ਹਾਂ ਉਸ ਹੱਦ ਦੇ ਉੱਤਰ ਵੱਲ ਲਗਦੇ ਅਫਗਾਨਿਸਤਾਨ ਨਾਲ ਵੀ ਅਪਣੀ 106 ਕਿਲੋਮੀਟਰ ਲੱਗੀ ਹੱਦ ਦਾ ਦਾਵਾ ਕਰਦਾ ਹੈ। ਪੁਰਾਣੇ ਸਮੇਂ ਵਿੱਚ ਦੋਨੋ ਦੇਸ਼ਾਂ ਵਿਚਕਾਰ ਕਈ ਛੋਟੇ ਮੁਲਕ ਸਨ ਜਿਸ ਕਾਰਨ ਦੋਨਾਂ ਦੀਆਂ ਹੱਦਾਂ ਸਾਝੀਆਂ ਨਹੀਂ ਸਨ। ਸਮੇਂ ਨਾਲ ਇਨ੍ਹਾਂ ਵਿਚੋਂ ਕੁਝ ਚੀਨ ਨੇ ਅਪਣੇ ਵਿੱਚ ਸ਼ਾਮਲ ਕਰ ਲਏ ਅਤੇ ਕੁਝ ਭਾਰਤ ਨੇ, ਜਿਸ ਕਾਰਨ ਇਨ੍ਹਾਂ ਦੀਆਂ ਹੱਦਾਂ ਸਾਂਝੀਆਂ ਹੋ ਗਈਆਂ। ਅਜੋਕੇ ਬਾਰਡਰ ਤੇ ਪੈਂਦੇ ਹਿਸੇ ਵੀ ਕਦੇ ਕਿਸੇ, ਕਦੇ ਕਿਸੇ ਪਾਸੇ ਸ਼ਾਮਿਲ ਹੁੰਦੇ ਰਹੇ। ਅੱਜ ਕਲ੍ਹ ਪ੍ਰਮੁੱਖ ਤੌਰ ਤੇ ਇਕ ਲਦਾਖ ਦਾ ਅਤੇ ਇੱਕ ਅਰਨਾਚਲ ਪ੍ਰਦੇਸ਼ (ਪੁਰਾਣਾ ਨਾਂ ਨੇਫਾ, ਨੌਰਥ ਵੈਸਟ ਫਰੰਟੀਅਰ ਏਜੰਸੀ) ਦਾ ਬਾਰਡਰ ਚੀਨ ਨਾਲ ਸਾਂਝੇ ਹਨ। ਪਹਿਲੇ ਦੀ ਹੱਦ ਦੀ ਇਤਿਹਾਸਕ ਸੰਧੀ 1842 ਵਿੱਚ ਚੀਨ ਅਤੇ ਸਿੱਖ ਰਾਜ ਦਰਮਿਆਨ ਤੇ ਦੂਸਰੇ ਦੀ 1914 ਵਿੱਚ ਅੰਗਰੇਜ਼ਾਂ ਅਤੇ ਤਿਬਤ ਦਰਮਿਆਨ ਮਿਥੀ ਗਈ। 1914 ਦੀ ਸੰਧੀ ਵੇਲੇ, ਚੀਨ ਦਾ ਨੁਮਾਂਇੰਦਾ ਆਇਆ ਜਰੂਰ ਪਰ ਉਸ ਨੇ ਸੰਧੀ ਨੂੰ ਨਜਾਇਜ਼ ਕਹਿੰਦਿਆਂ ਇਸ ਤੇ ਦਸਤਖਤ ਨਹੀਂ ਕੀਤੇ।

**ਲਦਾਖ ਵਾਲਾ ਬਾਰਡਰ** : ਲਦਾਖ ਵਾਲਾ ਬਾਰਡਰ ਚੀਨ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਡੋਗਰਾ ਜਰਨੈਲ ਜ਼ੋਰਾਵਰ ਸਿੰਘ ਕਹਿਲੂਰੀਆ ਵਲੋਂ ਇਹ ਇਲਾਕਾ ਜਿਤਣ ਬਾਅਦ ਲੱਗਿਆ। ਲਦਾਖ ਠੰਡਾ ਮਾਰੂਥਲ ਹੈ, ਜਿਥੇ ਸਿਰਫ ਦਰਿਆਵਾਂ ਦੇ ਨੇੜੇ ਘਾਟੀਆਂ ਵਿੱਚ ਹਰਿਆਵਲ ਹੈ। ਲਦਾਖ ਵਿੱਚੋਂ ਪੁਰਾਣੇ ਜਮਾਨੇ ਵਿੱਚ ਵਪਾਰ ਦੇ ਮਹੱਤਵਪੂਰਨ ਰਸਤੇ ਲੰਘਦੇ ਸਨ। ਇਸ ਦੇ ਨਾਲ ਅਜੋਕੇ ਚੀਨ ਦੇ ਜਿਨਜਿਆਂਗ, ਤਿਬਤ, ਪਾਕਿਸਤਾਨ ਦੇ ਕਬਜ਼ੇ ਹੇਠਲਾ ਗਿਲਗਿਤ ਬਾਲਿਤਸਤਾਨ, ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਲਗਦੇ ਹਨ।

1500 ਸਾਲ ਪਹਿਲਾਂ ਤਿਬਤ ਇੱਕ ਵੱਡਾ ਸਾਮਰਾਜ ਸੀ, ਜੋ ਦੂਰ ਤੱਕ ਫੈਲਿਆ ਹੋਇਆ ਸੀ ਅਤੇ ਲਦਾਖ ਇਸ ਦਾ ਹਿੱਸਾ ਸੀ। ਇਸ ਰਾਜ ਦੇ ਰਾਜੇ, ਲਾਂਗਡਰਮਾਂ ਦਾ 842 ਈਸਵੀ ਵਿੱਚ ਕਤਲ ਕਰ ਦਿੱਤਾ ਗਿਆ ਜਿਸ ਬਾਅਦ ਇਹ ਰਾਜ ਟੁਕੜੇ ਟੁਕੜੇ ਹੋ ਗਿਆ। ਅਗਲੇ ਸੌ ਸਾਲ ਰੌਲੇ ਰੱਪੇ ਪੈਂਦੇ ਰਹੇ ਅਤੇ 930 ਈਸਵੀ ਵਿਚ ਲਦਾਖ ਇਕ ਤਕੜਾ ਰਾਜ ਬਣ ਗਿਆ ਜਿਸ ਵਿੱਚ ਅਜੋਕੇ ਤਿਬਤ ਦੇ ਕੁਝ ਇਲਾਕੇ ਵੀ ਸ਼ਾਮਲ ਸਨ।

ਤਿਬਤ ਅਤੇ ਲਦਾਖ ਦੀ ਬੋਲੀ, ਬੁੱਧ ਧਰਮ, ਇਤਿਹਾਸ ਇੱਕ ਹੋਣ ਕਾਰਨ ਅਗਲੇ ਸੌ ਸਾਲ ਤੱਕ ਵੀ ਇਸ ਦੇ ਸਬੰਧ ਜਿਆਦਾ ਤਿਬਤ ਨਾਲ ਹੀ ਰਹੇ। 1460 ਤੋਂ 1842 ਤੱਕ ਲਦਾਖ ਤੇ ਬੋਧੀ ਨਾਮਗਿਆਲ ਖਾਂਨਦਾਨ ਰਾਜ ਕਰਦਾ ਰਿਹਾ।

ਅਕਬਰ ਨੇ ਕਸ਼ਮੀਰ, ਮੁੱਗਲ ਰਾਜ ਵਿਚ 1586 ਅਤੇ ਫਿਰ ਔਰੰਗਜ਼ੇਬ ਦੇ ਮਰਨ ਬਾਅਦ ਅਫਗਾਨਿਸਤਾਨ ਵਿੱਚ ਅਹਿਮਦ ਸ਼ਾਹ ਅਬਦਾਲੀ ਨੇ 1752 ਵਿੱਚ ਮਿਲਾ ਲਿਆ। ਅਕਬਰ ਨੇ ਕਸ਼ਮੀਰ ਤੇ ਕਬਜ਼ਾ ਕਰ ਲਿਆ ਅਤੇ ਲਦਾਖ ਨੂੰ ਅਪਣੇ ਰਾਜ ਵਿੱਚ ਤਾਂ ਨਾ ਰਲਾ ਸਕਿਆ ਪਰ ਪ੍ਰਭਾਵ ਥੱਲੇ ਲੈ ਲਿਆ ਅਤੇ ਜਦ ਤਿਬਤ ਨੇ ਲਦਾਖ ਤੇ 1679 ਤੋਂ 1684 ਤੱਕ ਹਮਲੇ ਕੀਤੇ ਤਾਂ ਮੁਗਲਾਂ ਨੇ ਲਦਾਖ ਦੀ ਮੱਦਦ ਕੀਤੀ। ਰਣਜੀਤ ਸਿੰਘ ਦੀ ਕਸ਼ਮੀਰ ਜਿੱਤ ਉਥੋਂ ਦੇ ਖਜ਼ਾਨਾ ਵਜ਼ੀਰ ਬੀਰਬੱਲ ਧੀਰ ਦੀ ਮਦਦ ਜਾਂ ਕਹਿ ਲਓ ਅਪਣੇ ਦੇਸ਼ ਨਾਲ ਗਦਾਰੀ ਨਾਲ 1819 ਵਿੱਚ ਸੰਭਵ ਹੋਈ। ਉਹ ਖੁਦ ਲਾਹੌਰ ਗਿਆ ਅਤੇ ਦੱਸਿਆ ਕਿ ਕਸ਼ਮੀਰ ਦਾ ਗਵਰਨਰ ਅਜ਼ੀਮ ਖਾਂ ਕਾਫੀ ਫੌਜਾਂ ਲੈ ਕੇ ਕਾਬਲ ਚਲਾ ਗਿਆ ਹੈ ਅਤੇ ਕਸ਼ਮੀਰ ਦੀ ਕਮਾਨ ਕੰਮਜ਼ੋਰ ਜਬਰ ਖਾਂ ਕੋਲ ਹੈ। ਉਸ ਨੇ ਹਮਲਾ ਕਰਨ ਲਈ ਸਹੀ ਰਸਤੇ ਵੀ ਦੱਸ ਦਿੱਤੇ। ਹੋਈਆਂ ਲੜਾਈਆਂ ਵਿਚ ਹਰੀ ਸਿੰਘ ਨਲੂਏ ਅਤੇ ਅਕਾਲੀ ਫੂਲਾ ਸਿੰਘ ਦੀ ਖਾਸ ਭੂਮਿਕਾ ਰਹੀ। ਕਸ਼ਮੀਰ ਜਿੱਤਣ ਬਾਅਦ ਲਦਾਖ ਜਿਤਣ ਦੀ ਜੁਮੇਵਾਰੀ ਰਣਜੀਤ ਸਿੰਘ ਨੇ ਡੋਗਰੇ ਗੁਲਾਬ ਸਿੰਘ ਨੂੰ ਦਿੱਤੀ। 1834 ਵਿੱਚ ਸਿੱਖ ਰਾਜ ਦੇ ਡੋਗਰੇ ਜਨਰਲ ਜ਼ੋਰਾਵਰ ਸਿੰਘ ਕਹਿਲੂਰੀਆ ਦੀ ਕਮਾਨ ਹੇਠ 4000 ਫੌਜੀਆਂ ਨੇ ਲਦਾਖ ਦੀ 5000 ਫੌਜ ਨੂੰ ਕਾਰਗਿਲ ਕੋਲ ਸਾਂਕੂ ਦੇ ਸਥਾਨ ਤੇ ਹਰਾ ਕੇ ਇਸ ਨੂੰ ਸਿੱਖ ਰਾਜ ਵਿੱਚ ਮਿਲਾ ਲਿਆ।




ਇਸ ਤੋਂ ਬਾਅਦ ਕਹਿਲੂਰੀਏ ਨੇ ਗਿਲਗਿਤ ਬਾਲਿਤਸਾਨ ਤੇ ਵੀ ਕਬਜ਼ਾ ਕਰ ਲਿਆ ਅਤੇ ਮਈ 1841 ਵਿੱਚ ਤਿਬਤ ਦੇ ਮਾਨਸਰੋਵਰ ਕੈਲਾਸ਼ ਤੱਕ ਫੌਜਾਂ ਲੈ ਗਿਆ। ਸਰਦੀ ਵਿੱਚ ਜਦ ਸਾਰੇ ਰਸਤੇ ਬਰਫ਼ ਤੇ ਠੰਢ ਕਾਰਨ ਬੰਦ ਸਨ, ਉਹ ਅਪਣੇ ਰਾਜ ਤੋਂ ਬਹੁਤ ਦੂਰ ਇਕ ਛੋਟੇ ਕਿਲੇ ਵਿੱਚ 500 ਫੌਜੀਆਂ ਨਾਲ ਸੀ ਤਾਂ ਚੀਨੀਆਂ ਨੇ 10,000 ਦੀ ਫੌਜ ਇਕੱਠੀ ਕਰਕੇ ਉਸ ਨੂੰ ਸਾਰੇ ਫੌਜੀਆਂ ਸਮੇਤ ਸ਼ਹੀਦ ਕਰ ਦਿੱਤਾ। ਕੈਹਲੂਰੀਏ ਦੇ ਸਰੀਰ ਦੀ ਬੋਟੀ ਬੋਟੀ ਕਰਕੇ ਤਿਬਤੀ ਅਪਣੇ ਘਰਾਂ ਵਿਚ ਲੈ ਗਏ, ਕਿਉਂਕਿ ਉੱਥੇ ਇਹ ਧਾਰਨਾ ਸੀ ਕਿ ਜਿਸ ਘਰ ਵਿੱਚ ਇਸ ਤਰ੍ਹਾਂ ਦੇ ਯੋਧੇ ਦੇ ਸਰੀਰ ਦਾ ਹਿੱਸਾ ਪਿਆ ਹੋਵੇ, ਉਸ ਘਰ ਯੋਧੇ ਹੀ ਜੰਮਣਗੇ। ਚੀਨੀ ਫੌਜ ਲੇਹ ਤੱਕ ਆ ਗਈ, ਜਿਸ ਨੂੰ ਸਿੱਖ ਫੌਜ ਨੇ ਹਰਾ ਦਿੱਤਾ ਅਤੇ 1842 ਵਿੱਚ ਚੁਸ਼ੂਲ ਦੀ ਸੰਧੀ ਹੋਈ ਅਤੇ ਦੋਨਾ ਨੇ ਲੜਾਈ ਤੋਂ ਪਹਿਲਾਂ ਵਾਲੀ ਹੱਦ ਤੱਕ ਰਹਿਣਾ ਮੰਨ ਲਿਆ। ਚਾਰ ਸਾਲ ਬਾਅਦ (1845-46)ਅੰਗਰੇਜ਼ਾਂ ਦੇ ਸਿੱਖ ਰਾਜ ਤੇ ਕਬਜ਼ਾ ਕਰ ਲੈਣ ਤੇ ਲਦਾਖ ਭਾਰਤ ਨਾਲ ਮਿਲ ਗਿਆ ਅਤੇ ਇਸ ਤਰ੍ਹਾਂ ਇਹ ਹੱਦ ਚੀਨ ਤੇ ਭਾਰਤ ਦੀ ਬਣ ਗਈ। ਡੋਗਰੇ ਗੁਲਾਬ ਦੀ ਸਿੱਖ ਰਾਜ ਨਾਲ ਗਦਾਰੀ ਅਤੇ ਕੁਝ ਪੈਸੇ ਦੇ ਲੈਣ ਦੇਣ ਨਾਲ ਕਸ਼ਮੀਰ ਅੰਗਰੇਜ਼ਾਂ ਦੇ ਰਾਜ ਦੀ ਡੋਗਰਾ ਰਿਆਸਤ ਬਣ ਗਿਆ।

ਅੰਗਰੇਜ਼ਾਂ ਨੇ ਕਬਜ਼ਾ ਲੈਣ ਦੇ ਅਗਲੇ ਸਾਲ ਹੀ ਅਪਣੇ ਇਲਾਕੇ ਦੀ ਨਿਸ਼ਾਂਨਦੇਹੀ ਕਰਨ ਲਈ ਕਨਿੰਘਮ ਦੀ ਸਰਪ੍ਰਸਤੀ ਹੇਠ ਹੱਦਬੰਦੀ ਕਮਿਸ਼ਨ ਨਯੁਕਤ ਕਰ ਦਿੱਤਾ। ਉਨ੍ਹਾਂ ਨੇ ਚੀਨ, ਜ਼ਿਨਜ਼ਿਆਂਗ ਅਤੇ ਤਿਬਤ ਨਾਲ ਇਸ ਲਈ ਸੰਪਰਕ ਕੀਤਾ, ਪਰ ਕਿਸੇ ਨੇ ਕੋਈ ਧਿਆਨ ਨਾ ਦਿੱਤਾ। ਵਿਲੀਅਮ ਜੌਹਨਸਨ ਜੋ ਅੰਗਰੇਜ਼ੀ ਰਾਜ ਵਿੱਚ ਉੱਚ ਅਧਿਕਾਰੀ ਸੀ, ਨੇ ਅਪਣੇ ਵਲੋਂ "ਜੌਹਨਸਨ ਲਕੀਰ" ਦੇ ਨਾਂ ਨਾਲ ਹੱਦ ਵਾਹ ਦਿੱਤੀ। ਉਸ ਵੇਲੇ ਜ਼ਿਨਜ਼ਿਆਂਗ ਵਿੱਚ ਚੀਨ ਖਿਲਾਫ਼ ਵਿਦਰੋਹ ਚੱਲ ਰਿਹਾ ਸੀ ਕਿਸੇ ਨੇ ਕੋਈ ਜਵਾਬ ਨਾ ਦਿੱਤਾ।

ਇਸ ਲਾਈਨ ਨੂੰ ਮੰਨਦਿਆਂ ਅਕਸਾਈ ਚਿੰਨ ਵਿੱਚ ਗੁਲਾਬ ਸਿੰਘ ਨੇ ਸ਼ਾਹੀਦੁੱਲਾ (ਅੱਜ ਨਾਂ ਯਾਈਦੁਲਾ) ਵਿੱਚ ਇੱਕ ਕਿਲਾ ਬਣਵਾ ਦਿੱਤਾ। ਕਈ ਸਾਲ ਇਸ ਵਿੱਚ ਕੁਝ ਫੌਜੀ ਇਥੋਂ ਲੰਘਦੇ ਕਾਫਲਿਆਂ ਦੀ ਰਾਖੀ ਲਈ ਰਹਿੰਦੇ ਰਹੇ ਪਰ ਇਹ ਠੰਡਾ ਝੱਖ, 16000 ਫੁੱਟ ਉੱਚਾ ਪਧਰੀਲਾ ਮਾਰੂਥਲ ਹੋਣ ਕਾਰਨ ਇਸ ਨੂੰ ਖਾਲੀ ਕਰ ਦਿੱਤਾ ਗਿਆ। 1878 ਵਿੱਚ ਚੀਨ ਨੇ ਵਿਦਰੋਹ ਦਬਾ ਕੇ ਜ਼ੀਨਜ਼ਿਆਂਗ ਤੇ ਪੱਕਾ ਅਧਿਕਾਰ ਜਮਾ ਲਿਆ, ਕਿਲਾ ਢਾਹ ਦਿੱਤਾ ਅਤੇ ਕਿਤੇ ਅੱਗੇ ਆ ਕਾਰਾਕੁਮ ਦਰੇ ਤੇ ਅਪਣੀ ਹੱਦ ਦੇ ਨਿਸ਼ਾਨ ਗੱਡ ਦਿੱਤੇ। ਅੰਗਰੇਜ਼ਾਂ ਨੇ ਕੋਈ ਇਤਰਾਜ਼ ਨਾ ਕੀਤਾ। ਫਿਰ 1897 ਵਿੱਚ ਅੰਗਰੇਜ਼ੀ ਫੌਜੀ ਅਫਸਰ ਜੌਹਨ ਅਰਡਘ ਨੇ ਕੁਨ ਲੁਨ ਪਹਾੜੀਆਂ ਦੇ ਸਿਖਰਾਂ ਨੂੰ ਮਿਲਾਉਂਦੀ ਹੱਦ ਤਜਵੀਜ ਕੀਤੀ, ਉਸ ਮੁਤਾਬਿਕ ਇਹ ਜੇਕਰ ਰੂਸ ਹਮਲਾ ਕਰਦਾ ਹੈ ਤਾਂ ਫੌਜੀ ਨੁਕਤਾ ਨਿਗਾਹ ਤੋਂ ਠੀਕ ਸੀ ਕਿਉਂਕਿ ਚੀਨ ਉੱਸ ਸਮੇਂ ਕਮਜ਼ੋਰ ਹੋ ਗਿਆ ਸੀ ਉਸ ਤੋਂ ਕੋਈ ਖਤਰਾ ਨਹੀਂ ਸੀ। ਇਹ ਜੋਹਨਸਨ ਦੀ ਲਕੀਰ ਦਾ ਥੋੜ੍ਹਾ ਬਦਲ ਸੀ ਸੋ ਇਸ ਨੂੰ ਜੋਹਨਸਨ-ਅਰਡਘ ਲਾਈਨ ਦਾ ਨਾ ਦਿੱਤਾ ਗਿਆ। ਫਿਰ 1899 ਵਿੱਚ ਅੰਗਰੇਜ਼ਾਂ ਨੇ ਮੈਕਾਰਟਨੇ-ਮੈਕਡੋਨਲਡ ਲਾਈਨ ਦੀ ਤਜਵੀਜ਼ ਭੇਜੀ ਪਰ ਇਸ ਦਾ ਵੀ ਚੀਨ ਵਲੋਂ ਕੋਈ ਜਵਾਬ ਨਾ ਆਇਆ। ਅੰਗਰੇਜ਼ਾਂ ਅਤੇ ਚੀਨ ਦੇ ਵੱਖ ਵੱਖ ਅਦਾਰੇ ਕਦੇ ਕੋਈ ਕਦੇ ਕੋਈ ਲਾਈਨ ਵਰਤਦੇ ਰਹੇ, ਪਰ ਕਦੇ ਵੀ ਦੋਨੋ ਦੇਸ਼ਾਂ ਦੇ ਨੁਮਾਂਇੰਦਿਆਂ ਨੇ ਇਕੱਠੇ ਬੈਠ ਕੇ ਕਿਸੇ ਇੱਕ ਲਕੀਰ ਤੇ ਸਹਿਮਤੀ ਨਾ ਪ੍ਰਗਟਾਈ। ਜਦੋਂ 1954=55 ਵਿੱਚ ਨਹਿਰੂ ਚੀਨ ਭਾਰਤ ਦੀ 2000 ਸਾਲ ਪੁਰਾਣੀ ਦੋਸਤੀ ਦੀ ਗੱਲ ਕਰ ਰਿਹਾ ਸੀ, ਚੀਨ ਸਿਨਕਿਆਂਗ (ਅਜੋਕਾ ਜ਼ਿਨਜ਼ਿਆਂਗ) ਤੋਂ ਤਿਬਤ ਦੀ ਰਾਜਧਾਨੀ ਲਾਸਾ ਲਈ ਸੜਕ ਦਾ ਸਰਵੇ ਕਰ ਰਿਹਾ ਸੀ। ਭਾਰਤ ਨੂੰ ਇਸ ਸੜਕ ਦੀ ਜਾਣਕਾਰੀ ਓਦੋਂ ਹੋਈ ਜਦੋਂ ਚੀਨ ਨੇ ਸਤੰਬਰ 1957 ਵਿਚ ਐਲਾਨ ਕੀਤਾ ਕਿ ਉਹ ਟੈਫਿਕ ਲਈ ਸੜਕ ਖੋਲ੍ਹ ਰਿਹਾ ਹੈ। 1958 ਵਿਚ ਚੀਨ ਨੇ ਅਕਸਾ ?ਈ ਚਿੰਨ ਦਾ ਇਲਾਕਾ ਅਪਣੇ ਨਕਸ਼ਿਆਂ ਵਿਚ ਵਖਾਇਆ, ਭਾਰਤ ਵਲੋਂ ਇਤਰਾਜ਼ ਕਰਨ ਤੇ ਚਾਓ ਐਨ ਲਾਈ ਨੇ ਕਿਹਾ ਕਿ ਇਹ ਪੁਰਾਣੇ ਨਕਸ਼ੇ ਹਨ, ਸੋਧ ਕਰ ਲਈ ਜਾਵੇਗੀ। ਸੋ ਅਸਲ ਹੱਦ ਦੀ ਰਜ਼ਾਬੰਦੀ ਜਾਂ ਹੱਦਬੰਦੀ ਕਦੇ ਵੀ ਨਾ ਹੋਈ।

**ਅਰੁਣਾਂਚਲ ਪ੍ਰਦੇਸ਼ ਜਾਂ ਨੇਫਾ ਦੀ ਹੱਦ** : ਨੇਫਾ ਜਾ ਕਹਿ ਲਓ ਅਰੁਨਾਂਚਲ ਪ੍ਰਦੇਸ਼, ਅੰਗਰੇਜ਼ਾਂ ਵਲੋਂ ਬਰਮ ?ਹਾਂ ਨਾਲ ਦੋ ਸਾਲ ਦੀ ਲੜਾਈ ਮਗਰੋਂ 1826 ਵਿੱਚ ਅਸਾਮ ਦੇ ਦੂਸਰੇ ਇਲਾਕਿਆਂ ਨਾਲ ਭਾਰਤ ਵਿੱਚ ਰਲਾ ਲਿਆ ਗਿਆ ਸੀ ਪਰ ਇਸ ਇਲਾਕੇ ਤੇ ਅੰਗਰੇਜ਼ਾਂ ਦਾ ਅਸਲ ਕੰਟਰੋਲ 1912-13 ਵਿੱਚ ਇੱਥੇ ਰਹਿੰਦੇ ਮੂਲ ਨਿਵਾਸੀਆਂ ਨਾਲ ਸਮਝੌਤੇ ਬਾਅਦ ਹੀ ਹੋਇਆ। ਇਸ ਦੀ ਤਿਬਤ ਨਾਲ ਹੱਦ ਬੰਦੀ ਕਰਨ ਲਈ ਅੰਗਰੇਜ਼ਾਂ ਨੇ 1914 ਵਿੱਚ ਕੋਸ਼ਿਸ਼ਾਂ ਕੀਤੀਆਂ। ਉਸ ਵੇਲੇ ਚੀਨ ਕਮਜ਼ੋਰ ਸੀ, ਤਿਬਤ ਅਪਣੇ ਆਪ ਨੂੰ ਚੀਨ ਤੋਂ ਅਜ਼ਾਦ ਕਹਿਣ ਲੱਗਾ ਸੀ, ਅੰਗਰੇਜ਼ ਚੀਨ ਤੋਂ ਨਹੀਂ ਪਰ ਦੁਸਰੀਆਂ ਉਸ ਵੇਲੇ ਦੀਆਂ ਵੱਡੀਆਂ ਤਾਕਤਾਂ, ਰੂਸ, ਫ਼ਰਾਂਸ ਆਦਿ ਦੇ ਹਮਲਿਆਂ ਤੋਂ ਡਰਦੇ ਸਨ। ਇਸ ਹੱਦ ਬੰਦੀ ਲਈ ਚੀਨ, ਤਿਬਤ ਅਤੇ ਭਾਰਤੀ -ਬਰਤਾਨੀਆਂ ਦੇ ਨੁਮਾਂਇੰਦਿਆਂ ਦੀਆਂ ਸ਼ਿਮਲੇ ਅਤੇ ਦਿੱਲੀ ਵਿੱਚ ਮੀਟਿੰਗਾਂ ਹੋਈਆਂ। ਚੀਨ ਦੇ ਨੁੰਮਾਇੰਦੇ ਨੇ ਪਹਿਲਾਂ ਤਾਂ ਹਿੱਸਾ ਲਿਆ ਪਰ ਬਾਅਦ ਵਿੱਚ ਹੋ ਰਹੀ ਸੰਧੀ ਨੂੰ ਨਾਮੰਨਣਯੋਗ ਕਹਿਕੇ ਇਸ ਤੇ ਦਸਖਤ ਕਰਨ ਤੋਂ ਨਾਂਹ ਕਰ ਦਿੱਤੀ। ਉਸ ਦਾ ਕਹਿਣਾ ਸੀ ਕਿ ਤਿਬਤ ਚੀਨ ਦਾ ਹਿੱਸਾ ਹੈ, ਇਸ ਲਈ ਗੱਲਬਾਤ ਲਈ ਤਿਬਤ ਦੇ ਨੁਮਾਂਇੰਦੇ ਨੂੰ ਬੁਲਾਉਣਾ ਗਲਤ ਹੈ। ਉਸ ਦਾ ਇਹ ਵੀ ਇਤਰਾਜ਼ ਸੀ ਕਿ ਅਰਨਾਂਚਲ ਪ੍ਰਦੇਸ਼ ਜੋ ਚੀਨ ਮੁਤਾਬਿਕ ਦੱਖਣੀ ਤਿਬਤ ਦਾ ਹਿੱਸਾ ਸੀ, ਨੂੰ ਭਾਰਤ ਵਿੱਚ ਕਿਉਂ ਮਿਲਾਇਆ ਜਾ ਰਿਹਾ ਹੈ। ਤਿਬਤ ਦੇ ਨੁਮਾਂਇੰਦੇ ਨੂੰ ਇਹ ਗੁਮਾਨ ਹੋ ਗਿਆ ਕਿ ਅੰਗਰੇਜ਼ਾਂ ਵਰਗੀ ਵੱਡੀ ਸ਼ਕਤੀ, ਤਿਬਤ ਨੂੰ ਅਜ਼ਾਦ ਦੇਸ਼ ਮੰਨ ਰਹੀ ਸੀ, ਉਨ੍ਹਾਂ ਨਾਲ ਸਮਝੌਤੇ ਲਈ ਤਿਆਰ ਸੀ। ਉਸ ਨੇ ਇਹ ਸਮਝੋਤਾ ਮੰਨ ਲਿਆ ਅਤੇ ਦਸਤਖਤ ਕਰ ਦਿੱਤੇ।

ਇਸ ਹੱਦ ਦਾ ਨਾਂ ਅੰਗਰੇਜ਼ਾਂ ਦੇ ਇਸ ਗੱਲਬਾਤ ਵਿੱਚ ਮੁੱਖ ਨੁਮਾਂਇੰਦੇ ਸਰ ਹੈਨਰੀ ਮੈਕਮੋਹਨ ਦੇ ਨਾਂ ਤੇ ਮੈਕਮੋਹਨ ਲਾਈਨ ਰੱਖਿਆ ਗਿਆ। ਇਹ ਭੁਟਾਨ ਦੇ ਪੂਰਬੀ ਕਿਨਾਰੇ ਤੋਂ ਚੋਟੀਆਂ ਦੇ ਸਿੱਖਰ ਮਿਲਾਉਂਦਿਆਂ ਬ੍ਰਹਮਪੁਤਰ ਦਰਿਆ ਦੇ ਵੱਡੇ ਮੋੜ ਜਿਥੇ ਇਹ ਭਾਰਤ ਵਿੱਚ ਦਾਖਿਲ ਹੁੰਦਾ ਹੈ ਤੱਕ ਹੈ। ਇਸ ਤੋਂ ਬਾਅਦ ਬਰਤਾਨੀਆਂ ਅਤੇ ਫਿਰ ਭਾਰਤ ਇਸੇ ਹੱਦ ਨੂੰ ਮੰਨਦੇ ਹੋਏ ਨਕਸ਼ੇ ਬਣਾਉਂਦੇ ਰਹੇ, ਚੀਨ ਤਾਂ ਸਗੋਂ ਅਸਾਮ ਤੋਂ ਉਪਰ ਚੀਨ ਤੱਕ ਸਾਰਾ ਪਹਾੜੀ ਇਲਾਕਾ ਅਪਣੇ ਵਿੱਚ ਹੀ ਕਹਿੰਦਾ ਹੈ। ਸੋ ਇਸ ਹੱਦ ਬਾਰੇ ਵੀ ਕਦੇ ਭਾਰਤ - ਚੀਨ ਦਰਮਿਆਨ ਸਹੀ ਸੰਧੀ ਨਹੀਂ ਹੋਈ।

ਭਾਰਤ ਚੀਨ ਦੀ 1962 ਦੀ ਜੰਗ ਇਨ੍ਹਾਂ ਹਾਲਤਾਂ ਵਿੱਚ ਹੀ ਹੋਈ। 1954 ਤੋਂ 1957 ਤੱਕ ਭਾਰਤ ਦੇ ਲੋਕਾਂ ਨੂੰ ਲਦਾਖ, ਨੇਫਾ ਦਾ ਕੋਈ ਲੈਣਾ ਦੇਣਾ ਨਹੀਂ ਸੀ, ਉਸ ਵੇਲੇ ਇਹ ਮਸਲਾ ਸੁਲਝਾਇਆ ਜਾ ਸਕਦਾ ਸੀ। ਚਾਓ ਇਨ ਲਾਈ ਦੀ ਤਜ਼ਵੀਜ ਸੀ ਕਿ ਤੁਸੀਂ ਅਕਸਾਈ ਚਿੰਨ ਤੇ ਹੱਕ ਛੱਡ ਦਿਓ, ਅਸੀਂ ਅਰਨਾਂਚਲ ਪ੍ਰਦੇਸ਼ ਤੇ ਅਪਣਾ ਹੱਕ ਜਿਤਾਣਾ ਛੱਡ ਦੇਵਾਂਗੇ। ਵਿਰੋਧੀ ਪਾਰਟੀਆਂ ਦੇ ਰੌਲੇ ਰੱਪੇ ਕਾਰਨ, ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਇਹ ਤਜਵੀਜ਼ ਨਾ ਮੰਨ ਸਕਿਆ। ਉਸ ਦੀ ਅਪਣੀ ਕਾਂਗਰਸ ਪਾਰਟੀ ਦੇ ਮੈਂਬਰਾਂ ਨੇ ਵੀ ਉਸ ਦਾ ਸਾਥ ਨਾ ਦਿੱਤਾ। ਜਦ ਨਹਿਰੂ ਨੇ ਕਿਹਾ ਕਿ ਅਕਸਾਈ ਚਿੰਨ ਬੰਜਰ ਇਲਾਕਾ ਹੈ, ਉੱਥੇ ਘਾਹ ਦੀ ਤਿੜ ਤੱਕ ਨਹੀਂ ਉਗਦੀ, ਤਾਂ ਕਾਂਗਰਸੀ ਮੈਂਬਰ ਪਾਰਲੀਮੈਂਟ ਮਹਾਂਵੀਰ ਤਿਆਗੀ ਨੇ ਨਹਿਰੂ ਦੇ ਗੰਜੇ ਸਿਰ ਵੱਲ ਉਂਗਲ ਕਰ ਕੇ ਟਕੋਰ ਕੀਤੀ ਕਿ "ਇਥੇ ਵੀ ਕੁਝ ਨਹੀਂ ਉਗਦਾ ਤਾਂ ਕੀ ਇਸ ਨੂੰ ਕੱਟਿਆ ਜਾ ਸਕਦਾ ਹੈ ਜਾਂ ਕਿਸੇ ਹੋਰ ਨੂੰ ਦਿੱਤਾ ਜਾ ਸਕਦਾ ਹੈ।" ਇਨ੍ਹਾਂ ਹਾਲਤਾਂ ਵਿੱਚ ਭਾਰਤ ਨੇ ਨਕਸ਼ੇ ਮੁਤਾਬਿਕ ਹੱਦ ਤੇ ਫੌਜੀ ਚੌਕੀਆਂ ਬਣਾਉਣ ਦੇ ਯਤਨ ਆਰੰਭ ਕਰ ਦਿੱਤੇ। ਇਸ ਨੂੰ ਫਾਰਵਰਡ (ਅਗਾਂਹ) ਪਾਲਸੀ ਕਿਹਾ ਗਿਆ। ਨਹਿਰੂ ਨੂੰ ਪੱਕਾ ਯਕੀਨ ਸੀ ਕਿ ਲੜਾਈ ਨਹੀਂ ਹੋਵੇਗੀ। ਭਾਰਤੀ ਫੌਜੀ, ਗਰਮੀਆਂ ਦੀ ਵਰਦੀ ਵਿੱਚ ਹੀ, ਸਹੂਲਤਾਂ ਤੋਂ ਵਾਂਝੇ, ਦੂਜੀ ਵੱਡੀ ਜੰਗ ਵੇਲੇ ਦੇ ਹਥਿਆਰ ਲਈ, ਬਹੁਤ ਹੀ ਘੱਟ ਅਸਲੇ ਨਾਲ, ਇਹਨਾ ਹੁਕਮਾਂ ਦੀ ਪਾਲਣਾ ਕਰਦਿਆਂ, ਜਾਨ ਲੇਵਾ ਹਾਲਤਾਂ ਵਿੱਚ ਅੱਗੇ ਜਾਣ ਲੱਗੇ। ਅਗਲੀਆਂ ਬਣ ਰਹੀਆਂ ਚੌਕੀਆਂ ਤੇ ਫੌਜੀ ਪਹਾੜੀ ਕੱਚੇ ਰਸਤਿਆਂ ਤੋਂ 7-8 ਦਿਨਾਂ ਦੇ ਪੈਦਲ ਮਾਰਚ ਨਾਲ ਪਹੁੰਚਦੇ, ਅੱਗੇ ਚੀਨੀ, ਗਰਮ ਵਰਦੀਆਂ ਪਾਈਂ, ਵਧੀਆ ਹਥਿਆਰਾਂ ਨਾਲ ਉਨ੍ਹਾਂ ਨੂੰ ਪਿਛੇ ਹੱਟਣ ਲਈ ਕਹਿੰਦੇ। ਨੇਫਾ ਦੇ ਬਾਰਡਰ ਤੇ ਤੈਨਾਤ ਬਰਗੇਡੀਅਰ ਜੌਹਨ ਡਾਲਵੀ ਨੇ ਬਹੁਤ ਰੌਲਾ ਪਾਇਆ ਕਿ ਆਖਰ ਜੰਗ ਹੋਣੀ ਹੈ, ਬਿਨਾਂ ਅਸਲੇ, ਬਿਨਾ ਵਰਦੀਆਂ ਅਜਾਂਈ ਫੌਜੀਆਂ ਦੀਆਂ ਜਾਨਾ ਨਾ ਗਵਾਓ, ਜੇ ਲੜਨਾ ਹੀ ਹੈ ਤਾਂ ਅਜਿਹੇ ਥਾ ਤੇ ਰੁੱਕੋ ਜਿਥੋਂ ਕੋਈ ਮੁਕਾਬਲਾ ਤਾਂ ਹੋ ਸਕੇ। ਚੀਨੀ ਪਹਾੜੀਆਂ ਦੀਆਂ ਚੋਟੀਆਂ ਤੇ ਬੈਠੇ ਹਨ, ਅਸੀਂ ਹੇਠਾਂ ਉਨ੍ਹਾਂ ਦੀ ਨਿਗਾਹ ਹੇਠ ਚੌਕੀਆਂ ਬਣਾ ਰਹੇ ਹਾਂ। ਕਿਸੇ ਨੇ ਨਾ ਸੁਣੀ, ਸਗੋ ਵੱਡੇ ਜਨਰਲਾਂ ਨੂੰ ਬਦਲ ਕੇ ਉਹ ਲਾ ਦਿੱਤੇ ਜੋ ਬਿਨਾਂ ਹੀਲ ਹੁਜੱਤ ਕੀਤਿਆਂ ਹੁਕਮ ਲਾਗੂ ਕਰਨ ਲਈ ਮੰਨ ਗਏ। ਆਖਿਰ ਇਸ ਬਰਗੇਡੀਅਰ ਦੀ ਕਮਾਨ ਹੇਠ 1000 ਫੌਜੀਆਂ ਨੇ ਨਾਮਕਾ ਚੂ ਮੋਰਚੇ ਤੇ 20,000 ਚੀਨੀਆਂ ਦਾ ਆਖਰੀ ਰਾਊਂਦ ਅਤੇ ਆਖਰੀ ਸਾਹ ਤੱਕ ਮੁਕਾਬਲਾ ਕੀਤਾ। ਦਾਲਵੀ 9 ਮਹੀਨੇ ਤਿਬਤ ਵਿੱਚ ਕੈਦ ਰਿਹਾ ਅਤੇ ਫਿਰ ਚਰਚਿਤ ਕਿਤਾਬ ਹਿਮਾਲੀਅਨ ਬਲੰਡਰ (ਹਿਮਾਲੀਆ ਵਿੱਚ ਬੱਜਰ ਗਲਤੀ) ਲਿਖੀ ਜਿਸ ਵਿੱਚ ਉਸਨੇ ਇਸ ਲੜਾਈ ਬਾਰੇ ਬਿਨਾ ਲੁੱਕ ਲਪੇਟ ਦੇ ਵਿਸਥਾਰ ਨਾਲ ਲਿਖਿਆ ਹੈ।

ਸੋ ਇਸ ਜਾਣਕਾਰੀ ਨੂੰ ਮੁੱਖ ਰਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਸਰਹੱਦ ਦਾ ਇਹ ਮਾਮਲਾ ਬੜਾ ਗੁੰਝਲਦਾਰ ਹੈ, ਇਸ ਨੂੰ ਸੌਖਿਆਂ ਕੋਈ ਵੀ ਸਰਕਾਰ ਹੱਲ ਨਹੀਂ ਕਰ ਸਕਦੀ। ਦੋਨੋ ਸਰਕਾਰਾਂ ਦੇ ਵੱਡੇ ਲੀਡਰਾਂ ਵਿਚਕਾਰ ਹੋਏ 1996 ਦੇ ਸਮਝੌਤੇ ਨੂੰ ਹੀ ਜੇਕਰ ਲਾਗੂ ਰੱਖਿਆ ਜਾਵੇ , ਜਿਸ ਵਿੱਚ ਕੰਟਰੋਲ ਰੇਖਾ ਤੇ ਕੋਈ ਧਿਰ ਬੰਬ ਬੰਦੂਕਾਂ ਨਹੀਂ ਲਿਆ ਸਕਦੀ, ਨਾਲ ਕਾਫੀ ਹੱਦ ਤੱਕ ਸ਼ਾਂਤੀ ਰਹਿ ਸਕਦੀ ਹੈ।

# ਰੰਗਲੇ ਪੰਜਾਬ ਦੇ ਗੁਲਾਬ ਮਿਸੀਸਾਗਾ 'ਚ ਕੁਮਲਾਏ

ਕਰਮਜੀਤ ਮਾਣੂੰਕੇ
84377 50551






ਰੂਹ ਤੇਰੀ ਤੇ ਬੁੱਤ ਮਾਹੀ ਦਾ ਨੀ ਮੈਂ ਅੱਧੀ ਅੱਧੀ ਵੱਡੀ ਗਈ। ਸੱਚਮੁੱਚ ਹੀ ਕੈਨੇਡਾ ਗਏ ਵਿਦਿਆਰਥੀ ਆਵਦੀ ਰੂਹ ਪੰਜਾਬ 'ਚ ਛੱਡ ਕੈਨੇਡਾ ਗਏ ਸੀ। ਇੱਕਲਾ ਬੁੱਤ ਲੈ ਕੇ। ਦੇਸ਼ ਨਿਕਾਲਾ ਮਿਲਿਆ, ਸਰਕਾਰ ਕਹਿੰਦੀ ਬੁੱਤ ਵੀ ਲੈ ਜੋ ਪੰਜਾਬ ਵਾਪਿਸ। ਪਰ ਅੱਜ ਕੱਲ ਪੰਜਾਬ ਲਾਵਾਰਿਸ ਨਹੀਂ, ਉਹਨਾਂ ਰੂਹ ਪੰਜਾਬ ਦੀ ਹੀ ਕੈਨੇਡਾ ਸੱਦ ਲਈ। ਇਸ ਰੂਹ 'ਚ ਲੜਣਾ, ਜੂਝਣਾ ਤੇ ਜਿੱਤਣਾ ਸਿਖਾਇਆ ਮਿਲਦਾ ਹੈ। ਬੱਸ ਇਸੇ ਰੂਹ ਨੇ ਕੈਨੇਡਾ ਬੈਠਿਆਂ ਨੂੰ ਪੱਟੀ ਪੜਾਈ, ਦਿੱਲੀ ਬਾਰਡਰਾਂ 'ਤੇ ਹੋਈਆਂ 1000 ਕੁਰਬਾਨੀਆਂ ਨੇ 700 ਵਿਦਿਆਰਥੀਆਂ ਨੂੰ ਸਿਖਾ ਦਿੱਤੇ ਤੇ ਟੈਂਟ, ਤੰਬੂ ਲੱਗ ਗਏ, ਦਰੀਆਂ ਵਿਛ ਗਈਆਂ।

ਜੱਟ ਬੂਟ ਦਾ ਕਲੰਕ ਵੀ ਲਾਹਿਆ। ਜਿਸ ਤਰਾਂ ਮਿਸੀਸਾਗਾ 'ਚ ਵਿਉਂਤਬੰਦੀ ਤਹਿਤ ਮੋਰਚਾ ਚਲਾਇਆ ਜਾ ਰਿਹਾ ਹੈ, ਉਸ ਨੇ ਕੈਨੇਡਾ ਦੇ ਸਿਆਸੀ ਖੇਮੇ ਨੂੰ ਬੋਲਣ ਲਈ ਮਜਬੂਰ ਕਰ ਦਿੱਤਾ ਹੈ।

ਇੱਕ ਫਿਰਕੂ ਨੈਰੇਟਿਵ ਨੂੰ ਕਰਾਰੀ ਸੱਟ ਮਾਰੀ। ਪੰਜਾਬ 'ਚ ਕੁਝ ਫਿਰਕੂ ਤਾਕਤਾਂ ਆਖ ਰਹੀਆਂ ਕਿ ਭੱਈਏ ਭਜਾਉ। ਉਹਨਾਂ 700 ਨੂੰ ਪੁੱਛ ਕੇ ਦੇਖੋ ਜਿਹੜੇ ਦੇਸ਼ ਨਿਕਾਲੇ ਦੇ ਹੁਕਮ ਦਾ ਸਾਹਮਣਾ ਕਰ ਰਹੇ ਨੇ ਕਿ ਕੀ ਇਹ ਨਾਅਰਾ ਠੀਕ ਹੈ? ਜੇ ਕਿਤੇ ਕੈਨੇਡਾ ਚੋਂ ਨਾਅਰਾ ਉਠ ਖੜੇ ਕਿ ਪੰਜਾਬੀ ਭਜਾਉ। ਫੇਰ ਕਿਸ ਭਾਅ ਵਿਕੂ! ਜਾਣੋਂ ਪੜ ਕੇ ਕਿ ਗਦਰ ਲਹਿਰ ਦੀ ਨੀਂਹ ਹੀ ਨਸਲੀ ਵਿਤਕਰੇ ਖਿਲਾਫ ਉਠੀ ਆਵਾਜ 'ਤੇ ਟਿਕੀ ਸੀ। 1913 'ਚ ਕੁਝ ਤਾਕਤਾਂ ਨੇ ਗੋਰੇ ਮਜਦੂਰਾਂ 'ਚ ਜਹਿਰ ਭਰ ਕੇ ਭਾਰਤੀ ਮਜਦੂਰਾਂ ਦੇ ਗਲ ਪਵਾਇਆ ਕਿ ਇਹ ਥੋਡਾ ਹੱਕ ਮਾਰਦੇ ਹਨ। ਬੱਸ ਸੇਮ ਕਹਾਣੀ ਅੱਜ ਕੱਲ ਪੰਜਾਬ 'ਚ ਬੁਣੀ ਜਾ ਰਹੀ ਹੈ ਕਿ ਭੱਈਏ, ਪੰਜਾਬੀਆਂ ਦਾ ਹੱਕ ਮਾਰ ਰਹੇ ਹਨ। ਇਸ ਨੂੰ ਸਮਝੋ, ਜਾਣੋਂ, ਕੈਨੇਡਾ 'ਚ ਮੋਰਚਾ ਲਗਾਈ ਬੈਠੇ ਵਿਦਿਆਰਥੀਆਂ ਤੋਂ ਸਿਖੋ ਕਿ ਵਾਰਿਸ ਆਪਾਂ ਗਦਰੀਆਂ ਦੇ ਬਣਨਾ। ਮਿਸੀਸਾਗਾ (ਕੈਨੇਡਾ) ਦੇ ਮੋਰਚੇ ਦੀਆਂ ਫੋਟੋਆਂ 'ਚ ਦੇਖਿਆ ਲਾਲ ਝੰਡੇ ਵਾਲੇ ਵੀ ਸਾਡੇ ਜਵਾਕਾਂ ਦੀ ਹਮਾਇਤ ਕਰ ਰਹੇ ਹਨ। ਇੱਕ ਦਮ ਹੈਰਾਨੀਜਨਕ ਵਰਤਾਰਾ!

ਦੇਸ਼ ਨਿਕਾਲਾ ਤੇ ਦੇਸ਼ ਨੂੰ ਚੱਲੋ 'ਚ ਅੰਤਰ ਹੈ। ਇਹ ਸੋਚਣ ਦੀ ਗਲਤੀ ਨਾ ਕਰਿਉ ਕਿ 700 ਦਾ 700 ਇਨਕਲਾਬੀ ਬਣ ਜਾਣਾ। ਗਦਰੀ ਚੋਣ ਕਰਕੇ ਅਮਰੀਕਾ ਕੈਨੇਡਾ ਛੱਡ ਕੇ ਆਏ ਸੀ। ਪਰ ਹੁਣ ਧੱਕੇ ਮਾਰ ਕੇ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ। ਇਹਨਾਂ ਚੋਂ ਬਹੁਤੇ ਉਹੀ ਨੇ ਜੋ ਹਾਲਾਤਾਂ ਤੋਂ ਭੱਜੇ, ਸਮਝੌਤਾ ਕਰਕੇ ਗਏ। ਪਰ ਚੰਗੀ, ਵਧੀਆ, ਸਕੂਨ ਵਾਲੀ ਜਿੰਦਗੀ ਜਿਉਣੀ ਤੇ ਜਿੱਥੇ ਮਿਲਦੀ ਲੱਗਦੀ ਉਸ ਵੱਲ ਨੂੰ ਰੁਖ ਕਰਨਾ ਇਹਨਾਂ ਦਾ ਅਧਿਕਾਰ ਹੈ। ਇਹ ਇੱਕ ਦੁਬਿਧਾ ਹੈ ਦੁਚਿੱਤੀ ਹੈ। ਏਦਾਂ ਵੀ ਨੀ ਹੈਗਾ ਕਿ ਇਹਨਾਂ 700 ਦਾ ਹਾਲ ਦੇਖ ਕੇ ਬਾਹਰ ਜਾਣ ਦੀ ਤਿਆਰੀ ਕਰ ਰਹੇ ਕੁਝ ਸੋਚਣ। ਸੋਚਣ ਕਿਵੇਂ। ਸੋਚਣ ਲਈ ਕੋਈ ਆਧਾਰ ਚਾਹੀਦਾ। ਜੇ ਪੰਜਾਬ 'ਚ ਰੁਜ਼ਗਾਰ ਦਾ ਆਧਾਰ ਹੋਵੇ ਤਾਂ ਸੋਚਣ। ਮੌਜੂਦਾ ਸਿਸਟਮ ਕੋਲ ਰੁਜਗਾਰ ਦਾ ਹੱਲ ਨਹੀਂ ਹੈ। ਕੁਝ ਤੂਫਾਨੀ ਕਰਨਾ ਪਵੇਗਾ। ਇਹ ਸਿਸਟਮ ਗਲ ਸੜ ਚੁੱਕਾ, ਨਵੇਂ ਸਿਰਿਓਂ ਬਣਾਉਣਾ ਪਵੇਗਾ। ਜਿੱਥੇ ਖੇਤੀ ਮਾਡਲ ਬਦਲਿਆ ਜਾਵੇਗਾ, ਖੇਤੀ ਆਧਾਰਿਤ ਸਰਕਾਰੀ ਖੇਤਰ ਦੀ ਸਨਅਤ ਲਗਾਈ ਜਾਵੇਗੀ, ਠੇਕੇਦਾਰੀ ਦੀ ਥਾਂ ਪੱਕੀ ਤੇ ਸਰਕਾਰੀ ਭਰਤੀ ਹੋਵੇਗੀ। ਰੁਜਗਾਰ ਦੇ ਮੌਕੇ ਪੈਦਾ ਕੀਤੇ ਜਾਣ, ਰੁਜਗਾਰ ਦੀ ਗਾਰੰਟੀ ਹੋਵੇ।

ਪੰਜਾਬ ਦੇ ਬਹੁਤੇ ਪਿੰਡਾਂ 'ਚ ਬਹੁਤ ਵਾਰੀ ਕੋਈ ਮੁਹਿੰਮ ਚਲਾ ਕੇ ਨੌਜਵਾਨਾਂ ਨੂੰ ਲਾਮਬੰਦ ਕਰਦੇ ਹਾਂ ਤਾਂ ਖਾਸਕਰ ਕਰ ਕਿਸਾਨ ਪਰਿਵਾਰਾਂ ਦੇ ਨੌਜਵਾਨਾਂ ਦਾ ਜਵਾਬ ਹੁੰਦਾ ਬਾਈ ਫਾਈਲ ਲੱਗੀ ਆ ਬਾਹਰ ਦੀ। ਕਿਸੇ ਪੰਗੇ ਤੋਂ ਡਰਦੇ ਹਾਂ। ਬਾਕੀ ਰਹਿ ਜਾਂਦੇ ਆ ਮਜਦੂਰ ਪਰਿਵਾਰਾਂ ਦੇ ਨੌਜਵਾਨ। ਉਹਨਾਂ ਦਾ ਦਿਹਾੜੀ ਬਿਨਾਂ ਨਹੀਂ ਸਰਦਾ। ਚਲੋ ਇੱਕ ਕਲਪਨਾ ਕਰਕੇ ਸੋਚੋ ਪੰਜਾਬ ਦਾ 12000 ਪਿੰਡ ਹੈ। 700 ਵਿਦਿਆਰਥੀਆਂ ਚੋਂ ਇੱਕ ਦੇ ਹਿੱਸੇ 20 ਤੋਂ ਘੱਟ ਪਿੰਡ ਆਉਂਦੇ ਹਨ। ਜੇ ਇਹ ਧਾਰ ਲੈਣ ਲੜਣਾ, ਸੰਘਰਸ਼ ਕਰਨਾ, ਇਹਨਾਂ ਕੋਲ ਸਹੀ ਸੇਧ, ਪ੍ਰੋਗਰਾਮ ਹੋਵੇ ਅਕਾਲੀਆਂ, ਕਾਂਗਰਸੀਆਂ, ਆਪ ਫਲਾਣਾ ਫਲਾਣਾ ਦੇ ਚੁੰਗਲ ਚੋਂ ਪੰਜਾਬ ਨੂੰ ਕੱਢਣ ਦੀ ਤਾਂ ਕੀ ਹਾਲਾਤ ਹੋਣਗੇ। ਚੱਲੋ ਹੈ ਤਾਂ ਕਲਪਨਾ, ਪਰ ਕਲਪਨਾ ਕਰਨ 'ਚ ਕਿਹੜਾ ਪੌਂਡ ਲੱਗਦੇ ਆ। ਕਲਪਨਾ ਤਾਂ ਇਹ 700 ਵੀ ਕਰੀ ਬੈਠੇ ਸੀ, ਪਿੰਡ 'ਚ ਵੱਡੀ ਕੋਠੀ, ਬੀ ਐਮ ਡਬਲਯੂ ਖੜਾਉਣ ਦੀ। ਕਿਸਾਨ ਪਰਿਵਾਰਾਂ ਦੇ ਨੌਜਵਾਨ ਜਮੀਨ ਹੋਣ ਕਰਕੇ ਮੁਕਾਬਲਤਨ ਸੌਖੇ ਹੁੰਦੇ ਹਨ, ਉਹਨਾਂ ਕੋਲ ਸਮਾਂ ਵੱਧ ਹੁੰਦਾ। ਪਰ ਉਹ ਆਇਲਟਸ 'ਚ ਵਿਅਸਤ ਹਨ। ਪੰਜਾਬ ਦੀ ਨੌਜਵਾਨ ਲਹਿਰ ਦਾ ਇਹ ਵੱਡਾ ਦੁਖਾਂਤ ਹੈ, ਜਿਸ ਕਾਰਨ ਲਹਿਰ ਬਣ ਨਹੀਂ ਰਹੀ।

ਜਿੰਦਗੀ ਦੇ ਕਿਸੇ ਵੀ ਮੋੜ 'ਤੇ ਆ ਕੇ ਉਹਨਾਂ ਨੇ ਧੱਕੇ ਖਿਲਾਫ ਆਵਾਜ ਚੁੱਕੀ। ਇਹ ਸਵਾਗਤਯੋਗ ਹੈ। ਇਸ ਦੀ ਸਪੋਰਟ, ਤਰੀਫ ਕੀਤੀ ਜਾਣੀ ਚਾਹੀਦੀ ਹੈ। ਬੇਹਤਰ ਹੋਵੇਗਾ ਜੇ 700 ਵਿਦਿਆਰਥੀ ਪੰਜਾਬ ਬੈਠੇ ਆਪਣੇ ਮਾਪਿਆਂ, ਸੰਗੀ ਸਾਥੀਆਂ ਨੂੰ ਹਲੂਣਾ ਦੇਣ। ਆਇਲਟਸ ਕਰਕੇ ਗੋਰਿਆਂ ਨੂੰ ਪੰਜਾਬ ਆਉਣ ਲਈ ਮਜਬੂਰ ਕਰਨ ਦਾ ਦਾਅਵਾ ਕਰਨ ਵਾਲਿਆਂ ਤੋਂ ਵੀ ਪੁੱਛਿਆ ਜਾਵੇ। ਕਿ ਭਾਈ ਰੰਗਲਾ ਪੰਜਾਬ ਮਿਸੀਸਾਗਾ ਦੀਆਂ ਸੜਕਾਂ 'ਤੇ ਕੀ ਕਰ ਰਿਹਾ! ਆਏ ਦਿਨ ਝੂਠ, ਤੂਫਾਨ ਦੇ ਰਿਕਾਰਡ ਤੋੜ ਰਿਹਾ ਜੁਗਨੂੰ ਚੁੱਪ ਕਿਉਂ ਹੈ? ਕਿਉਂ ਕਿਉਂ ਕਿਉਂ? ਵੋਟਾਂ ਲੈ ਕੇ ਹੁਣ ਤੂੰ ਕੌਣ ਤੇ ਮੈਂ ਕੌਣ। ਜੇ ਕਣ ਕੰਡਾ ਹੁੰਦਾ ਤਾਂ ਜੁਗਨੂੰ 700 ਨੂੰ ਇੱਕੋ ਝਟਕੇ ਪੰਜਾਬ ਬੁਲਾਉਂਦਾ, ਨੌਕਰੀ 'ਤੇ ਰੱਖਦਾ ਤੇ ਬਾਕੀਆਂ ਨੂੰ ਸੁਨੇਹਾ ਦਿੰਦਾ ਏਥੇ ਹੀ ਰਹੋ।

ਮਸਲਾ ਕੇਵਲ ਇਹਨਾਂ 700 ਦਾ ਵੀ ਨਹੀਂ ਹੈ। ਜਿਨਾਂ ਨੂੰ ਦੇਸ਼ ਨਿਕਾਲਾ ਨਹੀਂ ਵੀ ਮਿਲਿਆ ਉਹ ਵੀ ਔਖੇ ਹਨ। ਅਰਬ ਦੇਸ਼ਾਂ 'ਚ ਵੀ ਰੁਲ ਰਹੇ ਨੇ, ਪੰਜਾਬ ਦੀਆਂ ਧੀਆਂ ਵੇਚੀਆਂ ਜਾ ਰਹੀਆਂ। ਡੌਂਕੀ ਲਗਾਉਣ ਵਾਲੇ ਨਾ ਮੁੱਕਣ ਵਾਲੀ ਜੰਗ 'ਤੇ ਨਿਕਲੇ ਹੋਏ ਨੇ। ਇਹ 700 ਦੀ ਇਸ ਹਾਲਤ ਦੇ ਜਿੰਮੇਵਾਰ ਪੰਜਾਬ 'ਚ ਸ਼ਰੇਆਮ ਘੁੰਮ ਰਹੇ ਹਨ, ਸੈਂਟਰ ਚਲਾ ਰਹੇ ਹਨ। ਐਂਟੀ ਗੈਂਗਸਟਰ ਟਾਸਕ ਫੋਰਸਾਂ ਬਣਾਉਣ ਵਾਲੇ ਐਂਟੀ ਕੁਰੱਪਟ ਇਮੀਗ੍ਰੇਸ਼ਨ ਏਜੰਟਸ, ਐਂਟੀ ਚਿੱਟਾ ਟਾਸਕ ਫੋਰਸ ਕਿਉਂ ਨਹੀਂ ਬਣਾਉਂਦੇ! ਹੁਣ ਤਾਂ ਪ੍ਰਤੱਖ ਹੈ, 700 ਨਾਲ ਤਾਂ ਧੱਕਾ ਏਜੰਟਸ, ਬਾਹਰ ਵਾਲੇ ਕਾਲਜਾਂ ਨੇ ਰਲ ਕੇ ਕੀਤਾ। ਪਰ ਚੁੱਪ ਛਾਈ ਹੋਈ ਹੈ। ਜੁਗਨੂੰ ਹਰ ਥਾਂ ਹਾਜਰ ਹੈ। ਨੀਂਹ ਪੱਥਰਾਂ 'ਤੇ, ਵੋਟਾਂ ਲੈਣ ਲਈ ਰੈਲੀਆਂ 'ਚ, ਦਿੱਲੀ ਵਾਲਿਆਂ ਦੀ ਚਾਕਰੀ 'ਚ। ਬੱਸ ਗੈਰ ਹਾਜਰ ਹੈ ਤਾਂ ਰੰਗਲੇ ਪੰਜਾਬ ਦੇ ਫਿੱਕੇ, ਮੁਰਜਾਏ ਚਿਹਰਿਆਂ ਲਈ, ਮਿਸੀਸਾਗਾ 'ਚ ਕਮਲਾਏ ਬੈਠੇ ਸੋਹਣੇ ਰੰਗਲੇ ਪੰਜਾਬ ਦੇ ਗੁਲਾਬਾਂ ਲਈ।

ਇਹਨਾਂ ਕੁਮਲਾਏ ਗੁਲਾਬਾਂ ਦੀ ਖਾਦ ਸਿਰਫ ਸਾਡੇ ਵਿਰਸੇ, ਇਤਿਹਾਸ ਕੋਲ ਹੈ। ਦੁੱਲੇ, ਜਿਉਣੇ ਦੀਆਂ ਕਹਾਣੀਆਂ, ਸਰਾਭੇ, ਭਗਤ ਸਿੰਘ ਦੀਆਂ ਕਿਤਾਬਾਂ 'ਤੇ ਚੜੀ ਧੂੜ ਲੱਥਣ ਨੂੰ ਕਾਹਲੀ ਹੈ, ਹੱਥ ਤਾਂ ਅੱਗੇ ਵਧਾਉ ਮਿਸੀਸਾਗਾ ਵਾਲੇ ਯਾਰੋ।

# ਰੂਸ ਤੋਂ ਆਉਂਦੇ ਸਸਤੇ ਤੇਲ ਤੋਂ ਮਣਾ-ਮੂੰਹੀਂ ਲਾਭ ਕਮਾ ਰਹੀਆਂ ਵੱਡੀਆਂ ਕੰਪਨੀਆਂ

ਮਾਨਵ



ਜਦੋਂ ਇਸ ਦੇਸ਼ ਦੇ ਹਾਕਮ ਦੇਸ਼ ਹਿੱਤ ਦੀ, ਦੇਸ਼ ਦੇ ਨਫੇ ਨੁਕਸਾਨ ਦੀ ਗੱਲ ਕਰਦੇ ਹਨ ਤਾਂ ਉਸਦਾ ਅਸਲ ਮਤਲਬ ਐਥੋਂ ਦੇ ਸਰਮਾਏਦਾਰਾਂ ਦਾ ਹਿੱਤ, ਐਥੋਂ ਦੇ ਸਰਮਾਏਦਾਰਾਂ ਦਾ ਨਫਾ ਨੁਕਸਾਨ ਹੁੰਦਾ ਹੈ। ਇਸ ਗੱਲ ਨੂੰ ਭਾਰਤ ਵਿੱਚ ਤੇਲ ਕੀਮਤਾਂ ਨਾਲ਼ ਜੁੜੀ ਸਿਆਸਤ ਰਾਹੀਂ ਵੀ ਸਮਝ ਸਕਦੇ ਹਾਂ।

ਫਰਵਰੀ 2022 ਵਿੱਚ ਜਦੋਂ ਯੂਕਰੇਨ ਜੰਗ ਲੱਗੀ ਤਾਂ ਪੱਛਮੀ ਸਾਮਰਾਜੀਆਂ ਨੇ ਰੂਸ ਦੀ ਤੇਲ ਆਮਦਨ ਘਟਾਉਣ ਲਈ ਇਸ ਉੱਪਰ ਕਈ ਪਬੰਦੀਆਂ ਲਾਈਆਂ ਤੇ ਦਸੰਬਰ 2022 ਵਿੱਚ 'ਖਰੀਦਦਾਰ ਕਾਰਟਲ' ਬਣਾਉਂਦਿਆਂ ਇਹ ਫੈਸਲਾ ਲਿਆ ਕਿ ਜੇਕਰ ਰੂਸ 60 ਡਾਲਰ ਪ੍ਰਤੀ ਬੈਰਲ ਤੋਂ ਵੱਧ ਭਾਅ ਉੱਤੇ ਆਪਣਾ ਕੱਚਾ ਤੇਲ ਵੇਚੇਗਾ ਤਾਂ ਨਾ ਸਿਰਫ ਇਹ ਪੱਛਮੀ ਦੇਸ਼ ਉਸ ਤੋਂ ਕੋਈ ਤੇਲ ਨਹੀਂ ਖਰੀਦਣਗੇ ਸਗੋਂ ਰੂਸ ਦੀ ਤੇਲ ਪੂਰਤੀ ਵਿੱਚ ਵਿਘਨ ਪਾਉਣ ਲਈ ਆਪਣੀਆਂ ਜਹਾਜਰਾਨੀ ਤੇ ਬੀਮਾ ਕੰਪਨੀਆਂ ਦੀਆਂ ਸੇਵਾਵਾਂ ਵੀ ਰੂਸ ਤੋਂ ਪਰ੍ਹੇ ਖਿੱਚ ਲੈਣਗੇ। ਬਾਵਜੂਦ ਪੱਛਮੀ ਸਾਮਰਾਜੀਆਂ ਦੀ ਇਸ ਧਮਕੀ ਦੇ, ਸੰਸਾਰ ਮੰਡੀ ਲਈ ਰੂਸ ਦੇ ਕੱਚੇ ਤੇਲ ਉੱਪਰ ਨਿਰਭਰਤਾ ਘਟਾਉਣਾ ਯੱਕਦਮ ਸੰਭਵ ਹੀ ਨਹੀਂ ਸੀ। ਨਤੀਜਾ ਇਹ ਹੋਇਆ ਕਿ ਪਿਛਲੇ ਇੱਕ ਸਾਲ ਤੋਂ ਹੀ ਰੂਸ ਨਾ ਸਿਰਫ ਲਗਾਤਾਰ ਕੱਚੇ ਤੇਲ ਦੀ ਬਰਾਮਦ ਕਰ ਰਿਹਾ ਹੈ ਸਗੋਂ ਰੂਸੀ ਤੇਲ ਕੰਪਨੀਆਂ ਰਿਕਾਰਡ ਮੁਨਾਫੇ ਵੀ ਕਮਾ ਰਹੀਆਂ ਹਨ।

ਰੂਸ ਦੀਆਂ ਇਹਨਾਂ ਤੇਲ ਬਰਾਮਦਾਂ ਦੀ ਅਹਿਮ ਕੜੀ ਭਾਰਤ ਬਣਿਆ। ਪਿਛਲੇ ਇੱਕ ਸਾਲ ਵਿੱਚ ਭਾਰਤ ਨੇ ਰੂਸ ਕੋਲੋਂ ਰਿਕਾਰਡ ਤੇਲ ਦਰਾਮਦ ਕੀਤਾ ਹੈ। ਯੂਕਰੇਨ ਜੰਗ ਤੋਂ ਪਹਿਲਾਂ ਜਿੱਥੇ ਰੂਸ ਤੋਂ ਕੱਚੇ ਤੇਲ ਦੀ ਆਮਦ ਭਾਰਤ ਦੀਆਂ ਕੁੱਲ ਤੇਲ ਦਰਾਮਦਾਂ ਦਾ ਮਹਿਜ 1-2% ਬਣਦੀ ਸੀ, ਉਹੀ ਹੁਣ ਵਧਕੇ ਰਿਕਾਰਡ 36% ਹੋ ਚੁੱਕੀ ਹੈ ਤੇ ਇਸ ਵੇਲੇ ਤਕਰੀਬਨ 16.8 ਲੱਖ ਬੈਰਲ ਪ੍ਰਤੀ ਦਿਨ ਕੱਚਾ ਤੇਲ ਭਾਰਤ ਰੂਸ ਤੋਂ ਖਰੀਦ ਰਿਹਾ ਹੈ। ਇਸ ਤਰ੍ਹਾਂ ਰੂਸ, ਇਰਾਕ ਤੇ ਸਾਊਦੀ ਅਰਬ ਨੂੰ ਪਛਾੜਕੇ ਭਾਰਤ ਦਾ ਸਭ ਤੋਂ ਵੱਡਾ ਤੇਲ ਪੂਰਤੀਕਾਰ ਬਣ ਗਿਆ ਹੈ। ਜਿਕਰਯੋਗ ਹੈ ਕਿ ਰੂਸ ਭਾਰਤ ਨੂੰ ਰਿਆਇਤੀ ਦਰਾਂ ਉੱਤੇ ਤੇਲ ਵੇਚ ਰਿਹਾ ਹੈ। ਇਸ ਲਈ ਹੁਣ ਅਹਿਮ ਸਵਾਲ ਇਹ ਹੈ ਕਿ ਜਦ ਕੌਮਾਂਤਰੀ ਮੰਡੀ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਸਾਲ ਪਹਿਲਾਂ ਦੇ ਮੁਕਾਬਲੇ 70-80% ਡਿੱਗਕੇ 70 ਡਾਲਰ ਪ੍ਰਤੀ ਬੈਰਲ ਤੋਂ ਵੀ ਹੇਠਾਂ ਆ ਚੁੱਕੀਆਂ ਹੋਣ, ਜਦ ਇਸ ਤੋਂ ਵੀ ਵਧਕੇ ਰੂਸ ਭਾਰਤ ਨੂੰ ਰਿਆਇਤੀ ਦਰਾਂ ਉੱਤੇ ਤੇਲ ਵੇਚ ਰਿਹਾ ਹੋਵੇ ਤਾਂ ਭਾਰਤ ਵਿੱਚ ਆਮ ਗਾਹਕਾਂ ਨੂੰ ਪੈਟਰੋਲ, ਡੀਜਲ ਉਹੀ ਸਾਲ ਪੁਰਾਣੀਆਂ ਦਰਾਂ ਜਾਣੀ 100 ਰੁਪਏ ਦੇ ਨੇੜੇ-ਤੇੜੇ ਹੀ ਕਿਉਂ ਮਿਲ ਰਿਹਾ ਹੈ? ਰੂਸ ਤੋਂ ਆਉਂਦੇ ਸਸਤੇ ਤੇਲ ਦਾ ਫਾਇਦਾ ਆਮ ਲੋਕਾਂ ਨੂੰ ਕਿਉਂ ਨਹੀਂ ਹੋ ਰਿਹਾ? ਤੇ ਜੇ ਆਮ ਲੋਕਾਂ ਨੂੰ ਇਸ ਸਸਤੇ ਤੇਲ ਦਾ ਫਾਇਦਾ ਨਹੀਂ ਹੋ ਰਿਹਾ ਤਾਂ ਕਿਸ ਨੂੰ ਹੋ ਰਿਹਾ ਹੈ?

ਇਸ ਸਵਾਲ ਨੂੰ ਫਰੋਲਦਿਆਂ ਹੀ ਭਾਰਤੀ ਹਾਕਮਾਂ ਦੀ ਵੱਡੇ ਸਰਮਾਏਦਾਰਾਂ ਪੱਖੀ ਨੀਤੀ ਸਮਝ ਵਿੱਚ ਆ ਜਾਂਦੀ ਹੈ। ਅਦਾਰੇ ਕੈਪਲਰ ਤੇ ਵੋਰਟੈਕਸ ਵੱਲੋਂ ਪੇਸ਼ ਰਿਪੋਰਟ ਮੁਤਾਬਕ ਭਾਰਤ ਰੂਸ ਤੋਂ ਜਿਹੜਾ ਰਿਕਾਰਡ ਤੇਲ ਖਰੀਦ ਰਿਹਾ ਹੈ ਇਸਦਾ ਵੱਡਾ ਹਿੱਸਾ ਉਹ ਅੱਗੇ ਯੂਰਪੀ ਮੁਲਕਾਂ ਨੂੰ ਵੇਚ ਰਿਹਾ ਹੈ ਜਾਣੀ ਇਸ ਸਸਤੇ ਤੇਲ ਨੂੰ ਭਾਰਤ ਦੇ ਲੋਕਾਂ ਨੂੰ ਸਸਤੀਆਂ ਦਰਾਂ ਉੱਤੇ ਵੇਚਣ ਦੀ ਥਾਂ ਯੂਰਪੀ ਦੇਸ਼ਾਂ ਨੂੰ ਵੇਚਿਆ ਜਾ ਰਿਹਾ ਹੈ। ਭਾਵੇਂ ਭਾਰਤ ਸਰਕਾਰ ਇਹ ਦਾਅਵਾ ਕਰਦੀ ਹੈ ਕਿ ਉਸਦਾ ਇਹ ਫੈਸਲਾ "ਦੇਸ਼ ਹਿੱਤ" ਵਿੱਚ ਹੈ, ਕਿ ਇਸ ਨਾਲ਼ ਦੇਸ਼ ਨੂੰ ਫਾਇਦਾ ਹੋਵੇਗਾ, ਆਮਦਨ ਹੋਵੇਗੀ, ਵਿਦੇਸ਼ੀ ਮੁਦਰਾ ਭੰਡਾਰ ਹਾਸਲ ਹੋਵੇਗਾ ਪਰ ਸੱਚਾਈ ਇਹ ਹੈ ਕਿ ਯੂਰਪੀ ਮੁਲਕਾਂ ਨੂੰ ਵੇਚੇ ਜਾਣ ਵਾਲ਼ੇ ਤੇਲ ਦਾ ਇੱਕ ਛੋਟਾ ਹਿੱਸਾ ਹੀ ਸਰਕਾਰ ਨੂੰ ਆਮਦਨ ਹੋ ਰਹੀ ਹੈ ਕਿਉਂਕਿ ਵੇਚੇ ਜਾਣ ਵਾਲ਼ੇ ਤੇਲ ਵਿੱਚ ਭਾਰਤ ਦੀਆਂ ਸਰਕਾਰੀ ਕੰਪਨੀਆਂ ਦੀ ਭੂਮਿਕਾ ਨਾ ਦੇ ਬਰਾਬਰ ਹੈ ਜਦਕਿ ਨਿੱਜੀ ਕੰਪਨੀਆਂ ਇਸ ਵਪਾਰ ਦੇ 95% ਉੱਤੇ ਕਾਬਜ ਹਨ। ਯੂਰਪ ਨੂੰ ਤੇਲ ਵੇਚ ਰਹੀਆਂ ਕੰਪਨੀਆਂ ਵਿੱਚ ਸਭ ਤੋਂ ਵੱਧ ਮੁਨਾਫਾ 'ਰਿਲਾਇੰਸ ਇੰਡਸਟਰੀਜ' ਤੇ ਗੁਜਰਾਤ ਸਥਿਤ ਭਾਰਤੀ-ਰੂਸੀ ਕੰਪਨੀ 'ਨਯਾਰਾ ਐਨਰਜੀ' ਨੂੰ ਹੋ ਰਿਹਾ ਹੈ ਕਿਉਂਕਿ ਇਹੀ ਦੋ ਕੰਪਨੀਆਂ ਭਾਰਤ ਤੋਂ ਯੂਰਪ ਜਾਣ ਵਾਲ਼ੇ ਰੂਸੀ ਤੇਲ ਦੀਆਂ ਸਭ ਤੋਂ ਵੱਡੀਆਂ ਖਿਡਾਰਨਾਂ ਹਨ। ਜਦਕਿ ਭਾਰਤ ਦੀਆਂ ਸਰਕਾਰੀ ਕੰਪਨੀਆਂ - ਭਾਰਤੀ ਆਇਲ, ਭਾਰਤ ਪੈਟਰੋਲੀਅਮ ਤੇ ਹਿੰਦੁਸਤਾਨ ਪੈਟਰੋਲੀਅਮ - ਮੁੱਖ ਤੌਰ ਉੱਤੇ ਭਾਰਤ ਦੇ ਘਰੇਲੂ ਬਜਾਰ ਨੂੰ ਹੀ ਤੇਲ ਦੀ ਪੂਰਤੀ ਕਰਦੀਆਂ ਹਨ। ਉਪਰੋਕਤ ਦੋ ਕੰਪਨੀਆਂ ਦੇ ਨਾਲ਼-ਨਾਲ਼ ਉਹਨਾਂ ਨਿੱਜੀ ਜਹਾਜਰਾਨੀ ਕੰਪਨੀਆਂ ਨੂੰ ਵੀ ਭਰਪੂਰ ਫਾਇਦਾ ਹੋ ਰਿਹਾ ਹੈ ਜਿਹੜੀਆਂ ਭਾਰਤ ਤੋਂ ਤੇਲ ਯੂਰਪ ਲੈ ਕੇ ਜਾ ਰਹੀਆਂ ਹਨ। ਭਾਰਤ ਸਰਕਾਰ ਨੂੰ ਤਾਂ ਇਸ ਸਮਝੌਤੇ ਵਿੱਚ ਟੈਕਸ ਕਮਾਈ ਵਜੋਂ ਕੁੱਝ ਹਜਾਰ ਕਰੋੜ ਰੁਪਿਆਂ ਦਾ ਹੀ ਫਾਇਦਾ ਹੋ ਰਿਹਾ ਹੈ ਜਦਕਿ ਮੁਨਾਫੇ ਦਾ ਵੱਡਾ ਹਿੱਸਾ ਇਹ ਵੱਡੇ ਸਰਮਾਏਦਾਰ ਹੀ ਹੜੱਪ ਰਹੇ ਹਨ।

ਇਸ ਪੂਰੇ ਮਾਮਲੇ ਤੋਂ ਜੋ ਬੁਨਿਆਦੀ ਸਵਾਲ ਉੱਭਰਦਾ ਹੈ ਉਹ ਇਹੀ ਹੈ ਕਿ ਜਦੋਂ ਭਾਰਤ ਦੇ ਆਮ ਲੋਕ 100-100 ਰੁਪਿਆ ਪੈਟਰੋਲ-ਡੀਜਲ ਦੀ ਕੀਮਤ ਵਜੋਂ ਤਾਰ ਰਹੇ ਹੋਣ, ਜਦੋਂ ਇਹਨਾਂ ਮਹਿੰਗੀਆਂ ਤੇਲ ਕੀਮਤਾਂ ਦਾ ਅਸਰ ਹੋਰਾਂ ਜਿਣਸਾਂ ਦੀ ਮਹਿੰਗਾਈ ਦੇ ਰੂਪ ਵਿੱਚ ਕਿਰਤੀ ਲੋਕਾਂ ਉੱਤੇ ਮਾਰ ਕਰ ਰਿਹਾ ਹੋਵੇ ਤਾਂ ਕੀ ਮੋਦੀ ਸਰਕਾਰ ਨੂੰ ਨਹੀਂ ਚਾਹੀਦਾ ਸੀ ਕਿ ਰੂਸ ਤੋਂ ਆਉਂਦੇ ਇਸ ਸਸਤੇ ਤੇਲ ਨੂੰ ਭਾਰਤ ਦੇ ਬਜਾਰ ਵਿੱਚ ਵੀ ਸਸਤਾ ਵੇਚਕੇ ਤੇਲ ਕੀਮਤਾਂ ਨੂੰ ਘੱਟ ਕਰੇ? ਕੀ ਮੋਦੀ ਹਕੂਮਤ ਨੂੰ ਨਹੀਂ ਚਾਹੀਦਾ ਸੀ ਕਿ ਉਹ ਤੇਲ ਉੱਪਰ ਲਗਦੇ ਟੈਕਸ ਨੂੰ ਘਟਾਕੇ ਆਮ ਲੋਕਾਂ ਨੂੰ ਕੋਈ ਰਾਹਤ ਦੇਵੇ? ਹੋਰ, ਜਿਹੜੀਆਂ ਨਿੱਜੀ ਕੰਪਨੀਆਂ ਯੂਰਪ ਨੂੰ ਤੇਲ ਵੇਚਕੇ ਅਰਬਾਂ ਡਾਲਰ ਕਮਾ ਰਹੀਆਂ ਹਨ ਉਹਨਾਂ ਉੱਤੇ ਭਾਰੀ ਟੈਕਸ ਲਾ ਕੇ ਇਸ ਨੂੰ ਲੋਕ ਹਿੱਤ ਵਿੱਚ ਨਹੀਂ ਖਰਚਣਾ ਚਾਹੀਦਾ ਸੀ? ਪਰ ਵੱਡੇ ਸਰਮਾਏਦਾਰਾਂ ਦੀ ਸੇਵਾ ਲਈ ਉਤਾਵਲੀ ਮੋਦੀ ਸਰਕਾਰ ਤੋਂ ਅਜਿਹੀ ਆਸ ਰੱਖਣੀ ਵੀ ਬੇਮਾਅਨੀ ਹੈ ਕਿਉਂਕਿ ਅਸਲ ਵਿੱਚ ਭਾਰਤ ਦੀ ਰਾਜਸੱਤ ?ਹਾ ਉੱਤੇ ਕਾਬਜ ਹੀ ਵੱਡੇ ਸਰਮਾਏਦਾਰ ਹਨ ਜਿਹੜੇ ਆਪਣੇ ਹਿੱਤਾਂ ਮੁਤਾਬਕ ਸਰਕਾਰਾਂ ਨੂੰ ਚਲਾਉਂਦੇ ਹਨ। ਤੇ ਇਹਨਾਂ ਵੱਡੇ ਸਰਮਾਏਦਾਰਾਂ ਦੀ ਸੇਵਾ ਲਈ ਹੀ ਮੋਦੀ ਹਕੂਮਤ ਇਸ ਵੇਲੇ ਪੂਰੀ ਪੱਬਾਂ ਭਾਰ ਹੈ।

ਲਲਕਾਰ 'ਚੋਂ ਧੰਨਵਾਦ ਸਹਿਤ

ਨਵੀਂ ਪਾਰਲੀਮੈਂਟ

# ਹਿੰਦੂ ਰਾਸ਼ਟਰ ਦੀ ਸਿਰਜਨਾ ਵੱਲ ਵਧਿਆ ਕਦਮ



ਬੂਟਾ ਸਿੰਘ
ਮਹਿਮੂਦਪੁਰ
94634-74342

**ਉਦਘਾਟਨ ਲਈ 28 ਮਈ ਦਾ ਦਿਨ ਇਸ ਕਰਕੇ ਚੁਣਿਆ ਗਿਆ ਕਿਉਂਕਿ ਇਹ ਹਿੰਦੂਤਵ ਦੇ ਮੋਢੀ ਵੀਰ ਸਾਵਰਕਰ ਦਾ ਜਨਮ-ਦਿਨ ਹੈ। ਇਸ ਪਿੱਛੇ ਆਰ.ਐੱਸ.ਐੱਸ.-ਭਾਜਪਾ ਦਾ ਮਨੋਰਥ ਇਸ ਦਿਨ ਨੂੰ ਨਵੀਂ ਇਮਾਰਤ ਨਾਲ ਜੋੜ ਕੇ ਇਤਿਹਾਸ ਵਿਚ 'ਅਮਰ' ਕਰਨਾ ਹੈ ਜਿਵੇਂ ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ 'ਕੁਝ ਤਰੀਕਾਂ ਸਮੇਂ ਦੇ ਸਨਮੁੱਖ ਅਮਰ ਹੋ ਜਾਂਦੀਆਂ ਹਨ।' 28 ਮਈ ਤਾਂ ਉਨ੍ਹਾਂ ਨੇ ਅਮਰ ਬਣਾ ਹੀ ਲਿਆ, ਕਿਸੇ ਦਿਨ ਹਿੰਦੂਤਵ ਦਾ ਰਾਸ਼ਟਰੀ ਨਾਇਕ ਸਾਵਰਕਰ ਰਾਸ਼ਟਰਪਿਤਾ ਦਾ ਦਰਜਾ ਵੀ ਪ੍ਰਾਪਤ ਕਰ ਲਵੇਗਾ!**



28 ਮਈ ਨੂੰ ਜਦੋਂ ਮੋਦੀ ਹਕੂਮਤ ਦੀ ਸ਼ਿਸ਼ਕੇਰੀ ਪੁਲਿਸ ਜੰਤਰ-ਮੰਤਰ ਉੱਪਰ ਔਰਤ ਪਹਿਲਵਾਨਾਂ ਦੇ ਧਰਨੇ ਨੂੰ ਡੰਡੇ ਦੇ ਜ਼ੋਰ ਖਦੇੜਕੇ ਉਨ੍ਹਾਂ ਨੂੰ ਥਾਣਿਆਂ 'ਚ ਡੱਕ ਰਹੀ ਸੀ ਤਾਂ ਮੋਦੀ ਸੰਸਦ ਦੀ ਨਵੀਂ ਇਮਾਰਤ ਵਿਚ ਪੁਜਾਰੀਆਂ ਹੱਥੋਂ 'ਰਾਜਦੰਡ' ਹਾਸਲ ਕਰ ਰਿਹਾ ਸੀ। ਇਸ ਉਦਘਾਟਨੀ ਸਮਾਰੋਹ ਵਿਚ ਔਰਤਾਂ ਦੇ ਸਰੀਰਕ ਸ਼ੋਸ਼ਣ ਦਾ ਭਗਵਾਂ ਚਿੰਨ੍ਹ ਬ੍ਰਿਜ ਭੂਸ਼ਣ ਸਿੰਘ ਵੀ ਬਿਰਾਜਮਾਨ ਸੀ ਜਿਸ ਨੂੰ ਗ੍ਰਿਫ਼ਤਾਰ ਕਰਾਉਣ ਲਈ ਪਹਿਲਵਾਨ ਲੜਕੀਆਂ ਅਤੇ ਹੋਰ ਨਿਆਂਪਸੰਦ ਲੋਕ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਨ। ਜਿਨ੍ਹਾਂ ਲੋਕਾਂ ਨੂੰ ਅਜੇ ਵੀ ਭੁਲੇਖਾ ਹੈ ਕਿ ਇਹ 'ਗੁੰਡਿਆਂ ਦੀ ਸਲਤਨਤ' ਲੋਕਤੰਤਰ ਹੈ ਜਿੱਥੇ ਮਜ਼ਲੂਮਾਂ ਦੀ ਨਿਆਂ ਦੀ ਆਵਾਜ਼ ਦੀ ਸੁਣਵਾਈ ਹੋਵੇਗੀ ਉਹ ਹਕੀਕਤ ਨੂੰ ਸਮਝਣ 'ਚ ਬਹੁਤ ਵੱਡਾ ਟਪਲਾ ਖਾ ਰਹੇ ਹਨ।

ਦਰਅਸਲ ਭਾਰਤੀ ਰਾਜ ਮਖੌਟਾਨੁਮਾ ਸੰਸਦੀ ਲੋਕਤੰਤਰ ਤੋਂ ਫਾਸ਼ੀਵਾਦੀ ਧਰਮੀਤੰਤਰੀ ਰਾਜ 'ਚ ਬਦਲ ਰਿਹਾ ਹੈ। ਆਰ.ਐੱਸ.ਐੱਸ.-ਭਾਜਪਾ ਦੀ ਅਗਵਾਈ 'ਚ ਭਗਵੇਂ ਰੰਗ 'ਚ ਰੰਗੇ 'ਵਿਸ਼ਵ ਗੁਰੂ' ਦਾ ਅਸਲ ਚਿਹਰਾ ਦਿਨੋ-ਦਿਨ ਹੋਰ ਜ਼ਿਆਦਾ ਉਘੜ ਰਿਹਾ ਹੈ। ਨਵੀਂ ਇਮਾਰਤ ਦੇ ਅੰਦਰ 'ਰਾਜਦੰਡ' ਸਥਾਪਤ ਕਰਨ ਦੇ ਕਰਮਕਾਂਡ ਮੋਦੀ ਨੇ ਹਿੰਦੂ ਮੱਠ ਦੇ ਪੁਜਾਰੀਆਂ ਕੋਲੋਂ ਕਰਵਾਏ ਪਰ ਭਵਨ ਦੇ ਬਾਹਰ ਸਾਰੇ ਧਰਮਾਂ ਨੂੰ ਮਹੱਤਵ ਦੇਣ ਦਾ ਢੌਂਗ ਵੀ ਕੀਤਾ ਗਿਆ। ਉਦਘਾਟਨੀ ਘਟਨਾਕ੍ਰਮ ਦੀ ਸੰਕੇਤਕ ਕਾਰਵਾਈ ਦਾ ਪ੍ਰਤੱਖ ਰੂਪ ਆਉਣ ਵਾਲੇ ਦਿਨਾਂ 'ਚ ਹੋਰ ਵੀ ਖੁੱਲ੍ਹ ਕੇ ਸਾਹਮਣੇ ਆਵੇਗਾ।

ਕਾਂਗਰਸ ਸਮੇਤ 20 ਪਾਰਲੀਮੈਂਟਰੀ ਪਾਰਟੀਆਂ ਨੇ ਉਦਘਾਟਨੀ ਸਮਾਗਮ ਦਾ ਬਾਈਕਾਟ ਕੀਤਾ। ਉਨ੍ਹਾਂ ਨੂੰ ਇਤਰਾਜ਼ ਸੀ ਕਿ ਇਹ ਉਦਘਾਟਨ ਮੋਦੀ ਆਪ ਕਿਉਂ ਕਰ ਰਿਹਾ ਹੈ ਜਦਕਿ ਮੁਲਕ ਦੇ ਸੰਵਿਧਾਨਕ ਮੁਖੀ ਦੀ ਹੈਸੀਅਤ 'ਚ ਇਹ ਰਾਸ਼ਟਰਪਤੀ ਤੋਂ ਕਰਵਾਇਆ ਜਾਣਾ ਚਾਹੀਦਾ ਸੀ। ਇਹ ਪਾਰਟੀਆਂ ਪੂਰੀ ਚਲਾਕੀ ਨਾਲ ਨਵੇਂ ਸੰਸਦ ਭਵਨ ਦੇ ਉਦਘਾਟਨ ਨੂੰ ਮਹਿਜ਼ ਪ੍ਰੋਟੋਕੋਲ ਦਾ ਮੁੱਦਾ ਬਣਾ ਕੇ ਪੇਸ਼ ਕਰ ਰਹੀਆਂ ਹਨ ਜਦਕਿ ਅਸਲ ਸਵਾਲ ਇਸ ਪਿੱਛੇ ਕੰਮ ਕਰਦੇ ਆਰ.ਐੱਸ.ਐੱਸ.-ਭਾਜਪਾ ਦੇ ਸਾਲਮ ਰਾਜਨੀਤਕ ਪ੍ਰੋਜੈਕਟ ਨੂੰ ਬੇਪਰਦ ਕਰਨ ਦਾ ਹੈ।

ਉਦਘਾਟਨ ਲਈ 28 ਮਈ ਦਾ ਦਿਨ ਇਸ ਕਰਕੇ ਚੁਣਿਆ ਗਿਆ ਕਿਉਂਕਿ ਇਹ ਹਿੰਦੂਤਵ ਦੇ ਮੋਢੀ ਵੀਰ ਸਾਵਰਕਰ ਦਾ ਜਨਮ-ਦਿਨ ਹੈ। ਇਸ ਪਿੱਛੇ ਆਰ.ਐੱਸ.ਐੱਸ.-ਭਾਜਪਾ ਦਾ ਮਨੋਰਥ ਇਸ ਦਿਨ ਨੂੰ ਨਵੀਂ ਇਮਾਰਤ ਨਾਲ ਜੋੜ ਕੇ ਇਤਿਹਾਸ ਵਿਚ 'ਅਮਰ' ਕਰਨਾ ਹੈ ਜਿਵੇਂ ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ 'ਕੁਝ ਤਰੀਕਾਂ ਸਮੇਂ ਦੇ ਸਨਮੁੱਖ ਅਮਰ ਹੋ ਜਾਂਦੀਆਂ ਹਨ।' 28 ਮਈ ਤਾਂ ਉਨ੍ਹਾਂ ਨੇ ਅਮਰ ਬਣਾ ਹੀ ਲਿਆ, ਕਿਸੇ ਦਿਨ ਹਿੰਦੂਤਵ ਦਾ ਰਾਸ਼ਟਰੀ ਨਾਇਕ ਸਾਵਰਕਰ ਰਾਸ਼ਟਰਪਿਤਾ ਦਾ ਦਰਜਾ ਵੀ ਪ੍ਰਾਪਤ ਕਰ ਲਵੇਗਾ!

ਇਸ ਮੌਕੇ ਨਵੀਂ ਇਮਾਰਤ ਵਿਚ 'ਰਾਜਦੰਡ' ਰੱਖਣ ਦੀ ਰਸਮ ਤੋਂ ਬਾਦ ਆਪਣੇ ਭਾਸ਼ਣ ਵਿਚ ਮੋਦੀ ਨੇ ਕਿਹਾ ਕਿ 'ਨਵੀਂ ਇਮਾਰਤ ਨਵੇਂ ਸਵੈ-ਨਿਰਭਰ ਭਾਰਤ ਦੇ ਉੱਭਰਨ ਦੀ ਗਵਾਹ ਹੈ।' ਇਹ ਵੀ ਕਿ 'ਜਦੋਂ ਭਾਰਤ ਅੱਗੇ ਵਧਦਾ ਹੈ ਤਾਂ ਦੁਨੀਆ ਵੀ ਅੱਗੇ ਵਧਦੀ ਹੈ।' ਭਾਜਪਾ ਦੇ ਸੋਸ਼ਲ ਮੀਡੀਆ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਆਪਣੇ ਟਵੀਟ 'ਚ ਹੋਰ ਵੀ ਸਪਸ਼ਟ ਕਿਹਾ: 'ਸਨਾਤਨ ਪਰੰਪਰਾ ਹਮੇਸ਼ਾ ਸਾਡੇ ਪਵਿੱਤਰ ਦੇਸ਼ ਦਾ ਮਾਰਗ-ਦਰਸ਼ਨ ਕਰਦੀ ਰਹੇਗੀ।'

'ਸਨਾਤਨ ਪਰੰਪਰਾ' ਦਾ ਰਾਜ ਨਾਲ ਕੀ ਰਿਸ਼ਤਾ ਰਿਹਾ ਹੈ? ਸਭ ਨੂੰ ਪਤਾ ਹੈ ਕਿ ਵਰਣ-ਵਿਵਸਥਾ ਦੇ ਗ਼ਲਬੇ ਵਾਲੇ ਰਾਜ ਅੰਦਰ ਰਾਜੇ ਦਾ ਮਾਰਗ-ਦਰਸ਼ਨ ਬ੍ਰਾਹਮਣ ਕਰਦੇ ਸਨ। 1947 ਦੀ ਸੱਤਾ-ਬਦਲੀ ਤੋਂ ਬਾਅਦ ਦੁਨੀਆ ਦੇ ਬਦਲੇ ਹੋਏ ਹਾਲਾਤ ਵਿਚ ਜਦੋਂ ਭਾਰਤੀ ਰਾਜ ਦਾ ਪੁਨਰ-ਗਠਨ ਕੀਤਾ ਗਿਆ ਤਾਂ ਭਾਰਤੀ ਅਵਾਮ ਦੀਆਂ ਲੋਕਤੰਤਰੀ ਭਾਵਨਾਵਾਂ ਦੇ ਦਬਾਅ ਹੇਠ ਹਕੂਮਤ ਦੇ ਮਾਰਗ-ਦਰਸ਼ਕ ਦੇ ਤੌਰ 'ਤੇ ਲੋਕਤੰਤਰੀ ਪਾਰਲੀਮੈਂਟਰੀ ਪ੍ਰਬੰਧ ਅਤੇ ਸੰਵਿਧਾਨ ਨੂੰ ਅਪਣਾਉਣਾ ਭਾਰਤੀ ਹੁਕਮਰਾਨ ਜਮਾਤ ਦੀ ਮਜਬੂਰੀ ਬਣ ਗਿਆ। ਜਦਕਿ ਆਰ.ਐੱਸ.ਐੱਸ. ਨੇ ਉਦੋਂ ਹੀ ਤਿੱਖਾ ਵਿਰੋਧ ਕਰਦਿਆਂ ਸਪਸ਼ਟ ਕਿਹਾ ਸੀ ਕਿ ਜਦੋਂ ਸਾਡੇ ਕੋਲ ਪਹਿਲਾਂ ਹੀ 'ਮਨੂ ਸਮਰਿਤੀ' ਦੇ ਰੂਪ 'ਚ ਪੁਰਾਤਨ ਸੰਵਿਧਾਨ ਹੈ ਤਾਂ ਨਵਾਂ ਸੰਵਿਧਾਨ ਬਣਾਉਣ ਦੀ ਕੀ ਜ਼ਰੂਰਤ ਹੈ। ਸਾਵਰਕਰ ਨੇ ਲਿਖਿਆ, 'ਭਾਰਤ ਦੇ ਨਵੇਂ ਸੰਵਿਧਾਨ ਦਾ ਸਭ ਤੋਂ ਵੱਡਾ ਭੈੜ ਇਹ ਹੈ ਕਿ ਇਸ 'ਚ ਕੁਝ ਵੀ ਭਾਰਤੀ ਨਹੀਂ ਹੈ।....ਮਨੂ ਸਮਰਿਤੀ ਉਹ ਧਾਰਮਿਕ ਗ੍ਰੰਥ ਹੈ ਜੋ ਵੇਦਾਂ ਤੋਂ ਬਾਦ ਸਾਡੇ ਹਿੰਦੂ ਰਾਸ਼ਟਰ ਲਈ ਸਭ ਤੋਂ ਜ਼ਿਆਦਾ ਪੂਜਣਯੋਗ ਹੈ ਅਤੇ ਇਹ ਪੁਰਾਤਨ ਸਮਿਆਂ ਤੋਂ ਸਾਡੀ ਸੰਸਕ੍ਰਿਤੀ-ਰੀਤੀ ਰਿਵਾਜਾਂ, ਸੋਚ ਅਤੇ ਵਿਹਾਰ ਦੀ ਬੁਨਿਆਦ ਚਲਿਆ ਆ ਰਿਹਾ ਹੈ....।' ਇਸੇ ਤਰ੍ਹਾਂ ਤਿਰੰਗੇ ਨੂੰ ਕੌਮੀ ਝੰਡੇ ਵਜੋਂ ਅਪਨਾਉਣ ਦਾ ਵਿਰੋਧ ਕਰਦੇ ਹੋਏ ਇਸ ਦੀ ਬਜਾਏ 'ਭਗਵਾ ਧਵਜ' ਅਪਨਾਉਣ ਦੀ ਵਕਾਲਤ ਕੀਤੀ ਗਈ। ਗੋਲਵਲਕਰ ਸਮੇਤ ਆਰ.ਐੱਸ.ਐੱਸ. ਦੇ ਸਿਧਾਂਤਕਾਰਾਂ ਦੀਆਂ ਲਿਖਤਾਂ ਅਤੇ ਭਾਸ਼ਣਾਂ 'ਚ ਐਸੇ ਬਹੁਤ ਸਾਰੇ ਹਵਾਲੇ ਮਿਲ ਜਾਂਦੇ ਹਨ ਜਿਨ੍ਹਾਂ ਵਿਚ ਸੰਵਿਧਾਨ ਅਤੇ ਤਿਰੰਗੇ ਨੂੰ ਹਿੰਦੂ ਵਿਰੋਧੀ ਕਰਾਰ ਦਿੱਤਾ ਗਿਆ ਹੈ।

ਇਸ ਵਿਰੋਧ ਨੇ ਲਿਖਤਾਂ/ਬਿਆਨਾਂ ਤੋਂ ਅੱਗੇ ਵਧਕੇ ਬਾਕਾਇਦਾ ਮੁਹਿੰਮ ਦਾ ਰੂਪ ਧਾਰਿਆ। 11 ਦਸੰਬਰ 1949 ਨੂੰ ਆਰ.ਐੱਸ.ਐੱਸ. ਨੇ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਵੱਡਾ ਇਕੱਠ ਕਰਕੇ ਸੰਵਿਧਾਨ ਦੇ ਬਿੱਲ ਦਾ ਤਿੱਖਾ ਵਿਰੋਧ ਕੀਤਾ। ਇਕ ਬੁਲਾਰੇ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਇਹ 'ਹਿੰਦੂ ਸਮਾਜ ਉੱਪਰ ਸੁੱਟਿਆ ਐਟਮ ਬੰਬ ਹੈ।' ਸੰਵਿਧਾਨ ਨੂੰ ਅਪਣਾਏ ਜਾਣ ਤੋਂ ਬਾਦ ਵੀ ਇਹ ਵਿਰੋਧ ਖ਼ਤਮ ਨਹੀਂ ਹੋਇਆ, ਇਹ ਵੱਖੋ-ਵੱਖਰੇ ਰੂਪਾਂ 'ਚ ਲਗਾਤਾਰ ਜਾਰੀ ਰਿਹਾ। ਪਹਿਲੀ ਜਨਵਰੀ 1993 ਨੂੰ ਆਰ.ਐੱਸ.ਐੱਸ. ਨੇ ਇਕ ਵ੍ਹਾਈਟ-ਪੇਪਰ ਪ੍ਰਕਾਸ਼ਿਤ ਕਰਕੇ ਸੰਵਿਧਾਨ ਨੂੰ 'ਹਿੰਦੂ ਵਿਰੋਧੀ' ਕਰਾਰ ਦਿੰਦਿਆਂ ਲਿਖਿਆ, 'ਸੰਵਿਧਾਨ ਮੁਲਕ ਦੀ ਸੰਸਕ੍ਰਿਤੀ, ਚਰਿੱਤਰ, ਹਾਲਾਤ, ਸਥਿਤੀ ਆਦਿ ਦੇ ਉਲਟ ਹੈ। ਇਸ ਦੀ ਮਾਰਗ-ਸੇਧ ਬਦੇਸ਼ੀ ਹੈ। ਸਾਡੇ ਸੰਵਿਧਾਨ ਵੱਲੋਂ ਕੀਤੇ ਨੁਕਸਾਨ ਦੇ ਮੁਕਾਬਲੇ ਅੰਗਰੇਜ਼ਾਂ ਦੇ 200 ਸਾਲ ਦੇ ਰਾਜ ਵੱਲੋਂ ਕੀਤਾ ਨੁਕਸਾਨ ਨਿਗੂਣਾ ਹੈ।' 24 ਜਨਵਰੀ 1993 ਨੂੰ ਭਾਜਪਾ ਦੇ ਤੱਤਕਾਲੀ ਪ੍ਰਧਾਨ ਮੁਰਲੀ ਮੁਨੋਹਰ ਜੋਸ਼ੀ ਨੇ ਤਾਂ ਹੋਰ ਵੀ ਸਪਸ਼ਟ ਕਿਹਾ, 'ਸਾਡੇ ਸੰਵਿਧਾਨ ਦੇ ਘਾੜੇ ਪੱਛਮੀ ਰੰਗ 'ਚ ਰੰਗੇ ਹੋਏ ਲੋਕ ਸਨ ਜੋ ਭਾਰਤ ਦੀ ਸੰਸਕ੍ਰਿਤੀ ਅਤੇ ਇਤਿਹਾਸ ਤੋਂ ਅਣਜਾਣ ਸਨ।.....ਇਸ ਸੰਵਿਧਾਨ ਨੂੰ ਕੂੜੇ ਦਾ ਢੇਰ ਕਿਹਾ ਜਾ ਸਕਦਾ ਹੈ.... ਭਾਰਤ ਦਾ ਸੰਵਿਧਾਨ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਦਾ ਦੁਸ਼ਮਣ ਹੈ।' ਇਸੇ ਤਰ੍ਹਾਂ ਦੀਆਂ ਹੋਰ ਵੀ ਕਈ ਮਿਸਾਲਾਂ ਮਿਲ ਜਾਣਗੀਆਂ। ਆਰ.ਐੱਸ.ਐੱਸ.-ਭਾਜਪਾ ਸੰਵਿਧਾਨ ਨੂੰ ਬਦਲਣ ਦਾ ਏਜੰਡਾ ਲਗਾਤਾਰ ਉਠਾਉਂਦੀ ਆ ਰਹੀ ਹੈ। ਇਸ ਦਾ ਇੱਕੋਇਕ ਮਨੋਰਥ ਉਨ੍ਹਾਂ ਸੰਵਿਧਾਨਕ ਮੁੱਲਾਂ ਨੂੰ ਖ਼ਤਮ ਰੱਦ ਕਰਨਾ ਹੈ ਜੋ ਸਮਾਜਵਾਦ, ਧਰਮਨਿਰਪੱਖਤਾ, ਲੋਕਤੰਤਰ, ਮਨੁੱਖੀ ਤੇ ਜਮਹੂਰੀ ਹੱਕਾਂ ਦੀ ਗੱਲ ਕਰਦੇ ਹਨ ਅਤੇ ਉਨ੍ਹਾਂ ਦੀ ਜਗ੍ਹਾ ਨਾਗਰਿਕਾਂ ਨੂੰ ਮੱਧਯੁਗੀ ਰਾਜਿਆਂ ਦੀ ਪਰਜਾ 'ਚ ਬਦਲ ਕੇ ਉਨ੍ਹਾਂ ਉੱਪਰ 'ਕਰਤੱਵ' ਯਾਨੀ ਅੰਨ੍ਹੀ ਰਾਜਭਗਤੀ ਥੋਪਣਾ ਹੈ।

ਇਂਵ ਸ਼ੁਰੂ ਤੋਂ ਹੀ ਆਰ.ਐੱਸ.ਐੱਸ. ਮਨੂ ਸਮਰਿਤੀ ਨੂੰ ਭਾਰਤ ਉੱਪਰ ਮੁੜ ਥੋਪਣ ਦੀ ਲਗਾਤਾਰ ਕੋਸ਼ਿਸ਼ 'ਚ ਹੈ। ਸੰਵਿਧਾਨ ਨੂੰ ਅਪਣਾਏ ਜਾਣ ਤੋਂ ਬਾਅਦ ਇਸ ਨੂੰ ਇੱਕੋ ਹੱਲੇ ਅਤੇ ਸਿੱਧੇ ਰੂਪ 'ਚ ਰੱਦ ਕਰਨਾ ਸੰਭਵ ਨਹੀਂ ਸੀ। ਇਸ ਲਈ ਢੁੱਕਵੇਂ ਮੌਕੇ ਦੀ ਉਡੀਕ ਕੀਤੀ ਗਈ। ਮਈ 2014 'ਚ ਮੁੜ ਸੱਤਾ ਵਿਚ ਆ ਕੇ ਆਰ.ਐੱਸ.ਐੱਸ.-ਭਾਜਪਾ ਨੇ ਸਿਲਸਿਲੇਵਾਰ ਤਰੀਕੇ ਨਾਲ 'ਸਨਾਤਨੀ ਪਰੰਪਰਾ' ਨੂੰ ਮੁੜ ਸਥਾਪਿਤ ਕਰਨ ਦਾ ਤਰੀਕਾ ਅਪਣਾਇਆ। ਨਵੀਂ ਇਮਾਰਤ ਵਿਚ 'ਰਾਜਦੰਡ' ਜਾਂ ਸੈਂਗੋਲ ਦੀ ਸਥਾਪਤੀ ਇਸੇ ਦਾ ਹਿੱਸਾ ਹੈ।

ਇਸ ਲਈ ਪਹਿਲਾਂ ਸਿਲਸਿਲੇਵਾਰ ਤਰੀਕੇ ਨਾਲ ਮਾਹੌਲ ਤਿਆਰ ਕੀਤਾ ਗਿਆ। ਪਹਿਲਾਂ ਨਵੀਂ ਇਮਾਰਤ ਬਣਾਉਣ ਦੀ ਲੋੜ ਉਭਾਰੀ ਗਈ ਅਤੇ ਦਹਿ-ਹਜ਼ਾਰਾਂ ਕਰੋੜ ਰੁਪਏ ਦੀ ਲਾਗਤ ਵਾਲਾ ਪ੍ਰੋਜੈਕਟ ਉਲੀਕਕੇ ਵਿਸ਼ੇਸ਼ ਇਮਾਰਤ ਤਿਆਰ ਕਰਵਾਈ ਗਈ। ਫਿਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 'ਰਾਜਦੰਡ' ਨੂੰ ਨਵੀਂ ਇਮਾਰਤ 'ਚ ਰੱਖੇ ਜਾਣ ਦਾ ਐਲਾਨ ਕਰਕੇ ਇਕ ਮੁਹਿੰਮ ਦਾ ਆਗਾਜ਼ ਕੀਤਾ। ਤੁਰੰਤ ਭਗਵੇਂ ਆਈ.ਟੀ. ਸੈੱਲ ਨੇ ਬਿਰਤਾਂਤ ਸਿਰਜਣ ਦਾ ਆਪਣਾ ਕੰਮ ਸ਼ੁਰੂ ਕਰ ਦਿੱਤਾ ਕਿ ਇਹ ਰਾਜਦੰਡ ਭਾਰਤ ਦੀ ਪਛਾਣ ਰਿਹਾ ਹੈ। ਇਹ ਪੁਰਾਤਨ ਉੱਜਲੇ ਅਤੀਤ ਦਾ ਸੁਨਹਿਰੀ ਪੰਨਾ ਹੈ, ਜੋ ਕਿਤੇ ਖੂੰਜੇ 'ਚ ਦਫ਼ਨ ਕੀਤਾ ਹੋਇਆ ਸੀ ਜਾਂ ਇਤਿਹਾਸ ਦੇ ਇਸ ਗੌਰਵਸ਼ਾਲੀ ਪ੍ਰਤੀਕ ਨੂੰ ਜਾਣਬੁੱਝ ਕੇ ਲੁਕੋ ਦਿੱਤਾ ਗਿਆ ਜਾਂ ਦਰਕਿਨਾਰ ਕਰ ਦਿੱਤਾ ਗਿਆ ਸੀ। ਨਰਿੰਦਰ ਮੋਦੀ ਹੁਣ ਇਸ ਨੂੰ ਲੱਭ ਕੇ ਲਿਆਏ ਹਨ ਅਤੇ ਨਵੀਂ ਸੰਸਦ ਵਿਚ ਸਥਾਪਤ ਕਰਕੇ ਦੇਸ਼ ਦੀ ਮਹਾਨ ਸੇਵਾ ਕਰ ਰਹੇ ਹਨ। ਇਹ ਬਿਰਤਾਂਤ ਪ੍ਰਚਾਰਿਆ ਗਿਆ ਕਿ ਆਖ਼ਰੀ ਵਾਇਸਰਾਏ ਲਾਰਡ ਮਾਊਂਟਬੈਟਨ ਨੇ ਨਹਿਰੂ ਨੂੰ ਪੁੱਛਿਆ ਸੀ ਕਿ ਕੀ ਉਹ ਸੱਤਾ-ਬਦਲੀ ਦੇ ਅਮਲ ਨੂੰ ਖ਼ਾਸ ਚਿੰਨ੍ਹ ਰਾਹੀਂ ਪੂਰਾ ਕਰਨਾ ਚਾਹੁੰਦੇ ਹਨ। ਇਸ 'ਤੇ ਨਹਿਰੂ ਨੇ ਰਾਜਗੋਪਾਲਾਚਾਰੀ ਦੀ ਸਲਾਹ ਲਈ ਸੀ। ਪੁਰਾਤਨ ਸੰਸਕਾਰੀ ਰਾਜਗੋਪਾਲਾਚਾਰੀ ਨੇ ਸੈਂਗੋਲ ਦੇ ਬਾਰੇ ਦੱਸਿਆ ਕਿ ਦੱਖਣ ਵਿਚ ਰਾਜਦੰਡ ਸੌਂਪਣ ਦੀ ਪਰੰਪਰਾ ਰਹੀ ਹੈ। ਫਿਰ ਫਟਾਫਟ ਮਦਰਾਸ ਦੇ ਇਕ ਜੌਹਰੀ ਤੋਂ ਚਾਂਦੀ ਦਾ ਪੰਚ ਫੁੱਟ ਡੰਡਾ ਤਿਆਰ ਕਰਵਾਕੇ ਉਸ ਉੱਪਰ ਸੋਨੇ ਦੀ ਪਰਤ ਚੜ੍ਹਵਾਈ ਗਈ ਅਤੇ ਤਾਮਿਲਨਾਡੂ ਦੇ ਤਿਰਾਵਾਵਡੂਦੁਰਈ ਮੱਠ ਦੀ ਨਿਗਰਾਨੀ ਹੇਠ ਇਸ ਦੇ ਸਿਰ ਉੱਪਰ 'ਨੰਦੀ' (ਬਲਦ) ਦੀ ਮੂਰਤੀ ਬਣਵਾਈ ਗਈ। ਅੰਗਰੇਜ਼ ਹੁਕਮਰਾਨਾਂ ਤੋਂ ਭਾਰਤੀ ਰਾਜ ਦੀ ਰਸਮੀਂ ਵਾਗਡੋਰ ਸੰਭਾਲਣ ਤੋਂ 15 ਮਿੰਟ ਪਹਿਲਾਂ ਸ਼ੈਵ ਮੰਤਰਾਂ ਦੇ ਜਾਪ ਦੌਰਾਨ ਇਹ 'ਰਾਜਦੰਡ' ਉਪਰੋਕਤ ਮੱਠ ਦੇ ਪੁਜਾਰੀਆਂ ਵੱਲੋਂ ਨਹਿਰੂ ਨੂੰ ਸੌਂਪਿਆ ਗਿਆ। ਇਸ ਤੋਂ ਬਾਦ ਨਹਿਰੂ ਨੇ 'ਰਾਜਦੰਡ' ਅਲਾਹਾਬਾਦ ਦੇ ਆਨੰਦ ਭਵਨ ਵਾਲੇ ਅਜਾਇਬ ਘਰ ਨੂੰ ਸੌਂਪ ਦਿੱਤਾ। ਕਿਹਾ ਜਾਂਦਾ ਹੈ ਕਿ 1978 'ਚ ਕਾਂਚੀ ਮੱਠ ਦੇ 'ਮਹਾਪੇਰਿਵਾ' ਨੇ ਇਸ ਗੱਲ ਦਾ ਜ਼ਿਕਰ ਆਪਣੇ ਇਕ ਸਾਥੀ ਨਾਲ ਕਰਨ ਤੋਂ ਬਾਦ 'ਰਾਜਦੰਡ' ਮੁੜ ਚਰਚਾ ਵਿਚ ਆਇਆ। 2021 'ਚ ਆਰ.ਐੱਸ.ਐੱਸ. ਦੇ ਆਗੂ ਐੱਸ.ਗੁਰੂਮੂਰਤੀ ਵੱਲੋਂ ਸੰਪਾਦਿਤ ਤਾਮਿਲ ਅਖ਼ਬਾਰ 'ਤੁਗਲਕ' ਵਿਚ ਇਸ ਬਾਰੇ ਇਕ ਲੇਖ ਛਾਪਿਆ ਗਿਆ। ਇਸ ਵਿਚ ਉਸ ਨੇ ਇਕ ਪੁਜਾਰੀ ਦੁਆਰਾ ਆਪਣੇ ਇਕ ਚੇਲੇ ਨੂੰ ਦਿੱਤੀ ਗਈ ਜਾਣਕਾਰੀ ਨੂੰ ਆਧਾਰ ਬਣਾਇਆ ਸੀ। ਜਿਸ ਨੂੰ ਪੜ੍ਹ ਕੇ ਕਲਾਸੀਕਲ ਡਾਂਸਰ ਪਦਮਾ ਸੁਬਰਾਮਨੀਅਮ ਨੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਚਿੱਠੀ ਲਿਖੀ। ਸਰਕਾਰ ਨੂੰ ਉਸ ਦੀ ਸਲਾਹ ਬਹੁਤ ਪਸੰਦ ਆਈ। ਇੰਝ ਸੰਸਦ ਦੀ ਨਵੀਂ ਇਮਾਰਤ ਵਿਚ 'ਰਾਜਦੰਡ' ਸਥਾਪਤ ਕਰਨ ਦਾ ਫ਼ੈਸਲਾ ਲਿਆ ਗਿਆ।

ਨਹਿਰੂ ਨੂੰ ਰਾਜਦੰਡ ਸੌਂਪੇ ਜਾਣ ਦੀ ਆਰ.ਐੱਸ.ਐੱਸ.-ਭਾਜਪਾ ਵੱਲੋਂ ਪਰੋਸੀ ਇਸ ਕਹਾਣੀ ਕੋਈ ਇਤਿਹਾਸਕ ਪ੍ਰਮਾਣਿਕਤਾ ਨਹੀਂ ਹੈ। ਭਾਵੇਂ ਨਹਿਰੂ ਹੋਰ ਕਈ ਧਾਰਮਿਕ ਕਰਮਕਾਂਡਾਂ ਵਿਚ ਸ਼ਾਮਿਲ ਰਿਹਾ, ਪਰ ਕਿਸੇ ਵੀ ਕਿਤਾਬ ਜਾਂ ਇਤਿਹਾਸਕ ਦਸਤਾਵੇਜ਼ ਵਿਚ ਸੱਤਾ-ਬਦਲੀ ਸਮੇਂ ਰਾਜਦੰਡ ਸੌਂਪੇ ਜਾਣ ਦਾ ਜ਼ਿਕਰ ਨਹੀਂ ਹੈ। ਇਤਿਹਾਸਕਾਰਾਂ ਅਤੇ ਵਿਦਵਾਨਾਂ ਨੇ ਉਪਰੋਕਤ ਦਾਅਵੇ ਨੂੰ ਚੁਣੌਤੀ ਦਿੱਤੀ ਹੈ। ਉਪਰੋਕਤ ਮੱਠ ਦੇ ਪੁਜਾਰੀਆਂ ਦੀ ਟੋਲੀ ਨੇ 14 ਅਗਸਤ ਨੂੰ ਦਿੱਲੀ ਵਿਚ ਨਹਿਰੂ ਦੇ ਘਰ ਆ ਕੇ ਉਸ ਨੂੰ 'ਰਾਜਦੰਡ' ਭੇਂਟ ਕੀਤਾ ਸੀ। ਇਹ ਤੱਥ ਇਤਿਹਾਸਕ ਕਿਤਾਬਾਂ 'ਚ ਦਰਜ ਹੈ। ਸੰਘ ਬਰਗੇਡ ਨੇ ਆਪਣੇ ਏਜੰਡੇ ਅਨੁਸਾਰ ਇਸ ਦੁਆਲੇ ਮਨਘੜਤ ਕਹਾਣੀ ਘੜ ਲਈ। ਖ਼ੈਰ ਇਕ ਗੱਲ ਸਪਸ਼ਟ ਹੈ ਕਿ ਨਹਿਰੂ ਕਦੇ ਵੀ ਇਸ 'ਰਾਜਦੰਡ' ਨੂੰ ਸੰਸਦ ਭਵਨ ਦੇ ਅੰਦਰ ਨਹੀਂ ਲੈ ਕੇ ਗਿਆ। ਪਰ ਮੋਦੀ ਨੇ ਪੂਰੇ ਬ੍ਰਾਹਮਣਵਾਦੀ ਕਰਮਕਾਡਾਂ ਅਨੁਸਾਰ ਇਹ 'ਰਾਜਦੰਡ' ਹਾਸਲ ਕਰਕੇ ਨੇ ਭਾਰਤ ਦਾ ਅਣਐਲਾਨਿਆ ਮੱਧਯੁਗੀ ਸ਼ਹਿਨਸ਼ਾਹ ਬਣਨ ਦਾ ਸੁਪਨਾ ਪੂਰਾ ਕਰ ਲਿਆ ਹੈ ਅਤੇ ਮਦਰਾਸ ਦੇ ਉਸੇ ਮੱਠ ਦੇ ਪੁਜਾਰੀਆਂ ਤੋਂ 'ਦੈਵੀ' ਅਸ਼ੀਰਵਾਦ ਲੈ ਲਿਆ ਹੈ। ਮੋਦੀ ਨੇ ਦਾਅਵਾ ਕੀਤਾ ਕਿ 'ਦੱਖਣ ਵਿਚ ਚੋਲ ਵੰਸ਼ ਦੇ ਰਾਜ ਵਿਚ ਰਾਜਦੰਡ ਕਰਤੱਵਪੱਥ, ਸੇਵਾਪੱਥ ਅਤੇ ਰਾਸ਼ਟਰਪੱਥ ਦਾ ਚਿੰਨ੍ਹ' ਸੀ। ਇਹ ਵੀ ਕਿ 'ਜਦੋਂ ਨਵੇਂ ਸਦਨ ਵਿਚ ਸੰਸਦੀ ਕਾਰਵਾਈ ਚੱਲੇਗੀ ਤਾਂ ਰਾਜਦੰਡ ਸਾਡੇ ਲਈ ਪ੍ਰੇਰਣਾ ਬਣੇਗਾ।' ਮਈ 2014 'ਚ ਮੋਦੀ ਨੇ ਪੁਰਾਣੇ ਸੰਸਦ ਭਵਨ ਨੂੰ ਮੱਥਾ ਟੇਕਕੇ ਸੰਸਦ ਵਿਚ ਪੈਰ ਰੱਖਿਆ ਸੀ, 2023 'ਚ ਉਹੀ ਮੋਦੀ ਰਾਜਦੰਡ ਅੱਗੇ ਡੰਡੌਤ ਕਰ ਰਿਹਾ ਹੈ। ਰਾਜਦੰਡ ਲੋਕ-ਰਜ਼ਾ ਦਾ ਚਿੰਨ੍ਹ ਨਹੀਂ ਹੈ, ਇਹ ਬ੍ਰਾਹਮਣਵਾਦੀ ਰਜਵਾੜਾਸ਼ਾਹੀ ਦਾ ਚਿੰਨ੍ਹ ਹੈ। ਰਾਜਦੰਡ ਦੁਆਰਾ ਮੋਦੀ ਕਿਸ ਤੋਂ ਰਾਜ ਦਾ ਵਿਰਾਸਤੀ ਅਧਿਕਾਰ ਲੈ ਰਿਹਾ ਹੈ? ਜਿਨ੍ਹਾਂ ਦੀ ਕੋਈ ਸੰਵਿਧਾਨਕ ਮਾਨਤਾ ਹੀ ਨਹੀਂ ਹੈ ਉਨ੍ਹਾਂ ਬ੍ਰਾਹਮਣ ਪੁਜਾਰੀਆਂ ਤੋਂ? ਭਾਵੇਂ ਭਾਰਤੀ ਰਾਜ ਸੱਚੇ ਮਾਇਨਿਆਂ 'ਚ ਲੋਕਤੰਤਰ ਨਹੀਂ ਰਿਹਾ ਪਰ ਰਸਮੀਂ ਤੌਰ 'ਤੇ ਸੰਵਿਧਾਨ ਲੋਕਾਂ ਨੂੰ ਵੋਟਾਂ ਰਾਹੀਂ ਆਪਣੇ ਨੁਮਾਇੰਦੇ ਚੁਣਨ ਦਾ ਹੱਕ ਦਿੰਦਾ ਹੈ। ਲੋਕਾਂ ਕੋਲ ਰਸਮੀਂ ਸੰਵਿਧਾਨਕ ਹੱਕ ਹਨ ਪਰ ਹਕੀਕੀ ਜ਼ਿੰਦਗੀ 'ਚ ਲੋਕਤੰਤਰ ਨਹੀਂ ਹੈ। ਸੰਸਦ ਦੇ ਅੰਦਰ 'ਰਾਜਦੰਡ' ਨੂੰ ਸਥਾਪਤ ਕਰਨਾ ਇਤਿਹਾਸ ਦੇ ਪਹੀਏ ਨੂੰ ਪਿੱਛੇ ਵੱਲ ਮੱਧਯੁਗ 'ਚ ਲਿਜਾਣਾ ਹੈ ਅਤੇ ਇਹ ਭਾਰਤੀ ਲੋਕਾਂ ਦੀਆਂ ਭਾਵਨਾਵਾਂ ਦਾ ਮਜ਼ਾਕ ਉਡਾਉਣਾ ਹੈ ਜੋ ਇਸ ਮੁਲਕ ਨੂੰ ਲੋਕਤੰਤਰ ਸਮਝਕੇ ਆਪਣੇ ਸੰਵਿਧਾਨਕ ਹੱਕ ਦੇ ਤਹਿਤ ਵੋਟਾਂ ਪਾ ਕੇ ਸਰਕਾਰ ਚੁਣਦੇ ਹਨ। ਰਾਜਦੰਡ ਦਾ ਸਰੂਪ ਮਹਿਜ਼ ਸਨਾਤਨੀ ਧਰਮ ਦੀ ਨੁਮਾਇੰਦਗੀ ਕਰਦਾ ਹੈ, ਇਹ ਸਾਰੇ ਭਾਰਤ ਦੇ ਲੋਕਾਂ ਧਰਮਾਂ-ਸੰਸਕ੍ਰਿਤੀ ਦੀ ਨੁਮਾਇੰਦਗੀ ਨਹੀਂ ਕਰਦਾ। ਇਸ ਨੂੰ ਸੰਸਦ ਭਵਨ 'ਚ ਰੱਖਣਾ ਭਾਰਤੀ ਲੋਕਾਂ ਉੱਪਰ ਬਹੁਗਿਣਤੀ ਧਰਮ ਦੀ ਸੰਸਕ੍ਰਿਤੀ ਥੋਪਣਾ ਹੈ। ਆਰ.ਐੱਸ.ਐੱਸ.-ਭਾਜਪਾ ਮੱਠਾਂ ਦੇ ਮਹੰਤਾਂ, ਪੁਜਾਰੀਆਂ ਨੂੰ ਹੁਕਮਰਾਨ ਬਣਾ ਕੇ ਲੋਕਾਂ ਦੇ ਸਿਰ ਉੱਪਰ ਬਿਠਾ ਰਹੀ ਹੈ। ਇਸ ਹਕੂਮਤ ਤੋਂ ਹਿੰਦੂ ਧਰਮ ਅਤੇ ਸੰਸਕਿਤੀ ਨੂੰ ਬੁਲੰਦ ਕਰਨ ਦੇ ਨਾਂ ਹੇਠ ਇਸੇ ਤਰ੍ਹਾਂ ਦੀਆਂ ਵਾਹਿਯਾਤ ਕਾਰਵਾਈਆਂ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ।

ਭਾਰਤ ਨੂੰ 25 ਸਾਲਾਂ 'ਚ ਵਿਕਸਤ ਦੇਸ਼ ਬਣਾਉਣ, ਤਰੱਕੀ, ਸਵੈਨਿਰਭਰਤਾ ਦੇ ਢੌਂਗੀ ਵਾਅਦਿਆਂ ਦੌਰਾਨ ਨਵੇਂ ਸੰਸਦ ਭਵਨ ਵਿਚ ਰਾਜਦੰਡ ਦੀ ਮੁੜ-ਬਹਾਲੀ ਤੋਂ ਸੰਘ ਦੇ ਮਨਸ਼ੇ ਬਿਲਕੁਲ ਸਪਸ਼ਟ ਹਨ। ਇਸ ਨਾਟਕ ਦਾ ਇਕ ਹੋਰ ਮਨੋਰਥ ਧੁਰ ਦੱਖਣ ਦੇ ਤਾਮਿਲ ਲੋਕਾਂ ਵਿਚ ਆਰ.ਐੱਸ.ਐੱਸ.-ਭਾਜਪਾ ਦੀ ਘੁਸਪੈਠ ਕਰਾਉਣਾ ਹੈ। ਰਾਸ਼ਟਰਪਤੀ ਬਨਾਮ ਪ੍ਰਧਾਨ ਮੰਤਰੀ ਦੇ ਵਿਵਾਦ 'ਚ ਉਲਝਣ ਦੀ ਬਜਾਏ ਬਹਿਸ ਇਸ ਉੱਪਰ ਕੇਂਦਰਤ ਹੋਣੀ ਚਾਹੀਦੀ ਹੈ ਕਿ ਰਾਜਦੰਡ ਪਿੱਛੇ ਮੋਦੀ ਹਕੂਮਤ ਦਾ ਮਨਸ਼ਾ ਕੀ ਹੈ। ਵਿਕਾਸ ਅਤੇ ਤਰੱਕੀ ਦੀ ਹਕੀਕਤ ਸਭ ਨੂੰ ਚੰਗੀ ਤਰ੍ਹਾਂ ਪਤਾ ਹੈ। ਇਹ ਐਲਾਨ ਹੈ ਕਿ ਅਸੀਂ ਆਪਣੀ ਮਨਮਰਜ਼ੀ ਨਾਲ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਏਜੰਡਾ ਅੱਗੇ ਵਧਾਵਾਂਗੇ। ਨਿਆਂ ਪ੍ਰਣਾਲੀ ਸਮੇਤ ਰਾਜ ਦੀ ਹਰ ਸੰਸਥਾ ਸਾਡੇ ਕਬਜ਼ੇ 'ਚ ਹੈ। ਜਿਹੜਾ ਵਿਰੋਧ ਕਰੇਗਾ, ਉਨ੍ਹਾਂ ਨੂੰ ਰਜਵਾੜਾਸ਼ਾਹੀ ਵਾਲੇ ਡੰਡੇ ਨਾਲ ਦਬਾਵਾਂਗੇ। ਇਹ ਹੁਣ ਭਾਰਤ ਦੇ ਲੋਕਾਂ ਦੇ ਹੱਥ ਹੈ ਕਿ ਉਨ੍ਹਾਂ ਨੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੇ ਇਸ ਫਾਸ਼ੀਵਾਦੀ ਏਜੰਡੇ ਦਾ ਮੁਕਾਬਲਾ ਕਿਵੇਂ ਕਰਨਾ ਹੈ।

ਪਾਠ ਪੁਸਤਕਾਂ ਅਤੇ ਇਤਿਹਾਸ

# ਗਿਆਨ ਨੂੰ ਸੀਮਤ ਅਤੇ ਹਿੰਦੂਤਵੀ ਦ੍ਰਿਸ਼ਟੀਕੋਣ ਵਿਕਸਿਤ ਵੱਲ ਵਧੇ ਕਦਮ

ਨਰਭਿੰਦਰ
93544-30711

*ਇਹ ਹਕੀਕਤ ਹੈ ਕਿ ਅਜੋਕੀ ਦੁਨੀਆ ਦੇ ਜਿਸ ਸਮਿਆਂ ਵਿਚ ਅਸੀਂ ਜਿਉਂ ਰਹੇ ਹਾਂ ਉਥੇ ਗਿਆਨ ਅਤੇ ਵਿਗਿਆਨ ਅਨਿੱਖੜਵੇਂ ਰੂਪ ਵਿਚ ਜ਼ਿੰਦਗੀ ਦਾ ਅਟੁੱਟ ਅੰਗ ਬਣ ਗਿਆ ਹੈ। ਪ੍ਰੰਤੂ ਜੇ ਪਿਛਲਮੋੜਾ ਦੇਣ ਦੀ ਕੋਸ਼ਿਸ਼ ਕਰ ਵੀ ਦਿੱਤਾ ਜਾਵੇ ਤਾਂ ਉਹ ਕੁਝ ਸਮਿਆਂ ਲਈ ਨੁਕਸਾਨ ਕਰ ਸਕਦੀ ਹੈ ਪ੍ਰੰਤੂ ਵਿਗਿਆਨ ਅਜਿਹੀ ਸ਼ੈਅ ਹੁੰਦਾ ਹੈ ਕਿ ਉਹ ਦੁਬਾਰਾ ਤੋੜ ਕੇ ਅਤੇ ਕਾਲੇ ਦੌਰ ਨੂੰ ਪਾਰ ਵੀ ਕਰ ਲੈਂਦਾ ਹੈ ਹਾਲਾਂਕਿ ਅਜੋਕਾ ਸਮਾਂ ਗਿਆਨ ਅਤੇ ਵਿਗਿਆਨ ਲਈ ਦੇਸ਼ ਵਿਚ ਕਾਲਾ ਹੈ ਪ੍ਰੰਤੂ ਚਾਰੇ ਪਾਸੇ ਦੁਨੀਆ ਵਿਗਿਆਨ ਦੀਆਂ ਬੁਲੰਦੀਆਂ ਨੂੰ ਮਾਣ ਰਹੀ ਹੈ। ਦੇਖੋਂ ਕਿਸ ਕਰਵਟ ਦੇਸ਼ ਦਾ ਗਿਆਨ ਬੈਠਦਾ ਹੈ। – ਸੰਪਾਦਕ*



ਜਿਨ੍ਹਾਂ ਦਾ ਆਪਣਾ ਇਤਿਹਾਸ ਨਹੀਂ ਹੁੰਦਾ ਉਹ ਇਤਿਹਾਸ ਨੂੰ ਬਰਦਾਸ਼ਤ ਹੀ ਨਹੀਂ ਕਰਦੇ। ਇਤਿਹਾਸਕਾਰ ਈ.ਐਚ. ਕਾਰ ਤਾਂ ਕਹਿੰਦੇ ਹਨ, "ਇਤਿਹਾਸ ਦਾ ਸਭ ਤੋਂ ਵੱਡਾ ਸਬਕ ਇਹ ਹੈ ਕਿ ਕੋਈ ਇਤਿਹਾਸ ਤੋਂ ਸਬਕ ਹੀ ਨਹੀਂ ਸਿੱਖਦਾ।" ਇਹੀ ਕਾਰਨ ਹੈ ਕਿ ਭਾਜਪਾ ਸਰਕਾਰ ਜਾਂ ਉਹਦੇ ਪਿਛੇ ਖੜ੍ਹਾ ਰਾਸ਼ਟਰੀ ਸੋਇਮ ਸੇਵਕ ਸੰਘ ਪਿਛਲੇਰੇ 9 ਸਾਲਾਂ ਤੋਂ ਚੇਤੰਨ ਤੇ ਸੁਚੇਤ ਰੂਪ ਵਿਚ ਵਿਦਿਅਕ ਨੀਤੀ ਤੇ ਬੱਚਿਆਂ ਦੀਆਂ ਪਾਠ ਪੁਸਤਕਾਂ ਵਿਚ ਲਗਾਤਾਰ ਤਬਦੀਲੀਆਂ ਕਰਦਾ ਆ ਰਿਹਾ ਹੈ। ਦਰਅਸਲ ਅਜੋਕੀ ਕਾਰਪੋਰੇਟੀ ਪੂੰਜੀ (ਅਜਾਰੇਦਾਰੀ) ਪੂੰਜੀ ਲਈ ਵੀ ਮੌਜੂਦਾ ਜਾਗਰੂਕ ਤੇ ਚੇਤੰਨ ਸਮਾਜ ਸਭ ਤੋਂ ਖਤਰਨਾਕ ਵਿਵਸਥਾ 'ਚ ਹੈ। ਦੋਹਾਂ ਦੀ ਸਾਂਝੀ ਲੋੜ ਹੈ ਲੋਕਾਈ ਨੂੰ ਗਿਆਨ ਤੇ ਇਤਿਹਾਸ ਵਿਹੂਣਾ ਕਰ ਦਿਓ ਤਾਂ ਕਿ ਨਵ-ਗਲਾਮ ਵਿਵਸਥਾ ਦੀ ਉਮਰ ਲੰਬੇਰੀ ਕੀਤੀ ਜਾਵੇ।

ਪਿਛਲੀ 5 ਅਪ੍ਰੈਲ 2023 ਦੇ ਇਕ ਅੰਗਰੇਜ਼ੀ ਅਖ਼ਬਾਰ ਇੰਡੀਆ ਐਕਸਪ੍ਰੈਸ ਵਿਚ ਰਿਤਿਕ ਚੋਪੜਾ ਨੇ ਇਕ ਲੰਮੀ ਚੌੜੀ ਰਿਪੋਰਟ ਲੋਕਾਂ ਦੇ ਸਾਹਮਣੇ ਰੱਖੀ ਜਿਸ 'ਚ ਦੱਸਿਆ ਕਿ, ਇਤਿਹਾਸ ਰਾਜਨੀਤਕ ਵਿਗਿਆਨ ਤੇ ਸਮਾਜਿਕ ਵਿਗਿਆਨ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ। ਵੈਸੇ ਇਹ ਸਿਲਸਿਲਾ ਪਿਛਲੇਰੇ 9 ਸਾਲਾਂ ਤੋਂ ਲਗਾਤਾਰ ਚਲ ਰਿਹਾ ਹੈ। ਪਹਿਲਾਂ ਇਹ ਵਿਦਿਆਰਥੀਆਂ ਉਤੇ ਵਿਸ਼ਿਆਂ ਦੇ ਬੋਝ ਨੂੰ ਹਲਕਾ ਕਰਨ ਦੇ ਨਾਂ ਹੇਠ ਆ ਰਿਹਾ ਸੀ। ਪਿਛਲੇ ਸਾਲ ਵੀ ਐਨ.ਸੀ.ਈ.ਆਰ.ਟੀ. ਨੇ ਮੁਗਲ ਇਤਿਹਾਸ 'ਤੇ ਸੀਤਯੁੱਧ ਵਰਗੇ ਪਾਠ ਹਟਾ ਦਿੱਤਾ ਸਨ। ਇਸ ਵਾਰ ਯੂ.ਪੀ. ਬੋਰਡ ਨੇ ਵੀ ਇਹ ਖਾਰਜ ਕਰ ਦਿੱਤੇ ਹਨ। 12ਵੀਂ ਜਗਾਤ ਦੀ ਰਾਜਨੀਤਕ ਵਿਗਿਆਨ ਦੀ ਕਿਤਾਬ 'ਚੋਂ ਮਹਾਤਮਾ ਗਾਂਧੀ ਦੀ ਹੱਤਿਆ ਨਾਲ ਸਬੰਧਤ ਜਾਣਕਾਰੀਆਂ ਹਟਾ ਦਿੱਤੀਆਂ ਹਨ ਅਤੇ ਇਸ ਵਿਚ ਇਕ ਲਾਈਨ ਜੋੜ ਦਿੱਤੀ ਗਈ ਹੈ ਕਿ, "ਗਾਂਧੀ ਜੀ ਦੇ ਕੰਮਾਂ ਨੂੰ ਸਾਰੇ ਲੋਕ ਪਸੰਦ ਨਹੀਂ ਕਰਦੇ ਸਨ। ਦੋਹਾਂ ਫਿਰਕਿਆਂ ਦੇ ਗਰਮਦਲੀਏ ਆਪਣੀ ਹੋਣੀ ਲਈ (ਗਾਂਧੀ ਨੂੰ) ਉਨ੍ਹਾਂ ਨੂੰ ਜ਼ਿੰਮੇਵਾਰ ਮੰਨਦੇ ਸਨ।" ਹਕੀਕਤ ਇਹ ਕਿ ਹਿੰਦੂ-ਮੁਸਲਿਮ ਏਕਤਾ ਦੀ ਗੱਲ ਕਰਨ ਵਾਲੇ ਗਾਂਧੀ ਨੂੰ ਵਿਸ਼ੇਸ਼ ਕਰਕੇ ਉਹ ਲੋਕ ਨਾਪਸੰਦ ਕਰਦੇ ਹਨ ਜਿਹੜੇ ਇਹ ਚਾਹੁੰਦੇ ਸਨ ਕਿ ਹਿੰਦੂ ਵੀ ਬਦਲੇ ਲੈਣ ਭਾਵ ਮੁਸਲਮਾਨਾਂ ਦਾ ਕਤਲੇਆਮ ਕਰਨ ਅਤੇ ਭਾਰਤ ਦੀ ਹਿੰਦੂਆਂ ਦਾ ਰਾਸ਼ਟਰ ਬਣੇ। ਜਿਵੇਂ ਪਾਕਿਸਤਾਨ ਮੁਸਲਮਾਨਾਂ ਦਾ ਦੇਸ਼ ਬਣਿਆ ਹੈ। ਇਸੇ ਹੀ ਪਾਠ ਵਿਚ ਇਹ ਅੰਸ਼ ਵੀ ਖਾਰਜ ਕਰ ਦਿੱਤਾ ਹੈ ਕਿ ਗਾਂਧੀ ਜੀ ਦੀ ਮੌਤ ਨੇ ਦੇਸ਼ ਦੇ ਫਿਰਕਾਪ੍ਰਸਤ ਮਾਹੌਲ ਉਤੇ ਜਾਦੂਮਈ ਅਸਰ ਪਾਇਆ ਅਤੇ ਵੰਡ ਨਾਲ ਸਬੰਧਤ ਕਰੋਧ ਤੇ ਹਿੰਸਾ ਸ਼ਾਂਤ ਹੋ ਗਈ। ਫਿਰਕਾਪ੍ਰਸਤ ਦੀ ਜ਼ਹਿਰ ਫੈਲਾਉਣ ਵਾਲੇ ਕੱਟੜਵਾਦੀ ਸੰਗਠਨਾਂ ਆਰ.ਐਸ.ਐਸ. ਉਤੇ ਪਾਬੰਦੀ ਲਾ ਦਿੱਤੀ ਗਈ।" ਇਹ ਸਾਰੀਆਂ ਲਾਈਨਾਂ ਕੱਢ ਦਿੱਤੀਆਂ ਗਈਆ ਹਨ ਜੋ ਪਿਛਲੇ 15 ਸਾਲਾਂ ਤੋਂ ਵੱਧ ਸਮੇਂ ਤੋਂ ਸਿਲੇਬਸ ਦਾਹਿਸਾ ਸਨ। 12ਵੀਂ ਦੀ ਇਤਿਹਾਸ ਦੀ ਕਿਤਾਬ ਵਿਚ ਗਾਂਧੀ ਦੇ ਕਾਤਲ ਨੱਥੂ ਰਾਮ ਗੌਡਸੇ ਦੀ ਜਾਣਕਾਰੀ ਦਿੰਦਿਆਂ ਲਿਖ ਦਿੱਤਾ ਹੈ ਕਿ ਉਹ ਪੂਨੇ ਦਾ ਇਕ ਬ੍ਰਾਹਮਣ ਸੀ ਅਤੇ ਇਹ ਗਰਮਖਿਆਲੀ ਹਿੰਦੂ ਅਖ਼ਬਾਰ ਦਾ ਸੰਪਾਦਕ ਜਿਹੜਾ ਗਾਂਧੀ ਦੀ ਮੁਸਲਮਾਨਾਂ ਪ੍ਰਤੀ ਲਚਕੀਨੀ ਪਹੁੰਚ ਦੀ ਨਿੰਦਾ ਕਰਦਾ ਸੀ। ਇਹ ਨਵੀਂ ਜਾਣਕਾਰੀ ਦੀ ਪੇਸ਼ਕਾਰੀ ਦਾ ਅੰਦਾਜ਼ ਵੀ ਵਾਚਨ ਵਾਲਾ ਹੈ। 30 ਜਨਵਰੀ ਦੀ ਸ਼ਾਮ ਨੂੰ ਪ੍ਰਾਰਥਨਾ ਸਭਾ ਵਚ ਇਕ ਨੌਜਵਾਨ ਨੇ ਗੋਲੀ ਮਾਰ ਦਿੱਤੀ ਤੇ ਪਿਛੋਂ ਉਹਨੇ ਆਤਮ ਸਮਰਪਣ ਕਰ ਦਿੱਤਾ। ਇਹ ਆਤਮ ਸਮਰਪਣ ਕਰਨ ਵਾਲਾ ਨੱਥੂ ਰਾਮ ਗੌਡਸੇ ਸੀ। ਗਾਂਧੀ ਦੇ ਹੀ ਕਥਨ ਮੁਤਾਬਕ, "ਜੇ ਭਾਰਤ ਨੂੰ ਸਿਰਫ਼ ਹਿੰਦੂਆਂ ਦਾ ਦੇਸ਼ ਬਣਾ ਦਿੱਤਾ ਜਾਂਦਾ ਹੈ ਤਾਂ ਭਾਰਤ ਨਸ਼ਟ ਹੋ ਜਾਵੇਗਾ।"

ਸੰਘ ਵਾਰ ਵਾਰ ਕਹਿੰਦਾ ਰਿਹਾ ਹੈ ਕਿ, "ਭਾਰਤੀ ਇਤਿਹਾਸ ਨੂੰ ਠੀਕ ਢੰਗ ਨਾਲ ਨਹੀਂ ਲਿਖਿਆ ਗਿਆ। ਇਹ ਦੁਬਾਰਾ ਲਿਖਣ ਵਾਲਾ ਹੈ। ਇਹ ਕੰਮ ਉਹ ਕਈ ਪੱਖਾਂ ਤੋਂ ਕਈ ਰੂਪਾਂ ਵਿਚ ਕਰ ਰਹੇ ਹਨ। ਸਿਲੇਬਸਾਂ ਵਿਚ ਤਬਦੀਲੀਆਂ ਉਹਦਾ ਇਕ ਹਿੱਸਾ ਹੈ। ਯਾਦ ਕਰੋ 2014 'ਚ ਮੋਹਨ ਭਾਗਵਤ ਕਹਿ ਰਿਹਾ ਸੀ, "ਤਕਰੀਬਨ 1000 ਸਾਲ ਪਿਛੋਂ ਦਿੱਲੀ 'ਚ ਹਿੰਦੂ ਰਾਸ਼ਟਰ ਦੀ ਸਥਾਪਨਾ ਹੋਈ ਹੈ।" ਤੇ ਜੂਨ 2014 'ਚ ਲੋਕ ਸਭਾ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ, "ਬਾਰਾਂ ਸੌ ਸਾਲਾਂ ਦੀ ਗੁਲਾਮੀ ਦੀ ਮਾਨਸਿਕਤਾ ਪ੍ਰੇਸ਼ਾਨ ਕਰ ਰਹੀ ਹੈ।" ਇਹ 1200 ਸਾਲ ਦੀ ਗੁਲਾਮੀ ਵਿਚ ਮੁਗਲ ਕਾਲ ਦਾ ਦੌਰ ਹੈ ਜੇ 1757 ਤੋਂ 1947 ਭਾਵ 190 ਸਾਲ ਬਰਤਾਨਵੀ ਬਸਤੀਵਾਦੀ ਦਾ ਦੌਰ ਗਿਣ ਲਿਆ ਜਾਵੇ ਤਾਂ ਬਾਕੀ 1000 ਸਾਲ ਮੁਗਲਾਂ ਦੇ ਕਾਲ 'ਚ ਗਿਣੇ ਜਾ ਰਹੇ ਹਨ। ਭਾਵ ਸੰਨ 1712 ਭਾਵ ਅੱਠਵੀਂ ਸਦੀ ਵਿਚ ਸਿੰਧ ਦੇ ਹਿੰਦੂ ਰਾਜੇ ਉਤੇ ਮੀਰ ਕਾਸਿਮ ਦੇ ਹਮਲੇ ਤੋਂ ਲੈ ਕੇ ਬਹਾਦਰਸ਼ਾਹ ਜ਼ਫ਼ਰ ਦੀ ਬਾਦਸ਼ਾਹੀ ਦੇ ਅੰਤ ਤੱਕ ਦਾ ਸਮਾਂ ਤੇ ਹੁਣ ਬੱਚਿਆਂ ਦੀਆਂ ਇਤਿਹਾਸ ਦੀਆਂ ਕਿਤਾਬਾਂ 'ਚੋਂ ਇਹੋ ਮੁਗਲ ਕਾਲ ਖਤਮ ਕੀਤਾ ਜਾ ਰਿਹਾ ਹੈ। 12ਵੀਂ ਜਮਾਤ 'ਚ ਮੁਗਲ ਹਾਕਮਾਂ ਦੇ ਦਰਬਾਰ ਵਾਲਾ ਹਿੱਸਾ ਕੱਢ ਦਿੱਤਾ ਗਿਆ ਹੈ। ਅਜਿਹੀਆਂ ਕਈ ਮਿਸਾਲਾਂ ਹਨ ਤੇ ਸਭ ਤੋਂ ਵੱਧ ਇਹ ਕਿ ਜੋ ਚੀਜ਼ਾਂ ਜੋੜੀਆਂ ਜਾ ਰਹੀਆਂ ਹਨ ਉਨ੍ਹਾਂ ਦੀ ਸ਼ਬਦਾਵਲੀ ਬਦਲ ਦਿੱਤੀ ਗਈ ਹੈ। ਅਫਗਾਨਿਸਤਾਨ ਵਲੋਂ ਮਹਿਮੂਦ ਰਾਜਨਵੀ ਦੇ ਹਮਲੇ ਜੋ ਸੋਮਨਾਥ ਮੰਦਿਰ ਉਤੇ ਸਨ ਜਿਨ੍ਹਾਂ ਬਾਰੇ ਪਹਿਲਾਂ ਦਰਜ ਸੀ ਕਿ ਇਹ ਲੁੱਟ ਦੇ ਮੰਤਵ ਨਾਲ ਸੀ, ਹੁਣ ਬਦਲ ਦਿੱਤਾ ਗਿਆ ਹੈ। 1000 ਤੋਂ 1025 ਈਸਵੀ ਦੇ ਦਰਮਿਆਨ ਧਾਰਮਿਕ ਇਰਾਦਿਆਂ ਨਾਲ 17 ਹਮਲੇ ਕੀਤੇ। ਨਫ਼ਰਤ ਬੀਜਣ ਦੀ ਕਲਾਤਮਿਕ ਪੇਸ਼ਕਾਰੀ। 2017 ਵਿਚ 182 ਸਕੂਲੀ ਕਿਤਾਬਾਂ ਵਿਚ 1334 ਸਿਲੇਬਸ ਤਬਦੀਲੀਆਂ ਕੀਤੀਆਂ ਗਈਆਂ ਸਨ। ਫਿਰ 2019 ਵਿਚ ਤਬਦੀਲੀਆਂ ਹੋਈਆਂ ਤੇ ਹੁਣ ਤੀਸਰੀ ਕੋਸ਼ਿਸ਼ 2022 ਤੋਂ ਸ਼ੁਰੂ ਹੈ ਜੋ ਸਾਲ 2023 ਵਿਚ ਵੀ ਜਾਰੀ ਹੈ। 2023 'ਚ ਸਿਲੇਬਸ ਵਿਚ ਜੋ ਤਬਦੀਲੀਆਂ ਕੀਤੀਆਂ ਗਈਆਂ ਉਹਨਾਂ ਵਿਚ ਜਿਹੜੇ ਪਾਠ ਹਟਾਏ ਗਏ ਉਨ੍ਹਾਂ ਵਿਚ, ਗੁਜਰਾਤ ਦੰਗੇ, ਮੁਸਲਿਮ ਦਰਬਾਰ, ਐਮਰਜੈਂਸੀ, ਸੀਤ ਯੁੱਧ, ਨਕਸਲਬਾੜੀ ਅੰਦੋਲਨ, ਖੇਤੀ ਤੇ ਵਾਤਾਵਰਣ ਸਬੰਧੀ ਪਾਠ, ਡਾਰਵਨ ਦਾ ਵਿਕਾਸਵਾਦ, ਵਰਣ ਤੇ ਜਾਤੀ ਸੰਘਰਸ਼, ਦਲਿਤ ਲੇਖਕਾਂ ਦਾ ਜ਼ਿਕਰ ਆਦਿ ਸ਼ਾਮਲ ਹੈ। ਹਿਸਾਬ ਤੇ ਅਲਜਬਰੇ ਦੇ ਸਿਲੇਬਸਾਂ ਵਿਚ ਵੀ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ।

ਸਭ ਤੋਂ ਵੱਧ ਤਬਦੀਲੀਆਂ ਇਤਿਹਾਸ ਵਿਚ ਹੀ ਹੋਈਆਂ ਹਨ। ਦਰਅਸਲ ਉਹ ਚਾਹੁੰਦੇ ਹਨ ਕਿ ਭਾਰਤ ਦੇ ਇਤਿਹਾਸ ਨੂੰ ਇਵੇਂ ਪੇਸ਼ ਕੀਤਾ ਜਾਵੇ ਜਿਸ ਨਾਲ ਉਨ੍ਹਾਂ ਦੇ ਰਾਜਸੀ ਮੰਤਵ ਪੂਰੇ ਹੁੰਦੇ ਹੋਣ। ਬਰਤਾਨਵੀ ਹਾਕਮਾਂ ਵਾਂਗੂੰ ਉਹ ਭਾਰਤੀ ਇਤਿਹਾਸ ਨੂੰ ਹਿੰਦੂ ਮੁਸਲਮਾਨਾਂ ਵਿਚ ਵੰਡਕੇ ਦੇਖਦੇ ਹਨ ਅਤੇ ਉਨ੍ਹਾਂ ਦੀ ਨਜ਼ਰ 'ਚ ਇਹ ਦੇਸ਼ ਸਿਰਫ਼ ਹਿੰਦੂਆਂ ਦਾ ਹੀ ਹੈ। ਮੁਸਲਮਾਨ ਸਿਰਫ਼ ਹਮਲਾਵਰ ਹੀ ਹਨ। ਉਨ੍ਹਾਂ ਹਿੰਦੂ ਆਬਾਦੀ ਤੇ ਜਬਰ ਕੀਤਾ ਅਤੇ ਉਨ੍ਹਾਂ ਨੂੰ ਲੁੱਟਿਆ। ਉਨ੍ਹਾਂ ਦੇ ਧਾਰਮਿਕ ਅਸਥਾਨ ਤੋੜੇ ਔਰਤਾਂ ਨੂੰ ਬੇਪਤ ਕੀਤਾ। ਅਜਿਹਾ ਇਤਿਹਾਸ ਜਦੋਂ ਪੜ੍ਹਾਇਆ ਜਾਵੇਗਾ ਤਾਂ ਲਾਜ਼ਮੀ ਮੁਸਲਮਾਨਾਂ ਦੇ ਪ੍ਰਤੀ ਨਫ਼ਰਤ ਬੀਜੀ ਜਾਵੇਗੀ ਜਿਸ ਨੂੰ ਸੰਘ ਤੇ ਭਾਜਪਾ ਲਗਾਤਾਰ ਕੱਟਦੀ ਰਹੇਗੀ। 12ਵੀਂ ਦੇ ਇਤਿਹਾਸ ਦੀ ਕਿਤਾਬ 'ਚੋਂ 16ਵੀਂ 17ਵੀਂ ਸਦੀ ਦੇ ਨਾਲ ਸਬੰਧਤ ਮੁਗਲ ਦਰਬਾਰ ਨੂੰ ਹੀ ਨਹੀਂ ਜੋ ਪਹਿਲੀ ਕਿਤਾਬ 'ਚੋਂ ਕੱਢਿਆ ਗਿਆ ਹੈ ਦੂਸਰੇ ਭਾਗ ਥੀਮਜ਼ ਆਫ਼ ਇੰਡੀਆ ਹਿਸਟਰੀ-2 ਨੂੰ ਵੀ ਕੱਢ ਦਿੱਤਾ ਗਿਆ ਹੈ। 10ਵੀਂ ਤੇ 11ਵੀਂ ਦੀ ਕਿਤਾਬ ਵਿਚ ਸੈਂਟਰਲ ਇਸਲਾਮਿਕ ਲੈਂਡਜ਼, ਸਭਿਆਚਾਰਾਵਾਂ ਦਾ ਟਕਰਾਅ ਤੇ ਉਦਯੋਗਿਕ ਕਰਾਂਤੀ ਆਦਿ ਪਾਠ ਕੱਢ ਦਿੱਤੇ ਗਏ ਹਨ।

ਇਥੇ ਹੀ ਬੱਸ ਨਹੀਂ ਅਜ਼ਾਦੀ ਦੀ ਲੜਾਈ ਨਾਲ ਸਬੰਧਤ ਜੇ ਮਹਾਤਮਾ ਗਾਂਧੀ ਦੇ ਸਬੰਧ 'ਚ ਤੱਥਾਂ ਨੂੰ ਤੋੜ ਮਰੋੜ ਕੇ ਸਾਤਰਾਨਾ ਢੰਗ ਪੇਸ਼ ਕੀਤਾ ਗਿਆ ਕਈ ਹੋਰ ਪ੍ਰਮੁੱਖ ਘਟਨਾਵਾਂ, ਪ੍ਰਸੰਗਾਂ ਤੇ ਨਾਇਕਾਂ ਦੇ ਨਾਂ ਵੀ ਹਟਾ ਦਿੱਤਾ ਗਏ ਹਨ। ਇਥੋਂ ਤੱਕ ਕਿ ਸੰਵਿਧਾਨ ਸਭਾ ਵਿਚੋਂ ਮੌਲਨਾ ਅਬਦੁਲ ਕਲਾਮ ਆਜ਼ਾਦ ਜਿਹੜੇ ਪਹਿਲੇ ਸਿੱਖਿਆ ਮੰਤਰੀ ਵੀ ਸਨ, ਦਾ ਨਾਂ ਹੀ ਉਡਾ ਦਿੱਤਾ ਹੈ। ਆਜ਼ਾਦ ਭਾਰਤ ਵਿਚ ਰਾਜਨੀਤੀ ਨਾਲ ਸਬੰਧਤ ਕਿਤਾਬਾਂ ਵਿਚੋਂ, ਲੋਕ ਸੰਘਰਸ਼ਾਂ ਦਾ ਉਠਣਾ, ਇਕ ਦਲ ਦੀ ਪ੍ਰਮੁੱਖਤਾ ਦਾ ਦੌਰ ਵੀ ਹਟਾ ਦਿੱਤੇ ਗਏ ਹਨ। ਸਮਾਜ ਸ਼ਾਸਤਰ (11ਵੀਂ ਜਮਾਤ) ਦੀ ਕਤਾਬ ਵਿਚੋਂ ਅੰਡਰ ਸਵੈਡਿੰਗ ਸੁਸਾਇਟੀ ਵਿਚੋਂ ਗੁਜਰਾਤ ਦੰਗਿਆਂ ਨਾਲ ਸਬੰਧਤ ਸਾਰੀ ਜਾਣਕਾਰੀ ਹਵਾਲੇ ਤਾਂ ਹਟਾ ਦਿੱਤੇ ਗਏ ਹਨ ਪਰ 1984 ਵਾਲੇ ਹਵਾਲੇ ਨੂੰ ਨਹੀਂ ਹਟਾਇਆ ਗਿਆ। ਵਾਤਾਵਰਣ ਦੀਆਂ ਸਮੱਸਿਆਵਾਂ, ਵਾਤਾਵਰਣ ਤੇ ਸਮਾਜ, ਖੇਤੀ ਸੰਕਟ ਨਾਲ ਸਬੰਧਤ ਕੇਸ ਸਟੱਡੀਜ਼ ਨੂੰ ਵੀ ਹਟਾ ਦਿੱਤਾ ਗਿਆ ਹੈ। ਇਹ ਕੇਸ ਸਟੱਡੀ ਦੇ ਲੇਖਕ ਪੀ.ਸਾਈ ਨਾਥ ਹਨ ਅਤੇ ਇਹਨੇ ਪਾਣੀ ਦੀ ਥੁੜ ਨਾਲ ਜੂਝਦੇ ਕਿਸਾਨਾਂ ਅਤੇ ਵੱਡੇ ਸ਼ਹਿਰਾਂ ਵਿਚ ਹੋ ਰਹੀ ਪਾਣੀ ਦੀ ਬਰਬਾਦੀ, ਇਕ ਹੋਰ ਕੇਸ ਸਟੱਡੀ ਵਿਚ, ਦਿੱਲੀ ਵਰਗੇ ਵੱਡੇ ਸ਼ਹਿਰਾਂ ਵਿਚ ਅਮੀਰਾਂ ਤੇ ਗਰੀਬਾਂ ਵਿਚ ਵੱਧ ਰਹੀ ਗੈਰ ਬਰਾਬਰੀ ਵਾਲੇ ਹਿੱਸੇ ਕੱਢ ਦਿੱਤੇ ਗਏ ਹਨ। ਇਹ ਤੱਥ ਹੀ ਹਨ ਜਿਹੜੇ ਅਮੀਰੀ ਗਰੀਬੀ ਦੇ ਦਰਮਿਆਨ ਵਧ ਰਹੀ ਗੈਰ ਬਰਾਬਰੀ ਤੇ ਇਸ ਵਿਚੋਂ ਜਨਮ ਲੈ ਰਹੇ ਸਮਾਜਿਕ ਤਣਾਵਾਂ ਤੇ ਸੰਘਰਸ਼ਾਂ ਦੀ ਜਾਣਕਾਰੀ ਦਿੰਦੇ ਹਨ। ਹਿੰਦੂ ਸਮਾਜ ਦੀ ਸਭ ਤੋਂ ਪਤਰਨਾਕ ਬਣਤਰ ਦੀ ਜਾਣਕਾਰੀ ਦੇਣ ਵਾਲੀ 'ਵਰਣ ਤੇ ਜਾਤੀ ਸਬੰਧੀ' ਪਾਠ ਨੂੰ ਵੀ ਸਿਲੇਬਸ 'ਚੋਂ ਬਾਹਰ ਕਰ ਦਿੱਤਾ ਗਿਆ ਹੈ।

ਡਾਰਵਿਨ ਦਾ ਭੂਤ ਤਾਂ ਪਿਛਾਂਹਖਿਚੂ ਹਾਕਮਾਂ ਨੂੰ ਲਗਾਤਾਰ ਡਰਾਉਂਦਾ ਰਿਹਾ ਹੈ। ਜਿਹੜਾ ਉਨ੍ਹਾਂ ਦੇ ਧਾਰਮਿਕ ਪਰਪੰਚਮਾਂ ਨੂੰ ਤਹਿਸ਼-ਨਹਿਸ਼ ਕਰਦਾ ਹੈ, ਫਿਰ ਹਿੰਦੂ ਧਾਰਮਿਕ ਕੱਟੜਵਾਦੀ ਦੇ ਇਕ ਹਿੰਦੂ ਰਸ਼ਟਰ ਵਿਚ ਇਹਨੂੰ ਕਿਉਂ ਪੜ੍ਹਾਉਣ। ਉਨ੍ਹਾਂ ਲਈ ਸਮਾਜ ਵਿਚ ਤਰਕਸੀਲਤਾ ਪੈਦਾ ਕਰਨ ਵਾਲੀ ਸਾਰੀ ਸਮੱਗਰੀ ਹੀ ਖਤਰਨਾਕ ਹੈ। ਮੋਦੀ ਦੀ ਸਰਕਾਰ ਦੇ ਇਕ ਮੰਤਰੀ ਨੇ ਤਾਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਡਾਰਵਿਨ ਦਾ ਵਿਕਾਸਵਾਦ ਗਲਤ ਹੈ ਕਿਸੇ ਨੇ ਬਾਂਦਰ ਤੋਂ ਮਨੁੱਖ ਬਣ ਦਿਆਂ ਨਹੀਂ ਦੇਖਿਆ ਤੇ ਯਾਦ ਹੋਵੇਗਾ ਖ਼ੁਦ ਪ੍ਰਧਾਨ ਮੰਤਰੀ ਮੋਦੀ ਨੇ ਬੰਬਈ 'ਚ ਡਾਕਟਰਾਂ ਦੇ ਇਕੱਠ 'ਚ ਕਿਹਾ ਸੀ, ਮਨੁੱਖ ਦੇ ਸਿਰ ਉਤੇ ਹਾਥੀ ਦਾ ਸਿਰ ਲਾਉਣ ਵਾਲੀ ਸਾਡੇ ਪੁਰਖਿਆਂ ਕੋਲ ਪਹਿਲਾਂ ਹੀ ਸੀ। ਜਿਹੜੇ ਮਿਥਲ ਕਥਾਵਾਂ ਉਤੇ ਯਕੀਨ ਰੱਖਦੇ ਹੋਣ ਉਹ ਵਿਗਿਆਨ ਦੇ ਸਿਧਾਂਤਾਂ ਨੂੰ ਕਿਵੇਂ ਹਜ਼ਮ ਕਰਨਗੇ। ਦੇਸ਼ ਦੇ 1800 ਤੋਂ ਵੱਧ ਵਿਗਿਆਨਕਾਂ ਤੇ ਸਿੱਖਿਆ ਸ਼ਾਸਤਰੀਆਂ ਨੇ ਇਕ ਖੁੱਲ੍ਹੀ ਚਿੱਠੀ ਲਿਖਕੇ ਇਸ ਜੈਵਿਕ ਵਿਕਾਸ ਦੇ ਸਿਧਾਂਤ ਨੂੰ ਸਿਲੇਬਸ 'ਚੋਂ ਕੱਢਣ ਉਤੇ ਚਿੰਤਾ ਪ੍ਰਗਟ ਕੀਤੀ ਹੈ। ਡਾਰਵਨ, ਵਿਕਾਸਵਾਦ ਤੋਂ ਬਿਨਾਂ, ਚਾਰਲਸ ਰਾਬਰਟ ਤੇ ਮਨੁੱਖੀ ਵਿਕਾਸ ਦੇ ਇਨ੍ਹਾਂ ਚੈਪਟਰਾਂ ਨੂੰ ਹਟਾਉਣ ਉਤੇ ਰੋਮੀਲਾ ਥਾਪਰ, ਇਰਫਾਨ ਹਬੰਬ, ਮੁੱਦਰਲਾ ਮੁਕਰਜੀ, ਉਪੇਂਦਰ ਸਿੰਘ ਅਪੁਰਵਾਲਿਦ ਆਦਿ ਨੇ ਵੀ ਇਸ ਨੂੰ ਮੰਦਭਾਗਾ ਕਿਹਾ ਹੈ।

ਉਪਰੋਕਤ ਸਾਰੀਆਂ ਤਬਦੀਲੀਆਂ ਸੰਘ ਇਕ ਖਾਸ ਆਪਣੇ ਰਾਜਸੀ ਸਮਾਜੀ ਮੰਤਵਾਂ ਤਹਿਤ ਕਰ ਰਿਹਾ ਹੈ। ਹਿੰਦੂ ਰਾਸ਼ਟਰ ਦੀ ਸਿਰਜਨਾ ਲਈ ਆਵਾਮ ਨੂੰ ਬੌਧਿਕ ਵਿਹੂਣਾ ਕਰਨਾ ਜ਼ਰੂਰੀ ਹੈ। ਉਨ੍ਹਾਂ ਸਾਹਮਣੇ ਇਕ ਦੁਸ਼ਮਣ-ਮੁਗਲ ਕਾਲ ਭਾਵ ਮੁਸਲਮਾਨ ਵੀ ਖੜ੍ਹਾ ਕੀਤਾ ਜਾ ਰਿਹਾ ਹੈ। ਕੀ ਇਤਿਹਾਸ 'ਚੋਂ ਮੁਗਲ ਕਾਲ ਜਾਂ ਮੁਸਲਮਾਨ ਖਾਰਜ ਕੀਤੇ ਜਾ ਸਕਦੇ ਹਨ। ਕੇਂਦਰ ਸਰਕਾਰ ਨੇ 2020 ਵਿਚ ਐਨ.ਈ.ਐਫ. (ਨੈਸ਼ਨਲ ਐਜੂਕੇਸ਼ਨਲ ਫਰੇਮਵਰਕ) ਨਾਂ ਦੀ ਇਕ ਸੰਸਥਾ ਖੜ੍ਹੀ ਕੀਤੀ ਜਿਸ ਦਾ ਪ੍ਰਮੁੱਖ ਕੰਮ ਨਵੇਂ ਪਾਠਾਂ (ਸਿਲੇਬਸਾਂ) ਨੂੰ ਭਾਰਤ ਦੀਆਂ ਖੇਤਰੀ ਪਹਿਚਾਨਾਂ, ਸਭਿਆਚਾਰਾਂ, ਇਤਿਹਾਸ, ਭਾਸ਼ਾਵਾਂ, ਫਿਲਾਸਫੀਆਂ ਵੀ ਇਸ ਦੀ ਮਾਰ ਹੇਠ ਆਉਣਗੀਆਂ।

ਇਤਿਹਾਸ ਭੂਤ ਕਾਲ ਦੀਆਂ ਘਟਨਾਵਾਂ ਦਾ ਵੇਰਵਿਆਂ ਤੱਕ ਹੀ ਨਹੀਂ ਹੁੰਦਾ ਅਤੇ ਇਹ ਸਿਰਫ਼ ਭਾਰਤ ਵਿਚ ਹੀ ਨਹੀਂ ਘਟੀਆ ਵਿਲੀਅਮ ਸਾਹਿਬ ਦੀ ਹਿਡਨ ਪੇਪਰਜ਼ ਆਫ਼ ਹਿਸਟਰੀ ਨੂੰ ਪੜ੍ਹ ਕੇ ਇਤਿਹਾਸ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਿਫਰ ਜਹਾਂਗੀਰ ਜਾਂ ਸ਼ਾਹਜਹਾਂ ਨੇ ਹੀ ਰਾਜ ਸੱਤਾ ਤੱਕ ਪਹੁੰਚਣ ਲਈ ਆਪਣੇ ਭਰਾਵਾਂ ਨੂੰ ਨਹੀਂ ਸੀ ਮਾਰਿਆ ਇਸ ਤੋਂ ਪਹਿਲਾਂ ਵਿਜਯਨਗਰ ਦੇ ਦੇਵ ਰਾਏ ਦੂਸਰੇ ਨੂੰ ਸੱਤਾ ਤੋਂ ਲਾਹੁਣ ਲਈ ਉਹਦੇ ਭਰਾ ਤੇ ਭਤੀਜੇ ਨੇ ਸਾਜ਼ਿਸ਼ ਰਚੀ ਸੀ। ਪਰ ਅਸਫ਼ਲ ਰਹੇ ਤੇ ਫਿਰ ਦੇਵ ਰਾਏ ਨੇ ਆਪਣੇ ਵਿਰੋਧੀਆਂ ਦੇ ਸਿਰ ਵੱਢ ਕੇ ਘੋੜੇ ਤੇ ਸਜਾਇਆ ਸੀ ਤੇ ਲੋਕਾਂ ਵਿਚ ਘੁੰਮਾਇਆ ਸੀ। ਅਜਿਹੀਆਂ ਸੈਂਕੜੇ ਮਿਸਾਲਾਂ ਦੁਨੀਆਂ 'ਚ ਮਿਲਣਗੀਆਂ ਤੇ ਹਿੰਦੂ ਰਾਜਿਆਂ ਦੇ ਇਤਿਹਾਸ ਵਿਚ ਵੀ। ਰਾਜ ਸੱਤਾ ਲਈ ਨਰ ਸੰਹਾਰ ਕਰਨ ਵਿਚ ਕੋਈ ਵੀ ਪਿਛੇ ਨਹੀਂ ਰਿਹਾ, ਨਾ ਹਿੰਦੂ ਰਾਜੇ ਨਾ ਮੁਸਲਮਾਨ, ਨਾ ਬ੍ਰਿਟਿਸ ਤੇ ਨਾ ਹੀ ਹੁਣ ਵਾਲੇ ਗੱਦੀ ਨਾਸੀਨ ਹਾਕਮ।


ਕੀ ਅਜ਼ਾਦੀ ਦੀ ਲੜਾਈ (ਬ੍ਰਿਟਿਸ ਹਕੂਮਤ) ਦੇ ਦੌਰਾਨ ਜਿਹੜੀਆਂ ਕਦਰਾਂ ਕੀਮਤਾਂ, ਮੁੱਲਾਂ ਸਥਾਪਨਾਵਾਂ ਦੇ ਆਧਾਰ ਉਤੇ ਭਾਰਤੀ ਸਾਂਝੇ ਰਾਸ਼ਟਰਵਾਦ ਦਾ ਇਕ ਗਰੁੱਪ ਨਿਖਰਕੇ ਸਾਹਮਣੇ ਆਇਆ ਸੀ ਤੇ ਜਿਸ ਨੇ ਵਿਸ਼ਵ ਵੀ ਆਪਣੀ ਪਹਿਚਾਣ ਬਣਾਈ ਸੀ, ਕੀ ਨਵੇਂ ਇਤਿਹਾਸ ਲੇਖਣ ਦੇ ਰਾਹੀਂ ਉਨ੍ਹਾਂ ਕਦਰਾਂ ਕੀਮਤਾਂ ਗੱਲਾਂ ਦੀ ਹੱਤਿਆ ਕਰਨਾ, ਭਾਰਤ ਦੇ ਵਰਤਮਾਨ ਤੇ ਭਵਿੱਖ ਲਈ ਚੰਗਾ ਰਹੇਗਾ? ਸਿਰਫ਼ ਪਾਠ ਪੁਸਤਕਾਂ ਤੇ ਸਿਲੇਬਸਾਂ ਦੇ ਪੜ੍ਹਨ ਨਾਲ ਦੇਸ਼ ਭਗਤ ਪੈਦਾ ਨਹੀਂ ਹੁੰਦੇ। ਜੇ ਅਜਿਹਾ ਹੁੰਦਾ ਤਾਂ ਭਾਰਤ ਦੀ ਆਜ਼ਾਦੀ ਦੀ ਲੜਾਈ 'ਚ ਲੜਨ ਵਾਲਾ ਇਕ ਵੀ ਦੇਸ਼ ਭਗਤ ਪੈਦਾ ਹੀ ਨਾ ਹੁੰਦਾ। ਕਿਉਂਕਿ ਜਿਨ੍ਹਾਂ ਇਥੇ ਬ੍ਰਿਟਿਸ਼ ਸਕੂਲਾਂ ਕਾਲਜਾਂ ਵਿਚ ਵਿਦਿਆ ਹਾਸਲ ਕੀਤੀ ਸੀ ਜਾਂ ਫਿਰ ਉਹ ਜਿਹੜੇ ਵਿਦੇਸ਼ਾਂ ਵਿਚ ਪ੍ਰਕੇ ਆਏ ਸਨ, ਉਨ੍ਹਾਂ ਤਾਂ ਹਾਕਮਾਂ ਦੇ ਸਿਲੇਬਸ ਤੇ ਪਾਠ ਪਸਤਕਾਂ ਉਹੀ ਪੜ੍ਹੀਆਂ ਸਨ ਜਿਹੜੀਆਂ ਸੱਤਾਧਾਰੀਆਂ ਨੇ ਉਨ੍ਹਾਂ ਨੂੰ ਮੁਹੱਈਆ ਕਰਵਾਈਆਂ। ਸੱਤਾਧਾਰੀ ਲੋਕ ਜੇ ਇਸ ਭੁਲੇਖੇ ਵਿਚ ਰਹਿਣ ਕਿ ਪਾਠ ਪੁਸਤਕਾਂ ਵਿਚੋਂ ਇਤਿਹਾਸ ਕਾਲ ਜਾਂ ਵਿਗਿਆਨਕ ਦ੍ਰਿਸ਼ਟੀ ਵਾਲੇ ਪਾਠਕ ਕੱਢ ਕੇ ਇਕ ਬੌਧਿਕ ਵਹੀਨ ਸਮਾਜ ਦੀ ਸਿਰਜਨਾ ਕਰ ਲੈਣਗੇ ਤੇ ਇਕ ਨਵੀਂ ਗੁਲਾਮੀ ਦੀ ਅਵਸਥਾ ਵੱਲ ਸਮਾਜ ਨੂੰ ਧੱਕ ਦੇਣਗੇ ਤਾਂ ਇਹ ਉਸ ਦਾ ਵਹਿਮ ਹੈ। ਲੋਕ ਆਪਣਾ ਇਤਿਹਾਸ ਖ਼ੁਦ ਜਾਣਨ ਦੇ ਰਾਹ ਲੱਭ ਲੈਂਦੇ ਹਨ ਤੇ ਲੱਭਣਗੇ ਵੀ।

ਉਹ ਫਿਰਕਾ ਗੋਰਖਪੁਰੀ ਕੱਢ ਦੇਣ, ਇਕਬਾਲ ਕੱਢ ਦੇਣ, ਹਿੰਦੀ ਦੇ ਕਵੀ ਨਿਮਲਾ ਕੱਢ ਦੇਣ, ਚਾਰਲੀ ਚੈਂਪੀਅਨ ਕੱਢ ਦੇਣ, ਪਾਸ਼ ਨੂੰ ਬਾਹਰ ਕਰ ਦੇਣ ਪਰ ਉਨ੍ਹਾਂ ਦਾ ਸਾਹਿਤ ਲੋਕਾਂ ਦੇ ਮੁਸਤਕਾਂ 'ਚੋਂ ਖਾਰਿਜ ਨਹੀਂ ਕਰ ਸਕਦੇ। ਉਹ ਕਾਟਾ ਫੇਰ ਦੇਣ ਲੋਕ ਸੰਘਰਸ਼ਾਂ ਦੇ ਪਾਠਾਂ ਉਤੇ ਪਰ ਲੋਕ ਆਪਣੇ ਸੰਘਰਸ਼ਾਂ ਦਾ ਨਵਾਂ ਇਤਿਹਾਸ ਸਿਰਜ ਲੈਣਗੇ। ਹਾਕਮ ਆਪਣੀ ਚਾਲ ਤੁਰ ਰਿਹਾ ਹੈ। ਲੋਕਾਂ ਨੂੰ ਜਾਗਰੂਕ ਕਰਨ ਵਾਲੀਆਂ ਤਾਕਤਾਂ ਲਈ ਲੋਕਾਂ ਤੱਕ ਇਹ ਕੁਝ ਲਿਜਾਣ ਲਈ ਆਪਣਾ ਰਾਹ ਚੁਣਨਾ ਪਵੇਗਾ।

*ਸਰਹੱਦੀ ਸਕੂਲਾਂ ਦੀ ਦਾਸਤਾਨ*

# ਸਰਹੱਦਾਂ ਦੀਆਂ ਦੀਵਾਰਾਂ ਨਾਲ ਜੂਝਦੀ ਸੰਕਟਗ੍ਰਸਤ ਸਿੱਖਿਆ

*ਅਕਸਰ ਹੀ ਵੱਖ ਵੱਖ ਮੁਲਕਾਂ ਦੀਆਂ ਸਰਹੱਦਾਂ ਲਗਾਤਾਰ ਤਣਾਅਗ੍ਰਸਤ ਰਹਿੰਦੀਆਂ ਹਨ ਪ੍ਰੰਤੂ ਦੁਨੀਆ ਦੇ ਬਹੁਤੇ ਮੁਲਕਾਂ ਨੇ ਇਨ੍ਹਾਂ ਸਥਿਤੀਆਂ ਨੂੰ ਦੇਖਦੇ ਹੋਏ ਸਰਹੱਦੀ ਨਜ਼ਦੀਕ ਰਹਿੰਦੇ ਬਾਸ਼ਿੰਦਿਆਂ ਵਾਸਤੇ ਸਿੱਖਿਆ ਤੋਂ ਲੈ ਕੇ ਸਿਹਤ ਸਹੂਲਤਾਂ ਤੱਕ ਬਾਰੇ ਵੱਖੋ ਵੱਖਰੇ ਢੰਗਾਂ ਨਾਲ ਸਕੀਮਾਂ ਅਤੇ ਯੋਜਨਾ ਉਲੀਕੀਆਂ ਪ੍ਰੰਤੂ ਜਿਸ ਕਿਸਮ ਨਾਲ ਆਪਣੇ ਆਪ ਨੂੰ ਸਭ ਤੋਂ ਵਿਕਸਿਤ ਕਹਾਉਂਦਾ ਸੂਬਾ ਪੰਜਾਬ ਜਿਸ ਦੀ ਸਰਹੱਦ ਗੁਆਂਢੀ ਮੁਲਕ ਨਾਲ ਬਹੁਤ ਲੰਬੀ ਹੈ। ਸੈਂਕੜੇ ਪਿੰਡ ਇਸ ਸਰਹੱਦ ਦੇ ਨੇੜੇ ਲਗਾਤਾਰ ਹਰੇਕ ਪੱਖ ਤੋਂ ਸੰਕਟਗ੍ਰਸਤ ਹਨ। ਦਹਾਕਿਆਂ ਤੋਂ ਸਰਹੱਦਾਂ 'ਤੇ ਵਸਣ ਵਾਲੇ ਲੋਕਾਂ ਦੀਆਂ ਸਿੱਖਿਆ ਦੀ ਜੋ ਸਥਿਤੀ ਹੈ ਉਹ ਇਕ ਕਿਸਮ ਨਾਲ ਹਰ ਇਕ ਨੂੰ ਬੇਚੈਨ ਵੀ ਕਰਦੀ ਹੈ ਅਤੇ ਸੋਚਣ ਲਈ ਮਜਬੂਰ ਵੀ ਕਰਦੀ ਹੈ ਕਿ ਅਸੀਂ ਕਿਸ ਕਿਸਮ ਦੀ ਤਰਾਸਦੀ ਇਨ੍ਹਾਂ ਸਰਹੱਦੀ ਨਜ਼ਦੀਕੀ ਬਾਸ਼ਿੰਦਿਆਂ ਦੇ ਬੱਚਿਆਂ ਨੂੰ ਦੇ ਰਹੇ ਹਾਂ। ਇਸ ਦੀਆਂ ਬਾਰੀਕੀਆਂ ਸਮਝਣ ਲਈ ਇਕ ਗੰਭੀਰ ਚਿੰਤਨ ਪ੍ਰਕਿਰਿਆ ਸ਼ੁਰੂ ਕੀਤੀ ਗਈ ਜਿਸ ਦੀਆਂ ਕੁਝ ਤੰਦਾਂ ਸਾਂਝੀਆਂ ਕਰ ਰਹੇ ਹਾਂ। – ਸੰਪਾਦਕ*




ਅਮਨਦੀਪ ਕੌਰ 94789-22708
ਰਮਨਦੀਪ ਕੌਰ 90416-81259

ਦੇਸ਼ ਦੀਆਂ ਸਰਹੱਦਾਂ ਭਲਾ ਹੀ ਲਗਾਤਾਰ ਤਣਾਅਗ੍ਰਸਤ ਰਹਿੰਦੀਆਂ ਹਨ। ਪਤਾ ਨਹੀਂ ਕਦੋਂ ਕਿਸ ਪਾਸੇ ਤੋਂ ਕਿਸ ਕਿਸਮ ਦਾ ਹੁਕਮ ਆ ਜਾਵੇ। ਬੇਚੈਨੀ ਦੇ ਇਸ ਆਲਮ ਵਿਚ ਜਿਉਂਦੇ ਲੋਕ ਰਾਜਨੀਤਕ, ਆਰਥਿਕ ਅਤੇ ਭੌਗਲਿਕ ਤੌਰ 'ਤੇ ਕਦੇ ਵੀ ਸੁਖਾਵੇਂ ਨਹੀਂ ਹੁੰਦੇ। ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਉਪਰ ਵੱਖ ਵੱਖ ਸੰਕਟਾਂ ਨੂੰ ਸਮਝਣ ਅਤੇ ਨੀਤੀਆਂ ਵਿਚ ਦਰਸਾਉਣ ਲਈ ਪ੍ਰਸਿੱਧ ਵਿਦਵਾਨ ਪ੍ਰੋ. ਜਗਰੂਪ ਸਿੰਘ ਸੇਖੋਂ ਨੇ ਕਾਰਜ ਕਰਦਿਆਂ ਲਿਖਿਆ, ਆਰਥਿਕ ਹਾਲਤ ਇਨ੍ਹਾਂ ਸਰਹੱਦੀ ਲੋਕਾਂ ਦੇ ਇੰਨੀ ਚਿੰਤਾਗ੍ਰਸਤ ਹਨ ਕਿ ਉਨ੍ਹਾਂ ਨੂੰ ਹਮੇਸ਼ਾ ਹੀ ਦੋ ਡੰਗ ਦੀ ਰੋਟੀ ਦੀ ਚਿੰਤਾ ਰਹਿੰਦੀ ਹੈ ਅਤੇ ਆਪਣੀਆਂ ਲੋੜਾਂ ਵੀ ਨਹੀਂ ਪੂਰੀਆਂ ਕਰ ਸਕਦੇ। ਇਸ ਦੇ ਨਾਲ ਹੀ ਸਰਕਾਰ ਵਲੋਂ ਇਨ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਵਿਸ਼ੇਸ਼ ਕਰਕੇ ਸਿੱਖਿਆ ਉਪਰ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਹੁਣ ਤਾਂ ਇੰਝ ਜਾਪਦਾ ਹੈ ਕਿ ਇਨ੍ਹਾਂ ਵਿਚੋਂ ਸਿੱਖਿਆ ਪ੍ਰਤੀ ਵਿਸ਼ਵਾਸ ਹੀ ਖਤਮ ਹੋ ਗਿਆ ਹੋਵੇ। ਇਸੇ ਤਰ੍ਹਾਂ ਖਾਲਸਾ ਕਾਲਜ ਵਿਚ ਅਧਿਆਪਨ ਦਾ ਕਾਰਜ ਕਰਨ ਵਾਲੀ ਡਾ. ਦਵਿੰਦਰ ਕੌਰ ਜਿਸ ਨੇ ਸਰਹੱਦੀ ਖੇਤਰ ਵਿਸ਼ੇਸ਼ ਕਰਕੇ ਫਾਜ਼ਿਲਕਾ, ਫਿਰੋਜ਼ਪੁਰ, ਤਾਰਨ ਤਰਨ, ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਸਕੂਲਾਂ ਦੀ ਸਿੱਖਿਆ ਦਾ ਮੁੱਲਵਾਨ ਅਧਿਆਇ ਕੀਤਾ ਅਤੇ ਉਨ੍ਹਾਂ ਦੀਆਂ ਭੌਗਲਿਕ ਸਥਿਤੀਆਂ ਕਦੇ ਹੜ੍ਹ ਦੇ ਕਾਰਨ ਪ੍ਰਭਾਵਿਤ ਹੋਣਾ, ਕਦੇ ਜੰਗਾਂ ਦਾ ਡਰ ਰਹਿਣਾ ਅਤੇ ਛੋਟੀ ਉਮਰ ਵਿਚ ਹੀ ਸਿੱਖਿਆ ਨਾ ਮਿਲਣ ਕਰਕੇ ਅਨਪੜ੍ਹਤਾ ਦੀ ਲੜੀ ਵਿਚ ਸ਼ਾਮਲ ਹੋ ਜਾਣਾ। ਕਦੀ ਕਦਾਈ ਸਰਕਾਰਾਂ ਨੇ ਇਨ੍ਹਾਂ ਖੇਤਰਾਂ ਵਿਚ ਬਾਹਰਲੇ ਜ਼ਿਲ੍ਹਿਆਂ ਤੋਂ ਅਧਿਆਪਕ ਨਿਯੁਕਤ ਕੀਤੇ ਪ੍ਰੰਤੂ ਉਨ੍ਹਾਂ ਨੂੰ ਕੋਈ ਵਿਸ਼ੇਸ਼ ਸਹੂਲਤ ਨਾ ਮਿਲਣ ਕਰਕੇ ਉਹ ਹੌਲੀ ਹੌਲੀ ਇਨ੍ਹਾਂ ਸਕੂਲਾਂ ਵਿਚੋਂ ਵਾਪਸ ਚਲੇ ਜਾਂਦੇ ਹਨ ਅਤੇ ਸਕੂਲ ਰੱਬ ਆਸਰੇ ਹੀ ਚਲਦੇ ਹਨ। ਸਿੱਖਿਆ ਖੇਤਰ ਨਾਲ ਜੁੜੀ ਅਹਿਮ ਸ਼ਖਸੀਅਤ ਡਾ. ਕੁਲਦੀਪ ਸਿੰਘ ਨੇ ਇਨ੍ਹਾਂ ਸਰਹੱਦੀ ਸਕੂਲਾਂ ਦੇ ਵੱਖ ਵੱਖ ਅਧਿਐਨਾਂ ਦਾ ਮੁਲਾਂਕਣ ਕਰਦਿਆਂ ਕਿਹਾ ਕਿ ਦੁਨੀਆ ਦੇ ਵੱਖ ਵੱਖ ਮੁਲਕ ਹਾਲਾਂਕਿ ਸਰਹੱਦਾਂ ਨਾਲ ਵੰਡੇ ਹੋਏ ਹਨ ਪ੍ਰੰਤੂ ਉਨ੍ਹਾਂ ਦੀਆਂ ਸਰਹੱਦਾਂ ਦੇ ਨਜ਼ਦੀਕੀ ਸਕੂਲਾਂ ਦੀ ਉਹ ਸਥਿਤੀ ਨਹੀਂ ਜਿਹੜੀ ਸਾਡੀਆਂ ਸਰਹੱਦਾਂ ਦੇ ਨਜ਼ਦੀਕ ਹੀ ਹੈ। ਉਸ ਦਾ ਬੁਨਿਆਦੀ ਕਾਰਨ ਕਿ ਕਿਸੇ ਵੀ ਕਿਸਮ ਦੀ ਨੀਤੀ ਅਤੇ ਯੋਜਨਾ ਵਿਸ਼ੇਸ਼ ਕਰਕੇ ਅਧਿਆਪਕਾਂ ਲਈ ਇਹ ਸਕੂਲ ਖਿਚ ਦਾ ਕੇਂਦਰ ਬਣ ਸਕਣ ਪ੍ਰਦਾਨ ਨਹੀਂ ਕੀਤੀਆਂ ਗਈਆਂ। ਇੰਸਟੀਚਿਊਟ ਫਾਰ ਡਿਵੈਲਪਮੈਂਟ ਕਮਿਊਨੀਕੇਸ਼ਨ ਦੇ ਚੇਅਰਪਰਸਨ ਜੋ ਦਹਾਕਿਆਂ ਤੋਂ ਸਮਾਜਿਕ ਅਤੇ ਸਭਿਆਚਾਰ ਤੋਂ ਲੈ ਕੇ ਰਾਜਨੀਤੀ ਤੱਕ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਕਾਰਜ ਕਰਦੇ ਹਨ ਉਨ੍ਹਾਂ ਦਾ ਵਿਚਾਰ ਹੈ ਕਿ ਸਿੱਖਿਆ ਦੀ ਸਮੱਸਿਆ ਨੂੰ ਉਥੋਂ ਦੇ ਲੋਕਾਂ ਦੇ ਕਿੱਤਿਆਂ ਅਤੇ ਉਨ੍ਹਾਂ ਦੀਆਂ ਹੁਣ ਤੱਕ ਦੀਆਂ ਵਿਕਸਿਤ ਹੋ ਚੁੱਕੀਆਂ ਧਾਰਨਾਵਾਂ ਦੇ ਮੱਦੇਨਜ਼ਰ ਸਕੂਲੀ ਵਿਵਸਥਾ ਨੂੰ ਮੁੜ ਸਥਾਪਤ ਕਰਨ ਦੀ ਲੋੜ ਹੈ। ਇਹ ਇਕ ਗੰਭੀਰ ਵਿਸ਼ਾ ਹੈ ਜੋ ਵੱਖ ਵੱਖ ਪੱਧਰ 'ਤੇ ਨਜਿੱਠਣ ਦੀ ਜ਼ਰੂਰਤ ਹੈ। ਇਸ ਸੰਸਥਾ ਦੇ ਡਾਇਰੈਕਟਰ ਡਾ. ਵਰਿੰਦਰ ਦਾ ਕਹਿਣਾ ਕਿ ਜੋ ਦਲਿਤ ਅਤੇ ਨਿਮਨ ਵਰਗ ਦੀ ਕਿਸਾਨੀ ਹੈ ਉਨ੍ਹਾਂ ਵੱਲ ਪਹਿਲਾਂ ਹੀ ਸਰਕਾਰਾਂ ਧਿਆਨ ਨਹੀਂ ਦਿੰਦੀਆਂ। ਇਥੇ ਹੀ ਸਰਹੱਦੀ ਹਲਕੇ ਹੋਣ ਕਰਕੇ ਹੋਰ ਵੀ ਅਣਗੌਲਿਆ ਖਿੱਤਾ ਰਹਿ ਜਾਂਦਾ ਹੈ। ਇਸ ਕਾਰਜ ਨੂੰ ਸਮਝਣ ਅਤੇ ਸੋਚਣ ਲਈ ਇਕ ਯੋਜਨਾ ਅਤੇ ਵਿਧੀ ਦੀ ਜ਼ਰੂਰਤ ਹੈ ਜਿਹੜੀ ਵੱਖ ਵੱਖ ਖੇਤਰਾਂ ਦੇ ਵਿਦਵਾਨ ਤੋਂ ਲੈ ਕੇ ਗੈਰ ਸਰਕਾਰੀ ਸੰਸਥਾਵਾਂ ਦੀਆਂ ਪਹਿਲਕਦਮੀਆਂ ਨਾਲ ਹੀ ਹੱਲ ਹੋ ਸਕਦੀ ਹੈ। ਡਾ. ਅਨੁਰਾਧਾ ਦਾ ਵਿਚਾਰ ਹੈ ਕਿ ਸਕੂਲਾਂ ਦੀਆਂ ਕੜੀਆਂ ਬੜੀ ਬਾਰੀਕੀ ਨਾਲ ਬੱਚਿਆਂ ਦੀ ਸਿੱਖਿਆ ਉਪਰ ਖੋਜ ਕਾਰਜ ਕਰਨ ਨਾਲ ਹੀ ਸਮਝੀਆਂ ਅਤੇ ਸੁਲਝਾਈਆਂ ਜਾ ਸਕਦੀਆਂ ਹਨ। ਸਿੱਖਿਆ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਚੇਅਰਪਰਸਨ ਪ੍ਰੋ. ਸਤਵਿੰਦਰਪਾਲ ਕੌਰ ਦਾ ਕਹਿਣਾ ਹੈ ਕਿ ਜ਼ਮੀਨੀ ਹਕੀਕਤ ਨਾਲ ਜੁੜੇ ਹੋਏ ਲੋਕ ਹੀ ਸਮੱਸਿਆਵਾਂ ਨੂੰ ਸਮਝ ਸਕਦੇ ਹਨ ਅਤੇ ਉਨ੍ਹਾਂ ਦਾ ਹੱਲ ਕਰ ਸਕਦੇ ਹਨ। ਜਿਸ ਕਿਸਮ ਦੀ ਪੀੜਾ ਵਿਚੋਂ ਉਥੇ ਕਾਰਜ ਕਰਨ ਵਾਲੇ ਅਧਿਆਪਕ ਗੁਜ਼ਰ ਰਹੇ ਹਨ ਉਹ ਸਿੱਖਿਆ ਦੇ ਪੱਧਰ ਨੂੰ ਕਿਵੇਂ ਉਚਾ ਚੁੱਕ ਸਕਦੇ ਹਨ। ਡਾ. ਹਜ਼ਾਰਾ ਸਿੰਘ ਚੀਮਾ ਜੋ ਦਹਾਕਿਆਂ ਤੋਂ ਪੇਂਡੂ ਖੇਤਰ ਦੀਆਂ ਸਮੱਸਿਆਵਾਂ ਨੂੰ ਸਮਝਦੇ ਹਨ ਉਨ੍ਹਾਂ ਦਾ ਵਿਚਾਰ ਹੈ ਕਿ ਕਈ ਖੇਤਰਾਂ ਵਿਚ ਤਾਂ ਬਰੇਨ ਡਰੇਨ ਹੋ ਰਿਹਾ ਹੈ ਪ੍ਰੰਤੂ ਇਸ ਖਿੱਤੇ ਵਿਚ ਤਾਂ ਬਰੇਨ ਦਾ ਵਿਕਾਸ ਹੀ ਨਹੀਂ ਹੋ ਰਿਹਾ। ਬਹੁਗਿਣਤੀ ਪ੍ਰਾਇਮਰੀ ਸਕੂਲਾਂ ਵਿਚ ਇਕ ਇਕ ਅਧਿਆਪਕ ਹੀ ਹੈ ਅਤੇ ਜੋ ਅੱਜ ਵੀ ਪੰਜ ਕਲਾਸਾਂ ਨੂੰ ਪੜ੍ਹਾ ਤਾਂ ਕੀ ਬਲਕਿ ਸਿਰਫ਼ ਤੇ ਸਿਰਫ਼ ਬਿਠਾ ਕੇ ਹੀ ਰੱਖਦੇ ਹਨ। ਇਹ ਤਰਾਸਦੀ ਸਾਡੇ ਪੰਜਾਬ ਦੇ ਉਪਰ ਇਕ ਕਿਸਮ ਨਾਲ ਕਲੰਕ ਹੀ ਹੈ ਕਿ ਅਸੀਂ ਕਿਸ ਭਰਮ ਦੇ ਨਾਲ ਕਹਿ ਰਹੇ ਹਾਂ ਕਿ ਅਸੀਂ ਹਰੇਕ ਪੱਧਰ 'ਤੇ ਵਿਕਾਸ ਉਪਰ ਪਹੁੰਚ ਗਏ ਹਾਂ। ਇਸੇ ਤਰ੍ਹਾਂ ਸਾਬਕਾ ਕਮਿਸ਼ਨਰ ਅਤੇ ਲੇਖਕ ਕੁੰਡਲ ਨੇ ਵਿਚਾਰਦਿਆਂ ਕਿਹਾ ਕਿ ਇਨ੍ਹਾਂ ਖਿੱਤਿਆਂ ਦੀ ਮਾਨਸਿਕ ਸਥਿਤੀ ਬਾਰੇ ਕਈ ਵਾਰੀ ਸੋਚਦਿਆਂ ਬੇਚੈਨ ਹੋ ਜਾਈ ਦਾ ਹੈ। ਦਹਾਕਿਆਂ ਤੋਂ ਸਿੱਖਿਆ ਦੀਆਂ ਬਾਰੀਕੀਆਂ ਨੂੰ ਸਮਝਣ ਅਤੇ ਖੋਜਣ ਵਾਲੀ ਪ੍ਰੋ. ਆਸਾ ਸੇਠੀ ਦਾ ਵਿਚਾਰ ਹੈ ਕਿ ਕਿਸ ਕਿਸਮ ਨਾਲ ਜ਼ਮੀਨੀ ਹਕੀਕਤ ਬਾਰਡਰ ਦੇ ਖਿੱਤਿਆਂ ਵਿਚ ਦਿਖਾਈ ਦੇ ਰਹੀ ਹੈ ਜਦੋਂ ਦਹਾਕਿਆਂ ਤੋਂ ਲੱਖਾਂ ਬੱਚਿਆਂ ਵਾਸਤੇ ਸਕੂਲ ਹੀ ਉਪਲਬਧ ਨਹੀਂ ਹਨ। ਸਮਾਜਿਕ ਕਾਰਕੁੰਨ ਅਤੇ ਪ੍ਰਤੀਬੱਧਤਾ ਨਾਲ ਕਾਰਜ ਕਰਨ ਵਾਲੀ ਹਰਜੀਤ ਕੌਰ ਦਾ ਵਿਚਾਰ ਕਿ ਜਿਸ ਕਿਸਮ ਦੀਆਂ ਸਰਕਾਰਾਂ ਹਨ ਉਨ੍ਹਾਂ ਤੋਂ ਆਸ ਰੱਖਣੀ ਮੱਝ ਦੇ ਮੂਹਰੇ ਬੀਨ ਵਜਾਉਣਾ ਹੈ। ਸਾਨੂੰ ਹੀ ਮਸਲੇ ਹੱਲ ਕਰਨੇ ਪੈਣਗੇ।

ਅਜਿਹੀਆਂ ਸਥਿਤੀਆਂ ਜਦੋਂ ਸਰਹੱਦਾਂ ਦੇ ਨਜ਼ਦੀਕ ਹੋਣ ਤਾਂ ਕੋਈ ਵੀ ਮਾਈ ਦਾ ਲਾਲ ਨਾ ਤਾਂ ਉਥੋਂ ਵੱਖ ਵੱਖ ਕਿਸਮ ਦਾ ਅੱਤਵਾਦ ਰੋਕ ਸਕਦਾ ਹੈ ਅਤੇ ਨਾ ਹੀ ਨਸ਼ਿਆਂ ਦੀ ਤਾਦਾਦ ਨੂੰ ਰੋਕ ਸਕਦਾ ਹੈ। ਕਿਉਂਕਿ ਦਹਾਕਿਆਂ ਤੋਂ ਜਿਸ ਕਿਸਮ ਦੇ ਅਸੀਂ ਸਿੱਖਿਆ ਤੋਂ ਵਿਹੂਣੇ ਨੌਜਵਾਨ ਤਿਆਰ ਕੀਤੇ ਹਨ ਉਹ ਲਗਾਤਾਰ ਅਜਿਹੀ ਸਥਿਤੀ ਵਿਚ ਰਹਿ ਰਹੇ ਹਨ ਜਿਨ੍ਹਾਂ ਦਾ ਮਨੁੱਖੀ/ਗਿਆਨ/ਤਰਕ ਅਤੇ ਬੌਧਿਕ ਸਮਰੱਥਾ ਵਿਕਸਿਤ ਹੀ ਨਹੀਂ ਹੋਈ। ਬਲਕਿ ਇਸ ਦੇ ਉਲਟ ਕਈ ਕਿਸਮ ਦੀਆਂ ਅਲਾਮਤਾਂ ਉਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਈਆਂ ਹਨ।

ਦੁਨੀਆ ਭਰ 'ਚ ਵੱਖ ਵੱਖ ਸੰਕਟਗ੍ਰਸਤ ਹਿੱਸਿਆਂ ਤੋਂ ਪੰਜਾਬੀ ਬੈਠੇ ਹਨ ਉਨ੍ਹਾਂ ਦੀ ਨੈਤਿਕ ਡਿਊਟੀ ਬਣਦੀ ਹੈ ਕਿ ਉਹ ਵੱਖ ਵੱਖ ਦੁਨੀਆਂ ਦੇ ਸਰਹੱਦੀ ਇਲਾਕਿਆਂ ਦੀਆਂ ਸਰਹੱਦਾਂ ਬਾਰੇ ਤਾਂ ਦੱਸਣ ਬਲਕਿ ਆਪਣੇ ਜੋ ਸੰਕਟਗ੍ਰਸਤ ਖਿੱਤੇ ਪੰਜਾਬ ਦੀ ਸਥਿਤੀ ਹੈ ਉਹ ਬਾਰੇ ਵੀ ਜਾਣੂ ਹੋਣ ਅਤੇ ਆਪਣੇ ਇਲਾਕੇ ਦੇ ਪਿੰਡਾਂ ਦੀ ਵੱਖੋ ਵੱਖ ਢੰਗ ਨਾਲ ਮਦਦ ਤੋਂ ਲੈ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਸਮਝਣ ਅਤੇ ਹੱਲ ਕਰਨ ਲਈ ਯੋਗਦਾਨ ਪਾਉਣ। ਵਿਚਾਰਾਂ ਦਾ ਅਦਾਨ ਪ੍ਰਦਾਨ ਅਤੇ ਸੋਝੀ ਹੀ ਦਰਿਆਵਾਂ ਦੇ ਰੁਖ ਮੋੜਦੀ ਹੈ। ਹਾਲਾਂਕਿ ਹੁਣ ਵੱਖ ਵੱਖ ਗਿਆਨ ਦੇ ਦਰਿਆ ਡੂੰਘਾ ਸੰਕਟਾਂ ਵਿਚ ਹਨ। ਜਿਨ੍ਹਾਂ ਵਿਚੋਂ ਸਰਹੱਦਾਂ ਦੇ ਨਜ਼ਦੀਕੀ ਹਿੱਸੇ ਸਭ ਤੋਂ ਵੱਧ ਪੀੜਤ ਹਨ। ਉਨ੍ਹਾਂ ਦੀ ਪੀੜਾ ਘਟਾਉਣ ਅਤੇ ਸਮਝਣ ਦਾ ਇਹ ਯਤਨ ਸੀ।



*ਜੰਗ ਅਤੇ ਸਿਆਸਤ ਦਾ ਆਪਸੀ ਸੁਮੇਲ ਹੈ ਕਿ ਦੁਨੀਆ ਵਿਚ ਹਥਿਆਰਾਂ 'ਤੇ ਕੀਤੇ ਜਾਣ ਵਾਲੇ ਖਰਚੇ ਸਬੰਧੀ ਜੋ ਰਿਪੋਰਟ ਸ਼ਿਪਰੀ ਵਲੋਂ ਜਾਰੀ ਹੋਈ ਹੈ ਕਿ ਪਿਛਲੇ ਇਕ ਦਹਾਕੇ ਵਿਚ ਸਮੁੱਚੀ ਦੁਨੀਆ ਦੇ ਵੱਡੇ ਪੰਜ ਮੁਲਕਾਂ ਅਮਰੀਕਾ, ਚੀਨ, ਰੂਸ, ਭਾਰਤ ਅਤੇ ਸਾਊਦੀ ਅਰਬ ਨੇ 15 ਤੋਂ 20 ਪ੍ਰਤੀਸ਼ਤ ਤੱਕ ਦਾ ਹਥਿਆਰਾਂ ਦੀ ਖਰੀਦੋ ਫਰੋਖਤ ਲਈ ਵਾਧਾ ਕੀਤਾ ਹੈ। ਇਨ੍ਹਾਂ ਮੁਲਕਾਂ ਨੇ ਲਗਭਗ 1500 ਬਿਲੀਅਨ ਡਾਲਰ ਇਨ੍ਹਾਂ ਆਧੁਨਿਕ ਹਥਿਆਰਾਂ ਲਈ ਲਗਾਏ ਹਨ ਅਤੇ ਦੂਸਰੇ ਪਾਸੇ ਸਮੁੱਚੀ ਦੁਨੀਆ ਦੀਆਂ ਸਰਹੱਦਾਂ 'ਤੇ ਵਸਦੇ ਲੋਕ ਲਗਾਤਾਰ ਇਨ੍ਹਾਂ ਹਥਿਆਰਾਂ ਤੋਂ ਡਰਦੇ ਹੋਏ ਦਹਿਸ਼ਤਜ਼ਦਾ ਵੀ ਹਨ ਅਤੇ ਉਨ੍ਹਾਂ ਦੀਆਂ ਸਹੂਲਤਾਂ ਜਿਹੜੀਆਂ ਪਹਿਲਾਂ ਹੀ ਨਿਗੂਣੀਆਂ ਹਨ ਉਹ ਹੋਰ ਵੀ ਘੱਟ ਕਰ ਦਿੱਤੀਆਂ ਗਈਆਂ ਹਨ। ਅਸੀਂ ਕਿਸ ਤਰ੍ਹਾਂ ਦੀਆਂ ਤਰਾਸਦਿਕ ਸਥਿਤੀ ਵਿਚ ਰਹਿ ਰਹੇ ਹਾਂ।*



*ਅਸੀਂ ਅਤੇ ਸਾਡੇ ਮਾਪੇ ਦਹਾਕਿਆਂ ਤੋਂ ਇਨ੍ਹਾਂ ਬੈਂਚਾਂ ਉਪਰ ਬੈਠ ਕੇ ਘਰ ਵਾਪਸ ਪਰਤਦੇ ਰਹੇ ਹਨ ਕਿ ਇਕ ਦਿਨ ਉਨ੍ਹਾਂ ਵਾਸਤੇ ਕੋਈ ਅਧਿਆਪਕ ਆਏਗਾ ਅਤੇ ਪੜ੍ਹਾਏਗਾ ਤਾਂ ਕਿ ਸਾਡੀ ਤੀਸਰੀ ਅੱਖ ਖੁੱਲ੍ਹ ਸਕੇ। ਉਹ ਸਮਾਂ ਪਤਾ ਨਹੀਂ ਕਦੋਂ ਆਏਗਾ ਅਜੇ ਤਾਂ ਅਸੀਂ ਆਪਣੇ ਅਧਿਆਪਕਾਂ ਦੇ ਆਉਣ ਦੀ ਉਡੀਕ ਵਿਚ ਹਾਂ।*






*ਵੱਖ ਵੱਖ ਖੇਤਰਾਂ ਦੇ ਮਾਹਿਰਾਂ ਤੋਂ ਲੈ ਕੇ ਜ਼ਮੀਨੀ ਹਕੀਕਤ ਨਾਲ ਜੁੜੇ ਅਧਿਆਪਕਾਂ ਨਾਲ ਇਕ ਸੰਵਾਦ ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨ ਵਿਚ ਬਾਰਡਰ ਏਰੀਆ/ਸਿੱਖਿਅਕ ਤੌਰ 'ਤੇ ਪਛੜੇ ਜ਼ਿਲ੍ਹੇ/ਸਹੂਲਤਾਂ ਤੋਂ ਵਿਹੂਣੇ ਪੰਜਾਬ ਦੇ ਇਲਾਕਿਆਂ ਦੀਆਂ ਸਿੱਖਿਆ ਸਮੱਸਿਆਵਾਂ ਅਤੇ ਉਨ੍ਹਾਂ ਪ੍ਰਤੀ ਸੰਜੀਦਗੀ ਨਾਲ ਸੋਚਣ ਲਈ ਸੰਵਾਦ ਰਚਾਇਆ ਗਿਆ। ਜਿਸ ਗੰਭੀਰ ਚਰਚਾ ਵਿਚ ਭਾਗ ਲੈਂਦਿਆਂ ਵੱਖ ਵੱਖ ਵਿਦਵਾਨ ਅਤੇ ਅਧਿਆਪਕ ਸਮੇਤ ਸਮਾਜਿਕ ਕਾਰਕੁੰਨ ਵਿਚਾਰ ਪ੍ਰਦਾਨ ਕਰਦੇ ਹੋਏ।*

*ਪੂਰੇ ਅੰਕੜੇ ਤੇ ਅਧੂਰੇ ਸੱਚ*

# ਗੈਰ-ਬਰਾਬਰੀ ਦਾ ਆਲਮ ਸਮੁੱਚੇ ਕਿਰਤ ਕਰਨ ਵਾਲੇ ਹੱਥਾਂ ਨੂੰ ਕਿਵੇਂ ਸਤਾਅ ਰਿਹਾ ਹੈ



***ਕਿਰਤੀ ਲੋਕਾਂ ਦੀਆਂ ਅਸਲ ਹਾਲਤਾਂ ਦਾ ਸੱਚ ਕਿਸ ਤਰ੍ਹਾਂ ਆਮ ਲੋਕਾਂ ਤੋਂ ਲੁਕਾਇਆ ਜਾਂਦਾ ਹੈ, ਕਿਸ ਤਰ੍ਹਾਂ ਸਰਕਾਰ ਅੰਕੜਿਆਂ ਦੀ ਕਲਾਬਾਜੀ ਨਾਲ? ਨਾ ਸਿਰਫ ਅਰਥਚਾਰੇ ਦੀ ਹਾਲਤ ਸਗੋਂ ਕਿਰਤੀ ਲੋਕਾਂ ਦੀ ਨਿੱਘਰਦੀ ਹਾਲਤ ਦਾ ਸੱਚ ਵੀ ਢਕ ਲੈਂਦੀ ਹੈ ਤੇ ਅਧੂਰੇ ਅੰਕੜਿਆਂ ਰਾਹੀਂ ਇੱਕ ਝੂਠੀ ਤਸਵੀਰ ਵੀ ਪ੍ਰਚਾਰਦੀ ਹੈ। ਅਜਿਹੇ ਹੀ ਮਸਲੇ ਨੂੰ ਹੱਥ ਪਾਉਂਦੀ ਹੈ ਲੇਖਿਕਾ ਰੁਕਮਿਨੀ ਦੀ 2021 ਵਿੱਚ ਛਪੀ ਕਿਤਾਬ ਪੂਰਨ ਅੰਕੜੇ ਤੇ ਅਧੂਰੇ ਸੱਚ। ਰੁਕਮਿਨੀ ਚੇਨੱਈ ਰਹਿੰਦੀ ਅੰਕੜਾ ਪੱਤਰਕਾਰ ਹੈ ਜਿਸਨੇ ਵੱਖ-ਵੱਖ ਅਖ਼ਬਾਰਾਂ ਲਈ ਦੋ ਦਹਾਕਿਆਂ ਤੱਕ ਪੱਤਰਕਾਰੀ ਕੀਤੀ। ਇਹ ਕਿਤਾਬ ਉਸਦੇ ਇਸੇ ਤਜਰਬੇ ਉੱਤੇ ਅਧਾਰਿਤ ਹੈ। ਹੱਥਲਾ ਲੇਖ ਤੇ ਇਸਦੀਆਂ ਅਗਲੀਆਂ ਕਿਸ਼ਤਾਂ ਇਸੇ ਕਿਤਾਬ 'ਤੇ ਅਧਾਰਿਤ ਹਨ ਭਾਵੇਂ ਲੇਖਿਕਾ ਵੱਲੋਂ ਆਪਣੀ ਕਿਤਾਬ ਵਿੱਚ ਦਰਜ ਕਈ ਨਤੀਜਿਆਂ ਨਾਲ? ਸਾਡੀ ਸਹਿਮਤੀ ਨਹੀਂ। ਇਸ ਲੇਖ ਵਿੱਚ ਭਾਰਤ ਦੇ ਕਿਰਤੀ ਲੋਕਾਂ ਦੀ ਆਮਦਨ ਸਬੰਧੀ ਅੰਕੜਿਆਂ ਨੂੰ ਫਰੋਲਿਆ ਗਿਆ ਹੈ***

**ਮਾਨਵ**

ਅੰਕੜੇ ਸਾਨੂੰ ਅਜੋਕੇ ਭਾਰਤ ਦੀ ਥਾਹ ਪਾਉਣ ਵਿੱਚ ਮਦਦ ਤਾਂ ਕਰ ਸਕਦੇ ਹਨ ਪਰ ਇਹ ਅੰਕੜੇ ਖਲਾਅ ਵਿੱਚ ਨਹੀਂ ਵਿਚਰਦੇ। ਸੰਸਾਰ ਭਰ ਦੀਆਂ ਸਿਆਸੀ ਤੇ ਸਮਾਜਿਕ ਤਾਕਤਾਂ ਦੀ ਖਿੱਚੋਤਾਣ ਅੰਕੜਿਆਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਪਿਛਲੇ ਕੁੱਝ ਸਾਲਾਂ ਤੋਂ ਭਾਰਤ ਵਿੱਚ ਨਾ ਸਿਰਫ ਪੱਤਰਕਾਰੀ ਦੇ ਖੇਤਰ ਵਿੱਚ ਸਗੋਂ ਅੰਕੜਿਆਂ ਦੇ ਜਗਤ ਵਿੱਚ ਵੀ ਤੇਜ ਧਰੁਵੀਕਰਨ ਹੋਇਆ ਹੈ।

ਲੇਖਿਕਾ ਰੁਕਮਿਨੀ ਆਪਣੀ ਕਿਤਾਬ ਦੀ ਭੂਮਿਕਾ ਵਿੱਚ ਹੀ ਇਹ ਖਿਆਲ ਪੇਸ਼ ਕਰਦੀ ਹੈ ਕਿ ਅੰਕੜੇ ਖਲਾਅ ਵਿੱਚ ਨਹੀਂ ਵਿਚਰਦੇ, ਜਾਣੀ ਇਹਨਾਂ ਕੋਰੇ ਅੰਕੜਿਆਂ ਦੀ ਸਾਰਥਿਕਤਾ ਇਸ ਨੂੰ ਵਰਤਣ ਵਾਲੀ ਜਮਾਤ 'ਤੇ ਨਿਰਭਰ ਕਰਦੀ ਹੈ। ਜੇ ਹਾਕਮਾਂ ਦੇ ਹੱਥਾਂ ਵਿੱਚ ਅੰਕੜੇ ਲੋਕਾਂ ਤੋਂ ਸੱਚ ਲੁਕਾਉਣ ਲਈ ਵਰਤੇ ਜਾ ਸਕਦੇ ਹਨ ਤਾਂ ਲੋਕ-ਪੱਖੀ ਤਾਕਤਾਂ ਦੇ ਹੱਥਾਂ ਵਿੱਚ ਇਹ ਹਾਕਮਾਂ ਦੀਆਂ ਗਲਤ ਦਲੀਲਾਂ ਦੀ ਕਾਟ ਕਰਨ ਦਾ ਔਜਾਰ ਵੀ ਹੋ ਸਕਦੇ ਹਨ।

ਕਿੰਨਾ ਕੁ ਕਮਾਉਂਦੇ ਹਨ ਭਾਰਤ ਦੇ ਆਮ ਲੋਕ?

ਦੇਖਿਆ ਜਾਵੇ ਤਾਂ ਭਾਰਤ ਵਿੱਚ ਲੋਕਾਂ, ਖਾਸਕਰ ਕਿਰਤੀਆਂ, ਦੀ ਆਮਦਨ ਦਾ ਹਿਸਾਬ ਲਾਉਣ ਦਾ ਸਵਾਲ ਸਿੱਧਮ-ਸਿੱਧਾ ਮਸਲਾ ਹੀ ਹੋਣਾ ਚਾਹੀਦਾ ਸੀ। ਪਰ ਇਸ ਲੋਟੂ ਨਿਜਾਮ ਹੇਠ ਕਿਰਤੀਆਂ ਦੀ ਆਮਦਨ ਨੂੰ ਲੈ ਕੇ ਭਾਰਤ ਦੇ ਅੰਕੜਾ ਖੇਤਰ ਵਿੱਚ ਵੱਡੀ ਖਹਿਭੇੜ ਛਿੜੀ ਹੋਈ ਹੈ।

1991 ਦੀਆਂ ਨਵਉਦਾਰਵਾਦੀ ਨੀਤੀਆਂ ਦੇ ਅਮਲ ਤੋਂ ਹੀ ਭਾਰਤ ਵਿੱਚ ਮੱਧਵਰਗ ਦੇ ਵਧਣ-ਫੁਲਣ ਦਾ ਝੂਠਾ ਪ੍ਰਚਾਰ ਹਾਕਮਾਂ ਵੱਲੋਂ ਕੀਤਾ ਜਾਂਦਾ ਰਿਹਾ ਹੈ। ਇੰਝ ਕਿਹਾ ਜਾਂਦਾ ਹੈ ਕਿ ਨਵਉਦਾਰਵਾਦੀ ਨੀਤੀਆਂ ਦੇ ਅਮਲ ਵਜੋਂ ਭਾਰਤ ਦਾ ਵਿਚਕਾਰਲਾ 60% ਹਿੱਸਾ (ਜਾਣੀ ਉੱਪਰਲੇ ਤੇ ਹੇਠਲੇ 20% ਨੂੰ ਛੱਡਦੇ ਹੋਏ) ਲਗਾਤਾਰ ਖੁਸ਼ਹਾਲ ਹੁੰਦਾ ਗਿਆ ਹੈ। ਹਾਕਮਾਂ ਦੇ ਇਸ ਪ੍ਰਚਾਰ ਦਾ ਅਸਰ ਆਮ ਲੋਕਾਂ 'ਤੇ ਵੀ ਹੋਇਆ ਹੈ ਤੇ ਕਿਰਤੀ ਅਬਾਦੀ ਦਾ ਖਾਸਾ ਹਿੱਸਾ ਖੁਦ ਨੂੰ ਗਰੀਬ ਕਹਾਉਣ ਨਾਲੋਂ ਮੱਧਵਰਗੀ ਕਹਾਉਣ ਵਿੱਚ ਖਾਸ ਮਾਣ ਮਹਿਸੂਸ ਕਰਦਾ ਹੈ। ਪਰ ਜੇ ਅੰਕੜਿਆਂ ਦੀ ਠੋਸ ਕਸਵੱਟੀ 'ਤੇ ਪਰਖਕੇ ਵੇਖੀਏ ਤਾਂ ਵਿਚਕਾਰਲੇ ਜਿਸ 60% ਹਿੱਸੇ ਨੂੰ ਮੱਧਵਰਗ ਕਹਿਕੇ ਪ੍ਰਚਾਰਿਆ ਜਾਂਦਾ ਹੈ ਉਹਦਾ ਵੱਡਾ ਹਿੱਸਾ ਜੀਵਨ-ਹਾਲਤਾਂ ਦੇ ਹਿਸਾਬ ਨਾਲ ਗਰੀਬ ਪਰਿਵਾਰਾਂ ਦੇ ਵਧੇਰੇ ਨੇੜੇ ਬੈਠਦਾ ਹੈ।

ਸੰਸਾਰ ਬੈਂਕ ਵੱਲੋਂ ਵੱਖ-ਵੱਖ ਮੁਲਕਾਂ ਦੇ ਖਪਤ ਅਧਾਰਿਤ ਅੰਦਾਜਿਆਂ ਦੇ ਸਿਰ 'ਤੇ ਅਬਾਦੀ ਦੀ ਆਮਦਨ ਜਾਂਚਣ ਦਾ ਪੈਮਾਨਾ ਤਿਆਰ ਕੀਤਾ ਜਾਂਦਾ ਹੈ। ਇਸ ਪੈਮਾਨੇ ਦੇ ਅਧਾਰ 'ਤੇ ਮਸ਼ਹੂਰ 'ਪਿਊ ਖੋਜ ਕੇਂਦਰ' ਨੇ ਅਧਿਐਨ ਕਰਦਿਆਂ ਸਿੱਟਾ ਕੱਢਿਆ ਕਿ ਭਾਰਤ ਵਿੱਚ 87% ਅਬਾਦੀ ਰੋਜਾਨਾ ਦੇ 2 ਡਾਲਰ ਤੋਂ ਲੈ ਕੇ 10 ਡਾਲਰ ਤੱਕ ਗੁਜਾਰਾ ਕਰਦੀ ਹੈ ਜਾਣੀ ਭਾਰਤ ਦੇ 87% ਲੋਕ 25000 ਰੁਪਿਆ ਮਹੀਨਾ ਤੋਂ ਘੱਟ 'ਤੇ ਜਿਉਂਦੇ ਹਨ। ਇਸ ਤੋਂ ਅਗਲੀ 7% ਅਬਾਦੀ ਰੋਜਾਨਾ 20 ਡਾਲਰ ਤੱਕ ਕਮਾਉਂਦੀ ਹੈ ਜਾਣੀ ਮਹੀਨੇ ਦੇ 50,000 ਤੱਕ। ਤੇ ਜੇ ਕੋਈ ਭਾਰਤ ਵਿੱਚ ਰੋਜ਼ਾਨਾ 50 ਡਾਲਰ ਜਾਣੀ ਮਹੀਨੇ ਦੇ ਕਰੀਬ ਸਵਾ ਲੱਖ ਤੱਕ ਕਮਾਉਂਦਾ ਹੈ ਤਾਂ ਉਹ ਭਾਰਤ ਦੇ ਅੱਤ-ਅਮੀਰਾਂ ਜਾਣੀ ਉੱਪਰਲੀ ਮਹਿਜ 0.2% ਅਬਾਦੀ ਵਿੱਚ ਸ਼ੁਮਾਰ ਹੁੰਦਾ ਹੈ!

ਭਾਰਤ ਦੇ 'ਕੌਮੀ ਅੰਕੜਾ ਦਫਤਰ' ਦੇ ਲੌਕਡਾਊਨ ਤੋਂ ਪਹਿਲਾਂ ਜਾਰੀ ਅੰਕੜਿਆਂ ਮੁਤਾਬਕ ਭਾਰਤ ਵਿੱਚ ਪ੍ਰਤੀ ਵਿਅਕਤੀ ਮਹੀਨਾਵਾਰ ਖਰਚਾ 2500 ਰੁਪਏ ਹੈ ਅਤੇ ਜੇ ਸ਼ਹਿਰੀ ਖੇਤਰ ਵਿੱਚ ਕੋਈ ਵਿਅਕਤੀ ਮਹੀਨੇ ਦੇ 8500 ਰੁਪਿਆਂ ਤੋਂ ਵੱਧ ਖਰਚਦਾ ਹੈ ਤਾਂ ਉਹ ਉੱਪਰਲੀ 5% ਅਬਾਦੀ ਵਿੱਚ ਸ਼ੁਮਾਰ ਹੁੰਦਾ ਹੈ। ਮਤਲਬ 95 ਫੀਸਦੀ ਅਬਾਦੀ 8500 ਰੁਪਏ ਮਹੀਨੇ ਤੋਂ ਘੱਟ ਖਰਚਦੀ ਹੈ। ਇਉਂ ਭਾਰਤ ਦੇ ਸਰਕਾਰੀ ਅੰਕੜੇ ਵੀ ਸੰਸਾਰ ਬੈਂਕ ਦੇ ਪੈਮਾਨਿਆਂ ਮੁਤਾਬਕ ਕੱਢੇ ਗਏ ਅੰਕੜਿਆਂ ਨਾਲ ਹੀ ਰਲਦੇ-ਮਿਲਦੇ ਹਨ। ਇਉਂ ਸੰਸਾਰ ਬੈਂਕ ਤੇ ਭਾਰਤ ਦੇ ਕੌਮੀ ਅੰਕੜਾ ਦਫਤਰ ਮੁਤਾਬਕ ਜਿਸ ਅਬਾਦੀ ਨੂੰ ਮੱਧਵਰਗ ਕਿਹਾ ਜਾਂਦਾ ਹੈ ਉਸਦੀ ਹਾਲਤ ਕੋਈ ਬਹੁਤੀ ਖੁਸ਼ਹਾਲ ਨਹੀਂ, ਸਗੋਂ ਇਹ ਕਿਹਾ ਜਾ ਸਕਦਾ ਹੈ ਕਿ ਮਜਦੂਰਾਂ ਦੇ ਹੀ ਵੱਧ ਨੇੜੇ ਹੈ।

ਭਾਰਤ ਵਿੱਚ ਦਿਹਾੜੀ ਜਾਂ ਨੌਕਰੀਪੇਸ਼ਾ ਮਜਦੂਰਾਂ ਵਿੱਚੋਂ 40% ਉਹ ਹਨ ਜਿਹਨਾਂ ਨੂੰ ਦਿਹਾੜੀ ਰੋਜਾਨਾ ਦੇ ਹਿਸਾਬ ਨਾਲ? ਮਿਲ?ਦੀ ਹੈ, ਜਾਣੀ ਜਿਸ ਦਿਨ ਕੰਮ ਨਹੀਂ ਲੱਗਿਆ ਉਸ ਦਿਨ ਕੋਈ ਪੈਸਾ ਨਹੀਂ। ਜਦੋਂ ਮੋਦੀ ਹਕੂਮਤ ਨੇ 2020 ਵਿੱਚ ਜਾਬਰ ਲੌਕਡਾਊਨ ਥੋਪਿਆ ਤਾਂ ਦੋ-ਤਿਹਾਈ ਤੋਂ ਵੱਧ ਅਬਾਦੀ ਅਜਿਹੀ ਸੀ ਜਿਸ ਕੋਲ ਆਮਦਨ ਦਾ ਕੋਈ ਟਿਕਾਊ ਵਸੀਲਾ ਨਹੀਂ ਰਹਿ ਗਿਆ ਸੀ। ਇਸੇ ਕਰਕੇ ਲੌਕਡਾਊਨ ਦੌਰਾਨ ਹੀ ਅੰਦਾਜਨ 7.5 ਕਰੋੜ ਲੋਕ ਗਰੀਬੀ ਵੱਲ ਧੱਕੇ ਗਏ ਜਦਕਿ 3.2 ਕਰੋੜ ਹੋਰ ਮੱਧ-ਮੱਧਵਰਗ ਵਿੱਚੋਂ ਨਿੱਕਲਕੇ ਹੇਠਲੀ ਪੌੜੀ 'ਤੇ ਆ ਗਏ ਸਨ। ਇਹੀ ਕਾਰਨ ਸੀ ਕਿ ਹੋਰ ਕੋਈ ਹੀਲਾ ਨਾ ਬਣਦਾ ਵੇਖ ਕਰੋੜਾਂ ਲੋਕ ਯੂਪੀ, ਬਿਹਾਰ ਤੇ ਹੋਰਾਂ ਸੂਬਿਆਂ ਵਿੱਚ ਆਪਣੇ ਘਰਾਂ ਨੂੰ ਪੈਦਲ ਹੀ ਤੁਰ ਪਏ ਸਨ।

**ਗਰੀਬੀ ਰੇਖਾ ਕਿ ਗਰੀਬ ਦੁਰਕਾਰ ਰੇਖਾ?**

ਭਾਰਤ ਵਿੱਚ ਗਰੀਬੀ ਰੇਖਾ ਇਸ ਸੋਚ ਨਾਲ? ਨਹੀਂ ਮਿੱਥੀ ਜਾਂਦੀ ਕਿ ਇਸ ਤੋਂ ਹੇਠਾਂ ਦੇ ਲੋਕਾਂ ਨੂੰ ਕੋਈ ਸਰਕਾਰੀ ਮਦਦ ਦੇਣੀ ਹੈ। ਇਹ ਤਾਂ ਮਾਮਲੇ ਦਾ ਦੋਇਮ ਪੱਖ ਹੈ। ਅਸਲ ਵਿੱਚ ਇਸ ਰੇਖਾ ਦਾ ਨਿਰਧਾਰਨ ਲੋਕਾਂ ਨੂੰ ਇਸ ਤੋਂ ਬਾਹਰ ਰੱਖਣ ਲਈ ਵੱਧ ਹੁੰਦਾ ਹੈ ਕਿ ਗਰੀਬੀ ਰੇਖਾ ਵਾਲਾ ਡੰਡਾ ਹੋਰ ਹੇਠਾਂ ਨੂੰ ਕਰਦੇ ਜਾਓ ਤਾਂ ਜੋ ਲੋੜਵੰਦ ਅਬਾਦੀ ਦਾ ਵੀ ਵੱਡਾ ਹਿੱਸਾ ਇਸ ਤੋਂ ਬਾਹਰ ਰਹਿ ਜਾਵੇ ਤੇ ਉਸ ਨੂੰ ਕੋਈ ਸਰਕਾਰੀ ਲਾਭ ਨਾ ਦੇਣਾ ਪਵੇ।

2011 ਤੱਕ ਭਾਰਤ ਵਿੱਚ ਗਰੀਬੀ ਰੇਖਾ ਭੋਜਨ-ਅਧਾਰਿਤ ਹੀ ਸੀ ਜਾਣੀ ਪੇਂਡੂ ਖਿੱਤੇ ਵਿੱਚ ਜਿਸ ਕੋਲ 2,400 ਕੈਲੋਰੀ ਤੇ ਸ਼ਹਿਰੀ ਖਿੱਤੇ ਵਿੱਚ 2,100 ਕੈਲੋਰੀ ਖਪਤ ਕਰਨ ਜੋਗੀ ਆਮਦਨ ਹੁੰਦੀ ਸੀ ਉਹ ਗਰੀਬੀ ਰੇਖਾ ਤੋਂ ਉੱਪਰ ਮੰਨਿਆ ਜਾਂਦਾ ਸੀ। ਫੇਰ 2011 ਵਿੱਚ ਸੁਰੇਸ਼ ਤੇਂਦੁਲਕਰ ਦੀ ਅਗਵਾਈ ਵਾਲੀ ਸਰਕਾਰੀ ਕਮੇਟੀ ਨੇ ਭੋਜਨ ਤੋਂ ਬਿਨਾਂ ਹੋਰ ਸ਼ੈਆਂ ਜਿਹਨਾਂ ਵਿੱਚ ਸਿੱਖਿਆ, ਸਿਹਤ, ਬਿਜਲੀ, ਆਉਣ-ਜਾਣ ਆਦਿ ਦੇ ਖਰਚੇ ਸ਼ਾਮਲ ਸਨ, ਪਾ ਕੇ ਗਰੀਬੀ ਰੇਖਾ ਤੈਅ ਕੀਤੀ ਪਰ ਬਹੁਤ ਹੀ ਨਿਰਦਈ, ਕੋਝੇ ਢੰਗ ਨਾਲ ਇਸ ਨੂੰ ਪੇਂਡੂ ਖਿੱਤੇ ਲਈ ਰੋਜਾਨਾ 27.2 ਰੁਪਏ ਤੇ ਸ਼ਹਿਰੀ ਲਈ 33.3 ਰੁਪਏ ਮਿੱਥਿਆ। ਇਸੇ ਲਈ ਕਈ ਲੋਕ-ਪੱਖੀ ਕਾਰਕੁੰਨਾ ਨੇ ਇਸ ਨੂੰ ਗਰੀਬੀ ਰੇਖਾ ਨਹੀਂ ਸਗੋਂ ਮਰਨ-ਰੇਖਾ ਕਿਹਾ ਕਿਉਂਕਿ 2011 ਦੀਆਂ ਕੀਮਤਾਂ ਦੇ ਆਧਾਰ 'ਤੇ ਵੀ ਮਹਿਜ 30 ਰੁਪਏ ਰੋਜਾਨਾ 'ਤੇ ਗੁਜਾਰਾ ਭਲਾ ਕਿੰਝ ਹੋ ਸਕਦਾ ਸੀ! ਐਨੇ ਘਟੀਆ ਪੈਮਾਨੇ ਦੇ ਬਾਵਜੂਦ ਹੱਦ ਉਦੋਂ ਹੋਈ ਜਦੋਂ ਕਰੀਬ ਚੌਥਾ ਹਿੱਸਾ ਅਬਾਦੀ ਇਸ ਤੋਂ ਵੀ ਹੇਠਾਂ ਗੁਜਾਰਾ ਕਰਦੀ ਪਾਈ ਗਈ! ਦੂਸਰਾ, ਇਸ ਰੇਖਾ ਨੂੰ ਵੱਖ-ਵੱਖ ਸੂਬਾ ਸਰਕਾਰਾਂ ਤੇ ਯੂਨੀਅਨ ਸਰਕਾਰ ਨੇ ਮਨਚਾਹੇ ਢੰਗ ਨਾਲ ਤੋੜਿਆ-ਮਰੋੜਿਆ ਤਾਂ ਜੋ ਲੋੜਵੰਦ ਲੋਕਾਂ ਦੇ ਵੀ ਇੱਕ ਹਿੱਸੇ ਨੂੰ ਰਾਸ਼ਨ ਕਾਰਡ ਤੋਂ ਵਾਂਝਿਆ ਕੀਤਾ ਜਾਵੇ ਤੇ ਇਸ ਤਰ੍ਹਾਂ ਆਪਣੇ ਬਜਟ 'ਤੇ ਪੈਂਦੇ "ਬੋਝ" ਨੂੰ ਹਲਕਾ ਕੀਤਾ ਜਾਵੇ। ਇਹ ਹੁਣ ਜੱਗ-ਜਾਹਰ ਹੈ ਤੇ ਕਈ ਅਧਿਐਨਾਂ

(ਬਾਕੀ ਸਫ਼ਾ 25 'ਤੇ)



HOMELIFE HIGHER STANDARDS
HOMELIFE SILVERCITY REALTY INC.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call Protect your family

Call: 416.209.6363
Hardeep Atwal
Sr. Financial Advisor

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca
Hiring AZ drivers and owner operator

Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

ਗੁਰਮੇਲ ਸਿੰਘ

# ਇਸ ਧਰਤੀ 'ਤੇ ਅਸੀਂ ਬੇਚੈਨ ਕਿਉਂ

ਹਰ ਸਮਾਜ ਦਾ ਔਰਤ ਅਮੁੱਲ ਸਰਮਾਇਆ ਹੈ। ਮਨੁੱਖ ਦੀ ਹੈਸੀਅਤ ਨੂੰ ਨਿਰੰਤਰ ਤੌਰ 'ਤੇ ਕਾਇਮ ਰੱਖਣ ਲਈ ਔਰਤਾਂ ਤੋਂ ਬਿਨਾਂ ਕਲਪਨਾਂ ਵੀ ਨਹੀਂ ਕੀਤੀ ਜਾ ਸਕਦੀ। ਜਦੋਂ ਕੋਈ ਸਮਾਜ ਔਰਤਾਂ ਪ੍ਰਤੀ ਤੰਗ ਨਜ਼ਰੀਆ ਰੱਖਣ ਲੱਗ ਪਵੇ ਤਾਂ ਉਹ ਹਾਸ਼ੀਏ ਤੇ ਧੱਕਿਆ ਜਾਂਦਾ ਹੈ।ਜਦੋਂ ਕੋਈ ਵੀ ਰਾਜ ਸਤਾ ਔਰਤਾਂ ਪ੍ਰਤੀ ਅਤੇ ਬੱਚਿਆਂ ਪ੍ਰਤੀ, ਬਜ਼ੁਰਗਾਂ ਪ੍ਰਤੀ ਜ਼ਬਰ ਜੁਲਮ ਤੇ ਉੱਤਰ ਆਵੇ ਤਾਂ ਉਹ ਰਾਜ-ਸਤਾ ਜੰਗਲੀ ਰੂਪ ਵਿੱਚ ਸਾਹਮਣੇ ਆਉਂਦੀ ਹੈ। ਅੱਜ ਤੇ ਤੇਜ਼ ਤਰਾਰ ਬਿਜਲਈ ਅਤੇ ਪ੍ਰਿੰਟ ਮੀਡੀਏ ਰਾਹੀਂ ਦੁਨੀਆਂ ਭਰ ਵਿੱਚ ਇੱਕ ਅਨੈਤਿਕ ਸਰਕਾਰ ਦੇ ਰੂਪ ਵਿੱਚ ਸਕਾਰ ਹੁੰਦੀ ਹੈ।

ਪਿਛਲੇ ਤਿੰਨਾਂ ਮਹੀਨਿਆਂ ਵਿੱਚ ਹੀ ਕੁਝ ਅਜਿਹੇ ਵਰਤਾਰੇ ਸਾਹਮਣੇ ਆਏ ਹਨ ਜਿਸਨੇ ਔਰਤਾਂ ਪ੍ਰਤੀ ਸਤਾ ਦੇ ਵਰਤਾਰੇ ਨੇ ਦੁਨੀਆਂ ਨੂੰ ਸ਼ਰਮਸਾਰ ਕੀਤਾ ਹੈ।ਭਾਵੇਂ ਕਿ ਇਸਤੋਂ ਪਹਿਲਾਂ ਵੀ ਤੰਦੂਰ ਕਾਂਡ, ਮਨੀਸ਼ਾ ਕਤਲ ਕਾਂਡ, ਬਿਲਕਸ ਬਾਨੋਂ ਕਾਂਡ ਸਾਹਮਣੇ ਆਏ ਪਰ ਉਹ ਸਾਡੇ ਚੇਤਿਆਂ ਦੀ ਮੁੱਠੀ ਚੋਂ ਰੇਤ ਵਾਂਗ ਕਿਰ ਜਾਂਦੇ ਹਨ। ਸਾਡੀ ਸਤ੍ਹਾ ਦੀ ਇਹ ਪ੍ਰਵਿਰਤੀ ਕਾਰਨ ਰਾਜ ਸਤਾ ਨੂੰ ਅਜਿਹਾ ਕਰਨ ਲਈ ਖੁੱਲ਼ ਦਿੰਦੀ ਹੈ। ਪੀੜਿਤ ਧਿਰਾਂ ਨੂੰ ਅਦਾਲਤਾਂ ਅਤੇ ਕਾਨੂੰਨ ਦੀ ਪ੍ਰਕਿਰਿਆ, ਕਾਨੂੰਨਦਾਨਾਂ ਦੀ ਜ਼ਿਰਿਹਾ ਦੂਹਰਾ ਮਾਨਸਿਕ ਸੰਤਾਪ ਦਿੰਦੀ ਹੈ ਅਤੇ ਇਹ ਇਸ ਵਰਤਾਰੇ ਨੂੰ ਚੁੱਪ ਚਾਪ ਜਰਨ ਲਈ ਮਜ਼ਬੂਰ ਕਰਦੀ ਹੈ।

ਔਰਤਾਂ ਦੇ ਇਸ ਅੀਹਮ ਮਾਮਲੇ ਵਿੱਚ ਪਿਛਲੇ ਤਿੰਨ ਮਹੀਨਿਆਂ ਦੀਆਂ ਕੁਝ ਘਟਨਾਵਾਂ ਨੇ ਬੇਸ਼ਰਮੀ ਦਾ ਤਾਂਡਵ ਨਾਚ ਨੱਚਿਆ ਹੈ। ਸਾਡੇ ਦੇਸ਼ ਲਈ ਕੁਸ਼ਤੀਆਂ ਵਿੱਚ ਸੋਨ ਤਮਗੇ ਜਿੱਤ ਕੇ ਦੁਨੀਆਂ ਵਿੱਚ ਦੇਸ਼ ਦਾ ਨਾਮ ਉੱਚਾ ਕਰਨ ਵਾਲੇ ਪਹਿਲਵਾਨ ਨੌਜਵਾਨ, ਲੜਕੀਆਂ ਨਾਲ ਸੋਸ਼ਣ ਕਰਨ ਦੀ ਰਾਜਸੀ ਕਰਤੂਤ ਸਾਹਮਣੇ ਆਈ ਹੈ। ਉਲੰਪਿਕ ਵਿੱਚ ਸਾਡੇ ਹਿੱਸੇ ਆਉਂਦਾ ਵੀ ਕੀ ਹੈ? ਦੁਨੀਆਂ ਵਿੱਚ ਅਬਾਦੀ ਵਿੱਚ ਪਹਿਲੇ ਨੰਬਰ ਤੇ ਸਾਡਾ ਦੇਸ਼ ਦੋ-ਚਾਰ ਸੋਨ ਤਮਗੇ ਜਾਂ ਚਾਂਦੀ ਕਾਂਸੇ ਦੇ ਤਮਗੇ ਮਿਲਾ ਕੇ ਕੁੱਲ਼ ਗਿਣਤੀ 10 ਤਮਗਿਆਂ ਤੱਕ ਮਸਾਂ ਅੱਪੜਦੀ ਹੈ। ਰਾਜ-ਸਤਾ ਦੇ ਨਸ਼ੇ ਵਿੱਚ ਚੂਰ ਹੁਕਮਰਾਨ ਏਹਨਾਂ ਤਮਗਿਆਂ ਨੂੰ ਦਸ-ਦਸ ਵੀਹ-ਵੀਹ ਰੁਪਏ ਦੇ ਦੱਸ ਕੇ ਤਮਗਿਆਂ ਦੀ ਤੌਹੀਨ ਕਰ ਰਹੇ ਹਨ। ਦੂਸਰੇ ਪਾਸੇ ਇਹ ਹਾਸਲ ਕਰਨ ਲਈ ਵਿਦੇਸ਼ੀ ਕੋਚਾਂ ਅਤੇ ਹੋਰ ਪ੍ਰਬੰਧਾਂ ਤੇ ਕਰੋੜਾਂ ਰੁਪਏ ਖਰਚ ਕਰਦੀ ਹੈ। ਫੇਰ ਇਹ ਦੋਗਲਾ ਵਰਤਾਰਾ ਕਿਉਂ?



ਪਹਿਲਵਾਨ ਲੜਕੀਆਂ ਬ੍ਰਿਜ ਭੂਸ਼ਨ ਜੋ ਕਿ ਮੌਜੂਦਾ ਕੇਂਦਰੀ ਰਾਜ ਸਤਾ ਵਿੱਚ ਭਾਈਵਾਲ ਹੈ। ਉਸਦਾ ਲੜਕਾ ਵੀ ਰਾਜ ਸਤਾ ਵਿੱਚ ਹੈ। ਪਰ ਰਾਜ ਸਤਾ ਅਜਿਹੇ ਕਿਰਦਾਰ ਵਾਲੇ ਚਿੱਕੜ ਦਾ ਇੱਕ ਗੰਦਾ ਨਾਲਾ ਬਣ ਗਈ ਹੈ ਜਿਸਨੂੰ ਕਿ ਨਵੇਂ ਸਦਨ ਦੀ ਇਮਾਰਤ ਵਿੱਚ ਸੋਨੇ ਦੇ ਬੱਠਲਾਂ ਵਿੱਚ ਪਾ ਕੇ ਰੱਖਿਆ ਹੋਇਆ ਹੈ। ਦੂਸਰੇ ਪਾਸੇ ਇਨਸਾਨੀਅਤ ਦੀਆਂ ਸਭ ਹੱਦਾਂ ਪਾਰ ਕਰਦੇ ਹੋਏ ਪਹਿਲਵਾਨਾਂ ਦੇ ਖਿਲਾਫ ਸਾਧੂ ਸੰਤਾਂ ਦੀ ਰੈਲੀ ਦਾ ਐਲਾਨ ਵੀ ਦੋਸ਼ੀ ਬ੍ਰਿਜ ਭੂਸ਼ਨ ਨੇ ਕੀਤਾ ਸੀ। ਉਸ ਖਿਲਾਫ ਐਫ.ਆਈ.ਆਰ ਵੀ ਦਰਜ ਹੈ ਕਿ ਪਰ ਕਾਨੂੰਨ ਫੜਨ ਤੋਂ ਡਰ ਰਿਹਾ ਹੈ। ਹੁਣ ਦੇਸ਼ ਦੀ ਸਤ੍ਹਾ ਦੇ ਸੰਚਾਲਕ ਨੂੰ ਵੀ ਚਾਹੀਦਾ ਹੈ ਕਿ ਉਹ ਉਲੰਪਿਕ ਜਾਂ ਏਸੀਆਈ ਖੇਡਾਂ ਵਿੱਚ ਭਾਗ ਲੈਣ ਲਈ ਅਜਿਹੇ ਦੋਸ਼ੀਆਂ ਦੇ ਖੈਰ ਖੁਆਹ ਬਣਨ ਵਾਲੇ ਸਾਧੂਆਂ ਸੰਤਾਂ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਉਲੰਪਿਕ ਵਿੱਚ ਭੇਜਿਆ ਕਰਨ। ਇਸ ਤਰ੍ਹਾਂ ਵਿਸ਼ਵ ਗੁਰੂ ਬਣਨ ਦੀ ਵੀ ਬੁਨਿਆਦ ਵੀ ਰੱਖੀ ਜਾਵੇਗੀ। ਜੰਤਰ ਮੰਤਰ ਪਾਰਕ ਵਿੱਚ ਧਰਨੇ ਤੇ ਬੈਠੇ ਪਹਿਲਵਾਨ ਹੁਣ ਦੇਸ਼ ਦੇ ਸਿਆਸਦਾਨਾਂ ਨਾਲ ਕੁਸ਼ਤੀ ਲੜਨ ਲਈ ਆਏ ਹਨ ਅਤੇ ਸੁਮੱਚਾ ਦੇਸ਼ ਉਹਨਾਂ ਨਾਲ ਹੈ।

ਔਰਤਾਂ ਪ੍ਰਤੀ ਰਾਜ ਸਤਾ ਦੇ ਤੰਗ ਨਜ਼ਰੀਏ ਦੀ ਦੂਸਰੀ ਉਦਾਹਰਨ ਉਸ ਸਮੇਂ ਸਾਹਮਣੇ ਆਈ ਜਦ ਖਬਰਾਂ ਆਈਆਂ ਕਿ ਪੀ.ਜੀ.ਆਈ ਚੰਡੀਗੜ੍ਹ ਦੀਆਂ 36 ਨਰਸ਼ਾਂ ਖਿਲਾਫ ਦੋਸ਼ੀ ਹੋਣ ਦੀ ਕਾਰਵਾਈ ਕੀਤੀ ਗਈ ਹੈ ਕਿ ਉਹਨਾਂ ਨੇ ਦੇਸ਼ ਦੇ ਮੁਖੀ ਦੀ "ਮਨ ਕੀ ਬਾਤ" ਨਹੀਂ ਸੁਣੀ।ਕੀ ਇਹ ਜਰੂਰੀ ਹੈ? ਕੋਈ ਵੀ ਅਖਬਾਰ ਪੜ੍ਹਨਾਂ, ਚੈਨਲ ਦੇਖਣਾ, ਸੁਣਨਾਂ ਜਾਂ ਕਿਸੇ ਵੀ ਕੰਪਨੀ ਦੀ ਸਕੂਟੀ,ਮੋਟਰਸਾਇਕਲ ਜਾਂ ਕਾਰ ਖਰੀਦਣਾ ਮਨੁੱਖ ਦੀ ਨਿੱਜੀ ਆਜ਼ਾਦੀ ਹੈ। ਰਾਜ ਸਤ੍ਹਾ ਇਹ ਕਿਸੇ ਵੀ ਅਦਾਰੇ ਤੇ "ਮਨ ਕੀ ਬਾਤ" ਸੁਣਨ ਦੀ ਤਾਨਾਸ਼ਾਹੀ ਨਹੀ ਠੋਸ ਸਕਦੀ। ਇਹਨਾਂ ਨਰਸ ਧੀਆਂ ਨੂੰ ਇਸ ਕਰਕੇ ਹੋਸਟਲ ਵਿੱਚ ਨਜ਼ਰਬੰਦ ਕੀਤਾ ਗਿਆ ਕਿ ਕਿਤੇ ਉਹ ਦਿੱਲੀ ਦੇ ਪਹਿਲਵਾਨਾਂ ਵਾਂਗ ਪੀ.ਜੀ.ਆਈ ਦੇ ਗੇਟ ਤੇ ਧਰਨਾਂ ਸ਼ੁਰੂ ਨਾ ਕਰ ਦੇਣ। ਪੰਜਾਬ ਦੀਆਂ ਜਨਤਕ, ਜਮਹੂਰੀ ਤੇ ਲੋਕ ਪੱਖੀ ਜਥੇਬੰਦੀਆਂ ਜੇ ਸਵਾ ਸਾਲ ਕਿਸਾਨ ਸੰਘਰਸ਼ ਦੌਰਾਨ ਦਿੱਲ਼ੀ ਵਿੱਚ ਰਹਿ ਸਕਦੀਆਂ ਹਨ ਤਾਂ ਚੰਡੀਗੜ੍ਹ, ਹਰਿਆਣੇ ਅਤੇ ਹਿਮਾਚਲ ਤੋਂ ਬਹੁਤੀ ਦੂਰ ਨਹੀਂ ਸੀ।

ਕੇਂਦਰੀ ਸਰਕਾਰ ਕੋਲ ਆਪਣਾ ਤਾਨਾਸ਼ਾਹੀ ਸਰਕਾਰੀ ਅਦਾਰੇ ਦੀ ਦੁਰਵਰਤੋਂ ਕਰਕੇ ਉਹਨਾਂ ਨੂੰ ਡਰਾਉਣਾ ਹੁੰਦਾ ਹੈ। ਇਹ ਕਾਰਜ ਈ.ਡੀ. ਦੇ ਛਾਪੇ ਕਰ ਰਹੇ ਹਨ। ਸਰਦਾਰ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਦੀ ਬੇਟੀ ਨਵਸ਼ਰਨ ਕੌਰ ਦਾ ਮਸਲਾ ਵੀ ਪੰਜਾਬ ਵਿੱਚ ਉੱਭਰ ਕੇ ਸਾਹਮਣੇ ਆਇਆ ਹੈ। ਉਸਨੂੰ ਤੰਗ ਪ੍ਰੇਸ਼ਾਨ ਕਰਨ ਲਈ ਈ.ਡੀ. ਦੇ ਛਾਪੇ ਮਰਵਾ ਕੇ ਕਈ ਘੰਟੇ ਪੁੱਛਗਿੱਛ ਕੀਤੀ ਗਈ ਜਿਸਦਾ ਕਿ ਪੰਜਾਬ ਦੀਆਂ ਅਤੇ ਹੋਰ ਸੂਬਿਆਂ ਦੀਆਂ ਲੋਕ ਪੱਖੀ ਜੱਥੇਬੰਦੀਆਂ, ਵਿਦਵਾਨਾਂ, ਲੇਖਕਾਂ ਨੇ ਸਖਤ ਵਿਰੋਧ ਕੀਤਾ ਹੈ। ਹੁਣ ਨਵਸ਼ਰਨ ਕੌਰ ਦਾ ਕਸੂਰ ਇਹੀ ਹੈ ਕਿ ਉਹ ਲੋਕ ਪੱਖੀ ਸੰਘਰਸ਼ ਵਿੱਚ ਜਬਰ ਕਰਨ ਵਾਲੀ ਰਾਜ ਸਤਾ ਨੂੰ ਵੰਗਾਰ ਕੇ ਸਰਦਾਰ ਗੁਰਸ਼ਰਨ ਸਿੰਘ ਵਾਂਗ ਹੀ ਲੋਕਾਂ ਨੂੰ ਜਾਗਰਕ ਕਰ ਰਹੇ ਹਨ। ਦਿੱਲ਼ੀ ਵਿੱਚ ਧਰਨੇ ਤੇ ਬੈਠੇ ਪਹਿਲਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ। ਸੜਕਾਂ ਤੇ ਕੜੀਸ ਕੇ ਪੁਲਿਸ ਵੱਲ਼ੋਂ ਗੱਡੀਆਂ ਵਿੱਚ ਸੁੱਟਿਆ ਗਿਆ। ਜਿਸਦਾ ਹੱਕਦਾਰ ਤਾਂ ਬ੍ਰਿਜ ਭੂਸ਼ਨ ਹੈ ਅਤੇ ਇਸ ਨਾਲ ਸਰਕਾਰ ਦਾ ਕੋਝਾ ਚਿਹਰਾ ਵੀ ਸਾਹਮਣੇ ਆਇਆ ਹੈ ਕਿ ਕੀ ਸੋਨ, ਤਮਗਾ ਜੇਤੂ ਔਰਤ ਪਹਿਲਵਾਨਾਂ ਅਤੇ ਨੌਜਵਾਨ ਪਹਿਲਵਾਨਾਂ ਨਾਲ ਇਹ ਸਲੂਕ ਸੋਭਾ ਦਿੰਦਾ ਹੈ ਅਤੇ ਸਰਕਾਰ ਦੇ ਇਸ ਕੋਝੇ ਵਰਤਾਰੇ ਖਿਲਾਫ ਸੰਘਰਸ਼ ਜਾਰੀ ਹੈ। ਇਹ ਵੱਖਰੀ ਗੱਲ਼ ਹੈ ਕਿ ਚੰਡੀਗੜ੍ਹ ਦੀਆਂ ਪੀ.ਜੀ.ਆਈ ਵਿੱਚ ਮਨੁੱਖਤਾ ਦੀ ਸੇਵਾ ਕਰਨ ਵਾਲੀਆਂ ਧੀਆਂ ਨੂੰ ਜੋ ਕਿ ਮਨ ਕੀ ਬਾਤ ਨਹੀਂ ਸਗੋਂ ਬਕਵਾਸ ਕੀ ਬਾਤ ਸੁਣਾਉਣ ਵਾਲੇ ਵੱਲ਼ੋਂ ਹੋਸਟਲ ਵਿੱਚ ਨਜਰਬੰਦੀ ਦੇ ਆਦੇਸ਼ ਦੇਣ ਦੇ ਬਾਵਜੂਦ ਵੀ ਇਹ ਮਸਲਾ ਅਣਗੋਲਿਆ ਹੋ ਕੇ ਰਹਿ ਗਿਆ ਹੈ ਅਤੇ ਇਹ ਵੀ ਧੀਆਂ ਪ੍ਰਤੀ,ਔਰਤਾਂ ਪ੍ਰਤੀ ਤਾਨਾਸ਼ਾਹੀ ਵਰਤਾਰੇ ਦੀ ਉਦਾਹਰਣ ਬਣ ਚੁੱਕਾ ਹੈ।


ਉਪਰੋਕਤ ਘਟਨਾਵਾਂ ਨੇ ਕੇਂਦਰੀ ਅਤੇ ਸੂਬਾਈ ਰਾਜ ਸਤ੍ਹਾ ਦੇ ਸੰਚਾਲਕਾਂ ਦਾ ਮਖੋਟਾ ਉਤਾਰ ਦਿੱਤਾ ਹੈ। ਲੋਕਤੰਤਰ ਸ਼ਰਮਸਾਰ ਖੜ੍ਹਾ ਹੈ। ਕਿਉਕਿ ਅੱਜ ਲੋਕ ਤੰਤਰ ਨੂੰ ਬਹੁਮਤ ਲੋਕਤੰਤਰ ਵਿੱਚ ਰਾਜਸੀ ਤਾਕਤ ਇੱਕ ਧਿਰ ਦੇ ਹੱਥਾਂ ਵਿੱਚ ਕੇਂਦਰਿਤ ਕਰਕੇ ਤਾਨਾਸ਼ਾਹੀ ਚਿਹਰਾ ਸਾਹਮਣੇ ਲਿਆਦਾ ਹੈ। ਇਸ ਖਿਲਾਫ ਲੋਕਾਂ ਦੀ ਜਾਗਰੂਕਤਾ ਭਾਬੜ ਬਣ ਕੇ ਉੱਠੀ ਹੈ। ਦਿੱਲ਼ੀ ਦੇ ਕਿਸਾਨੀ ਸੰਘਰਸ਼ ਇਸ ਜਜਬੇ ਨੂੰ ਜਰਬਾਂ ਦਿੱਤੀਆ ਹਨ। ਹਾਕਮਾਂ ਦੀ ਤਾਨਾਸ਼ਾਹੀ ਸਰੂਪ ਨੂੰ ਦਫਨਾਉਣ ਲਈ ਕਬਰ ਦੀ ਮਿਣਤੀ ਹੋ ਗਈ ਹੈ। ਲੋਕ ਸੰਘਰਸ਼ਾਂ ਰਾਹੀਂ ਇਸਦੀ ਕਬਰ ਪੁੱਟਣੀ ਅਜੇ ਬਾਕੀ ਹੈ।ਅਦਾਰਾ ਲੋਹਮਣੀ ਇਸ ਹਕੂਮਤੀ ਤਾਨਾਸ਼ਾਹੀ ਦਾ ਵਿਰੋਧ ਕਰਦਾ ਹੈ ਅਤੇ ਬ੍ਰਿਜ ਭੂਸ਼ਨ ਅਤੇ ਹੋਰ ਦੋਸ਼ੀਆਂ ਦੀ ਗ੍ਰਿਫਤਾਰੀ ਅਤੇ ਸਖਤ ਸਜਾ ਦੀ ਮੰਗ ਕਰਦਾ ਹੈ।ਆਪਣੇ ਪਾਠਕਾਂ ਅਤੇ ਲੋਕਾਂ ਵਿੱਚ ਉਪਰੋਕਤ ਘਟਨਾਵਾਂ ਦੀ ਪੁਰਜੋਰ ਨਿਖੇਧੀ ਕਰਦਾ ਹੈ। ਨਵਸ਼ਰਨ ਕੌਰ ਜੀ ਨਾਲ ਕੀਤੇ ਵਰਤਾਰੇ ਦੀ ਨਿਖੇਧੀ ਕਰਦਾ ਹੈ ਕਿ ਔਰਤਾਂ ਪ੍ਰਤੀ ਹਕੂਮਤੀ ਤਾਨਾਸ਼ਾਹੀ ਬੰਦ ਹੋਣੀ ਚਾਹੀਦੀ ਹੈ ਨਹੀਂ ਤਾਂ ਸਥਿਤੀ ਉਸ ਦਿਸ਼ਾ ਵੱਲ਼ ਵੱਧ ਰਹੀ ਹੈ। ਬਕੌਲ ਇੱਕ ਸਾਇਰ

**ਜ਼ਬਰ ਨਕਾਮੀ ਹੋਰ ਜ਼ਬਰ,**
**ਜਦੋਂ ਤੀਕ ਨਾ ਮਿਲੇ ਕਬਰ,**
**ਹਰ ਜ਼ਾਬਰ ਦੀ ਇਹੋ ਕਹਾਣੀ,**
**ਕਰਨਾ ਜ਼ਬਰ ਤੇ ਮੂੰਹ ਦੀ ਖਾਣੀ**


















ਪ੍ਰੋ. ਜੈਪਾਲ ਸਿੰਘ ਅਤੇ ਉਨ੍ਹਾਂ ਦੀ ਲੇਖਿਕਾ ਧਰਮ ਪਤਨੀ ਸੁਰਿੰਦਰ ਕੌਰ ਨਾਲ ਸਾਇੰਸ ਕਾਲਜ ਦੇ ਅਧਿਆਪਕ ਅਤੇ ਵਿਦਿਆਰਥੀ ਪੁਰਾਣੀਆਂ ਯਾਦਾਂ ਅਤੇ ਮੌਜੂਦਾ ਰਾਜਨੀਤੀ ਬਾਰੇ ਅਦਾਨ ਪ੍ਰਦਾਨ ਕਰਨ ਦੇ ਮੌਕੇ


SAVE MAX PROVEN REAL ESTATE BROKERAGE
*Each office independently owned & operated
COMMERCIAL | RESIDENTIAL | BUSINESS
Buy, Sell, Lease
HARCHARAN PARHAR
BROKER
403.681.8689
savemaxproven@gmail.com
225-1925 18th Ave NE
Calgary, AB T2E 7T8
WWW.SAVEMAXPROVEN.COM








SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com



We Provide Following Insurance Services
- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE

Aman Gill
Financial Security Advisor
2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com
Desjardins Financial Security Independent Network | CPP | GREAT-WEST | BMO | RBC Royal Bank | Equitable Life of Canada | iA Financial Group | Manulife Financial | Canada Life | Foresters | ivari





SHAHEED BHAGAT SINGH BOOK CENTRE
Calgary Canada
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220








PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

# ਘਰੋਂ ਬੇਘਰ ਹੋਏ ਹੋਣਹਾਰ ਹੀਰਿਆਂ ਦੀ ਲੜਾਈ ਦੇ ਅੰਗ-ਸੰਗ




















ਬਿਕਰਮਜੀਤ ਕੁੱਲੇਵਾਲ
+16476125161

ਪਿਛਲੇ ਕੁਝ ਮਹੀਨਿਆਂ ਤੋਂ ਇਹ ਖਬਰ ਸਭਨੇ ਅਖਬਾਰਾਂ ਵਿਚ ਪੜੀ ਜਾਂ ਸੋਸ਼ਲ ਮੀਡੀਆ 'ਤੇ ਦੇਖੀ ਕਿ '700 ਭਾਰਤੀ ਵਿਦਿਆਰਥੀਆਂ ਨੂੰ ਕੈਨੇਡਾ ਤੋਂ ਡਿਪੋਰਟ ਕੀਤਾ ਜਾ ਰਿਹਾ ਹੈ' ਅਸਲ ਵਿੱਚ ਸਾਰਾ ਮਸਲਾ ਕੀ ਸੀ।

ਇਸ ਮਾਮਲੇ ਦਾ ਆਧਾਰ ਇਹ ਹੈ ਕਿ ਬਹੁਤ ਸਾਰੇ ਭਾਰਤੀ ਵਿਦਿਆਰਥੀਆਂ ਤੇ ਦੋਸ਼ ਹੈ ਕੀ ਇੰਨਾਂ ਨੇ ਆਪਣੀ ਵੀਜ਼ਾ ਫਾਈਲ 'ਚ ਫਰਜ਼ੀ ਆਫਰ ਲੈਟਰ ਦੀ ਵਰਤੋਂ ਕੀਤੀ ਅਤੇ ਕੈਨੇਡਾ 'ਚ ਦਾਖਲ ਹੋਏ ਜਿਨਾ ਦੀ ਗਿਣਤੀ ਕਿੰਨੀ ਹੈ ਇਹ ਕੋਈ ਨਹੀ ਜਾਣਦਾ, ਤੇ ਉੱਪਰ ਦਿੱਤਾ 700 ਵਾਲਾ ਆਂਕੜਾ ਵੀ ਗਲਤ ਸੀ। ਪਹਿਲਾਂ ਪਹਿਲਾਂ ਕਿਸੇ ਡਿਪੋਰਟ ਹੋਣ ਵਾਲੇ ਵਿਦਿਆਰਥੀ ਨੇ ਇੱਕ ਇੰਟਰਵਿਊ ਵਿੱਚ ਕਹਿ ਦਿੱਤਾ ਕਿ "700 ਵਿਦਿਆਰਥੀ ਹੋ ਸਕਦੇ ਹਨ" ਬਾਅਦ ਵਿੱਚ ਹੁਣ ਤੱਕ ਇਹ ਆਂਕੜਾ ਤੇ ਆਹੀ ਨਾਮ ਚਲਿਆ ਆ ਰਿਹਾ ਇਸ ਕੇਸ ਦਾ। ਅਸਲ ਗਿਣਤੀ ਸਾਡੇ ਮੁਤਾਬਕ ਹੁਣ ਤੱਕ 150 ਦੇ ਕਰੀਬ ਹੈ ਜਿਨ੍ਹਾਂ ਨੂੰ ਇਮੀਗ੍ਰੇਸ਼ਨ ਵਿਭਾਗ ਵੱਲੋਂ ਇਹ ਪੱਤਰ ਭੇਜੇ ਗਏ। ਪਰ ਕਿੰਨਿਆਂ ਨੂੰ ਹੋਰ ਜਾ ਸਕਦੀ ਹੈ ਨਹੀਂ ਪਤਾ ਕਿਉਂਕਿ ਜਾਂਚ ਚੱਲ ਰਹੀ ਹੈ। ਇਹ ਧੋਖਾਧੜੀ ਅਸਲ ਵਿੱਚ ਪੰਜਾਬ ਦੇ ਏਜੰਟਾਂ ਨੇ ਸ਼ੁਰੂ ਕੀਤੀ ਜਿਨਾਂ ਨੇ ਇੱਕ ਇੰਟੇਕ ਵਿੱਚ ਵੱਧ ਤੋਂ ਵੱਧ ਵਿਦਿਆਰਥੀ ਕੈਨੇਡਾ ਭੇਜਣ ਲਈ ਕਾਲਜਾਂ ਦੇ ਜਾਅਲੀ ਆਫਰ ਲੈਟਰਾਂ ਬਣਾ ਕੇ ਵੀਜ਼ਾ ਫਾਈਲਾਂ ਲਗਾਈਆਂ ਕਿਉਂਕਿ ਕੈਨੇਡਾ ਆਉਣ ਲਈ ਕਾਲਜ ਵਿੱਚ ਸਿਰਫ 3 ਇੰਟੇਕ ਨੇ ਜਨਵਰੀ, ਮਈ ਅਤੇ ਸਤੰਬਰ ਪਰ ਇਹ ਤਿੰਨੋ ਇੰਟੇਕ ਅਗਲੇ ਇੱਕ ਸਾਲ ਤੋ ਵੱਧ ਲਈ ਐਡਵਾਸ ਵਿੱਚ ਬੁੱਕ ਚੱਲ ਰਹੇ ਨੇ ਅਤੇ ਬੱਚਿਆ ਨੂੰ ਆਫਰ ਲੈਟਰ ਨਹੀਂ ਮਿਲ ਰਹੇ ਕਿਉਂਕਿ ਵਿਦੇਸ਼ ਜਾਣ ਵਾਲੇ ਬੱਚਿਆ ਦੀ ਗਿਣਤੀ ਬਹੁਤ ਜ਼ਿਆਦਾ ਹੈ, ਦੂਜਾ ਕਨੇਡਾ ਵਿੱਚ ਵੀ ਪ੍ਰਾਈਵੇਟ ਕਾਲਜ ਦੁਕਾਨਾਂ ਵਾਂਗ ਖੁੱਲੇ ਹੋਏ ਨੇ ਜਿਨਾ ਦਾ ਮਕਸਦ ਸਿਰਫ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲਾ ਦੇਣਾ ਉਨ੍ਹਾਂ ਤੋਂ ਪ੍ਰਤੀ ਵਿਦਿਆਰਥੀ 16 ਤੋਂ 20 ਹਜ਼ਾਰ ਡਾਲਰ ਫੀਸ ਲੈ ਕੇ ਆਪਣੀਆਂ ਜੇਬਾਂ ਭਰਨਾ ਹੈ। ਕੋਈ ਵੀ ਹੋਰ ਕੈਨੇਡੀਅਨ ਬੱਚਾ ਉੱਥੇ ਨਹੀਂ ਪੜਦਾ ਕਿਉਂਕਿ ਇਹ ਦੁਕਾਨਾਂ ਵਰਗੇ ਕਾਲਜ ਹੋਣ ਲਈ ਜੋ ਜਰੂਰੀ ਸ਼ਰਤਾਂ ਨੇ ਉਸ ਤੇ ਖਰੇ ਨਹੀ ਉਤਰਦੇ। ਇਨ੍ਹਾਂ ਕਾਲਜਾਂ ਦੇ ਨਾਂ 'ਤੇ ਵੀਜ਼ਾ ਵੀ ਨਹੀਂ ਮਿਲਦਾ। ਇਹਨਾ ਦੋਨੋ ਕਾਰਨਾ ਕਰਕੇ ਕਨੇਡਾ ਦੇ ਨਾਮੀ ਕਾਲਜਾਂ ਦੇ ਜਾਅਲੀ ਆਫਰ ਲੈਟਰਾਂ ਲਗਾ ਕੇ ਵੀਜ਼ਾ ਫਾਈਲ ਲਗਾਈ ਗਈ ਤੇ ਬੱਚੇ ਨੂੰ ਕੇਨੇਡਾ ਪਹੁੰਚਾ ਕੇ ਏਜੰਟਾ ਵੱਲੋ ਕਾਲਜ ਜਾਣ ਤੋਂ ਰੋਕਿਆ ਜਾਂਦਾ ਸੀ ਕਿਉਂਕਿ ਬੱਚਾ ਅਸਲ 'ਚ ਉੱਥੇ ਦਾਖਲ ਹੀ ਨਹੀਂ ਹੋਇਆ ਹੁੰਦਾ ਤਾਂਹੀ ਏਜੰਟ ਤਰਾ ਤਰਾ ਦੇ ਝੂਠ ਬੋਲ ਕੇ ਵਿਦਿਆਰਥੀ ਨੂੰ ਕਿਸੇ ਹੋਰ ਪ੍ਰਾਈਵੇਟ ਕਾਲਜ ਵਿੱਚ ਦਾਖਲਾ ਕਰਵਾ ਦਿੰਦੇ ਸੀ ।

ਪਰ ਕੁੱਝ ਬੱਚੇ ਏਜੰਟਾਂ ਦੇ ਮਨਾਂ ਕਰਨ ਦੇ ਬਾਵਜੂਦ ਕਾਲਜ ਚਲੇ ਗਏ ਤੇ ਕਾਲਜ ਨੂੰ ਵੀ ਕਈ ਦਿਨ ਛਾਣਬੀਨ ਕਰਨ ਤੋ ਬਾਅਦ ਪਤਾ ਲਗਿਆ ਇਹ ਆਫਰ ਲੈਟਰਾਂ ਜਾਅਲੀ ਹੈ ਕਿਉਕਿ ਉਹ ਬੱਚਿਆ ਦੀ ਫੀਸ ਵੀ ਕਾਲਜ ਨੂੰ ਨਹੀ ਪਹੁੰਚੀ। ਇਨ੍ਹਾਂ 'ਚੋਂ ਇੱਕ ਲਵਪ੍ਰੀਤ ਸਿੰਘ ਵੀ ਇੱਕ ਸੀ ਜੋ 2018 ਵਿੱਚ ਕੈਨੇਡਾ ਆਇਆ ਤੇ ਹੁਣ ਸੰਘਰਸ਼ ਦੇ ਸਿਰ ਤੇ ਉਸਦੀ ਡਿਪੋਰਟੇਸ਼ਨ ਰੁਕੀ ਜੋ ਕਿ 13 ਜੂਨ ਨੂੰ ਹੋਣੀ ਸੀ ਤੇ ਬਾਕੀ ਵਿਦਿਆਰਥੀ (15-16 ਜੋ ਪੱਕੇ ਮੋਰਚੇ ਚ ਸੀ) ਵੀ ਅਗਲੀ ਲਿਸਟ ਵਿੱਚ ਸਨ।

ਇਹ ਸਾਰਾ ਮਾਮਲਾ ਸਾਡੀ ਸੰਸਥਾ ਐਨ.ਐਸ.ਐਨ. (Naujwaan support network) ਦੇ ਧਿਆਨ ਵਿੱਚ 6-7 ਮਹੀਨੇ ਪਹਿਲਾਂ ਆਇਆ ਪਰ ਪਹਿਲਾ ਕਿੰਨੇ ਟਾਈਮ ਤੋ ਇਸ ਤਰਾ ਦੇ ਲੈਟਰ ਇੰਮੀਗਰੇਸ਼ਨ ਵਿਭਾਗ ਭੇਜ ਰਿਹਾ ਪਤਾ ਨਹੀਂ ਸ਼ਾਇਦ ਕਈ ਡਿਪੋਰਟ ਵੀ ਹੋ ਚੁੱਕੇ ਨੇ, ਪਰ ਅਸੀਂ ਕੁਝ ਹੋਰ ਦੋਸਤਾਂ ਨਾਲ ਹਰਿੰਦਰ ਸਿੰਘ (M.Y.S.O.) ਮਿੰਟੂ ਸਮਾਗ (ਪੇਂਡੂ ਕੈਨੇਡੀਅਨ ਬਲੌਗਰ) ਅਤੇ ਦੀਪ ਹਜਾਰਾ (ਐਨ.ਐਸ.ਐਨ. ਮੈਂਬਰ) ਨਾਲ ਡਿਕਸੀ ਗੁਰੂਘਰ ਬਰੈਂਪਟਨ ਵਿਖੇ ਕੀਤੀ ਜਿਸ ਵਿੱਚ ਲਗਭਗ 20 ਵਿਦਿਆਰਥੀ ਸਨ। ਅਸੀਂ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਸੁਝਾਅ ਦਿੱਤਾ ਕਿ ਇਹ ਮਾਮਲਾ ਬਹੁਤ ਵੱਡਾ ਹੈ। ਕਾਨੂੰਨੀ ਪ੍ਰਕਿਰਿਆ ਰਾਹੀ ਤੁਹਾਨੂੰ ਸਾਰਿਆਂ ਨੂੰ ਦੋਸ਼ੀ ਸਾਬਤ ਕਰ ਦਿੱਤਾ ਜਾਵੇਗਾ ਕਿਉਂਕਿ ਫ਼ਾਇਲ ਭਾਵੇਂ ਏਜੰਟ ਤਿਆਰ ਕਰਦਾ ਹੈ ਪਰ ਜਮ੍ਹਾਂ ਵਿਦਿਆਰਥੀ ਖੁਦ ਕਰਦਾ ਆਪਣੇ ਸਾਇਨ ਕਰ ਕੇ ਤੇ ਏਸੇ ਲਈ ਕਨੂੰਨ ਦੀ ਨਿਗਾਹ 'ਚ ਉਹੀ ਜ਼ਿੰਮੇਵਾਰ ਹੈ। ਇਸ ਲਈ ਤੁਹਾਨੂੰ ਸਾਰਿਆਂ ਨੂੰ ਜਥੇਬੰਦ ਹੋ ਕੇ ਇਸ ਸੰਗਰਸ਼ ਕਰਨਾ ਪਵੇਗਾ ਤੇ ਸਾਬਤ ਕਰਨਾ ਪਵੇਗਾ ਕੇ ਤੁਸੀ ਬੇਕਸੂਰ ਹੋ ਪਰ ਉਸ ਸਮੇਂ ਉਨ੍ਹਾਂ ਸਾਰਿਆਂ ਨੇ ਸੋਚਿਆ ਕਿ ਕੈਨੇਡਾ ਵਿਚ ਰਹਿਣ ਦੇ ਹੋਰ ਵੀ ਬਹੁਤ ਸਾਰੇ ਤਰੀਕੇ ਹਨ ਪਰ ਹਜ਼ਾਰਾਂ ਡਾਲਰ ਵਕੀਲਾਂ ਦੀਆਂ ਜੇਬਾਂ ਵਿਚ ਪਾ ਕੇ ਜਦੋਂ ਇਹਨਾ ਪੱਲੇ ਡਿਪੋਰਟੇਸ਼ਨ ਦੀਆ ਟਿਕਟਾਂ ਅਤੇ ਰਫਿਊਜੀ ਦੀਆਂ ਫਾਈਲਾਂ ਪੈਣ ਲੱਗਿਆ ਤਾਂ ਇਨ੍ਹਾਂ ਨੇ ਲੜਨ ਦਾ ਮਨ ਬਣਾਇਆ।

ਇਹ ਲੜਾਈ ਨੂੰ ਲੜਨ ਵਾਲੇ ਵਿਦਿਆਰਥੀ ਸ਼ੁਰੂ 'ਚ 13-14 ਹੀ ਸਨ। ਸ਼ੁਰੂਆਤ ਵਿੱਚ NSN ਅਤੇ MYSO ਜਥੇਬੰਦੀਆਂ ਦੀ ਅਗਵਾਈ ਵਿੱਚ ਦੋ ਪਰੋਟੈਸਟ ਕੀਤੇ। ਪਰ ਅਖੀਰ 'ਤੇ NSN ਦੇ ਮੈਂਬਰਾਂ ਦੀ ਅਗਵਾਈ ਵਿੱਚ ਜਦੋਂ ਪਹਿਲੀ ਸ਼ਾਮ ਨੂੰ CBSA (ਕੈਨੇਡੀਅਨ ਬਾਰਡਰ ਐਂਡ ਸਰਵਿਸਿਜ਼ ਏਜੰਸੀ) ਦੇ ਦਫਤਰ ਬਾਹਰ ਦਿਨ-ਰਾਤ ਪੱਕਾ ਬੈਠਣ ਦਾ ਮਨ ਬਣਾਇਆ, ਅਗਲੇ ਦਿਨ ਸੋਸ਼ਲ ਮੀਡੀਆ ਦੁਆਰਾ ਲੋਕਾਂ ਤੱਕ ਖ਼ਬਰਾਂ ਪਹੁੰਚੀਆਂ ਅਤੇ 20-30 ਲੋਕ ਆਏ ਉਹਨਾ ਨੂੰ ਬੈਠਾ ਕੇ ਸਾਰੀ ਗੱਲ ਦੱਸੀ

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan
(Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans



MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK M.A., LLB
Barrister, Solicitor & Notary Public
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com



KRAFTSMAN ELECTRIC LTD.
K ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

ਕਿ ਅਸੀਂ 28 ਮਈ ਤੋ ਇਹ ਧਰਨਾ ਸ਼ੁਰੂ ਕੀਤਾ ਤੇ ਫੈਸਲਾ ਕਿਤਾ ਕਿ ਦਿਨ ਰਾਤ ਇੱਥੇ ਬੈਠਾਗੇ ਅਤੇ ਘੱਟੋ-ਘੱਟ 13 ਜੂਨ ਤੱਕ ਜਿਸ ਦਿਨ ਲਵਪ੍ਰੀਤ ਦੀ ਡਿਪੋਰਟੇਸ਼ਨ ਹੈ। ਉਸ ਤੋਂ ਬਾਅਦ ਤੀਸਰੀ ਸ਼ਾਮ ਨੂੰ ਸੈਕੜੇ ਲੋਕ (ਲਗਭਗ 250-300) ਇਕੱਠੇ ਹੋ ਗਏ ਅਤੇ ਸ਼ਾਮ ਨੂੰ ਏਅਰਪੋਰਟ ਰੋਡ 'ਤੇ ਰੋਸ ਮਾਰਚ ਕੀਤਾ ਅਤੇ ਐਲਾਨ ਕੀਤਾ ਕਿ ਹਰ ਰੋਜ਼ ਸ਼ਾਮ ਨੂੰ 5-6 ਵਜੇ ਸਾਰੇ ਪਹੁੰਚੋ ਜਦੋਂ ਤੱਕ ਇਹ ਵਿਦਿਆਰਥੀ ਇੱਥੇ ਬੈਠੇ ਨੇ। ਉਸ ਦਿਨ ਤੋਂ ਲੈ ਕੇ ਆਖਰੀ ਦਿਨ ਤੱਕ ਲਗਾਤਾਰ ਸ਼ਾਮ ਨੂੰ ਗਿਣਤੀ ਵੱਧਣ ਲੱਗੀ ਅਤੇ ਰੋਜਾਨਾ ਸ਼ਾਮ 6 ਵਜੇ ਤੋਂ ਰਾਤ ਦੇ 12 ਵਜੇ ਤੱਕ ਸਟੇਜ ਦੀ ਕਾਰਵਾਈ ਅਤੇ ਹੋਰ ਸਲਾਹਾ ਚੱਲਦੀਆਂ ਸਨ ਅਤੇ ਅਗਲੀ ਰਣਨੀਤੀ ਬਣਾਈ ਜਾਂਦੀ ਸੀ । ਇਸ ਮੋਰਚੇ ਵਿੱਚ ਪੰਜਾਬੀ ਭਾਈਚਾਰਾ "ਦਿੱਲੀ ਕਿਸਾਨ ਮੋਰਚਾ"ਵਾਂਗ ਡੱਟ ਗਿਆ। ਕੁਝ ਸਥਾਨਕ ਪੰਜਾਬੀ ਬਿਜਨਸਮੈਨ, ਗਾਇਕ ਐਲੀ ਮਾਂਗਟ, ਕੰਜ਼ਰਵੇਟਿਵ ਪਾਰਟੀ ਦੇ ਸਥਾਨਕ ਆਗੂ, ਖਾਲਸਾ ਏਡ, ਇੰਟਰਨੈਸ਼ਨਲ ਸਿੱਖ ਸਟੂਡੈਂਟ ਐਸੋਸੀਏਸ਼ਨ ਤੋ ਜੱਸਾ ਸਿੰਘ, ਐਨ.ਐਸ.ਐਨ. ਦੇ ਸਾਰੇ ਵਲੰਟੀਅਰ ਨੇ ਇਸ ਮੋਰਚੇ ਨੂੰ ਦਿਨ-ਰਾਤ ਸਮਰਪਿਤ ਕੀਤਾ। ਹਰ ਰਾਤ ਬਹੁਤ ਸਾਰੇ ਲੋਕ ਇਕੱਠੇ ਬੈਠ ਕੇ ਲੰਗਰ ਛਕਦੇ ਸਨ, ਜਿਸ ਵਿਚ ਲੋਕਾ ਨੇ ਵੱਧ ਚੜ੍ਹ ਕੇ ਯੋਗਦਾਨ ਪਾਇਆ। ਬਰਸਾਤ ਵਿੱਚ ਟੈਂਟ ਅਤੇ ਛਤਰੀਆਂ ਦੇ ਢੇਰ ਲਾ ਦਿੱਤੇ ਅਤੇ ਠੰਡ ਵਿੱਚ ਗੱਦਿਆਂ ਅਤੇ ਕੰਬਲਾਂ ਦੇ। ਉਸ ਤੋਂ ਬਾਅਦ ਜਦੋਂ 11 ਤਰੀਕ ਨੂੰ ਲਵਪ੍ਰੀਤ ਦੀ ਡਿਪੋਰਟੇਸ਼ਨ ਰੁਕਣ ਦਾ ਸਰਕਾਰੀ ਹੁਕਮ ਆਇਆ ਤਾਂ ਮੋਰਚਾ ਪੂਰੀ ਤਰ੍ਹਾਂ ਚੜ੍ਹਦੀਕਲਾ ਵੱਲ ਵਿੱਚ ਹੋ ਗਿਆ ਅਤੇ ਪਹਿਲਾਂ ਜੋ ਇਹ ਸੋਚ ਰਹੇ ਸਨ ਕਿ ਇੱਥੇ ਬੈਠ ਕੇ ਕੁਝ ਹਾਸਲ ਨਹੀਂ ਹੋਵੇਗਾ, ਉਨ੍ਹਾਂ ਸਾਰਿਆਂ ਨੇ ਸੋਚਿਆ ਕਿ ਹੁਣ ਅਸੀਂ ਸਹੀ ਰਸਤੇ 'ਤੇ ਚੱਲ ਰਹੇ ਹਾਂ।

ਇਸ ਤੋਂ ਬਾਅਦ ਜਦੋਂ ਕੰਜ਼ਰਵੇਟਿਵ ਪਾਰਟੀ ਦੇ ਬ੍ਰੈਡ ਅਤੇ ਪ੍ਰਧਾਨ ਮੰਤਰੀ ਉਮੀਦਵਾਰ ਪੀਅਰੇ ਪੋਲੀਵਰੇ ਸਮੇਤ ਹੋਰ ਆਗੂ ਵਿਦਿਆਰਥੀਆਂ ਦੇ ਟੈਂਟ ਵਿੱਚ ਪਹੁੰਚੇ ਤਾਂ ਸਾਰੇ ਵੱਡੇ ਮੀਡੀਆ ਚੈਨਲਾ ਨੇ ਇਸ ਨੂੰ ਇੱਕ ਮੁੱਖ ਖਬਰ ਬਣਾ ਦਿੱਤਾ। ਫਿਰ ਅਗਲੇ ਦਿਨਾ ਵਿੱਚ ਐਨਡੀਪੀ ਨੇਤਾ ਜਗਮੀਤ ਸਿੰਘ ਪਹੁੰਚੇ, ਇਸ ਤੋਂ ਬਾਅਦ ਇਹ ਮਾਮਲਾ ਪਾਰਲੀਮੈਂਟ ਵਿੱਚ ਗੂੰਜਣ ਲੱਗਾ ਤਾਂ ਅੰਤ ਵਿੱਚ ਲਿਬਰਲ ਪਾਰਟੀ ਜੋ ਕਿ ਮੌਜੂਦਾ ਸੱਤਾਧਾਰੀ ਪਾਰਟੀ ਹੈ, ਦੇ ਇਮੀਗ੍ਰੇਸ਼ਨ ਮੰਤਰੀ "ਸੀਨ ਫਰੇਜ਼ਰ" ਨੇ ਬਿਆਨ ਆਇਆ ਕਿ ਜਾਂਚ ਖਤਮ ਹੋਣ ਤੱਕ ਸਾਰੇ ਵਿਦਿਆਰਥੀਆਂ ਦੀ ਡਿਪੋਰਟੇਸ਼ਨ ਨੂੰ ਅਨਿਸ਼ਚਿਤ ਸਮੇਂ ਲਈ ਰੋਕ ਦਿੱਤਾ ਜਾਵੇਗਾ। ਉਹ ਸਾਰੇ ਵਿਦਿਆਰਥੀ ਜੋ ਕਨੇਡਾ ਆਏ ਹਨ ਭਾਵੇਂ ਉਹ ਜਾਅਲੀ ਜਾਂ ਅਸਲੀ ਆਫਰ ਲੈਟਰ ਹੋਵੇ ਪਰ ਆਪਣੀ ਪੜ੍ਹਾਈ ਪੂਰੀ ਕੀਤੀ ਹੈ ਅਤੇ ਕੁਝ ਵੀ ਗੈਰ-ਕਾਨੂੰਨੀ ਨਹੀਂ ਕੀਤਾ ਹੈ, ਉਨ੍ਹਾਂ ਨੂੰ ਕੈਨੇਡਾ ਵਿੱਚ ਆਪਣੀ ਅਗਲੀ ਜ਼ਿੰਦਗੀ ਬਣਾਉਣ ਦਾ ਮੌਕਾ ਦਿੱਤਾ ਜਾਵੇਗਾ। ਇੱਕ ਟਾਸਕ ਫੋਰਸ ਬਣਾਈ ਜਾਵੇਗੀ ਅਤੇ ਜਲਦੀ ਤੋਂ ਜਲਦੀ ਸਾਰੇ ਕੇਸਾਂ ਨੂੰ ਨਿਪਟਾਰਾ ਕਰੇਗੀ ਅਤੇ 21 ਜੂਨ ਨੂੰ ਦੋ ਵਿਦਿਆਰਥੀਆਂ ਨੂੰ ਸੰਸਦ ਕਮੇਟੀ (ਇਮੀਗ੍ਰੇਸ਼ਨ ਕਮੇਟੀ) ਦੇ ਸਾਹਮਣੇ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਜਾਵੇਗਾ, ਇਹ ਕਮੇਟੀ ਇਸ ਕੇਸ ਬਾਰੇ ਸਰਕਾਰ ਨੂੰ ਹੋਰ ਸੁਝਾਅ ਦੇਵੇਗੀ।

ਇਸ ਤੋਂ ਇਲਾਵਾ ਪੰਜਾਬ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਆਮ ਆਦਮੀ ਪਾਰਟੀ ਦੇ ਆਗੂਆਂ ਨਾਲ ਸੰਪਰਕ ਕੀਤਾ ਹੈ ਅਤੇ ਪੰਜਾਬ ਸਰਕਾਰ ਨੇ ਵੀ ਮਸਲੇ ਦੀ ਗੰਭੀਰਤਾ ਨੂੰ ਦੇਖਕੇ ਬਿਆਨ ਦਿੱਤਾ ਹੈ ਕਿ ਫਰਾਡ ਏਜੰਟਾਂ ਦੀ ਜਾਂਚ ਹੋਵੇਗੀ।

ਆਪਣੇ ਦੇਸ਼ ਦੇ ਮਾੜੇ ਪ੍ਰਬੰਧਾਂ ਤੋ ਅੱਕ ਕੇ ਲੋਕ ਦੂਜੇ ਦੇਸ਼ਾਂ ਵਿਚ ਪ੍ਰਵਾਸ ਕਰ ਰਹੇ ਹਨ ਪਰ ਸਮੱਸਿਆਵਾਂ ਉਥੇ ਵੀ ਮੂੰਹ ਅੱਡੀ ਖੜ੍ਹੀਆਂ ਨੇ। ਇੱਕ ਸਮਾਂ ਸੀ ਜਦੋਂ ਗਦਰੀ ਬਾਬਿਆ ਨੇ ਇਹੀ ਲੜਾਈ ਲੜੀ ਸੀ ਤੇ ਆਪਣੇ ਦੇਸ਼ ਨੂੰ ਸੋਹਣਾ ਬਣਾਉਣ ਦਾ ਸੁਪਨਾ ਲਿਆ ਸੀ, ਪਰ ਉਹ ਅੱਜ ਵੀ ਉਹ ਅਧੂਰਾ ਹੈ। ਇਸ ਲਈ ਸਾਨੂੰ ਉਹ ਲੜਾਈ ਲੜਨੀ ਪਵੇਗੀ ਅਸੀਂ ਹਾਲਾਤਾਂ ਤੋਂ ਨਹੀਂ ਭੱਜ ਸਕਦੇ ਚਾਹੇ ਉਹ ਦੁਨੀਆਂ ਦਾ ਜਿਹੜਾ ਮਰਜੀ ਦੇਸ਼ ਕਿਉਂ ਨਾ ਹੋਵੇ ਕਿਉਂਕਿ ਅੱਜ ਕੱਲ ਦੁਨਿਆ ਦੇ ਸਾਰੇ ਵੱਡੇ ਦੇਸ਼ ਆਰਥਿਕ ਅਤੇ ਰਾਜਸੀ ਸੰਕਟ ਵਿੱਚ ਧਸ ਰਹੇ ਹਨ ਤੇ ਆਉਣ ਵਾਲੇ ਦਿਨਾਂ ਵਿੱਚ ਵੱਖ-ਵੱਖ ਤਬਕਿਆ ਦੇ ਲੋਕ ਸੰਘਰਸ਼ਾਂ ਦੇ ਅਖਾੜੇ ਮੱਲਣਗੇ।

ਸਾਡੀ ਜਥੇਬੰਦੀ NSN ਟੋਰਾਂਟੋ ਵਿੱਚ ਤਨਖਾਹ ਚੋਰੀ ਦੇ ਖਿਲਾਫ ਲੜਦੀ ਹੈ ਅਸੀ ਦੋ ਸਾਲਾ ਵਿੱਚ ਕਾਮਿਆਂ ਦੇ ਮਿਲੀਅਨ ਡਾਲਰ ਤੋ ਉੱਪਰ ਜੋ ਕੰਮ ਮਾਲਕਾਂ ਵੱਲੋਂ ਦੱਬੇ ਹੋਏ ਸੀ ਲੜ ਕੇ ਲਏ ਨੇ, ਪਰ ਲੜਨ ਲਈ ਇਸ ਤੋ ਇਲਾਵਾ ਹੋਰ ਵੀ ਬਹੁਤ ਸਾਰੇ ਮਾਮਲੇ ਹਨ ਜੋ ਇਸ ਪੂੰਜੀਵਾਦ ਸਿਸਟਮ ਦੀ ਦੇਣ ਹੈ, ਉਨ੍ਹਾਂ ਨਾਲ ਨਜਿੱਠਣ ਲਈ ਅਸੀਂ ਸਾਰਆ ਸੰਘਰਸ਼ਸ਼ੀਲ ਧਿਰਾਂ ਨੂੰ ਕੇਨੇਡਾ ਵਿੱਚ ਵੀ ਅੱਗੇ ਆਉਣ ਦੀ ਅਪੀਲ ਕਰਦੇ ਹਾਂ ਕਿ ਆਓ ਇਨ੍ਹਾਂ ਮੁਸ਼ਕਿਲਾ ਦੇ ਹੱਲ ਲਈ ਇਕੱਠੇ ਹੋ ਕੇ ਲੜਿਆ ਜਾਵੇ।

ਰਿਪੋਰਟ ਲਿਖੇ ਜਾਣ ਤੱਕ ਇਹ ਲੜਾਈ ਹੁਣ ਤੱਕ ਕਈ ਮਹੱਤਵ ਪੂਰਣ ਜਿੱਤਾਂ ਜਿੱਤ ਚੁੱਕੀ ਹੈ, ਮੇਰੀ ਜਾਣਕਾਰੀ ਮੁਤਾਬਕ ਇਹ ਪਹਿਲਾ ਇਨਾਂ ਲੰਬਾ, ਜਾਬਤਾਬੱਧ ਤੇ ਸ਼ਾਂਤਮਈ ਮੋਰਚਾ ਹੈ ਜੋ ਕੈਨੇਡਾ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੁਆਰਾ ਲਗਾਇਆ ਗਿਆ ਤੇ ਜਿਸਨੇ ਸਰਕਾਰ ਨੂੰ ਆਪਣੇ ਫੈਸਲੇ ਬਦਲਣ ਲਈ ਮਜਬੂਰ ਕੀਤਾ ਅਤੇ ਜਿਸਨੇ ਅੰਤਰਰਾਸ਼ਟਰੀ ਪੱਧਰ 'ਤੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਜਿਸ ਦਾ ਸਮਰਥਨ ਓਨਟਾਰੀਓ ਲੇਬਰ ਫੈਡਰੇਸ਼ਨ ਸਮੇਤ ਹੋਰ ਅਨੇਕਾਂ ਜਥੇਬੰਦੀਆਂ ਨੇ ਕੀਤਾ ।ਇਸ ਮੋਰਚੇ ਦੇ ਪਿੱਛੇ "ਦਿੱਲੀ ਕਿਸਾਨ ਮੋਰਚਾ" ਅਤੇ ਸਿੱਖੀ ਦੀ ਵਿਰਾਸਤ ਨੇ ਮੁਖ ਸ਼ਕਤੀ ਦੀ ਭੂਮਿਕਾ ਨਿਭਾਈ ਹੈ। ਅਸੀ ਜੋ ਗੱਲਾ ਕਿਤਾਬਾਂ ਵਿੱਚ ਪੜਦੇ ਰਹੇ ਹਾਂ ਕਿ "ਲੋਕ ਕਦੇ ਗਲਤ ਨੀ ਹੁੰਦੇ ਹਮੇਸ਼ਾ ਲੀਡਰ ਗਲਤ ਹੁੰਦੇ ਨੇ" "ਲੋਕ ਹਮੇਸ਼ਾ ਮਹਾਨ ਹੁੰਦੇ ਨੇ" "ਲੋਕਾਂ ਤੋਂ ਉੱਪਰ ਕੋਈ ਤਾਕਤ ਨੀ ਹੁੰਦੀ" ਇਹ ਸਭ ਇੱਥੇ ਪ੍ਰੈਕਟੀਕਲ ਰੂਪ ਵਿੱਚ ਹੁੰਦੀਆਂ ਦੇਖੀਆਂ। ਇਸ ਮੋਰਚੇ ਨੇ ਪੰਜਾਬ ਦੀ ਜਵਾਨੀ ਦਾ ਦੂਜਾ ਰੂਪ ਵੀ ਦਿਖਾਇਆ ਕਨੇਡਾ ਵਿੱਚ ਕੇ ਹਜੇ ਗੁਰੂਆਂ ਪੀਰਾਂ ਤੇ ਭਗਤ, ਸਰਾਭਿਆ ਅਤੇ ਗਦਰੀ ਬਾਬਿਆਂ ਦੇ ਵਾਰਸ ਹੈਗੇ ਆ ਜੋ ਉਨ੍ਹਾਂ ਦੀ ਲੜਾਈ ਅੱਗੇ ਲੜਨਗੇ।

ਜੈ ਸ਼ੰਘਰਸ਼

ਜਿੱਤ ਹਮੇਸ਼ਾ ਲੜਦੇ ਲੋਕਾ ਦੀ ?

# ਬੇਗਾਨਗੀ ਦਾ ਆਲਮ ਮਨੀਪੁਰ ਦੇ ਲੋਕਾਂ ਦੀ ਤਰਾਸਦੀ

(ਸ਼ਫਾ 8 ਦੀ ਬਾਕੀ)

ਮੈਤੇਈ ਅਤੇ ਕੁੱਕੀ ਕਬੀਲਿਆਂ ਵਿੱਚ ਤਨਾਅ ਪੈਦਾ ਕੀਤਾ ਹੈ। ਉਨ੍ਹਾਂ ਨੇ ਲੋਕਾਂ ਦੇ ਵਿੱਚ ਆਪਸੀ ਦੁਸ਼ਮਣੀ ਦੀਆਂ ਭਾਵਨਾਵਾਂ ਨੂੰ ਪੈਦਾ ਕਰਨ ਦੇ ਲਈ, ਸੋਸ਼ਲ ਮੀਡੀਏ ਦੇ ਰਾਹੀਂ ਝੂਠੇ ਪਰਚਾਰ ਫੈਲਾਏ। 3 ਮਈ ਦੀ ਰਾਤ ਨੂੰ ਚੁਰਚੰਦਪੁਰ ਅਤੇ ਮੋਰੇਹ ਵਿੱਚ ਮੈਤੇਈਆਂ ਨੂੰ ਨਿਸ਼ਾਨਾ ਬਣਾ ਕੇ ਹਮਲੇ ਕੀਤੇ ਗਏ। ਅਗਲੇ ਦਿਨ ਸਵੇਰੇ, ਹਥਿਆਰਬੰਦ ਗਿਰੋਹ ਇੰਫਾਲ ਵਿੱਚ ਰਹਿਣ ਵਾਲੇ ਕੁੱਕੀ ਲੋਕਾਂ ਨੂੰ ਜਲਾਉਣ, ਉਨ੍ਹਾਂ ਦੇ ਘਰਾਂ ਦੀ ਲੁੱਟ-ਪਾਟ ਕਰਨ ਅਤੇ ਉਨ੍ਹਾਂ ਨੂੰ ਮਾਰਨ ਦੇ ਲਈ ਪਹੁੰਚ ਗਏ, ਪਿਛਲੀ ਰਾਤ ਦੀਆਂ ਘਟਨਾਵਾਂ ਦੇ ਲਈ ਅਖੌਤੀ ਬਦਲਾ ਲੈਣ ਦੇ ਲਈ। ਅੱਖੀਂ ਦੇਖਣ ਵਾਲੇ ਲੋਕ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਕਾਤਲਾਨਾ ਗਰੋਹ ਕਿਤੇ ਬਾਹਰ ਤੋਂ ਆਏ ਹੋਏ ਲੋਕ ਸਨ, ਜਿਨ੍ਹਾਂ ਨੂੰ ਉੱਥੋਂ ਦੇ ਨਿਵਾਸੀ ਜਾਣਦੇ ਪਹਿਚਾਣਦੇ ਨਹੀਂ ਸਨ।

ਮਨੀਪੁਰ ਦੀ ਮੌਜੂਦਾ ਹਾਲਤ ਦੇ ਲਈ ਹਾਕਮ ਦੋਸ਼ੀ ਹਨ, ਨਾਕਿ ਲੋਕ। ਤਬਾਹੀ ਅਤੇ ਹਿੰਸਾ ਦੇ ਲਈ ਨਾ ਹੀ ਕੁੱਕੀ ਅਤੇ ਨਾ ਹੀ ਮੈਤੇਈ ਲੋਕ ਜ਼ਿੰਮੇਦਾਰ ਹਨ। ਇਸਦੇ ਉਲਟ, ਉਹ ਇਸ ਹਿੰਸਾ ਦੇ ਸ਼ਿਕਾਰ ਹਨ। ਮਨੀਪੁਰ ਵਿੱਚ ਸੰਪ੍ਰਦਾਇਕ ਹਿੰਸਾ, ਸੱਤਾ ਵਿੱਚ ਬੈਠੇ ਲੋਕਾਂ ਵਲੋਂ ਸੁਰੱਖਿਆ ਬਲਾਂ, ਅਦਾਲਤਾਂ ਅਤੇ ਰਾਜਤੰਤਰ ਦੇ ਹੋਰ ਅੰਗਾਂ ਦੀ ਮਦਦ ਨਾਲ ਕੀਤਾ ਗਿਆ ਅਪਰਾਧ ਹੈ। ਇਹ ਰਾਜਕੀ ਅਤੱਕਵਾਦ ਹੈ। ਇਹ ਹਿੰਦੋਸਤਾਨੀ ਹਾਕਮ ਵਰਗ ਦੀ ਪਾੜੋ ਅਤੇ ਰਾਜ ਕਰੋ ਦੀ ਰਣਨੀਤੀ ਦਾ ਨਤੀਜਾ ਹੈ।

**ਪਾੜੋ ਤੇ ਰਾਜ ਕਰੋ** : ਹਿੰਦੋਸਤਾਨ ਤੇ ਸਰਮਾਏਦਾਰ ਵਰਗ ਦਾ ਰਾਜ ਹੈ, ਜੋ ਅਬਾਦੀ ਦਾ ਇੱਕ ਛੋਟਾ ਜਿਹਾ ਹਿੱਸਾ ਹੈ। ਇਸ ਵਰਗ ਦੀ ਅਗਵਾਈ ਕਰਨ ਵਾਲੇ ਲਗਭਗ 150 ਅਜਾਰੇਦਾਰ ਸਰਮਾਏਦਾਰ ਹਨ। ਸਰਮਾਏਦਾਰ ਹਿੰਦੋਸਤਾਨ ਵਿੱਚ ਵਸੇ ਹੋਏ ਸਾਰੇ ਲੋਕਾਂ ਦੀ ਜ਼ਮੀਨ, ਮਿਹਨਤ ਅਤੇ ਕੁਦਰਤੀ ਸੰਸਾਧਨਾਂ ਨੂੰ ਲੁੱਟ ਕੇ ਖ਼ੁਦ ਨੂੰ ਅਮੀਰ ਅਤੇ ਖ਼ੁਸ਼ਹਾਲ ਬਣਾਉਂਦੇ ਹਨ। ਦੇਸ਼ ਭਰ ਦੇ ਮਜ਼ਦੂਰ, ਕਿਸਾਨ ਅਤੇ ਆਦਿਵਾਸੀ ਲੋਕ ਇਸ ਨਜਾਇਜ਼, ਸੋਸ਼ਕ ਅਤੇ ਦਮਨਕਾਰੀ ਵਿਵਸਥਾ ਦੇ ਖ਼ਿਲਾਫ਼ ਆਪਣੇ ਅਧਿਕਾਰਾਂ ਦੀ ਮੰਗ ਕਰਦੇ ਹੋਏ, ਸੰਘਰਸ ਕਰਦੇ ਰਹਿੰਦੇ ਹਨ। ਹਾਕਮ ਵਰਗ ਲੋਕਾਂ ਨੂੰ ਵੰਡ ਕੇ, ਦਬਾ ਕੇ ਰੱਖਣ ਦੇ ਲਈ ਲਗਾਤਾਰ ਧਰਮ, ਜਾਤ, ਕੌਮ, ਕੌਮੀਅਤ ਜਾ ਆਦਿਵਾਸੀ ਪਹਿਚਾਣ ਦੇ ਅਧਾਰ ਤੇ, ਮਿਹਨਤਕਸ਼ ਲੋਕਾਂ ਦੇ ਵਿੱਚ ਦੁਸ਼ਮਣੀ ਅਤੇ ਆਪਸੀ ਝਗੜੇ ਉਕਸਾਉਂਦਾ ਹੈ।

ਲੋਕਾਂ ਦੀਆਂ ਅਸਲੀ ਸਮੱਸਿਆਵਾਂ ਦਾ ਫ਼ਾਇਦਾ ਉਠਾ ਕੇ ਹੁਕਮਰਾਨ ਇੱਕ ਤਬਕੇ ਦੇ ਲੋਕਾਂ ਨੂੰ ਦੂਸਰੇ ਤਬਕੇ ਦੇ ਲੋਕਾਂ ਖ਼ਿਲਾਫ਼ ਭਿੜਾਅ ਦਿੰਦੇ ਹਨ। ਉਹ ਇੱਕ ਤਬਕੇ ਦੇ ਲੋਕਾਂ ਨੂੰ ਦੂਸਰੇ ਤਬਕੇ ਦੀਆਂ ਸਮੱਸਿਆਵਾਂ ਲਈ ਦੋਸ਼ੀ ਠਹਿਰਾਉਂਦੇ ਹਨ। ਇਸ ਤਰ੍ਹਾਂ ਉਹ ਇੱਕ ਤੀਰ ਨਾਲ ਦੋ ਸ਼ਿਕਾਰ ਕਰਦੇ ਹਨ। ਸਭ ਤੋਂ ਪਹਿਲਾਂ ਇਹ ਸੁਨਿਸਚਤ ਕਰਦੇ ਹਨ ਕਿ ਲੋਕ ਆਪਣੀਆਂ ਸਮੱਸਿਆਵਾਂ ਦੇ ਅਸਲੀ ਸਰੋਤ ਨੂੰ ਨਾ ਪਛਾਣ ਸਕਣ, ਜੋ ਕਿ ਸੋਸ਼ਣ ਦੀ ਸਰਮਾਏਦਾਰ ਵਿਵਸਥਾ ਅਤੇ ਇਸ ਵਿਵਸਥਾ ਦੀ ਰਾਖੀ ਕਰਨ ਵਾਲਾ ਹਿੰਦੋਸਤਾਨੀ ਰਾਜ ਹੈ। ਦੂਸਰਾ ਲੋਕਾਂ ਨੂੰ ਇੱਕ ਦੂਸਰੇ ਦੇ ਖ਼ਿਲਾਫ਼ ਭਿੜਾ ਕੇ ਹੁਕਮਰਾਨ ਸਾਡੀ ਏਕਤਾ ਨੂੰ ਤੋੜਦੇ ਹਨ ਅਤੇ ਸਾਡੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਲਈ ਸਾਡੇ ਆਪਣੇ ਸੰਘਰਸ਼ ਨੂੰ ਕਮਜ਼ੋਰ ਕਰਦੇ ਹਨ। ਹਿੰਦੋਸਤਾਨ ਦੇ ਸਾਰੇ ਲੋਕ ਹੁਕਮਰਾਨ ਸਰਮਾਏਦਾਰ ਵਰਗ ਦੀ ਇਸ ਰਾਜ ਨੀਤੀ ਦਾ ਸ਼ਿਕਾਰ ਹੋਏ ਹਨ।

ਮਨੀਪੁਰ ਦੇ ਨੌਜਵਾਨ ਆਪਣੀ ਪ੍ਰਤਿਭਾ, ਸਖ਼ਤ ਮਿਹਨਤਕਰਨ ਦੀ ਯੋਗਤਾ ਅਤੇ ਗਿਆਨ ਹਾਸਲ ਕਰਨ ਦੀ ਪਿਆਸ ਦੇ ਮਾਮਲੇ ਵਿੱਚ ਕਿਸੇ ਤੋਂ ਪਿੱਛੇ ਨਹੀਂ ਹਨ। ਪ੍ਰੰਤੂ ਮਨੀਪੁਰ ਵਿੱਚ ਉੱਚ ਅਤੇ ਤਕਨੀਕੀ ਸਿੱਖਿਆ ਦੇ ਕਾਫ਼ੀ ਸੰਸਥਾਨ ਸਥਾਪਤ ਨਹੀਂ ਕੀਤੇ ਗਏ ਹਨ। ਨਾ ਹੀ ਨੌਜਵਾਨਾਂ ਦੇ ਲਈ ਰੋਜ਼ਗਾਰ ਦੇ ਕਾਫ਼ੀ ਮੌਕੇ ਹਨ। ਉਨ੍ਹਾਂ ਨੂੰ ਸਿੱਖਿਆ ਪ੍ਰਾਪਤ ਕਰਨ ਜਾਂ ਨੌਕਰੀਆਂ ਲੱਭਣ ਲਈ ਦੇਸ਼ ਦੇ ਦੂਰ ਦਰਾਜ਼ ਦੇ ਇਲਾਕਿਆਂ ਵਿੱਚ ਜਾਣ ਲਈ ਮਜ਼ਬੂਰ ਹੋਣਾ ਪੈਂਦਾ ਹੈ।

ਇਹ ਬਹੁਤੇ ਨੌਜਵਾਨਾਂ ਨੂੰ ਪ੍ਰਭਾਵਤ ਕਰਨ ਵਾਲੀ ਸਮੱਸਿਆ ਹੈ, ਚਾਹੇ ਉਹ ਪਹਾੜੀ ਇਲਾਕਿਆਂ ਦੇ ਲੋਕ ਹੋਣ ਜਾ ਘਾਟੀ ਦੇ ਲੋਕ। ਮਗਰ, ਹੁਕਮਰਾਨ ਵਰਗ ਜਾਣ ਬੁੱਝ ਕੇ ਪਰਚਾਰ ਕਰਦਾ ਹੈ ਕਿ ਪਹਾੜੀ ਲੋਕਾਂ ਨੂੰ ਲਾਭ ਹੋਇਆ ਹੈ ਅਤੇ ਅਖੌਤੀ ਤੌਰ 'ਤੇ ਅਨੁਸੂਚਿਤ ਜਨ ਜਾਤੀਆਂ ਦੇ ਮੈਂਬਰਾਂ ਦੇ ਲਈ ਰਿਜਰਵੇਸ਼ਨ ਦੇ ਕਾਰਣ ਘਾਟੀ ਦੇ ਲੋਕਾਂ ਦੇ ਨਾਲ ਭੇਦਭਾਵ ਕੀਤਾ ਗਿਆ ਹੈ।

ਪਿਛਲੇ ਕੁਝ ਸਾਲਾਂ ਵਿੱਚ, ਮੀਆਂਮਾਰ ਦੀ ਫ਼ੌਜ ਵਲੋਂ ਸ਼ੁਰੂ ਕੀਤੇ ਗਏ ਦਮਨ ਦੇ ਕਾਰਨ ਲੱਖਾਂ-ਲੱਖਾਂ ਸ਼ਰਨਾਰਥੀ ਮੀਆਂਮਾਰ ਤੋਂ ਮਨੀਪੁਰ ਆ ਗਏ ਹਨ। ਇਨ੍ਹਾਂ ਵਿੱਚੋਂ ਕਈ ਸ਼ਰਨਾਰਥੀ ਮਨੀਪੁਰ ਦੇ ਪਹਾੜੀ ਲੋਕਾਂ ਦੇ ਨਾਲ ਨਜ਼ਦੀਕੀ ਨਾਲ ਜੁੜੇ ਹੋਏ ਹਨ। ਇਨ੍ਹਾਂ ਸ਼ਰਨਾਰਥੀਆ ਦੀਆਂ ਮਨੁੱਖੀ ਲੋੜਾਂ ਦਾ ਧਿਆਨ ਰੱਖਣਾ ਹਿੰਦੋਸਤਾਨੀ ਰਾਜ ਦੀ ਜ਼ਿੰਮੇਦਾਰੀ ਹੈ। ਅਜਿਹਾ ਕਰਨ ਦੀ ਬਜਾਏ, ਹਿੰਦੋਸਤਾਨ ਦੀ ਸਰਕਾਰ ਨੇ ਇਨ੍ਹਾਂ ਤਮਾਮ ਸ਼ਰਨਾਰਥੀਆਂ ਦਾ ਇਸਤੇਮਾਲ ਕਰਕੇ ਅਲੱਗ-ਅਲੱਗ ਤਬਕਿਆਂ ਦੇ ਲੋਕਾਂ ਨੂੰ ਇੱਕ ਦੂਸਰੇ ਦੇ ਖ਼ਿਲਾਫ਼ ਭਿੜਾਉਣ ਦਾ ਕੰਮ ਕੀਤਾ ਹੈ।

ਹਿੰਦੋਸਤਾਨ ਦੇ ਸੰਵਿਧਾਨ ਦਾ ਅਨੁਛੇਧ 371-ਸੀ ਰਾਜ ਦੇ ਪਹਾੜੀ ਇਲਾਕਿਆਂ ਤੇ ਮਨੀਪੁਰ ਵਿਧਾਨ ਸਭਾ ਦੀ ਤਾਕਤ ਨੂੰ ਸੀਮਤ ਕਰਦਾ ਹੈ। ਇਹ ਅਨੁਛੇਧ ਕੇਂਦਰ ਸਰਕਾਰ ਨੂੰ ਇਨ੍ਹਾਂ ਇਲਾਕਿਆਂ ਦੇ ਪ੍ਰਸਾਸ਼ਨ ਦੇ ਸਬੰਧ ਵਿੱਚ ਮਨੀਪੁਰ ਸਰਕਾਰ ਨੂੰ ਨਿਰਦੇਸ਼ ਦੇਣ ਦੀ ਤਾਕਤ ਦਿੰਦਾ ਹੈ। ਇਹ ਹੱਕ ਕੇਂਦਰ ਸਰਕਾਰ ਨੂੰ, ਪਹਾੜੀ ਇਲਾਕਿਆਂ ਦੇ ਸਬੰਧ ਵਿੱਚ, ਮਨੀਪੁਰ ਦੀ ਸਰਕਾਰ ਨੂੰ ਦਰਕਿਨਾਰ ਕਰਨ ਦੇ ਯੋਗ ਬਣਾਉਂਦਾ ਹੈ। ਕੇਂਦਰ ਸਰਕਾਰ ਨੈ ਬਾਰ-ਬਾਰ ਇਸ ਹੱਕ ਦਾ ਇਸਤੇਮਾਲ ਕਰਕੇ, ਘਾਟੀ ਅਤੇ ਪਹਾੜੀ ਇਲਾਕਿਆਂ ਦੇ ਲੋਕਾਂ ਦੇ ਵਿੱਚ ਦੀ ਖਾਈ ਨੂੰ ਡੂੰਘਾ ਕਰਨ ਦਾ ਕੰਮ ਕੀਤਾ ਹੈ।

ਹੁਕਮਰਾਨ ਵਰਗ ਦੇ ਫ਼ੁੱਟ ਪਾਊ ਅਤੇ ਦੋਸ਼ੀ ਤਰਕਿਆਂ ਦੇ ਬਾਵਜੂਦ, ਮਨੀਪੁਰ ਦੇ ਲੋਕ ਇੱਕ ਜੁੱਟ ਹੋ ਕੇ, ਆਪਣੇ ਸਾਂਝੇ ਹਿਤਾਂ ਦੇ ਲਈ ਸੰਘਰਸ਼ ਕਰ ਰਹੇ ਹਨ। ਆਪਣੇ ਕੌਮੀ ਅਧਿਕਾਰਾਂ ਦੀ ਰਾਖੀ ਲਈ ਅਤੇ ਫ਼ੌਜੀ ਸਾਸ਼ਨ ਦੇ ਖ਼ਿਲਾਫ਼ ਇੱਕ ਜੁੱਟ ਸੰਘਰਸ਼ ਉਨ੍ਹਾਂ ਦਾ ਲੰਬਾ ਇਤਿਹਾਸ ਰਿਹਾ ਹੈ।

**ਫ਼ੌਜੀ ਰਾਜ ਅਤੇ ਅ.ਫ਼ਸਪਾ** : ਮਨੀਪੁਰ ਵਿੱਚ 1950 ਦੇ ਦਹਾਕੇ ਤੋਂ ਫ਼ੌਜੀ ਰਾਜ ਲਾਗੂ ਹੈ। ਸ਼ੁਰੂ ਵਿੱਚ ਹਥਿਆਰ ਬਲ (ਵਿਸੇਸ਼ ਅਧਿਕਾਰ) ਅਧਿਨਿਯਮ ਜਾ ਅਫ਼ਸਪਾ, ਮਨੀਪੁਰ ਦੇ ਨਗਾ ਵਸੋਂ ਬਾਲੇ ਇਲਾਕਿਆਂ ਵਿੱਚ ਲਾਗੂ ਸੀ। 18 ਸਤੰਬਰ, 1981 ਨੂੰ ਪੂਰੇ ਰਾਜ ਤੇ ਇਸ ਨੂੰ ਲਾਗੂ ਕਰ ਦਿੱਤਾ ਗਿਆ ਸੀ।

ਆ.ਫ਼ਸਪਾ ਨੂੰ ਉਸੇ ਤਰ੍ਹਾਂ ਦੇ ਅਧਿਨਿਯਮ ਦੇ ਰੂਪ ਦੇ ਵਿੱਚ ਬਣਾਇਆ ਗਿਆ ਹੈ ਜਿਸ ਨੂੰ ਬਰਤਾਨਵੀ ਬਸਤੀਵਾਦੀ ਹਾਕਮਾਂ ਨੇ 1942 ਵਿੱਚ ਬਸਤੀਵਾਦ ਵਿਰੋਧੀ ਸੰਘਰਸ਼ ਦੇ ਵਧਦੇ ਜਵਾਰ ਨੂੰ ਦਬਾਉਣ ਦੇ ਲਈ ਲਾਗੂ ਕੀਤਾ ਗਿਆ ਸੀ। ਇਸਦਾ ਇਸਤੇਮਾਲ ਪੂਰਵ-ਉੱਤਰ ਦੇ ਵਿਭਿੰਨ ਰਾਜਾਂ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਦੇ ਨਾਲ-ਨਾਲ ਜੰਮੂ-ਕਸ਼ਮੀਰ ਦੇ ਲੋਕਾਂ ਦੇ ਖ਼ਿਲਾਫ਼ ਵੀ ਕੀਤਾ ਗਿਆ ਹੈ।

ਆ.ਫ਼ਸਪਾ ਇੱਕ ਕਰੂਰ ਅਧੀਨਿ.ਗਮ ਹੈ ਜੋ ਹਥਿਆਂਰਬੰਦ ਬਲਾਂ ਨੂੰ ਮਾਤਰ ਸ਼ੱਕ ਦੇ ਅਧਾਰ ਤੇ ਲੋਕਾਂ ਨੂੰ ਮਾਰਨ, ਅਗਵਾਹ ਕਰਨ, ਗ੍ਰਿ.ਫਤਾਰ ਕਰਨ ਅਤੇ ਤਸ਼ੱਦਦ ਕਰਨ, ਉਨ੍ਹਾਂ ਦੇ ਘਰਾਂ ਤੇ ਛਾਪੇ ਮਾਰਨ ਅਤੇ ਤਲਾਸ਼ੀਆਂ ਲੈਣ ਦਾ ਅਧਿਕਾਰ ਦਿੰਦਾ ਹੈ। ਲੋਕਾਂ ਤੇ ਕੀਤੇ ਗਏ ਅਪਰਾਧਾਂ ਦੇ ਲਈ, ਹਥਿਆਰਬੰਦ ਬਲਾਂ ਦੇ ਸਿਪਾਹੀਆਂ ਤੇ ਕਿਸੇ ਵੀ ਅਦਾਲਤ ਵਿੱਚ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ ਹੈ।

ਮਨੀਪੁਰ ਵਿੱਚ ਸੁਰੱਖਿਆ ਬਲਾਂ ਵਲੋਂ ਮਾਰੇ ਗਏ ਲੋਕਾਂ ਦੇ ਮਾਪਿਆਂ ਦੇ ਇੱਕ ਸਮੂਹ, ਅਨਿਆਈ ਹੱਤਿਆਵਾਂ ਤੋਂ ਪੀੜਤ ਪਰਿਵਾਰ ਸੰਘ ਵਲੋਂ 2012 ਵਿੱਚ ਸੁਪਰੀਮ ਕੋਰਟ ਵਿੱਚ ਇੱਕ ਅਰਜ਼ੀ ਦਾਇਰ ਕੀਤੀ ਗਈ ਸੀ। ਉਸ ਅਰਜ਼ੀ ਵਿੱਚ 1970 ਦੇ ਦਹਾਕੇ ਤੋਂ ਬਾਦ ਤੋਂ 1,528 ਫ਼ਰਜ਼ੀ ਮੁੱਠ-ਭੇੜ ਵਿੱਚ ਮੌਤਾਂ ਦੇ ਸਬੂਤਾਂ ਦੇ ਦਸਤਾਵੇਜ਼ ਪੇਸ਼ ਕੀਤੇ ਗਏ ਸੀ। ਉਸ ਅਰਜ਼ੀ ਵਿੱਚ ਦੱਸਿਆ ਗਿਆ ਸੀ ਕਿ ਇਨ੍ਹਾਂ ਵਿੱਚੋਂ ਕਿਸੇ ਵੀ ਮਾਮਲੇ ਵਿੱਚ, ਫ਼ੌਜ ਦੇ ਅਪਰਾਧੀ ਜਵਾਨਾਂ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀ ਕੀਤੀ ਗਈ ਸੀ।

ਉਸ ਅਰਜ਼ੀ ਦੇ ਜਵਾਬ ਵਿੱਚ, ਸੁਪਰੀਮ ਕੋਰਟ ਨੇ 8 ਜੁਲਾਈ, 2016 ਨੂੰ ਫ਼ੈਸਲਾ ਸੁਣਾਇਆ ਸੀ ਕਿ "ਗੜਬੜ ਵਾਲੇ ਇਲਾਕਿਆਂ" ਵਿੱਚ ਵੀ "ਅਪਰਾਧਕ ਇਲਾਕਿਆਂ ਵਿੱਚ ਮੁਕੱਦਮੇ ਤੋਂ ਸੰਪੂਰਨ ਬਚਾ ਦੀ ਕੋਈ ਅਵਧਾਰਣਾ ਨਹੀਂ ਹੈ। ਸੁਪਰੀਮਕੋਰਟ ਨੇ ਫ਼ੈਸਲਾ ਸੁਣਾਇਆ ਸੀ ਕਿ "ਮਨੀਪੁਰ ਦੇ ਗੜਬੜ ਵਾਲੇ ਇਲਾਕਿਆਂ ਸਮੇਤ ਹਥਿਆਰਬੰਦ ਬਲਾਂ ਦੇ ਹੱਥੋਂ ਹੋਣ ਵਾਲੀਆਂ ਸਾਰੀਆਂ ਮੌਤਾਂ ਦੀ ਪੂਰੀ ਤਰ੍ਹਾਂ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ, ਅਗਰ ਕੋਈ ਸ਼ਕਾਇਤ ਜਾ ਅਧਿਕਾਰ ਦਾ ਗ਼ਲਤ ਇਸਤੇਮਾਲ ਜਾਂ ਸੱਤਾ ਦੇ ਦੁਰ ਉਪਯੋਗ ਦਾ ਦੋਸ਼ ਹੈ।"

12 ਅਪ੍ਰੈਲ 2017 ਨੂੰ ਹਿੰਦੋਸਤਾਨ ਦੀ ਸਰਕਾਰ ਨੇ ਇਸ ਫ਼ੈਸਲੇ ਤੇ ਇੱਕ ਉਪਚਾਰਕਤਾਮਕ ਅਰਜ਼ੀ ਦਾਇਰ ਕੀਤੀ, ਜਿਸ ਵਿੱਚ 8 ਜੁਲਾਈ 2016 ਦੇ ਸੁਪਰੀਮ ਕੋਰਟ ਦੇ ਹੁਕਮ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਹਿੰਦੋਸਤਾਨ ਦੀ ਸਰਕਾਰ ਦਾ ਪ੍ਰਤੀਨਿਧੀ ਅਟਾਰਨੀ ਜਨਰਲ ਨੇ ਇਹ ਦਲੀਲ ਦਿੱਤੀ ਕਿ ਉਹ ਹੁਕਮ ਨੂੰ ਲਾਗੂ ਕਰਨਾ ਹਥਿਆਰਬੰਦ ਬਲਾਂ ਦੇ ਮਨੋਬਲ ਦੇ ਲਈ ਨੁਕਸਾਨਦਾਇਕ ਹੋਵੇਗਾ। ਉਨ੍ਹਾਂ ਨੇ ਇਹ ਕਹਿੰਦੇ ਹੋਏ ਅਰਜ਼ੀ ਪੇਸ਼ ਕੀਤੀ ਕਿ ਮਨੀਪੁਰ ਵਿੱਚ ਯੁਧ ਵਰਗੀ ਹਾਲਤ ਹੈ ਅਤੇ ਅਜਿਹੀ ਹਾਲਤ ਵਿੱਚ ਹਥਿਆਰਬੰਦ ਬਲਾਂ ਵਲੋਂ ਕੀਤੇ ਗਏ ਕਿਸੇ ਵੀ ਕਦਮ ਤੇ ਅਦਾਲਤੀ ਜਾਂਚ ਨਹੀਂ ਹੋ ਸਕਦੀ ਹੈ।

ਇਹ ਮਨੀਪੁਰ ਦੇ ਲੋਕਾ ਦੇ ਪ੍ਰਤੀ ਹਿੰਦੋਸਤਾਨੀ ਹੁਕਮਰਾਨ ਵਰਗ ਦੇ ਕਪਟ ਅਤੇ ਮਾਨਸਕਤਾ ਨੂੰ ਦਰਸਾਉਂਦਾ ਹੈ। ਕੇਂਦਰੀ ਰਾਜ "ਹਥਿਆਰਬੰਦ ਬਲਾਂ ਦੇ ਮਨੋਬਲ" ਨੂੰ ਬਣਾ ਕੇ ਰੱਖਣ ਦੇ ਨਾਂ ਤੇ ਹਥਿਆਰਬੰਦ ਬਲਾਂ ਵਲੋਂ ਬੇਕਸੂਰ ਲੋਕਾਂ ਦੇ ਬਲਾਤਕਾਰ, ਜ਼ੁਲਮ ਅਤੇ ਮੌਤਾਂ ਨੂੰ ਕਨੂੰਨੀ ਰੂਪ ਨਾਲ ਜਾਇਜ਼ ਠਹਿਰਉਂਦਾ ਹੈ। ਇਹ ਸਾ.ਫ਼-ਸਾ.ਫ਼ ਰਾਜਕੀ ਅਤੰਕਵਾਦ ਹੈ, ਲੋਕਤੰਤਰਿਕ ਅਧਿਕਾਰਾਂ ਅਤੇ ਮਨੁੱਖੀ ਅਧਿਕਰਾਂ ਦੀ ਘੋਰ ਉਲੰਘਣਾ ਹੈ।

ਮਨੀਪੁਰ ਦੇ ਸਾਰੇ ਲੋਕ ਅ.ਫ਼ਸਪਾ ਅਤੇ ਹਥਿਆਰਬੰਦ ਬਲਾਂ ਦੇ ਅਤੰਕਵਾਦੀ ਰਾਜ ਦੇ ਖ਼ਿਲਾ.ਫ਼ ਇੱਕ ਲੰਬਾ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਦੇ ਇੱਕ ਲਗਾਤਾਰ ਅਤੇ ਇੱਕ ਜੁੱਟ ਸੰਘਰਸ਼ ਦੀ ਵਜ੍ਹਾ ਨਾਲ ਹੀ ਅਗਸਤ 2004 ਵਿਚ ਹਿੰਦੋਸਤਾਨ ਦੀ ਸਰਕਾਰ ਨੂੰ ਮਨੀਪੁਰ ਦੀ ਰਾਜਧਾਨੀ, ਇੰਫ਼ਾਲ ਦੇ ਕੁਝ ਇਲਾਕਿਆਂ ਤੋਂ ਅ.ਫ਼ਸਪਾ ਵਾਪਸ ਲੈਣ ਲਈ ਮਜ਼ਬੂਰ ਹੋਣਾ ਪਿਆ ਸੀ। **ਅਸਲੀ ਉਦੇਸ਼** : ਇਸ ਸਮੇਂ, ਮਨੀਪੁਰ ਵਿੱਚ ਅਰਾਜਕਤਾ ਅਤੇ ਹਿੰਸਾ ਫ਼ੈਲਾਉਣ ਦੇ ਪਿੱਛੇ ਅਸਲੀ ਉਦੇਸ਼ ਮਨੀਪੁਰ ਵਿੱਚ ਫ਼ੌਜ਼ੀ ਰਾਜ ਅਤੇ ਅ.ਫ਼ਸਪਾ ਨੂੰ ਜ਼ਾਰੀ ਰੱਖਣ ਦਾ ਬਹਾਨਾ ਬਨਾਉਣਾ ਹੈ।

40 ਤੋਂ ਵੱਧ ਸਾਲਾਂ ਲਈ, ਉੱਥੇ ਫ਼ੌਜੀ ਰਾਜ ਨੂੰ ਜਾਇਜ਼ ਠਹਿਰਾਉਣ ਦੇ ਲਈ ਇਹ ਕਿਹਾ ਗਿਆ ਹੈ ਕਿ ਹਥਿਆਰਬੰਦ ਵਿਦਰੋਹੀਆਂ ਅਤੇ ਅਲਗਵਾਦੀਆਂ ਨਾਲ ਨਿਪਟਣ ਲਈ ਇਸ ਦੀ ਲੋੜ ਹੈ। ਇਸ ਪ੍ਰਚਾਰ ਤੇ ਹੁਣ ਉੱਥੋਂ ਦੇ ਲੋਕ ਯਕੀਨ ਨਹੀਂ ਕਰਦੇ ਹਨ। ਲੋਕਾਂ ਨੂੰ ਸਾ.ਫ਼-ਸਾ.ਫ਼ ਦਿਸਦਾ ਹੈ ਕਿ ਇਸ ਵਿੱਚ ਕਈ ਗਰੋਹ ਹਿੰਦੋਸਤਾਨੀ ਰਾਜ ਦੀ ਖ਼ੁਫ਼ੀਆ ਏਜੰਸੀਆਂ ਦੀ ਸ਼ਾਂਠ-ਗਾਂਠ ਨਾਲ ਕੰਮ ਕਰਦੇ ਹਨ। ਹਿੰਦੋਸਤਾਨੀ ਫ਼ੌਜ ਅਤੇ ਵਿਭਿੰਨ ਹਥਿਆਰਬੰਦ ਗਰੋਹ ਦੋਵੇ ਉਨ੍ਹਾਂ ਲੋਕਾਂ ਤੇ ਦਮਨ ਅਤੇ ਅਤੰਕ ਫ਼ੈਲਾਉਂਦੇ ਹਨ, ਜਿਨ੍ਹਾਂ ਦੀ ਰਾਖੀ ਕਰਨ ਦਾ ਉਹ ਦਾਅਵਾ ਕਰਦੇ ਹਨ। ਦੋਵੇਂ ਮਿਲਜੁਲ ਕੇ, ਅ.ਫ਼ੀਮ ਦੀ ਖ਼ੇਤੀ, ਨਸ਼ੀਲੀਆਂ ਦਵਾਈਆਂ ਦੀ ਤਸਕਰੀ ਅਤੇ ਮੀਆਂਮਾਰ ਦੇ ਨਾਲ ਅੰਤਰਰਾਸ਼ਟਰੀ ਹੱਦ ਦੇ ਪਾਰ ਤਸਕਰੀ ਆਦਿ ਨੂੰ ਅੰਜ਼ਾਮ ਦਿੰਦੇ ਹਨ। ਪਰਜੀਵੀਆਂ ਦੇ ਵਾਂਗ, ਉਹ ਲੋਕਾਂ ਦਾ ਖ਼ੂਨ ਚੂਸਦੇ ਹਨ ਅਤੇ ਆਪਣੀਆਂ-ਆਪਣੀਆਂ ਤਿਜ਼ੌਰੀਆਂ ਭਰਦੇ ਹਨ। ਮਨੀਪੁਰ ਵਿੱਚ ਚੁਣ ਕੇ ਆਈਆਂ ਸਰਕਾਰਾਂ ਕੇਂਦਰੀ ਰਾਜ ਦੀ ਦੇਖ-ਰੇਖ ਵਿੱਚ ਵਿਭਿੰਨ ਹਥਿਆਰਬਦ ਗ੍ਰੋਹਾਂ ਦੇ ਨਾਲ ਨਜ਼ਦੀਕੀ ਨਾਲ ਮਿਲਜੁਲ ਕੇ ਕੰਮ ਕਰਦੀਆਂ ਹਨ। ਇਹ ਲੋਕਾਂ ਨੂੰ ਵੱਧ ਤੋਂ ਵੱਧ ਹੱਦ ਤੱਕ ਪਤਾ ਹੋਣ ਲੱਗਾ ਹੈ।

ਹੁਣ ਉੱਥੇ ਫ਼ੌਜੀ ਰਾਜ ਨੂੰ ਜਾਇਜ਼ ਠਹਿਰਾਉਣ ਦੇ ਲਈ ਇੱਕ ਨਵਾਂ ਕਾਰਣ ਦਿੱਤਾ ਜਾ ਰਿਹਾ ਹੈ। ਲੋਕਾਂ ਨੂੰ ਇੱਕ-ਦੂਜੇ ਦਾ ਜਨ-ਸੰਹਾਰ ਕਰਨ ਤੋਂ ਰੋਕਣ ਦੇ ਨਾਂ ਤੇ, ਫ਼ੌਜ਼ੀ ਰਾਜ ਨੂੰ ਜਾਇਜ਼ ਠਹਿਰਾਇਆ ਜਾ ਰਿਹਾ ਹੈ।

1990 ਦੇ ਦਹਾਕੇ ਤੋਂ, ਹਿੰਦੋਸਤਾਨੀ ਹੁਕਮਰਾਨ ਵਰਗ "ਪੂਰਵ ਦੇ ਵੱਲ ਦੇਖੋ" ਦੀ ਨੀਤੀ ਨੂੰ ਅਪਣਾ ਰਿਹਾ ਹੈ। ਇਹ ਚੀਨ ਦੇ ਨਾਲ ਮੁਕਾਬਲੇ ਵਿੱਚ, ਦੱਖਣ-ਪੂਰਵ ਏਸ਼ੀਆ ਵਿੱਚ ਹਿੰਦੋਸਤਾਨੀ ਸਾਮਰਾਜਵਾਦੀ ਅਸਰ ਦਾ ਵਿਸਤਾਰ ਕਰਨ ਦੇ ਉਦੇਸ਼ ਨਾਲ ਬਣਾਈ ਗਈ ਇੱਕ ਨੀਤੀ ਹੈ। ਹਿੰਦੋਸਤਾਨ ਤੋਂ ਦੱਖਣ-ਪੂਰਵ ਏਸ਼ੀਆਂ ਦੇ ਦੇਸ਼ਾਂ ਤੱਕ ਸੜਕ ਅਤੇ ਰੇਲ ਮਾਰਗ ਬਣਾਉਣ ਦੀ ਯੋਜਨਾ ਹੈ, ਜੋ ਮਨੀਪੁਰ ਅਤੇ ਮੀਆਂਮਾਰ ਵਿੱਚੋਂ ਹੋ ਕੇ ਲੰਘੇਗਾ। ਹਿੰਦੋਸਤਾਨੀ ਹੁਕਮਰਾਨ ਵਰਗ ਨੂੰ ਮਨੀਪੁਰ ਦੇ ਲੋਕਾਂ ਨੂੰ ਆਪਣੇ ਅਧੀਨ ਰੱਖਣ ਦੇ ਲਈ ਅਤੇ ਫ਼ੌਜੀ ਰਾਜ ਅਤੇ ਅ.ਫ਼ਸਪਾ ਨੂੰ ਜਾਰੀ ਰੱਖਣ ਦਾ ਇੱਕ ਨਵਾਂ ਬਹਾਨਾ ਦੇਣ ਦੀ ਲੋੜ ਹੈ।

**ਅੱਗੇ ਵਧਣ ਦਾ ਰਸਤਾ** : ਮਨੀਪੁਰ ਦੇ ਲੋਕਾਂ ਦੇ ਲਈ ਅੱਗੇ ਦਾ ਰਸਤਾ ਆਪਣੀ ਏਕਤਾ ਨੂੰ ਬਣਾ ਕੇ ਰੱਖਣਾ ਅਤੇ ਆਪਣੇ ਸਾਂਝੇ ਸੰਘਰਸ਼ ਦੀ ਰਾਖੀ ਕਰਨਾ ਅਤੇ ਉਸ ਨੂੰ ਮਜ਼ਬੂਤ ਕਰਨਾ ਹੈ। ਹਿੰਦੋਸਤਾਨੀ ਹੁਕਮਰਾਨ ਵਰਗ ਦੀਆਂ ਘਿਨੌਣੀਆਂ ਸ਼ਾਜਿਸ਼ਾਂ ਨੂੰ ਨਾਕਾਮਯਾਬ ਕਰਨਾ ਹੋਵੇਗਾ। ਮੌਜੂਦਾ ਹਾਲਤ ਵਿੱਚ ਦੇਸ਼ ਦੀਆਂ ਸਾਰੀਆਂ ਲੋਕਤੰਤਰਿਕ ਅਤੇ ਅਗਾਂਹਵਧੂ ਤਾਕਤਾਂ ਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਮਨੀਪੁਰ ਤੇ ਫ਼ੌਜੀ ਕਬਜ਼ੇ ਅਤੇ ਹਰ ਤਰ੍ਹਾਂ ਦੇ ਰਾਜਕੀ ਅਤੰਕਬਾਦ ਨੂੰ ਫ਼ੌਰਨ ਰੋਕ ਦਿੱਤਾ ਜਾਵੇ।

ਮਨੀਪੁਰ ਦੇ ਲੋਕਾਂ ਦਾ, ਆਪਣੇ ਮਨੁੱਖੀ, ਲੋਕਤੰਤਰਿਕ ਅਤੇ ਰਾਸ਼ਟਰੀ ਅਧਿਕਾਰਾਂ ਦੀ ਰਾਖੀ ਦੇ ਲਈ ਇੱਕ ਜੁੱਟ ਸੰਘਰਸ਼ ਦਾ ਇਤਿਹਾਸ ਰਿਹਾ ਹੈ। ਇਸ ਲਕਸ਼ ਨੂੰ ਹਾਸਲ ਕਰਨ ਦੇ ਲਈ ਹਜ਼ਾਰਾਂ ਦੇਸ਼ ਭਗਤ ਸ਼ਹੀਦ ਹੋਏ ਹਨ। ਫਿਰ ਵੀ ਮਨੀਪੁਰੀ ਲੋਕਾਂ ਨੇ ਆਪਣਾ ਜਾਇਜ਼ ਸੰਘਰਸ਼ ਕਦੇ ਨਹੀ ਰੋਕਿਆ ਹੈ।

ਸਰਮਾਏਦਾਰਾਂ ਦੀ ਹੁਕਮਸ਼ਾਹੀ ਦੇ ਮਜ਼ੂਦਾ ਰਾਜ ਤੋਂ ਪੀੜਤ ਸਾਰੇ ਲੋਕਾਂ ਨੂੰ ਇੱਕਜੁੱਟ ਹੋ ਕੇ, ਇਸ ਦੀ ਜਗ੍ਹਾ ਤੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਹਕੂਮਤ ਦੇ ਨਵੇਂ ਰਾਜ ਦੀ ਸਥਾਪਨਾ ਕਰਨ ਦੇ ਉਦੇਸ਼ ਨਾਲ, ਸੰਘਰਸ਼ ਕਰਨਾ ਹੋਵੇਗਾ। ਦਮਨਕਾਰੀ ਬਸਤੀਵਾਦੀ ਰੂਪ ਦੇ ਹਿੰਦੋਸਤਾਨੀ ਸੰਘ ਨੂੰ ਇੱਥੇ ਵਸੇ ਹੋਏ ਸਾਰੀਆਂ ਕੌਮਾਂ ਅਤੇ ਕੌਮੀਅਥਤਾਂ ਅਤੇ ਲੋਕਾਂ ਨੂੰ ਇੱਕ ਸਵੈ-ਇੱਛਕ ਸੰਘ ਦੇ ਰੂਪ ਵਿੱਚ ਪੁਨ: ਸਥਾਪਤ ਕਰਨਾ ਹੋਵੇਗਾ। ਹਿੰਦੋਸਤਾਨੀ ਸੰਘ ਅਤੇ ਉਸਦੇ ਘਟਕਾਂ ਵਿੱਚ ਸਬੰਧ ਇੱਥੇ ਵਸੇ ਹੋਏ ਸਾਰੇ ਲੋਕਾਂ ਦੇ ਆਰਥਕ ਰਾਜਨੀਤਕ ਅਤੇ ਸ਼ੰਸਕਰਿਤਕ ਅਧਿਕਾਰਾਂ ਨੂੰ ਮਾਨਤਾ ਦੇਣ ਅਤੇ ਸੁਨਿਸ਼ਚਤ ਕਰਨ ਤੇ ਅਧਾਰਤ ਹੋਣਾ ਚਾਹੀਦਾ ਹੈ। ਰਾਜਨੀਤਕ ਹਾਲਤ ਵਿੱਚ ਮੂਲਭੂਤ ਤਬਦੀਲੀ ਕਰਨ ਦੀ ਲੋੜ ਹੈ, ਤਾਂਕਿ ਲੋਕਾਂ ਵਿੱਚ ਸੰਪ੍ਰਭੁਤਾ ਨੀਹਿਤ ਹੋਵੇ। ਇਸ ਸਮੇ ਦੀ ਬੇਹੱਦ ਅਪਰਾਧੀ ਰਾਜਨੀਤਕ ਪ੍ਰਕਿਰਿਆ ਨੂੰ ਖ਼ਤਮ ਕਰਕੇ ਇੱਕ ਨਵੀ ਰਾਜਨੀਤਕ ਪ੍ਰਕਿਰਿਆ ਸਥਾਪਤ ਕਰਨੀ ਹੋਵੇਗੀ, ਜਿਸ ਵਿੱਚ ਲੋਕ ਆਪਣੇ ਚੁਣੇ ਹੋਏ ਪ੍ਰਤੀਨਿਧੀਆਂ ਤੇ ਕੰਟਰੋਲ ਕਰ ਸਕਣਗੇ ਅਤੇ ਖ਼ਦ ਆਪਣੇ ਹਿੱਤ ਵਿੱਚ ਫ਼ੈਸਲੇ ਲੈ ਸਕਣਗੇ। ਆਪਣੇ ਹੱਥ ਵਿੱਚ ਰਾਜਨੀਤਕ ਸਤਾ ਦੇ ਨਾਲ, ਮਜ਼ਦੂਰ, ਕਿਸਾਨ ਅਤੇ ਹੋਰ ਮਿਹਨਤਕਸ਼ ਲੋਕ ਸਰਮਾਏਦਾਰਾ ਲਾਲਚ ਨੂੰ ਪੂਰਾ ਕਰਨ ਦੀ ਬਜਾਏ, ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਅਰਥਵਿਵਸਥਾ ਨੂੰ ਨਵੀਂ ਦਿਸ਼ਾ ਦੇ ਸਕਣਗੇ।

ਪਾਸ਼ ਅੰਬਰ ਦੀ ਕੰਧ ਤੋਂ

# ਪੰਜਾਬ ਅਖੇੜੇ ਦੇ ਦੌਰ 'ਚ ਅਤੇ ਨਵੀਆਂ ਤਰਾਸਦੀਆਂ ਵੱਲ ਵਧਦੇ ਕਦਮ

**ਪਰਮਿੰਦਰ ਸਿੰਘ ਜੰਡਾਲੀ**

## ਕਿਸੇ ਵੀ ਨਿਰਣੇ ਤੇ ਪਹੁੰਚਣ ਤੋਂ ਪਹਿਲਾਂ ਸਾਨੂੰ 20 ਸਾਲ ਪਹਿਲਾਂ ਵਾਲੇ ਕਨੇਡਾ ਤੇ ਅੱਜ ਦੇ ਕਨੇਡਾ ਨੂੰ ਆਰਥਿਕ ਤੇ ਸਮਾਜਿਕ ਪੱਖ ਤੋਂ ਘੋਖਣਾ ਪਵੇਗਾ...ਦੋ ਦਹਾਕਿਆਂ ਦਾ ਫਰਕ ਹੈ...



20 ਸਾਲ ਪਹਿਲਾਂ ਚਾਹੇ ਦਿਹਾੜੀ $9-10 ਡਾਲਰ ਘੰਟਾ ਸੀ,ਪਰ ਆਮ ਡੀਟੈਚ ਘਰ ਦੀ ਕੀਮਤ ਉਸਦੀ Sq footage ਨੂੰ ਮੁੱਖ ਰੱਖ ਕੇ ਵੇਖੀਏ ਤਾਂ $250000 ਤੋ $350000 ਦੇ ਕਰੀਬ ਸੀ...ਫੈਕਟਰੀ ਚ ਨੌਕਰੀ ਕਰਕੇ ਭੈਣਾਂ...ਬੀਬੀਆਂ $1500-1800 ਲੈ ਆਉਂਦੀਆਂ ਸਨ...ਬੰਦੇ (ਡਰਾਈਵਰ) ਹਿੰਮਤ ਨਾਲ ਟਰੱਕ ਤੇ ਢਿੱਡ ਘੁੱਟ $5000 ਮਹੀਨਾ ਤੱਕ ਲੈ ਆਉਂਦੇ... ਟਰੱਕ ਮਾਲਕ 10000-15000 ਮਹੀਨਾ ਲਿਆਉਂਦੇ ਰਹੇ ਨੇ....Interest rate ਭਾਵੇਂ ਜਿਆਦਾ ਸੀ ਪਰ ਕਰਜ਼ਾ ਘੱਟ ਹੋਣ ਕਰਕੇ...ਆਰਥਿਕ ਪੱਖ ਮਜਬੂਤ ਰਿਹਾ...

ਪਿਛਲੇ ਸਾਲਾਂ 'ਚ ਕੈਨੇਡਾ ਦੇ ਹਾਲਾਤ ਬੁਰੀ ਤਰ੍ਹਾਂ ਬਦਲ ਗਏ ਹਨ...ਤੇ ਬਦਲ ਰਹੇ ਨੇ...ਟਰੱਕ ਮਾਲਕ ਵੀਰਾਂ ਤੋਂ ਕੁੱਝ ਵੀ ਲੁਕਿਆ ਨਹੀਂ ਹੈ....$350000 ਡਾਲਰ ਵਾਲੇ ਘਰ ਦੀ ਕੀਮਤ 12 ਲੱਖ ਤੋਂ 15 ਲੱਖ ਹੋ ਗਈ ਹੈ...ਕੀ ਘਰਾਂ ਦੀਆਂ ਕੀਮਤਾਂ ਦੇ ਮੁਕਾਬਲੇ ਆਮ ਪਰਿਵਾਰ ਦੀ ਆਮਦਨ ਵਧੀ... ਜੇ ਹਾਂ ਤਾਂ ਕਿੰਨੀ ਵਧੀ...ਕਿਸ proportion 'ਚ ਵਧੀ....ਕਦੇ ਸੋਚਿਆ... ਦੋਹਾਂ ਜੀਆਂ ਦੀ ਹੱਢ ਭੰਨਵੀਂ ਕਮਾਈ ਨਾਲ ਪੂਰੀ ਨਹੀਂ ਪੈ ਰਹੀ ਹੈ... ਕਰਜਾ ਵਧ ਗਿਆ ਹੈ...ਵਧੇ ਕਰਜ਼ੇ ਨੇ ਚੰਗੀ ਭਲੀ ਜ਼ਿੰਦਗੀ ਲੀਹੋਂ ਲਾਹ ਦਿੱਤੀ ਹੈ...ਘਰ ਦੀ ਕਿਸ਼ਤ Interest ਨੂੰ ਵੀ ਪੂਰਾ ਨਹੀਂ ਕਰ ਰਹੀ... ਮੂਲ 'ਚ ਤਾਂ ਕੀ ਘਟਣਾ ਸੀ...ਉਲਟਾ ਵਿਆਜ਼ ਦੀ ਕਿਸ਼ਤ ਵੀ ਪੂਰੀ ਨਹੀਂ ਹੋ ਰਹੀ...Mortgage ਨੂੰ 40 ਸਾਲ ਤੇ ਲਿਜਾਣ ਨੂੰ ਫਿਰਦੇ ਨੇ....

ਮਤਲਬ ਤੁਸੀਂ ਮਰ ਜਾਵੋਂਗੇ ਪਰ ਘਰ ਤੇ ਕਰਜ਼ਾ ਉਵੇਂ ਹੀ ਖੜ੍ਹਾ ਹੋਊ...ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ...ਉਦਾਹਰਨ ਦੇ ਤੌਰ 'ਤੇ ਥੋਡੇ ਘਰ ਤੇ 10,00000 ਭਾਵ 1 Million (6 ਕਰੋੜ ਰੁਪਏ) ਦਾ ਕਰਜ਼ਾ ਹੈ...ਘਰ ਦੀ ਕਿਸ਼ਤ $5000 ਡਾਲਰ ਮਹੀਨਾ...ਆਮ ਕੀ ਹੁੰਦਾ ਸੀ $4000/- ਵਿਆਜ 'ਚ ਜਾਂਦਾ ਸੀ ਤੇ $1000 ਮੂਲ 'ਚ ਬਦਲੇ ਹਾਲਾਤਾਂ 'ਚ $5000 ਸਾਰਾ ਵਿਆਜ 'ਚ ਜਾ ਰਿਹਾ...ਮੂਲ ਕਰਜਾ ਉਵੇਂ ਈ ਖੜ੍ਹਾ...ਉਲਟਾ ਵਧੇ ਵਿਆਜ ਨਾਲ ਘਰ ਦੀ ਕਿਸ਼ਤ ਵਧਕੇ $6000 ਹੋ ਗਈ ਤੇ ਜੇ ਤੁਸੀਂ $5000/-ਹੀ ਮੋੜ ਰਹੇ ਹੋ ਤਾਂ ਬਾਕੀ ਬਚਿਆ ਵਿਆਜ $1000 ×12=$12000 ਮੂਲ 'ਚ ਜੋੜਿਆ ਜਾ ਰਿਹਾ ਤੇ ਉਹਦੇ ਉੱਪਰ ਵਿਆਜ ਅਲੱਗ ਤੋਂ...ਆਹ ਅਸਲੀਅਤ ਹੈ...ਵਿਆਜ ਤੇ ਵਿਆਜ...

ਦੂਜੀ ਗੱਲ...ਘਰ ਲੈਣ ਵੇਲੇ ਬੈਂਕ ਦੀ ਸ਼ਰਤ ਹੈ ਕਿ ਜਿਹੜੇ ਬੰਦੇ ਘੱਟੋ ਘੱਟ 20% Down payment ਨਹੀਂ ਦਿੰਦੇ ਉਹਨਾਂ ਦੇ ਘਰ ਤੇ CHMC ਤੋਂ insurance ਕਰਾਉਣੀ ਪਵੇਗੀ...ਉਹ ਅਲੱਗ ਤੋਂ ਹੈ...ਉਸਨੂੰ ਵੀ ਘਰ ਦੀ ਕੀਮਤ 'ਚ ਜੋੜਕੇ ਉਸ ਉਪਰ ਵਿਆਜ ਲਾਇਆ ਜਾਂਦਾ...Student ਦੀ ਸੁਰਤ ਤਾਂ ਧੱਕੇ ਖਾ ਲਈ PR ਦੀ ਖੁਸ਼ੀ ਚੋਂ ਹੀ ਬਾਹਰ ਨਹੀਂ ਆਈ ਹੁੰਦੀ..ਉਤੋਂ ਅਗਲੇ ਕਰਜੇ ਦੀ ਤਿਆਰੀ ਹੋ ਜਾਂਦੀ ਹੈ...

ਜਿਹੜੇ ਕਹਿੰਦੇ ਬੱਸ...ਆਜੋ...ਕਨੇਡਾ ਆਜੋ...ਅੱਜ ਦੇ ਹਾਲਾਤਾਂ ਚ ਉਹ ਦੱਸਣਗੇ ਕਿ ਕਿੰਨੇ ਕ ਵਿਦਿਆਰਥੀ ਵਿਦਿਆਰਥਣਾਂ 1.2 Million ਘਰ ਲਈ 2,40,000 ਦੋ ਲੱਖ 40 ਹਜ਼ਾਰ ਡਾਲਰ ਦੀ Down payment ਦੇ ਸਕਦੇ ਹਨ...ਕਈ ਮਾਪੇ ਸੋਚਦੇ ਨੇ ਕਿ ਚੱਲ ਪਿੱਛੇ 5 ਕੀਲੇ ਵੇਚ ਦਿੰਦੇ ਹਾਂ...5 ਕਿੱਲਿਆਂ ਚੋਂ 30 ਲੱਖ ਦੇ ਹਿਸਾਬ ਨਾਲ 1.5 ਕਰੋੜ ਬਣਿਆ... ਜਿਸਦੀ ਕਨੇਡੀਅਨ ਡਾਲਰ ਚ ਕੀਮਤ ਬਣੀ 2,50000 ਡਾਲਰ ਬਣਦੀ ਹੈ... ਲੋਕਲ ਕਰਜ਼ਾ ਚੁੱਕਾ ਕੇ ਜੇ ਸਾਰਾ Down payment 'ਚ ਵੀ ਪਾ ਦਿਓ ਤਾਂ ਵੀ ਸਿਰ ਤੇ ਕਰਜਾ 10 ਲੱਖ ਡਾਲਰ ਦਾ ਖੜ੍ਹਾ...

ਤੁਸੀਂ ਪਿਤਾ ਪੁਰਖੀ ਜ਼ਮੀਨ ਵੀ ਗੁਆ ਲਈ ਤੇ ਲਏ ਕਰਜ਼ੇ ਨੂੰ ਮੋੜਨ ਲਈ ਮਜ਼ਦੂਰ ਵੀ ਬਣ ਗਏ...ਨਤੀਜਾ ਜਦ ਤੁਸੀਂ ਕਰਜ਼ੇ ਨੂੰ Afford ਹੀ ਨਹੀਂ ਕਰ ਸਕਦੇ ਤਾਂ ਅਖੀਰ ਬੈਂਕਰਪਸੀ ਹੀ ਹੋਵੇਗੀ...ਥੋਡੇ ਕੋਲ Choice ਕੀ ਬਚੀ ਸਿਵਾਏ ਕੈਨੇਡਾ 'ਚ ਰੁਲਣ ਤੋਂ...ਤੁਸੀਂ ਇਸ ਮੁਲਕ 'ਚ ਮਜਦੂਰ ਬਣਕੇ ਰਹਿ ਜਾਵੋਂਗੇ...ਆਏ ਤਾਂ ਖੱਟੀ ਲਈ ਸੀ...ਜੇ ਆਪਦੀ ਜ਼ਮੀਨ ਆਪਦੀ ਸਾਰੀ ਉਮਰ ਬੁਢਾਪੇ ਲਈ ਜੋੜੀ ਪੂੰਜੀ ਹੀ ਗੁਆ ਲਈ ਤਾਂ ਸਾਨੂੰ ਅਕਲਮੰਦ ਕੌਣ ਕਹੇਗਾ।

ਪੰਜਾਬ ਰਹਿੰਦੇ ਲੋਕਾਂ ਨੂੰ ਗੱਲ ਦੀ ਸਮਝ ਹੋਣੀ ਚਾਹੀਦੀ ਹੈ ਕਿ ਖੇਤ 'ਚ ਨਵਾਂ ਬਹਿੜਕਾ ਹਾਲੀ ਕੱਢਣ ਤੋਂ ਪਹਿਲਾਂ ਪੱਠੇ ਲੈਣ ਗਈ ਰੇਹੜੀ ਨਾਲ ਤੋਰਕੇ ਲਿਜਾਇਆ ਜਾਂਦਾ ਸੀ ਤਾਂ ਕਿ ਇਹਨੂੰ ਬਾਹਰ ਦਾ ਰਾਹਾਂ ਦਾ ਖੇਤ ਦਾ ਪਤਾ ਲੱਗੇ...ਫਿਰ ਹੌਲੀ ਹੌਲੀ ਜੂਲੇ ਥੱਲੇ ਜੋੜਿਆ ਜਾਂਦਾ ਸੀ...ਇਹੀ ਨਿਯਮ ਜੁਆਕ ਤੇ ਵੀ ਲਾਗੂ ਹੁੰਦੇ ਨੇ...ਤੁਸੀਂ ਤਾਂ 2 ਫੀਸਾਂ ਦੇਕੇ ਸੁਰਖ਼ੂ ਹੋ ਗਏ..ਕੱਚੀ ਉਮਰ ਚ ਸਾਰਾ ਬੋਝ ਜੁਆਕ ਤੇ ਪੈ ਗਿਆ।

ਅਸਲੀਅਤ ਨੂੰ ਵੇਖ ਬਹੁਤੇ ਜੁਆਕਾਂ ਦਾ ਕਨੇਡਾ ਆਲਾ ਸੁਪਨਾ ਇੱਥੇ ਪਹੁੰਚ ਕੇ ਟੁੱਟ ਜਾਂਦਾ...ਉਹ ਹਾਲਾਤ ਨਾਲ ਲੜਨ ਲਈ ਮਾਨਸਿਕ ਤੌਰ 'ਤੇ ਤਿਆਰ ਨਹੀਂ ਹੋਏ ਹੁੰਦੇ...ਉਹ ਬਹੁਤ emotional ਹੁੰਦੇ ਨੇ...ਅਸੀਂ ਉਹਨਾਂ ਨੂੰ ਮਾੜੇ ਹਾਲਾਤਾਂ ਨਾਲ ਲੜਦਾ ਘੁਲਦਾ ਵੇਖਦੇ ਹਾਂ...ਉਹ ਸਾਡੇ ਕੋਲ ਆਪਦੇ ਦਿਲ ਦੀ ਕਰਦੇ ਨੇ...ਕਨੇਡਾ ਚ ਆਪਣੇ ਸਮਾਜ ਦੀ ਲੁਕੀ ਹੋਈ ਪਰਤ ਤੋਂ ਚਾਦਰ ਚੁਕਦੇ ਨੇ...ਅਸੀਂ ਨਹੀਂ ਸੱਚ ਦੱਸਾਂਗੇ ਹੋਰ ਕੌਣ ਦੱਸੇਗਾ...

ਜੇ ਆਉਣ ਦਾ ਇਰਾਦਾ ਹੀ ਹੈ ਤਾਂ ਕਿੱਤਾ ਮੁਖੀ ਕੋਰਸ ਚੁਣੋ...IT 'ਚ...Bsc nursing ਪੈਸਾ ਕਮਾਊ ਕਿੱਤੇ ਹਨ...ਸਮਾਜ 'ਚ ਵਧੀਆ ਬੰਦੇ ਹਨ...ਉਹਨਾਂ ਤੋਂ ਦੋਸਤ ਮਿੱਤਰ ਭਰਾ ਸਮਝ ਜਾਣਕਾਰੀ ਲਉ...ਅਸੀਂ ਵੀ ਤਾਂ ਪੰਜਾਬ ਤੋਂ ਹੀ ਹਾਂ...ਇਹ ਸਾਡੇ ਈ ਬੱਚੇ ਨੇ...ਤਾਂ ਹੀ ਦੁੱਖ ਆਉਂਦਾ...ਅਸੀਂ ਕਦੇ ਵੀ ਰੂਹ 'ਚੋਂ ਪੰਜਾਬ ਵਿਸਰਨ ਨਹੀਂ ਦਿੱਤਾ...ਜੇ ਇਹ ਸੱਚ ਨਾ ਹੁੰਦਾ ਤਾਂ ਕਿਸਾਨ ਅੰਦੋਲਨ ਦੀ ਕਾਮਯਾਬੀ ਲਈ ਬਾਹਰਲੇ ਲੋਕ ਪੈਸਾ ਪਾਣੀ ਵਾਂਗ ਨਾ ਬਹਾਉਂਦੇ....ਲੋੜ ਤੋਹਮਤਬਾਜ਼ੀ ਚੋਂ ਉਪਰ ਉਠਕੇ ਮਸਲੇ ਦੀ ਗੰਭੀਰਤਾ ਨੂੰ ਸਮਝਣ ਦੀ ਹੈ।

Students ਨੂੰ ਕਨੇਡਾ ਲਿਆਉਣ ਪਿੱਛੇ ਬਿਲੀਅਨਸ ਡਾਲਰ ਦਾ ਪੂਰਾ organized ਕਾਰੋਬਾਰ ਹੈ...ਗੋਰਿਆਂ ਨੇ ਧਰਤੀਆਂ ਵੱਡੀਆਂ ਨੱਪ ਲਈਆਂ ਹਨ...ਉਹਨੂੰ Develop ਕਰਨ ਲਈ ਲੇਬਰ, ਪੈਸਾ ਚਾਹੀਦਾ ਹੈ...ਪੰਜਾਬ ਦੇ ਜੁਆਕ ਬਾਲਣ ਬਣ ਰਹੇ ਨੇ...ਉਹ ਲੇਬਰ ਬਣ ਪੈਸਾ ਲੈਕੇ ਆ ਰਹੇ ਨੇ...IELTS ਦਾ ਟੈਸਟ ਲੇਬਰ ਨੂੰ ਬੋਲ ਚਾਲ ਦੀ ਭਾਸ਼ਾ ਸਿਖਾਉਣਾ ਹੈ...ਉਹ ਚ ਵੀ ਕਾਰੋਬਾਰ ਹੁੰਦਾ...ਅਮੀਰ ਗੋਰੇ ਤੇ ਸਰਕਾਰਾਂ ਰਲ ਕੇ ਚਲ ਰਹੀਆਂ ਨੇ...2 ਸਾਲ ਦੀ ਪੜ੍ਹਾਈ 'ਚ ਹਰ ਸਾਲ ਸੁੱਕਾ 25 Billion ਡਾਲਰ ਮਿਲਦਾ ਕੈਨੇਡਾ ਸਰਕਾਰ ਨੂੰ... ਇਸ ਕਾਰੋਬਾਰ 'ਚੋਂ ਸਰਕਾਰਾਂ ਆਪਦੇ ਅਮੀਰਾਂ ਨੂੰ Students ਜਰੀਏ ਸਸਤੀ ਲੇਬਰ ਦੇ ਰਹੀਆਂ ਨੇ...

ਬੱਚਿਆਂ ਨੂੰ ਇਸ ਉਮਰ 'ਚ ਇਹ ਗੱਲ ਸਮਝ ਨਹੀਂ ਆ ਸਕਦੀ...ਉਹਨਾਂ ਨੂੰ ਚੜ੍ਹਦੀ ਉਮਰ ਦਾ ਸਰੂਰ ਹੈ...ਕਨੇਡਾ ਦੀ PR ਦੇ ਵਿਖਾਏ ਸੁਪਨੇ ਦੇ ਪਿੱਛੇ ਦੀ ਤਸਵੀਰ ਭਿਆਨਕ ਹੈ...12 ਵੀਂ ਪਾਸ 90% Students ਨੂੰ ਪੜ੍ਹਾਈ ਖਤਮ ਹੋਣ ਤੇ ਕੀਤੀ ਪੜ੍ਹਾਈ ਨਾਲ ਸੰਬੰਧਤ ਖੇਤਰ ਚ ਨੌਕਰੀ ਨਹੀਂ ਮਿਲਦੀ...ਜੇ ਮਿਲਦੀ ਹੁੰਦੀ ਤਾਂ ਬੱਚੀਆਂ ਹਲਵਾਈਆਂ ਦੀ ਦੁਕਾਨਾਂ (Restaurant) ਤੇ ਭਾਂਡੇ ਕਿਉਂ ਮਾਂਜਦੀਆਂ...ਮੁੰਡੇ ਟਰੱਕਾਂ...ਟੈਕਸੀਆਂ ਦੇ ਲਾਇਸੈਂਸ ਕਿਉਂ ਲੈਂਦੇ...ਲੋਕਾਂ ਦੀਆਂ ਬੇਸਮੈਂਟਾਂ ਦੇ ਟੋਏ ਕਿਉਂ ਪੱਟਦੇ ਨੇ...ਪੜ੍ਹਾਈ ਤਾਂ Business Mkt ਦੀ, Computer ਨਾਲ ਸੰਬੰਧਿਤ ਸੀ...ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ...ਜਦ ਉਸ ਪੜ੍ਹਾਈ ਦੀ Job ਹੀ ਨਹੀਂ ਤਾਂ ਉਹ ਕੋਰਸ ਦੀ ਪੜ੍ਹਾਈ ਕਿਉਂ...

ਵਿਦਿਆਰਥੀਆਂ ਵਿਦਿਆਰਥਣਾਂ ਤੋਂ ਅਰਬਾਂ 'ਚ ਫੀਸਾਂ ਲੈ ਕੇ ਉਹਨਾਂ ਨੂੰ ਉਹਨਾਂ ਦੀ ਹੋਣੀ ਤੇ ਛੱਡ ਦਿੱਤਾ ਜਾਂਦਾ...ਜੁਆਕ ਪਿੱਛੇ ਡਰਦੇ ਸੱਚ ਨਹੀਂ ਦੱਸਦੇ...ਜੇ ਗੱਲ ਸਮਝ ਨਹੀਂ ਆਈ ਤਾਂ ਕਦੇ ਸੋਚਿਆ ਕਿ ਪੜਾਈ ਖਤਮ ਹੋਣ ਸਾਰ ਪੱਕੇ ਕਿਉਂ ਨਹੀਂ ਕੀਤੇ ਜਾਂਦੇ...3 ਸਾਲ ਵਰਕ ਪਰਮਿਟ ਤੇ ਰੁਲਣ ਲਈ ਕਿਉਂ ਛੱਡ ਦਿੱਤੇ ਜਾਂਦੇ ਹਨ...ਚੜ੍ਹਦੀ ਉਮਰ 'ਚ ਜੁਆਕ ਬਿਮਾਰ ਘੱਟ ਹੁੰਦੇ ਨੇ ਸਰਕਾਰ ਤੇ ਮੈਡੀਕਲ ਸਹੂਲਤ ਦਾ ਬੋਝ ਨੀ ਪੈਂਦਾ...ਹਰ ਸਾਲ ਪੱਕੇ ਕਰਨ ਦੇ ਨਿਯਮ ਬਦਲ ਦਿੱਤੇ ਜਾਦੇ ਨੇ...ਉਹ ਇਕ Province ਤੋਂ ਦੂਜੀ Province 'ਚ ਧੱਕੇ ਖਾਂਦੇ ਕਿਉਂ ਫਿਰਦੇ ਨੇ...ਕਿਉਂਕਿ ਸਾਰੇ ਦੇਸ ਨੂੰ ਸਸਤੀ ਲੇਬਰ ਚਾਹੀਦੀ ਹੁੰਦੀ ਹੈ...ਸਭ ਨੇ ਰਲਕੇ ਤਿੰਨ ਸਾਲ ਕੰਮ ਕਰਾਕੇ ਚੰਮ ਲਾਹੁਣਾ ਹੁੰਦਾ...ਟੈਕਸ ਮਿਲਦਾ ਸਰਕਾਰ ਨੂੰ...

ਜਦ ਵਿਦਿਆਰਥੀ ਨੂੰ ਕੀਤੇ ਕੰਮ ਬਦਲੇ ਪੇ ਚੈਕ 'ਚੋਂ ਟੈਕਸ ਕੱਟਕੇ Net cheque ਮਿਲਦਾ ਉਹਦੇ ਨਾਲ ਘਰ ਦਾ ਕਿਰਾਇਆ ਕਾਰ ਦੀ ਕਿਸ਼ਤ ਖਾਣ ਪੀਣ ਵੀ ਪੂਰਾ ਨਹੀਂ ਹੁੰਦਾ...ਫਿਰ ਵਿਦਿਆਰਥਣ ਵਿਦਿਆਰਥੀ ਕੈਸ਼ ਕੰਮ ਭਾਲਦੇ ਨੇ...ਇਥੋਂ ਉਹਨਾਂ ਦੀ explotation ਹੋਰ ਵੀ ਭੈੜਾ ਰੂਪ ਲੈ ਜਾਂਦੀ ਹੈ...

ਜੇ ਹਰ ਸਾਲ ਸਰਕਾਰਾਂ ਨੇ Students ਸੱਦਣੇ ਹਨ ਤਾਂ ਉਹਨਾਂ ਨੂੰ ਰਹਿਣ ਲਈ Accomodation ਦੇਣ ਦੀ ਜ਼ਿੰਮੇਵਾਰੀ ਕਿਸਦੀ ਹੈ...ਸਰਕਾਰ ਦੀ...ਜਦ ਸਰਕਾਰ ਫੇਲ ਹੋ ਗਈ ਤਾਂ ਜਿਹੜੇ ਲੋਕ ਪਿਛਲੇ 20 ਸਾਲ ਤੋਂ ਲੇਬਰ ਜੌਬਾਂ ਕਰਕੇ ਥੱਕ ਚੁਕੇ ਹਨ...ਜਾਂ ਇਕੱਲੇ ਹਨ...ਜੁਆਕ ਉਡਾਰੀ ਮਾਰ ਗਏ ਹਨ...ਉਹਨਾਂ ਨੇ ਆਪਦੇ ਘਰਾਂ 'ਚ ਕਮਰੇ ਬਣਾਕੇ...Illegal ਬੇਸਮੈਂਟਾਂ 'ਚ ਜੁਆਕ ਰੱਖਣੇ ਸ਼ੁਰੂ ਕਰ ਦਿੱਤੇ...ਕਈ ਵਿਗੜੇ ਬਾਪੂ ਬੇਬੇ ਦੀ ਲੋੜ ਤੋਂ ਵੱਧ ਦਖਲਅੰਦਾਜੀ..ਜਾਂ...ਜਿਹੜੇ ਜੁਆਕ ਤੋਂ ਕਿਰਾਇਆ ਨੀ ਦੇ ਹੁੰਦਾ ਜਾਂ ਵਿਗੜੇ ਹੋਏ ਨੇ ਉਹ ਘਰਾਂ ਆਲਿਆਂ ਨੂੰ Illegal ਬੇਸਮੈਂਟ ਦੀ ਧਮਕੀ ਦੇ ਰਹੇ ਨੇ ਤੇ ਉਹ ਕੋਰਟਾਂ ਕਚਹਿਰੀਆਂ ਭਾਵ Tenant Board 'ਚ ਧੱਕੇ ਖਾ ਰਹੇ ਨੇ...

Accomodation ਨਾ ਹੋਣ ਕਰਕੇ ਜੁਆਕ ਗੱਦੇ ਸੁਟ ਇਕੱਠੇ ਦੜੇ ਪਏ ਹਨ..ਸੁਨੇਹਾ ਕੀ ਜਾਂਦਾ ਬਈ ਬਾਹਰਲੇ ਜਰਦੇ ਨੀ...ਕਨੇਡਾ ਚ ਆਪਦੇ ਲੋਕਾਂ ਦੀ ਸੋਹਣੀ ਤਸਵੀਰ ਖਿੱਚੀ ਗਈ ਹੈ..ਅਸਲ ਚ ਕਹਾਣੀ ਇਉਂ ਨਹੀਂ ਹੈ...ਫੇਸ ਬੁੱਕ ਤੇ ਲੋਕਾਂ ਨੂੰ ਸਮਾਜ ਦੀ ਸਹੀ ਤਸਵੀਰ ਨਹੀਂ ਵਿਖਾਈ ਜਾ ਰਹੀ...ਅਸਲ ਚ ਜ਼ਿੰਮੇਵਾਰ ਕੌਣ ਹੈ..?

ਜਿਹਨਾਂ ਨੇ Ivestment properties ਲਈਆਂ ਹੋਈਆਂ ਹਨ..ਪ੍ਰਾਪਰਟੀ ਦੀ ਕਿਸ਼ਤ ਕਿਥੋਂ ਲਾਹੁਣੀ ਹੈ... ਇਹਨਾਂ ਜੁਆਕਾਂ ਤੋਂ ਹੀ ਤਾਂ ਲਾਹੁਣੀ ਹੈ...ਇਧਰ ਸਰਕਾਰ ਨੇ ਵਿਆਜ ਦਰ ਵਧਾਈ.. ਉਧਰ ਇਹਨਾਂ ਨੇ ਬੇਸਮੈਂਟ ਦੇ...ਘਰਾਂ ਦੇ ਕਿਰਾਏ ਵਧਾ ਦਿੱਤੇ...ਮਰਿਆ ਕੌਣ...ਜੁਆਕ...?

System ਕੀ ਹੁੰਦਾ...ਇਹਨੂੰ ਹੀ system ਕਹਿੰਦੇ ਨੇ....ਇਸੇ ਘੜੇ system 'ਚੋਂ ਕੈਨੇਡਾ, ਇੰਗਲੈਂਡ, ਅਸਟਰੇਲੀਆ ਤੇ ਨਿਊਜ਼ੀਲੈਂਡ ਥੋੜ੍ਹੀਆਂ ਜ਼ਮੀਨਾਂ ਵਿਕਾ ਆਪਣੇ ਦੇਸ ਉਨਤ ਕਰੀ ਜਾ ਰਹੇ ਨੇ...ਪੰਜਾਬ ਦੇ ਜੁਆਕਾਂ ਦੇ ਸਿਰ ਤੋਂ ਕਨੇਡਾ 'ਚ ਕਾਰੋਬਾਰ ਚਲਦੇ ਨੇ...ਬੇਸਮੈਂਟਾਂ ਦੇ ਕਿਰਾਏ ਤੋਂ ਲੈਕੇ Investment properties ਦੀਆਂ ਕਿਸ਼ਤਾਂ ਚਲਦੀਆਂ ਹਨ..ਸਾਡੇ ਲੋਕਾਂ ਦੇ ਢਾਬੇ ਚਲਦੇ ਨੇ...ਟਰੱਕਿੰਗ ਕੰਪਨੀਆਂ ਚਲਦੀਆਂ...ਇੰਮੀਗਰੇਸ਼ਨ ਦੀ ਇੰਡਸਟਰੀ ਚਲਦੀ ਹੈ...ਅਕਾਊਂਟੈਂਟ ਦੇ ਕੰਮ ਚਲਦੇ ਨੇ...ਟਰੈਵਲਿੰਗ ਏਜੰਸੀਆਂ ਚਲਦੀਆਂ... ਵਕੀਲਾਂ ਦਾ ਕੰਮ ਚਲਦਾ...ਰੀਅਲ ਇਸਟੇਟ ਚਲਦੀ ਹੈ...ਆਂਟੀਆਂ ਦਾ ਟਿਫਨਾਂ ਦਾ ਕਾਰੋਬਾਰ ਚਲਦਾ...ਅਸੀਂ ਕਿਉਂ ਕਹਾਂਗੇ ਤੁਸੀਂ ਨਾ ਆਉ...ਅਸੀਂ ਤਾਂ ਕਹਾਂਗੇ ਜੰਮ ਜੰਮ ਆਉ...ਕਨੇਡਾ ਦੀ ਸਚਾਈ ਤੇ ਅਸਲੀ ਤਸਵੀਰ ਕੌਣ ਦਿਖਾਵੇਗਾ.. .

ਅਸੀਂ ਸਚਾਈ ਤੋਂ ਭੱਜ ਰਹੇ ਹਾਂ...ਜਦੋਂ ਤੱਕ ਬੱਚੇ ਨੂੰ ਕਹਾਣੀ ਸਮਝ ਆਉਂਦੀ ਹੈ ...ਮਾਂ ਬਾਪ ਨੂੰ ਕੈਨੇਡਾ ਦਾ ਸੱਪ ਲੜ ਚੁੱਕਿਆ ਹੁੰਦਾ....ਇਹ ਦੇਸ ਲੋਕ ਸੱਦਦੇ ਨੇ ਉਹਨਾਂ ਨੂੰ ਇਕ ਸਿਸਟਮ ਦਿਖਾਇਆ ਜਾਂਦਾ...ਮਨ ਨੂੰ ਤਸੱਲੀ ਹੁੰਦੀ ਹੈ... ਕਿ ਵਾਕਿਆ ਈ ਸੁਪਨਿਆਂ ਦੇ ਦੇਸ ਆ ਗਏ..ਸੋਚ ਬਣਦੀ ਹੈ ਕਿ ਮਾਪਿਆਂ ਨੂੰ ਵੀ ਸੱਦ ਲਈਏ...ਰਲਕੇ ਜ਼ਿੰਦਗੀ ਜਿਉਂਈਏ... ਬਹੁਤ ਹੀ ਖੂਬਸੂਰਤ ਲਗਦਾ ਸੋਚਣ ਨੂੰ ...ਪਰ ਖੂਬਸੂਰਤ ਹੁੰਦਾ ਨੀ...ਮਾਂ ਬਾਪ ਨੂੰ ਬੁਲਾਉਣ ਲਈ ਘੱਟੋ ਘੱਟ Family Income ਦੀ ਸ਼ਰਤ ਰੱਖੀ ਹੈ...ਉਸ ਸ਼ਰਤ ਦੀ ਆੜ ਚ ਅਗਲੇ ਠੋਕ ਕੇ ਟੈਕਸ ਲੈਂਦੇ ਨੇ...ਜਦ ਤੱਕ ਮਾਪੇ ਆ ਨੀ ਜਾਂਦੇ...ਇਉਂ ਚਲਦਾ ਮੁਲਕ...

ਟੈਕਸ ਭਰਨ ਆਲੇ ਆਪਦੇ Asset ਜ਼ਮੀਨਾਂ ਜਾਇਦਾਦਾਂ ਵੇਚ ਕੇ ਲਿਆ ਰਹੇ ਨੇ...ਗੱਲ ਨੂੰ ਘੋਖਿਆਂ ਪਤਾ ਲਗਦਾ ਕਿ...ਇੰਗਲੈਂਡ, ਆਸਟਰੇਲੀਆ, ਨਿਊਜੀਲੈਂਡ ਤੇ ਕੈਨੇਡਾ ਦੀਆਂ ਸਾਰੀਆਂ ਇੰਮੀਗਰੇਸ਼ਨ ਪਾਲਿਸੀਆ ਇਕੋ ਜਿਹੀਆਂ ਹਨ...ਪਹਿਲਾਂ ਇੰਗਲੈਂਡ ਕਰਦਾ...ਉਹਦੇ 'ਚੋਂ ਪੈਸਾ ਬਣਾਉਂਦਾ. ..ਫਿਰ ਉਹ ਬੰਦ ਕਰਦਾ...ਨਿਊਜੀਲੈਂਡ ਸ਼ੁਰੂ ਕਰ ਦਿੰਦਾ...ਉਹ ਹਟਦਾ....ਅਸਟਰੇਲੀਆ ਲੱਗ ਜਾਂਦਾ...ਉਹ ਲੁੱਟਦਾ ਟਿਕਾ ਕੇ.. ਕੱਟੜ ਗੋਰੇ ਵਿਰੋਧ ਕਰਦੇ ਆ ਸਰਕਾਰਾਂ ਦਾ....ਰੌਲਾ ਪੈਂਦਾ...ਸਰਕਾਰਾਂ ਪਿੱਛੇ ਹਟ ਜਾਂਦੀਆ.. ..ਅਸਟਰੇਲੀਆ ਬੰਦ ਹੁੰਦਾ ..ਕੈਨੇਡਾ ਸ਼ੁਰੂ ਹੋ ਜਾਂਦਾ....ਥੋਨੂੰ ਹੀ ਲੁਟਿਆ ਜਾ ਰਹਾ...ਇਹ ਕਾਰੋਬਾਰ ਹੈ...ਅਰਬਾਂ ਦਾ ਧੰਦਾ....ਸਰਕਾਰਾਂ ਚਲਾਉਂਦੀਆਂ...ਆਪਦੇ ਲੋਕਾਂ ਨੂੰ ਖੇਤਾਂ 'ਚ ਬੈਠਿਆਂ ਨੂੰ ...ਆਪਦੇ ਬੁੜਿਆਂ ਨੂੰ.... ਜਿਹਨਾਂ ਸਾਰੀ ਉਮਰ ਕੱਖ ਨੀ ਕੀਤਾ....ਸਿਵਾਏ ਹੰਟਿੰਗ ਦੇ.. ਉਹਨਾਂ ਨੂੰ ਜਿਉਂਦੇ ਨੀ ਰੱਖਣਾ...ਕੀਹਦੇ ਸਿਰਤੇ...ਬਾਹਰੋਂ ਮੰਗਾਈ ਲੇਬਰ ਦੇ ਸਿਰ ਤੇ..ਸਾਡੇ ਜੁਆਕ ਲੇਬਰ ਨੇ...

ਸਾਡਾ ਆਪਦੇ ਪੰਜਾਬ ਦਾ ਸਿਸਟਮ ਗਲ ਚੁੱਕਿਆ..ਸੜ ਚੁੱਕਿਆ...ਤਾਂ ਹੀ ਸਾਡੀ ਲੁੱਟ ਹੋ ਰਹੀ ਹੈ....ਪਹਿਲਾਂ ਸਾਡਾ ਧਾਰਮਿਕ ਪੱਖ ਖਤਮ ਕੀਤਾ....ਫਿਰ ਐਜੂਕੇਸ਼ਨ ਸਿਸਟਮ ਖਤਮ ਕੀਤਾ...ਸਾਨੂੰ ਲਗਦਾ ਕਿ ਬਾਹਰ ਭੇਜਕੇ ਸ਼ਾਇਦ ਅਸੀਂ ਬਚ ਜਾਵਾਂਗੇ...ਭਲਿਉ ਜਾਗੋ...ਦਿਸਦੇ ਲਾਭ 'ਚ ਬਹੁਤ ਕੁਝ ਗੁਆਈ ਜਾ ਰਹੇ ਹਾਂ ...ਅਸਲ 'ਚ ਖਿਤਾ ਉਜੜ ਰਿਹਾ...ਉਸ ਉਜੜੇ ਖਿਤੇ ਦੇ ਲੋਕਾਂ ਤੋਂ ਬਾਹਰਲੇ ਮੁਲਕ ਧੰਦਾ ਕਰ ਰਹੇ ਨੇ...

ਸਚਾਈ ਤੋਂ ਕਦੋਂ ਤੱਕ ਭੱਜਾਂਗੇ... ਹਾਲਤ ਇਹ ਹੋਈ ਪਈ ਆ ਕਿ ਅਸਲੀਅਤ ਨੂੰ ਜਾਣੇ ਬਿਨਾਂ ਆਪਦੀ ਢਿੱਡੋਂ ਜੰਮੀ ਔਲਾਦ ਬਿਗਾਨੀ ਧਰਤੀ ਤੇ ਰੁਲਦੀ ਫਿਰਦੀ ਹੈ...ਕਦੋਂ ਤੱਕ ਭੱਜਾਂਗੇ...1947 ਤੋਂ ਹੁਣ ਤੱਕ ਸਾਡੀਆਂ ਚੁਣੀਆਂ ਸਰਕਾਰਾਂ ਨੇ ਕੀ ਦਿੱਤਾ...ਸਿਵਾਏ ਉਜਾੜੇ ਦੇ..ਲੋੜ ਗਲ ਸੜ ਚੁੱਕੇ ਸਿਸਟਮ ਨੂੰ ਬਦਲਣ ਦੀ ਹੈ...

ਪ੍ਰਵਾਸ ਨੇ ਪਹਿਲਾਂ ਭੈਣ ਭਾਈਆਂ...ਚਾਚੇ ਤਾਇਆਂ ...ਮਾਮੇ ਭੂਆ ਨੂੰ ਸ਼ਰੀਕ ਬਣਾਇਆ..ਹੁਣ ਹਾਲਾਤ ਇਹ ਹੋ ਰਹੇ ਨੇ...ਅੱਜ ਪ੍ਰਵਾਸ ਕਰਕੇ...ਧੀਆਂ ਪੁੱਤਾਂ ਤੇ ਮਾਂ-ਪਿਓ ਦੇ ਸੰਬੰਧ ਵਿਗੜ ਰਹੇ ਨੇ...ਪਰਿਵਾਰ ਇਕੋ ਇੱਕ ਇਕਾਈ ਹੈ ਉਹ ਟੁੱਟ ਰਹੇ ਨੇ... ਬੰਦਾ ਆਤਮਿਕ ਪੱਖ ਤੋਂ ਇਕੱਲਾ ਪੈ ਰਿਹਾ...ਪ੍ਰਵਾਸ 'ਚੋਂ ਅਸੀਂ ਖੱਟਿਆ ਨੀ ਪਰ ਗੁਆ ਬਹੁਤ ਕੁਝ ਲਿਆ ਤੇ ਲੈਣਾ..!

**ਹਾਏ ਕਨੇਡਾ...!**

ਅੱਜ ਪੰਜਾਬ ਦੇ ਹਾਲਾਤ ਇਹ ਨੇ ਕਿ ਲੋਕ ਆਪਣੇ ਧਾਰਮਿਕ, ਆਰਥਿਕ ਤੇ ਪਰਿਵਾਰਕ ਪਿਛੋਕੜ ਨੂੰ ਘੋਖੇ ਬਿਨਾਂ... ਬਿਨਾਂ ਵਿਚਾਰੇ... ਰੀਸੋ ਰੀਸ ਦੂਜਿਆਂ ਮਗਰ ਲੱਗ ਕੇ 17-18 ਸਾਲ ਦੇ ਜੁਆਕਾਂ ਦੀ ਜਿਦ ਕਰਕੇ ਬਾਹਰਲੇ ਮੁਲਕਾਂ ਨੂੰ ਭੇਜੀ ਜਾ ਰਹੇ ਹਨ। ਕਹਿੰਦੇ ਪੰਜਾਬ ਹੁਣ ਸੁਰੱਖਿਅਤ ਨਹੀਂ ਰਿਹਾ...ਨਸ਼ਾ ਬਹੁਤ ਹੈ...

ਕੀ ਕੈਨੇਡਾ ਅਮਰੀਕਾ ਸੁਰੱਖਿਅਤ ਹੈ...ਇੱਥੇ ਨਸ਼ਾ ਨਹੀਂ ਹੈ...ਇਥੇ ਤਾਂ ਹਾਲਾਤ ਪੰਜਾਬ ਨਾਲੋਂ ਵੀ ਬਦਤਰ ਹਨ...ਨਸ਼ਾ on call ਘਰੇ Deliver ਹੁੰਦਾ...ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ...17-18 ਸਾਲ 'ਚ ਬੱਚਾ ਭਾਵੇਂ ਸਰੀਰਕ ਤੌਰ 'ਤੇ ਕੰਮ ਲਈ ਤਿਆਰ ਹੋ ਚੁੱਕਾ ਹੁੰਦਾ...ਪਰ ਮਾਨਸਿਕ ਤੌਰ 'ਤੇ ਸਮਾਜ ਦੀ ਸੋਝੀ ਨਹੀਂ ਆਈ ਹੁੰਦੀ...ਆਪਦੇ ਦੋਸਤਾਂ ਦੀਆਂ ਫੇਸਬੁੱਕ ਤੇ ਕਰਜ਼ੇ ਤੇ ਲਈਆਂ ਕਾਰਾਂ ਮੂਹਰੇ...ਬੀਚ ਦੇ ਕੰਢੇ ਤੇ ਖੜ੍ਹਕੇ...ਮੂਹਰੇ ਕੇਕ ਰੱਖ ਪਾਰਟੀ ਕਰਦਿਆਂ ਦੀਆਂ...ਬੀਅਰ ਪੀਂਦਿਆਂ ਦੀਆਂ ਪਾਈਆਂ ਫੋਟੋਆਂ ਵੇਖ... ਦਿਮਾਗ ਫੋਟੋਆਂ ਵਾਲੀ ਜ਼ਿੰਦਗੀ ਨੂੰ ਕੈਨੇਡਾ ਦਾ ਆਖਰੀ ਸੱਚ ਮੰਨ ਲੈਂਦਾ...ਜਦ ਕੈਨੇਡਾ ਪਹੁੰਚ ਜ਼ਿੰਦਗੀ ਦੀ ਅਸਲੀਅਤ ਤੇ ਸਖਤ ਹੱਢ ਭੰਨਵੀਂ ਮਿਹਨਤ ਵਾਲੇ ਪਾਸੇ ਨਾਲ ਵਾਹ ਪੈਂਦਾ ਤਾਂ ਕੱਚੀ ਉਮਰ ਦੇ ਬੱਚੇ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਨੇ...

ਬੇਸਮੈਂਟ ਦਾ ਫਿਕਰ...ਰੋਟੀ ਪਾਣੀ ਦਾ ਫਿਕਰ...ਕੰਮ ਲੱਭਣ ਦਾ ਫਿਕਰ...ਪਹਿਲਾਂ ਪੜ੍ਹਾਈ ਪੂਰੀ ਕਰਨ ਦੀ ਫਿਕਰ...ਫਿਰ ਅਗਲੇ ਸਮੈਸਟਰ ਦੀ ਫੀਸ ਦਾ ਫਿਕਰ...ਫਿਰ ਪਿੱਛੇ ਜਮੀਨ ਗਹਿਣੇ ਰੱਖ ਚੁੱਕੇ ਕਰਜ਼ੇ ਦੇ ਲਾਹੁਣ ਦਾ ਫਿਕਰ...ਫਿਰ ਪੱਕੇ ਹੋਣ ਦਾ ਫਿਕਰ...ਪੜ੍ਹਾਈ ਤੋਂ ਬਾਅਦ ਰੂਲ ਬਦਲਣ ਤੇ ਇਕ Province (ਰਾਜ) ਤੋਂ ਦੂਜੇ ਰਾਜ ਚ ਜਾਕੇ ਪੱਕੇ ਹੋਣ ਦਾ ਫਿਕਰ...ਉਤੋਂ ਲੋਟੂ Employer ਵਲੋਂ ਕੰਮ ਦੇ ਦੱਬੇ ਪੈਸੇ ਦਾ ਫਿਕਰ ਤੇ ਗੁਸਾ...ਲੋਟੂ ਇੰਮੀਗਰੇਸ਼ਨ ਵਾਲਿਆਂ ਵਲੋਂ ਝੂਠੇ ਪੇਰੋਲ ਥੱਲੇ ਨਚੋੜੀ ਹੱਢ ਭੰਨਵੀਂ ਕਮਾਈ ਦੀ ਲੁੱਟ ...

ਹਾਲਾਤ ਇੰਨੇ ਸੌਖੇ ਨਹੀਂ ਹਨ...ਪੜ੍ਹਾਈ ਪੂਰੀ ਹੋਣ ਤੇ ਪਿਛਿਉਂ ਫੁਕਰੇ ਮਾਪਿਆਂ ਦਾ ਦਿਨ ਰਾਤ ਫੋਨ ਤੇ ਮਿਹਨਾ ਕਿ ਫਲਾਨਿਆਂ ਦੇ ਮੀਤੇ ਨੇ ਤਾਂ ਕੋਠੀ ਪਵਾਤੀ...ਜ਼ਮੀਨ ਲੈ ਲਈ...ਜੁਆਕ ਨੂੰ ਸੂਈ ਦੇ ਨੱਕੇ 'ਚੋਂ ਕੱਢਣ ਵਾਲਾ ਕੰਮ ਹੈ...ਬੱਚੇ ਨਸ਼ੇ ਕਰਨ ਲੱਗ ਜਾਂਦੇ ਨੇ...ਨਤੀਜੇ ਵੱਡੇ ਚੈਕ ਲਈ ਦਿਨ ਰਾਤ ਬਿਨਾਂ ਆਰਾਮ ਕੀਤੇ ਟਰੱਕ ਧੂਈ ਫਿਰਨਾ...ਅਖੀਰ ਉਨੀਂਦਰੇ ਹੋ ਐਕਸੀਡੈਂਟ 'ਚ ਮਾਰੇ ਜਾਣਾ...ਹਕੀਕਤ ਕੋਈ ਨਹੀਂ ਦੱਸਦਾ...

ਮਿਹਨਤੀ ਜੁਆਕ ਧੀਆਂ ਮਿਲਦੇ ਨੇ...ਉਹਨਾਂ ਨੇ ਬਾਪ ਦਾ ਕਰਜ਼ਾ ਲਾਹਿਆ...ਘਰ ਪਾਏ...ਭੈਣਾਂ ਵਿਆਹੀਆਂ...30-32 ਸਾਲ ਦੇ ਹੋਕੇ ਵਿਆਹ ਕਰਵਾਏ...ਜ਼ਰੂਰੀ ਨਹੀਂ ਸਾਰੇ ਬੱਚੇ ਉਹ ਪ੍ਰੈਸ਼ਰ ਝੱਲਣ ਲਈ ਤਿਆਰ ਹੋਣ...ਇਹ ਫਾਰਮੂਲਾ ਸਭ 'ਤੇ ਲਾਗੂ ਹੋਵੇ...ਬੱਚੇ ਨੂੰ ਕੈਨੇਡਾ ਭੇਜਣ ਤੋਂ ਪਹਿਲਾਂ ਆਪਦੇ ਪਰਿਵਾਰਕ ਤੇ ਆਰਥਿਕ ਹਾਲਤ ਜ਼ਰੂਰ ਘੋਖੋ...ਤੁਸੀਂ ਕਾਹਦੇ ਮਾਂ ਪਿਉ ਹੋ...ਜੋ ਬੱਚੇ ਦਾ ਬੁਰਾ ਭਲਾ ਹੀ ਨਹੀਂ ਸੋਚ ਸਕਦੇ...

ਕੈਨੇਡਾ, ਅਸਟਰੇਲੀਆ ਦੀਆਂ ਸਰਕਾਰਾਂ ਨੇ ਕੀ ਲੈਣਾ ਪਿੱਛੇ ਕੀ ਚੱਲ ਰਿਹਾ...ਉਹਨਾਂ ਨੂੰ ਤਾਂ ਅੰਗ੍ਰੇਜ਼ੀ ਬੋਲਣ ਵਾਲੀ ਲੇਬਰ ਚਾਹੀਦੀ ਹੈ...ਲੇਬਰ ਪਹਿਲਾਂ ਹਜ਼ਾਰਾਂ ਫੂਕ IELTS ਕਰਦੀ ਹੈ...ਅਰਬਾਂ ਦਾ ਧੰਦਾ ਹੈ...Embassy ਵੀਜ਼ੇ ਦੇਕੇ ਫੀਸ ਲੈਂਦੀਆਂ....ਅਰਬਾਂ ਦਾ ਕਾਰੋਬਾਰ...ਅਗਲਿਆਂ ਦੇ ਡੈਡ ਹੋ ਚੁੱਕੇ ਕਾਲਜ ਚਲਦੇ ਨੇ...Laptop ਵਕਦੇ ਨੇ...ਕਿਤਾਬਾਂ ਵਿਕਦੀਆਂ...ਗੱਡੀਆਂ ਵਿਕਦੀਆਂ 15-20% ਵਿਆਜ ਤੇ...ਕੱਪੜਾ ਵਿਕਦਾ...ਫ਼ੋਨ ਵਿਕਦੇ ਨੇ...Drug ਵਿਕਦੀ ਹੈ...ਸਾਡੇ ਧੀ ਪੁੱਤ ਜੰਮ ਕੇ ਪਾਲ ਪੋਸਕੇ, ਪੜ੍ਹਾ ਲਿਖਾਕੇ ਆਪਦੇ ਧਰਮ ਦੇ ਸੰਸਕਾਰ ਕਦਰਾਂ ਕੀਮਤਾਂ ਦੇ ਹੱਥੀਂ ਚਾਵਾਂ ਨਾਲ ਵਿਆਹ ਕੇ ਤੋਰਨ ਦਾ ਰਿਵਾਜ ਆ...ਤੁਸੀਂ ਬਾਹਰ ਦੇ ਨਾਂ ਤੇ ਅੰਨੇ ਹੋਏ 17 ਸਾਲ ਦੀਆਂ ਬੱਚੀਆਂ ਨੂੰ ਆਪ ਤੋਂ ਤੋੜਕੇ ਬਾਹਰ ਸੁੱਟੀ ਜਾ ਰਹੇ ਹੋ...

ਇਸ ਉਮਰ 'ਚ ਬੱਚੀਆਂ ਤੇ ਮੁੰਡਿਆਂ 'ਚ ਸਰੀਰਕ ਤਬਦੀਲੀਆਂ ਆ ਰਹੀਆਂ ਹੁੰਦੀਆਂ ਨੇ...ਉਹਨਾਂ ਨੂੰ ਜੰਮਣ ਵਾਲਿਆਂ ਤੋਂ ਬਿਨਾਂ ਕੋਈ ਹੋਰ ਸਹੀ ਸੇਧ ਨੀ ਦੇ ਸਕਦਾ...ਕੀ ਸਾਡੇ ਕੁਆਰੀ ਕੁੜੀ ਜਾਂ ਜੁਆਨ ਪੁੱਤ ਨੂੰ ਕਿਸੇ ਬੰਦੇ ਨਾਲ ਜਾਂ ਔਰਤ ਨਾਲ ਇਕੱਲੇ ਰਹਿਣ ਦੀ ਰੀਤ ਹੈ...ਰਿਵਾਜ ਹੈ...ਜੇ ਨਹੀਂ ਤਾਂ...ਪੰਜਾਬ ਤੋਂ Contract Marriage ਰਾਹੀਂ ਆਏ ਆਹ ਕੁਝ ਨਹੀਂ ਕਰ ਰਹੇ...ਬੱਚੀਆਂ ਦਾ ਮਾਨਸਿਕ ਤੇ ਸ਼ਰੀਰਕ ਸ਼ੋਸ਼ਣ ਹੋ ਰਿਹਾ...ਉਹ ਡਰਦੀਆਂ ਚੁੱਪ ਕਰ ਜਾਂਦੀਆ...

ਅਸੀਂ ਮਾਂ ਬਾਪ ਹੋਣ ਦੀ ਜ਼ਿੰਮੇਵਾਰੀ ਤੋਂ ਭੱਜ ਰਹੇ ਹਾਂ...ਅੱਜ ਦੇ ਤੇ 20 ਸਾਲ ਪਹਿਲਾਂ ਦੇ ਕਨੇਡਾ 'ਚ ਜ਼ਮੀਨ ਆਸਮਾਨ ਦਾ ਫਰਕ ਹੈ। ਹੁਣ ਹਾਲਾਤ ਬਦਲ ਗਏ ਹਨ...ਮਾਂ ਬਾਪ ਤਾਂ ਜਹਾਜ਼ ਚੜ੍ਹਾ ਸੁਰਖ਼ਰੂ ਹੋ ਗਿਆ ਕਿ ਜਿਹੜਾ ਵਿਆਹ ਤੇ ਲਾਉਣਾ ਸੀ...ਬਾਹਰ ਭੇਜਣ 'ਤੇ ਲਾਤਾ...ਕਈ ਮਾਂ ਬਾਪ ਆਪਦੀ ਨਾਕਾਬਲੀਅਤ ਨੂੰ ਜੁਆਕਾਂ ਨੂੰ ਬਾਹਰ ਭੇਜ ਲੁਕਾਉਣ ਨੂੰ ਫਿਰਦੇ ਨੇ...ਉਹਨਾਂ ਰਾਹੀਂ ਆਪਦੇ ਅਰਮਾਨ ਇਛਾਵਾਂ ਪੂਰੀਆਂ ਕਰਨ ਨੂੰ ਫਿਰਦੇ ਨੇ...ਨਤੀਜਾ...ਸਾਰਾ ਭਾਰ ਜੁਆਕਾਂ 'ਤੇ ਪੈ ਰਿਹਾ...ਜੁਆਕ ਬੌਂਦਲੇ ਫਿਰਦੇ ਨੇ...

ਗੱਲ ਦੀ ਗਹਿਰਾਈ ਨੂੰ ਸਮਝਣ ਦੀ ਲੋੜ ਹੈ...ਬੱਚੇ Emotionally Black mail ਹੋ ਰਹੇ ਨੇ...ਵਰਤੇ ਜਾ ਰਹੇ ਨੇ...12 ਪਾਸ ਨਿਰੋਲ ਲੇਬਰ ਕਲਾਸ ਹੈ...ਇਹਨਾਂ ਨੂੰ ਆਪਦਾ ਧਰਮ, ਵਿਰਸਾ ਸਮਾਜ ਦੀ ਬਣਤਰ, ਸਮਾਜ ਦੇ ਨਿਯਮ ਦੱਸੋ...ਪਰਿਵਾਰਕ ਕਦਰਾਂ ਕੀਮਤਾਂ ਦਿਉ...ਨਹੀਂ ਤਾਂ ਇਹ ਭਟਕ ਜਾਣਗੇ...ਇਹ ਜੁਆਕ ਥੋੜਾ ਅੰਸ਼ ਵੰਸ ਨੇ ਰੋਲੋ ਨਾ...

ਜਿਸ ਬੰਦੇ ਦਾ ਪੰਜਾਬ 'ਚ ਸਰਦਾ...ਭੁਲਕੇ ਵੀ ਨਾ ਭੇਜੋ...ਜੇ ਭੇਜਣਾ ਹੀ ਹੈ ਤਾਂ ਡਿਗਰੀ ਡਿਪਲੋਮੇ ਕਰਾਕੇ Trade courses ਦੀ ਪੜ੍ਹਾਈ Plumber, Electrician, Welder, Auto, AC, Truck Mechanic ਦੀ ਪੜ੍ਹਾਈ 'ਚ ਭੇਜੋ...ਤਾਂ ਕਿ ਰੁਲਣ ਤੋਂ ਬਚਿਆ ਜਾ ਸਕੇ...

ਜਿਵੇਂ ਫੁਕਰੇ ਲੋਕਾਂ ਦੀ ਪੰਜਾਬ 'ਚ ਬਹੁਤਾਤ ਹੈ...ਉਵੇਂ ਫੁਕਰੇ students ਦੀ ਵੀ ਕੈਨੇਡਾ 'ਚ ਭਰਮਾਰ ਹੈ...ਉਹ ਬਾਹਰ ਆ ਤਾਂ ਗਏ...ਪਰ ਲੱਛਣ ਉਹੀ ਨੇ...ਜੇ ਕੋਈ ਰਿਸ਼ਤੇਦਾਰ ਟੋਕਦਾ ਇਹ ਪੰਜਾਬ ਬੈਠੀ ਮਾਂ ਨੂੰ ਫੋਨ ਕਰਕੇ ਉਸ ਚਾਚੇ, ਮਾਮੇ, ਫੁੱਫੜ ਵਿਰੁੱਧ ਗੁਮਰਾਹਕੁਨ ਪ੍ਰਚਾਰ ਕਰਦੇ ਨੇ...ਰਿਸ਼ਤੇਦਾਰ ਘਰ ਬਣੀ ਦਾਲ ਸਬਜ਼ੀ ਦਾ ਮੈਨਊ ਪਿੱਛੇ ਮਾਂ ਨੂੰ ਦੱਸਣਗੀਆਂ ਅੱਜ ਕੀ ਬਣਿਆ...ਜਿਵੇਂ ਪਿੱਛੇ ਰੋਜਤਰੀ ਆਲਾ ਖਾਂਦੀਆਂ ਆਈਆਂ ਹੋਣ...18-20% ਵਿਆਜ ਤੇ ਖਰੀਦੀਆਂ ਕਾਰਾਂ ਨਾਲ ਸਮਾਜ ਚ ਰੁਤਬਾ ਲੈਣ ਨੂੰ ਫਿਰਦੇ ਨੇ...ਆਏ ਮਹੀਨੇ ਕਾਰਾਂ ਦੀਆਂ ਟੁਟੀਆਂ ਕਿਸ਼ਤਾਂ ਦੀਆਂ ਚਿੱਠੀਆਂ ਲੋਕਾਂ ਦੇ ਘਰਾਂ ਚ ਆਮ ਰੁਲਦੀਆਂ ਫਿਰਦੀਆਂ...ਬੈਂਕ ਅਕਾਊਂਟ ਚ ਦੁਆਨੀ ਨੀ ਹੁੰਦੀ...ਗੱਲ ਕਰਨਗੇ ਚੱਬ ਕੇ...ਇਹੋ ਜਿਹੀਆਂ ਨਾਲ ਆਲੀਆਂ ਫੁਕਰੀਆਂ...ਔਖੀਆਂ ਹੋ ਹੋ ਅੰਗ੍ਰੇਜ਼ੀ ਬੋਲਣਗੀਆਂ... Bob cut ਬਣਾ ਲੈਣ ਨਾਲ...ਕੰਨਾਂ ਦੇ ਪਿੱਛੇ ਐਨਕਾਂ ਟੰਗਣ ਨਾਲ...Tim Horton (ਚਾਹ ਦੀ ਦੁਕਾਨ) ਨੂੰ ਟਿੰਮੀ ਕਹਿ Drive through ਚਾਹ ਦਾ ਕੱਪ ਲੈਣ ਨਾਲ ...Macdonald ਨੂੰ Macdees ਕਹਿਣ ਨਾਲ...ਕਰਜ਼ੇ ਤੇ ਲਈਆਂ ਕਾਰਾਂ ਮੂਹਰੇ ਸੈਲਫੀਆਂ ਲੈ ਟਿਕ ਟਾਕ ਤੇ ਰੀਲਾਂ ਪਾਉਣ ਨਾਲ...ਪੈਰਾਂ ਚ ਜਰਾਬਾਂ ਨਾਲ ਗੁਸਲਖਾਨੇ ਆਲੀਆਂ ਚੱਪਲਾਂ ਪਾ...ਚੌਂਕਾਂ 'ਚ ਲਾਲ ਬੱਤੀ ਹੋਣ ਤੇ ਕਾਰਾਂ ਦੀਆਂ ਟਾਕੀਆਂ ਦੇ ਸ਼ੀਸ਼ੇ ਥੱਲੇ ਕਰ ਉਚੀ ਅਵਾਜ 'ਚ ਲੋਕਾਂ ਨੂੰ ਫੁਕਰੇ ਚਵਲ ਗਾਇਕਾਂ ਦੇ ਗਾਣੇ ਸੁਣਾਉਣ ਨਾਲ ਬੰਦਾ ਮਾਡਰਨ ਨੀ ਹੋ ਜਾਂਦਾ...ਇਹ ਸੋਚ ਦੇ ਦੀਵਾਲੀਆਪਣ ਦੀ ਨਿਸ਼ਾਨੀ ਹੈ...

ਇਹ ਕੁਝ ਕਰਨ ਨਾਲ ਅਸੀਂ ਸਿੱਧ ਕਰ ਰਹੇ ਹਾਂ...ਕਿ ਅਸੀਂ ਸਮਾਜ ਦੀ ਲੇਬਰ ਕਲਾਸ ਹਾਂ...ਇਹੀ ਕੁਛ ਹੁੰਦਾ ਅਸੀਂ ਪਹਿਲਾਂ ਵੀ ਵੇਖਿਆ ਹੈ...ਪਹਿਲਾਂ ਇਹੀ ਕੁਝ ਸਾਡੇ ਪਿੰਡਾਂ ਆਲੀ ਮੋਟਰ ਤੇ ਯੂਪੀ, ਬਿਹਾਰ ਤੋਂ ਆਈ ਲੇਬਰ ਕਰਦੀ ਸੀ...ਸ਼ਾਮ ਨੂੰ ਨਾਹ ਕੇ ਪਿੰਡ ਦੀ ਦੁਕਾਨ ਤੋਂ ਸੌਦਾ ਲੈਣ ਆਇਆਂ ਦੇ ਮੋਢੇ ਟੰਗੇ ਰੇਡੀਓ 'ਚੋਂ ਉਚੀ ਆਵਾਜ਼ 'ਚ ਇਹੀ ਹੁੰਦਾ ਸੀ...ਕਨੇਡਾ ਅਮਰੀਕਾ 'ਚ 'ਯਾ ਮੈਨ' ਆਲੇ ਕਰਦੇ ਰਹੇ ਨੇ... ਫਰਕ ਸਿਰਫ ਇੰਨਾ ਕਿ ਸਮੇਂ ਦੇ ਨਾਲ ਸਿਰਫ ਪਾਤਰ ਬਦਲ ਗਏ ਨੇ ਤੇ ਹੁਣ ਅਸੀਂ ਕਰਨ ਲੱਗ ਪਏ ਹਾਂ...ਭਲਿਉ ਲੋਕੋ ਆਪਦੀ ਉਮਰ ਦੇ 12ਵੀਂ ਜਮਾਤ ਵਾਲੇ ਸਾਲ ਯਾਦ ਕਰੋ...ਥੋਨੂੰ ਕੀ ਅਕਲ ਸੀ ਸਮਾਜ ਬਾਰੇ...ਜੇ ਜੁਆਕ ਜਿਦ ਕਰਦਾ ਤਾਂ ਉਸਨੂੰ ਸਮਝਾਵੋ...ਬੈਠਕੇ ਗੱਲ ਕਰੋ...ਜਜ਼ਬਾਤੀ ਹੋ ਲਏ ਫੈਸਲੇ ਨੁਕਸਾਨ ਕਰਦੇ ਨੇ...

ਬੱਚੇ ਲਈ ਇਸ ਉਮਰ ਚ ਠੀਕ ਗਲਤ ਦਾ ਫੈਸਲਾ ਕਰਨਾ ਮੁਸ਼ਕਿਲ ਹੈ...ਬਹੁਤੇ ਲੋਕਾਂ ਦੇ ਇੱਕ ਇੱਕ ਬੱਚਾ ਹੈ...ਇਹ ਨਾ ਹੋਵੇ ਕਿ ਕਨੇਡਾ ਦੇ ਚੱਕਰ 'ਚ ਔਲਾਦ ਵੀ ਗੁਆ ਲਵੋਂ ਤੇ ਆਪਦਾ ਬੁਢਾਪਾ ਵੀ ਰੁਲ ਜਾਵੇ...ਪਰ ਅਫਸੋਸ ਅੱਜ ਹੋ ਇਹੀ ਰਿਹਾ।

**ਕਨੇਡਾ 1990 - 2000**

ਕਨੇਡਾ ਨੇ 1967 'ਚ Point basis ਤੇ ਇਮੀਗਰੇਸ਼ਨ ਸ਼ੁਰੂ ਕੀਤੀ ਸੀ। ਭਾਰਤ ਨੂੰ ਆਜ਼ਾਦ ਹੋਏ ਅਜੇ 20 ਸਾਲ ਹੀ ਹੋਏ ਸਨ। ਨਵੇਂ ਅਦਾਰੇ ਖੜ੍ਹੇ ਹੋ ਰਹੇ ਸਨ। ਪੰਜਾਬ 'ਚ ਪੜ੍ਹੇ ਲਿਖੇ ਲੋਕਾਂ ਨੂੰ ਸਰਕਾਰੀ ਨੌਕਰੀਆਂ ਮਿਲ ਜਾਂਦੀਆਂ ਸਨ। ਇਸੇ ਲਈ ਸ਼ੁਰੂ 'ਚ ਕੈਨੇਡਾ ਆਏ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਬਹੁਤ ਘੱਟ ਸੀ।

1976 'ਚ ਜਸਟਿਨ ਟਰੂਡੋ ਦੇ ਪਿਤਾ Pierr Trudeu ਨੇ ਕਨੇਡਾ ਦੀਆਂ ਨਵੀਆਂ ਇਮੀਗ੍ਰੇਸ਼ਨ ਨੀਤੀਆਂ ਤਹਿਤ ਇਮੀਗਰਾਂਟਾਂ ਨੂੰ ਪੱਕਿਆਂ ਕਰਨ ਦਾ ਬਿੱਲ ਲਿਆਂਦਾ ਗਿਆ ਜੋ ਕਿ 15 ਫਰਵਰੀ 1977 ਨੂੰ ਲਾਗੂ ਹੋਇਆ। ਪਾਰਲੀਮੈਂਟ 'ਚ ਕੱਟੜ ਗੋਰਿਆਂ ਵਲੋਂ ਰੌਲਾ ਪੈਣਾ ਸੁਭਾਵਿਕ ਸੀ...ਪਰ ਇਸ ਮਾਮਲੇ 'ਚ ਉਹ ਦੂਰਅੰਦੇਸ਼ ਸੀ...ਉਹ ਕਹਿੰਦਾ ਕਮਲਿਉ ਤੁਸੀਂ ਅੱਜ ਨਹੀਂ ਸਮਝੋਂਗੇ...ਆਉਣ ਵਾਲੇ ਸਾਲਾਂ 'ਚ ਇਸਦੇ ਨਤੀਜੇ ਵੇਖੋਗੇ। ਥੋਡੀਆਂ ਅਗਲੀਆਂ ਪੁਸ਼ਤਾਂ ਬਹਿ ਕੇ ਖਾਣਗੀਆਂ...

ਪੱਕਿਆਂ ਕਰਨ ਪਿੱਛੇ ਇਹ ਸੋਚ ਸੀ ਕਿ Worldwar 2 ਤੋਂ ਬਾਅਦ ਦੇਸ ਨੂੰ ਖੜ੍ਹਾ ਕਰਨ ਲਈ ਲੇਬਰ ਚਾਹੀਦੀ ਸੀ ਤੇ ਆਰਜ਼ੀ ਲੇਬਰ ਇੱਥੇ ਕੰਮ ਕਰਕੇ ਦੇਸ ਦਾ ਪੈਸਾ ਬਾਹਰ ਲਈ ਜਾ ਰਹੀ ਸੀ...ਦੇਸ ਦਾ ਪੈਸਾ ਦੇਸ ਤੋਂ ਬਾਹਰ ਜਾਣ ਲੱਗ ਜਾਵੇ ਤਾਂ ਦੇਸ ਅਮੀਰ ਨਹੀਂ ਹੋਵੇਗਾ...ਜੇ ਇਹ ਇੱਥੇ ਪੱਕੇ ਰਹਿਣਗੇ ਤਾਂ ਸਾਰੀ ਕਮਾਈ ਇਥੇ ਹੀ ਰਹੇਗੀ...ਇਥੇ ਰਹੇਗੀ ਤਾਂ ਕਾਰੋਬਾਰ ਵਧਣਗੇ...ਕਾਰੋਬਾਰ ਕੀਹਦੇ ਵਧਣਗੇ...ਸੋਚ ਤਾਂ ਬਹੁਤ ਡੂੰਘੀ ਸੀ...ਦੇਸ ਤੇ ਲਿਬਰਲ ਪਾਰਟੀ ਨੂੰ ਇਸਦੇ ਫਾਇਦੇ ਅੱਜ ਤੱਕ ਮਿਲ ਰਹੇ ਹਨ...ਐਵੇਂ ਨੀ ਲਿਬਰਲ ਪਾਰਟੀ ਇਮੀਗਰਾਂਟਾਂ ਦੀ ਹਮੇਸ਼ਾਂ ਪਹਿਲੀ ਚੋਣ ਬਣੀ ਰਹੀ।

1984 ਦੇ ਦਰਬਾਰ ਸਾਹਿਬ ਤੇ ਹੋਏ ਹਮਲੇ ਤੋਂ ਬਾਅਦ ਪੰਜਾਬ ਦੇ ਬਦਲੇ ਹਾਲਾਤਾਂ 'ਚ ਖਾਸਕਰ 1990-1995 'ਚ ਝੂਠੇ ਪੁਲਿਸ ਮੁਕਾਬਲਿਆਂ ਨੇ ਕੈਨੇਡਾ ਨੂੰ ਉਹ ਮੌਕਾ ਦੇ ਦਿੱਤਾ ਜਿਸਦੀ ਨਿਉਂ Pierr Trudeu ਨੇ 1977 'ਚ ਧਰੀ ਸੀ...ਹਜ਼ਾਰਾਂ ਮੁੰਡੇ ਰਫਿਊਜੀ ਬਣ ਆਏ...ਪਾਸਪੋਰਟਾਂ ਤੇ ਫੋਟੋਆਂ ਬਦਲ...ਇਕ ਇਕ ਪਾਸਪੋਰਟ ਤੇ ਕਈ ਕਈ ਕਨੇਡਾ ਦਾ ਜਹਾਜ਼ ਚੜ੍ਹਨ ਲਈ ਮਜਬੂਰ ਹੋ ਗਏ...

ਪਹਿਲਾਂ ਆਏ ਪਰਿਵਾਰਾਂ ਵੱਲੋਂ (Family cases) ਦੇ ਰਾਹ ਭਾਈ ਭੈਣ ਸੱਦਣ ਦੀ ਰਫ਼ਤਾਰ ਤੇਜ਼ ਹੋ ਗਈ...ਪਰਿਵਾਰਾਂ ਦੇ ਪਰਿਵਾਰ ਕਨੇਡਾ ਪਹੁੰਚ ਗਏ....ਨਤੀਜਾ ਦੁਆਬਾ ਖਾਲੀ ਹੋਣ ਲੱਗਾ। ਮਾਲਵਾ ਖਾਲੀ ਹੋਣ ਦੀ ਤਿਆਰੀ ਕਰਨ ਲੱਗ ਗਿਆ...ਜ਼ਮੀਨਾਂ ਦੀ ਘਾਟ ਕਰਕੇ ਪ੍ਰਵਾਸ 'ਚ ਸ਼ੁਰੂ ਤੋਂ ਦੁਆਬਾ ਮੋਹਰੀ ਰਿਹਾ।

1990 'ਚ ਸਰਕਾਰਾਂ ਨੇ ਨੀਤੀਆਂ ਬਦਲੀਆਂ ਤੇ ਰਿਸ਼ੈਸ਼ਨ ਆ ਗਿਆ। ਕੰਮਕਾਰ ਘਟ ਗਏ ਤੇ ਘਰਾਂ ਦੀ ਮਾਰਕੀਟ ਡਾਵਾਂਡੋਲ ਹੋ ਗਈ...ਕਈ ਘਰਾਂ ਦੇ ਮਾਲਕ ਬੇਸਮੈਂਟਾਂ 'ਚ ਆ ਗਏ। 1990-1995 ਤੱਕ Real estate ਕਾਫੀ ਹੱਦ ਤੱਕ ਠੰਢੀ ਰਹੀ... ਕਹਿੰਦੇ ਕਹਾਉਂਦੇ ਬਿਲਡਰ ਬੈਂਕਰਪਸੀਆਂ ਲਈ ਮਜਬੂਰ ਹੋ ਗਏ। 1998-2000 'ਚ ਆਕੇ ਦੁਆਰਾ ਫੈਕਟਰੀਆਂ 'ਚ ਕੰਮ ਮਿਲਣੇ ਸ਼ੁਰੂ ਹੋਏ ਹੀ ਸੀ ਕਿ 2001 'ਚ ਬੁਸ਼ ਦੇ ਅਮਰੀਕਾ ਦਾ President ਬਣਨ ਤੇ 9/11 ਹੋ ਗਿਆ...ਲਗਦਾ ਸੀ ਰਿਸ਼ੈਸ਼ਨ ਦੁਆਰਾ ਆਊ ਕਿਉਂਕਿ ਅਮਰੀਕਾ ਦੀਆਂ ਆਟੋ ਪਾਰਟਸ ਤੇ ਕਾਰਾਂ ਬਣਾਉਣ ਦੀਆਂ ਫੈਕਟਰੀਆਂ ਕਨੇਡਾ 'ਚ ਹਨ। ਪਰ ਪਹਿਲੇ ਰਿਸ਼ੈਸ਼ਨ ਤੋਂ ਬਾਅਦ ਸਰਕਾਰੀ ਨੀਤੀਆਂ 'ਚ ਨਵਾਂ ਬਦਲਾਅ ਕਾਰਣ ਹਾਲਾਤ ਕਾਬੂ ਹੇਠ ਰਹਿ ਗਏ।

ਇਥੇ ਇਹ ਕਹਿਣ 'ਚ ਕੋਈ ਅਤਿਕਥਨੀ ਨਹੀਂ ਕਿ ਸ਼ੁਰੂਆਤੀ ਦੌਰ 'ਚ ਪੰਜਾਬ ਤੋਂ Family cases 'ਚ ਕਨੇਡਾ ਆਏ ਬਹੁਤੇ ਪਰਿਵਾਰਾਂ 'ਚ ਪੜ੍ਹਾਈ ਲਿਖਾਈ ਦੀ ਬੁਰੀ ਤਰ੍ਹਾਂ ਘਾਟ ਰਹੀ ਹੈ। Family Cases 'ਚ ਆਏ ਕਈ ਸੂਝਵਾਨ ਪਰਿਵਾਰ ਜਿਹੜੇ ਆਪ ਵਿਦਿਅਕ ਪੱਖ ਤੋਂ ਕਮਜ਼ੋਰ ਰਹੇ ਜਾਂ ਉਹ ਪਰਿਵਾਰ ਜੋ ਪੰਜਾਬ 'ਚ ਖੁਦ ਅਧਿਆਪਕ ਰਹੇ ਸਨ ਨੂੰ ਸਮਝ ਸੀ ਕਿ ਕਨੇਡਾ 'ਚ ਪੈਰ ਲਾਉਣ ਲਈ, ਅਗਲੀਆਂ ਨਸਲਾਂ ਲਈ ਪੜ੍ਹਾਈ ਲਿਖਾਈ ਅਤੀ ਜ਼ਰੂਰੀ ਹੈ। ਇਸ ਗੱਲ ਨੂੰ ਮੁੱਖ ਰੱਖ ਕੇ ਉਹਨਾਂ ਨੇ Family Cases 'ਚ ਆਏ ਆਪਦੇ ਧੀਆਂ ਪੁੱਤਾਂ ਦੇ ਵਿਆਹਾਂ ਲਈ ਪਿੱਛੇ ਪੰਜਾਬ 'ਚੋਂ ਇੰਜੀਨੀਅਰ, ਡਾਕਟਰ, Bsc,M.sc ਬੀਐਡ, ਵਾਲੇ ਹਾਣੀ ਲੱਭਣ ਦਾ ਰਾਹ ਚੁਣਿਆ।

ਅਧਿਆਪਕ ਕਿੱਤੇ ਨਾਲ ਸੰਬੰਧਤ ਕੁਲੀਗ ਦੋਸਤਾਂ ਮਿੱਤਰਾਂ ਨੇ ਯਾਰੀ ਦੋਸਤੀ ਨੂੰ ਰਿਸ਼ਤੇਦਾਰੀ 'ਚ ਬਦਲ ਕੇ ਆਪਸੀ ਭਰੋਸੇ ਤੇ ਪਿਆਰ ਦੀਆਂ ਗੰਢਾਂ ਨੂੰ ਹੋਰ ਮਜਬੂਤ ਕਰਨ ਲਈ ਪੁਲਾਂਘ ਪੁਟੀ। ਬੀ ਐਡ ਯੋਗਤਾ ਵਾਲੇ ਵਰਗ ਨੂੰ ਸਰਕਾਰੀ ਸਕੂਲਾਂ 'ਚ ਅਧਿਆਪਕ ਦੇ ਕਿੱਤੇ 'ਚ ਨੌਕਰੀਆਂ ਮਿਲੀਆਂ। ਪਰ ਬਾਕੀ ਵੱਡਾ ਵਰਗ ਟੈਕਸੀਆਂ ਟਰੱਕਾਂ ਦੇ ਰਾਹ ਹੁੰਦੇ ਹੋਏ...ਪ੍ਰਾਈਵੇਟ ਸੈਕਟਰ ਰੀਅਲ ਇਸਟੇਟ ਵਕੀਲ, ਅਕਾਊਂਟੈਂਟ, ਇੰਜਨੀਅਰ, ਡਾਕਟਰੀ ਜਾਂ ਹੋਰ ਸਰਵਿਸ ਸੈਕਟਰ ਦੇ ਕਿੱਤੇ 'ਚ ਸਥਾਪਤ ਹੋਣ ਲਈ ਜਦੋਜਹਿਦ ਕਰਨ ਦੇ ਰਾਹ ਪੈ ਗਿਆ।

Airport ਦੀ ਟੈਕਸੀ ਦੀ Plate ਮਿਲੀਅਨ ਤੱਕ ਲੈ ਜਾਣ 'ਚ ਇਹਨਾਂ ਦਾ ਕਾਫੀ ਯੋਗਦਾਨ ਰਿਹਾ। ਸ਼ੁਰੂ 'ਚ Point Basis ਤੇ ਆਇਆਂ ਨਾਲ ਸਭ ਤੋਂ ਵੱਧ ਜਿਆਦਤੀ ਹੋਈ...ਪਰ ਅੱਜ ਬਦਲੇ ਹਾਲਾਤਾਂ ਚ ਉਹ ਪੜ੍ਹਾਈ ਦੇ ਸਿਰ ਤੇ ਅੱਗੇ ਹਨ।

Family case 'ਚ ਜਿਹੜਾ ਵਰਗ ਕਦੇ ਪਿੰਡ ਤੋਂ ਸ਼ਹਿਰ ਆਲੀ ਬੱਸ ਨੀ ਸੀ ਚੜ੍ਹਿਆ... ਉਹ ਪਿੰਡ ਤੋਂ ਸਿੱਧੇ ਦਿੱਲੀ ਆ ਜਹਾਜ਼ ਚੜ੍ਹ ਗਿਆ...ਇਕ ਆਮ ਪਿੰਡ 'ਚੋਂ ਸਿੱਧਾ ਜਹਾਜ਼ ਫੜ ਵਿਕਸਤ ਮੁਲਕਾਂ ਦੀ ਫੈਕਟਰੀ ਜਾਂ ਬੀਸੀ ਦੇ ਫਾਰਮਾਂ 'ਚ ਪਹੁੰਚੀ ਦੇਹ ਨੇ ਸੋਚ ਨੂੰ Evolve ਕਰਨ ਵਾਲੇ ਸਾਰੇ ਰਾਹ ਬਾਈਪਾਸ ਕਰ ਦਿੱਤੇ। ਲੋੜਾਂ ਭਾਵੇਂ ਪੂਰੀਆਂ ਹੋ ਗਈਆਂ ਪਰ ਉਹਨਾਂ ਦੀ ਰੂਹ ਚ ਵਸੀ ਭੁੱਖ ਨੇ ਗੋਰਿਆਂ ਦਾ ਬੰਦੇ ਦੀ ਕੰਮ ਕਰਨ ਦੀ ਸਮਰੱਥਾ ਵਾਲਾ ਖੋਜ ਕਰਕੇ ਘੜਿਆ ਹਫਤਾ 40 ਘੰਟਿਆਂ ਤੋਂ 60 -70 ਘੰਟੇ ਤੇ ਲਿਆ ਸੁੱਟਿਆ...ਵੀਕਐਂਡ ਤੇ ਫੈਕਟਰੀ ਦੇ ਮੈਨੇਜਰ ਵਲੋਂ ਵਾਧੂ ਕੰਮ ਲਾਈ ਆਵਾਜ਼ 'ਤੇ ਇਹੀ ਵਰਗ ਮੂਹਰੇ ਹੋ ਹੋ ਡਿੱਗਿਆ...ਕਿਉਂਕਿ ਗੋਰਿਆਂ ਦੀ ਲੇਬਰ ਨੇ ਵੀਕਐਂਡ 'ਤੇ ਆਉਣ 'ਤੇ ਹੱਥ ਖੜ੍ਹੇ ਕਰ ਦਿੱਤੇ ਸਨ...

ਇਹੀ ਉਹ ਵਰਗ ਹੈ ਜਿੰਨਾਂ ਨੇ ਵਾਪਸ ਪੰਜਾਬ ਦੇ ਪਿੰਡਾਂ 'ਚ ਜਾਕੇ ਛਾਪਾਂ ਛੱਲੇ ਕੈਂਠੇ ਪਾ Flea Mkt ਤੋਂ ਖਰੀਦੇ ਸੈਂਟ ਮਾਰ ਮਾਰ ਪਿੰਡਾਂ ਦੇ ਪਿੰਡ ਕਨੇਡਾ ਲਈ ਸੋਚਣ ਲਾਤੇ...ਉਹਨਾਂ ਦਿਨਾਂ 'ਚ ਪੰਜਾਬ 'ਚ IELTS ਦੇ ਸੈਂਟਰਾਂ ਵਾਂਗ ਹਰ ਚੌਂਕ 'ਚ ਖੁਲੇ Marriage Bueru ਵਾਲੇ ਤੇ ਕਨੇਡਾ ਦੇ ਪੇਪਰ ਭਰਨ ਵਾਲੇ ਦਲਾਲਾਂ ਨੇ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੂੰ ਕਨੇਡਾ ਦੀ ਚਕਾਚੌਂਧ ਦੇ ਸੁਪਨੇ ਦਿਖਾ ਇਸ ਵਰਗ ਮੂਹਰੇ ਚੰਗੇ ਘਰਾਂ ਦੀਆਂ ਨਿਹਾਇਤ ਖ਼ੂਬਸੂਰਤ ਪੜ੍ਹੀਆਂ ਲਿਖੀਆਂ ਬੀਬੀਆਂ ਦੀਆਂ ਦੱਸਾਂ ਪੈਣ ਲਾਤੀਆਂ...ਸੌਦੇ ਹੋਏ...ਲੱਖਾਂ 'ਚ...ਫਿਰ ਅਧੌਤੀ ਆਸ਼ਿਕਾਂ ਦੀ ਤੜਫ 'ਮਿੱਤਰਾਂ ਦੀ ਛਤਰੀ ਤੋਂ ਉੱਡ ਗਈ...ਗੁੱਡਦਾ ਮੈਂ ਰਹਿ ਗਿਆ ਕਿਆਰੀਆਂ' 'ਚ ਗੂੰਜੀ। ਸਮੇਂ ਬੀਤ ਗਏ...ਜੁਆਕ ਹੋ ਗਏ ਪਰ ਵਿਚਾਰਾਂ ਦਾ ਫਰਕ ਬਰਕਰਾਰ ਰਿਹਾ।

ਸਾਦੇ ਪਰਿਵਾਰ ਦੀਆਂ ਕਦਰਾਂ ਕੀਮਤਾਂ ਵਾਲੀਆਂ ਧੀਆਂ ਇਹਨਾਂ ਦੇ ਕਨੇਡਾ 'ਚ ਲੱਛਣ ਵੇਖਕੇ ਪਿੱਟੀਆਂ... ਕਈਆਂ ਦੇ ਤਲਾਕ ਹੋਏ...ਕੁਝ ਪਿਛਲੇ ਹਾਲਾਤ ਵੇਖ...ਮਾਸੂਮ ਭਰਾ ਭੈਣ ਦਾ ਚਿਹਰਾ ਸੋਚ...ਬਾਪ ਦੀ ਗਰੀਬੀ ਵੇਖ ਦਿਲ ਦਾ ਦਰਦ ਵਿੱਚੇ ਲੈ ਬਰਫ ਦੀ ਸਿੱਲ ਬਣ ਗਈਆਂ...ਕਈਆਂ ਦੀ ਰੂਹ ਦਾ ਦਰਦ ਵੈਨਕੂਵਰ ਦੇ ਫਾਰਮਾਂ 'ਚ ਬੇਰੀ ਤੋੜਦੇ ਹੰਝੂਆਂ ਦੇ ਰਾਹ ਵਹਿ ਗਿਆ।

ਇਸ ਵਰਗ ਨੇ ਹਾਲਾਤਾਂ 'ਚ ਮੌਕਾਪ੍ਰਸਤ ਬਣ ਕਨੇਡਾ ਦੇ ਜ਼ੋਰ 'ਤੇ ਪੜ੍ਹੀਆਂ ਲਿਖੀਆਂ/ਪੜ੍ਹੇ ਲਿਖਿਆਂ ਦੇ ਰਿਸ਼ਤੇ ਖਰੀਦ ਆਪਦੀ ਹੀਣਤਾ ਨੂੰ ਕਿਸੇ ਹੱਦ ਤੱਕ ਦੂਰ ਕਰਨ ਦੀ ਅਸਫਲ ਕੋਸ਼ਿਸ਼ ਤਾਂ ਕੀਤੀ ਪਰ ਅਫ਼ਸੋਸ ਕਾਮਯਾਬ ਨਹੀਂ ਹੋਏ...ਇਥੇ ਹੀ ਵੱਟੇ ਸੱਟੇ ਆਲਾ ਰਿਵਾਜ ਤੁਰਿਆ...ਇਥੇ ਹੀ ਮਾਮੇ ਭੂਆ ਦੀਆਂ, ਚਾਚਿਆਂ ਨੇ ਭਤੀਜੀਆਂ ਵਿਆਹ ਆਪਦੇ ਅਨਮੋਲ ਵਿਰਸੇ, ਸਭਿਆਚਾਰ ਤੇ ਧਰਮ ਦੇ ਸੱਚੇ ਸੁੱਚੇ ਸਿਧਾਂਤ ਨੂੰ ਗਿਰਾਵਟ ਦੇ ਰਾਹ ਤੋਰਿਆ। ਉਹੀ ਅੱਜ ਬਦਲੇ ਹਾਲਾਤਾਂ 'ਚ Marriage contract ਦੀ ਆੜ ਚ ਹੋ ਰਿਹਾ...ਸਿਰਫ ਤਰੀਕਾ ਬਦਲ ਗਿਆ ਹੈ...ਬਲੀ ਦਾ ਬੱਕਰਾ ਉਦੋਂ ਵੀ ਪੰਜਾਬ ਬਣਿਆ ਤੇ ਅੱਜ ਵੀ ਪੰਜਾਬ ਹੀ ਹੈ...

ਭੁੱਲ ਚੁੱਕ ਲਈ ਮਾਫ਼ੀ।

# ਗੈਰ ਬਰਾਬਰੀ ਦਾ ਆਲਮ ਸਮੁੱਚੇ ਕਿਰਤ ਕਰਨ ਵਾਲੇ ਹੱਥਾਂ ਨੂੰ ਕਿਵੇਂ ਸਤਾਅ ਰਿਹਾ ਹੈ

(ਸਫ਼ਾ 19 ਦੀ ਬਾਕੀ)

ਵਿੱਚ ਵੀ ਸਾਬਤ ਹੋ ਚੁੱਕਾ ਹੈ ਕਿ ਸਰਕਾਰ ਦੀ ਬੀਪੀਐੱਲ ਵਿਧੀ ਤਕਰੀਬਨ ਅੱਧੇ ਗਰੀਬਾਂ ਨੂੰ (ਕਈ ਸੂਬਿਆਂ ਵਿੱਚ 75% ਤੱਕ ਨੂੰ) ਗਰੀਬੀ ਦਾਇਰੇ ਤੋਂ ਬਾਹਰ ਰੱਖ ਦਿੰਦੀ ਸੀ। ਭਾਵੇਂ 2013 ਦੇ 'ਕੌਮੀ ਅਨਾਜ ਸੁਰੱਖਿਆ ਕਨੂੰਨ' ਤੋਂ ਬਾਅਦ ਬੀਪੀਐੱਲ ਵਿਧੀ ਨੂੰ ਖਾਰਜ ਕੀਤਾ ਜਾ ਚੁੱਕਾ ਹੈ ਪਰ ਨਵੇਂ ਢੰਗ ਦੀ ਬੁਨਿਆਦ ਵਿੱਚ ਵੀ ਕਾਣ ਹੈ ਕਿਉਂਕਿ ਸਰਕਾਰਾਂ ਇਸ ਰੇਖਾ ਨੂੰ ਆਪਣੀਆਂ ਸਰਕਾਰੀ ਸਕੀਮਾਂ ਨਾਲ? ਜੋੜਕੇ ਹੀ ਵੇਖਦੀਆਂ ਹਨ। ਗਰੀਬੀ ਰੇਖਾ ਤੇ ਹੋਰ ਸਾਰੇ ਅਜਿਹੇ ਅੰਕੜੇ ਮਹਿਜ ਕੋਰੀਆਂ ਗਿਣਤੀਆਂ ਹੀ ਹਨ ਜਦਕਿ ਗਰੀਬੀ ਦਾ ਵਰਤਾਰਾ ਬੇਹੱਦ ਗਤੀਸ਼ੀਲ ਹੈ। ਮਹਿਜ ਇੱਕ ਬਿਮਾਰੀ ਵੀ ਕਿਸੇ ਪਰਿਵਾਰ ਨੂੰ ਅਖੌਤੀ ਮੱਧਵਰਗ ਦੇ ਦਾਇਰੇ ਤੋਂ ਹੇਠਾਂ ਸੁੱਟਕੇ ਗਰੀਬੀ ਵੱਲ ਧੱਕ ਸਕਦੀ ਹੈ। ਲਗਾਤਾਰ ਬੇਯਕੀਨੀ ਦੇ ਕੰਢੇ ਜਿਉਂਦੀ ਭਾਰਤ ਦੀ ਬਹੁਗਿਣਤੀ ਅਬਾਦੀ ਦਾ ਇਹ ਸੱਚ ਕਿਸੇ ਵੀ ਸਰਕਾਰੀ ਰਿਪੋਰਟ ਦਾ ਹਿੱਸਾ ਨਹੀਂ ਬਣਦਾ।

ਅਰਥਸ਼ਾਸਤਰੀ ਨੈਨਸੀ ਬਰਡਸਾਲ ਮੁਤਾਬਕ ਭਾਰਤ ਜਿਹੇ ਘੱਟ-ਵਿਕਸਿਤ ਸਰਮਾਏਦਾਰਾ ਮੁਲਕਾਂ ਵਿੱਚ 10 ਡਾਲਰ ਰੋਜ਼ਾਨਾ (ਜਾਣੀ 20,000-22,000 ਮਹੀਨਾ) ਤੋਂ ਵੱਧ ਦੇ ਲੋਕਾਂ ਨੂੰ ਮੱਧਵਰਗ ਵਿੱਚ ਸ਼ਾਮਲ ਕਰਨਾ ਹੋਵੇ ਤਾਂ ਭਾਰਤ ਵਿੱਚ ਸਿਖਰਲੇ 5% ਤੋਂ ਛੁੱਟ ਕੋਈ ਮੱਧਵਰਗੀ ਜਮਾਤ ਹੀ ਨਹੀਂ ਬਚਦੀ! 10 ਡਾਲਰ ਰੋਜ਼ਾਨਾ ਤੋਂ ਵੱਧ ਕਮਾਉਣ ਵਾਲਾ ਹਰ ਸ਼ਖਸ ਭਾਰਤ ਵਿੱਚ ਸਿਖਰਲੇ 5% ਲੋਕਾਂ ਵਿੱਚ ਆਉਂਦਾ ਹੈ। ਇਸ ਤੋਂ ਹੀ ਭਾਰਤ ਵਿੱਚ 90% ਤੋਂ ਵੱਧ ਲੋਕਾਂ ਦੀ ਆਰਥਿਕ ਹਾਲਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਜਾਣੀ ਜਿਸ ਨੂੰ ਮੱਧਵਰਗ ਕਹਿਕੇ ਹੁਣ ਤੱਕ ਨਵਉਦਾਰਵਾਦੀ ਨੀਤੀਆਂ ਨੂੰ ਵਡਿਆਇਆ ਜਾਂਦਾ ਰਿਹਾ ਉਹ ਤਬਕਾ ਐਨਾ ਤਰਲ ਹੈ ਕਿ ਇੱਕੋ ਝਟਕੇ ਵਿੱਚ ਗਰੀਬ ਦੀ ਸ਼੍ਰੇਣੀ ਵਿੱਚ ਡਿੱਗ ਸਕਦਾ ਹੈ। ਬੇਸ਼ੱਕ ਇਹ 90% ਅਬਾਦੀ ਇੱਕੋ ਖਾਨੇ ਨਹੀਂ ਪਾਈ ਜਾ ਸਕਦੀ ਹੈ ਤੇ ਇਸ ਵਿੱਚ ਜਿੱਥੇ ਇੱਕ ਪਾਸੇ ਸਾਰੀਆਂ ਸਹੂਲਤਾਂ ਤੋਂ ਵਿਰਵੇ, ਝੁੱਗੀਆਂ ਜਾਂ ਕੱਚੇ ਘਰਾਂ ਵਿੱਚ ਰਹਿਣ ਵਾਲੇ ਕਰੋੜਾਂ ਲੋਕ ਆਉਂਦੇ ਹਨ ਓਥੇ ਹੀ ਅਜਿਹੇ ਪਰਿਵਾਰ ਵੀ ਆਉਂਦੇ ਹਨ ਜਿਹੜੇ ਖੁਦ ਦੇ ਛੋਟੇ ਮਕਾਨ ਵਿੱਚ ਰਹਿੰਦੇ ਹਨ ਜਾਂ ਕਿਰਾਏ 'ਤੇ ਠੀਕ-ਠਾਕ ਇਲਾਕੇ ਵਿੱਚ ਰਹਿੰਦੇ ਹਨ, ਹੀਲੇ-ਵਸੀਲੇ ਆਪਣੇ ਬੱਚਿਆਂ ਨੂੰ ਥੋੜ੍ਹਾ ਬਿਹਤਰ ਪੜ੍ਹਾ ਲੈਂਦੇ ਹਨ, ਕੋਈ ਡਿਗਰੀ ਵਗੈਰਾ ਤੱਕ ਕਰਵਾ ਲੈਂਦੇ ਹਨ ਤੇ ਜਿਹਨਾਂ ਘਰ ਦੋਪਹੀਆ ਵਾਹਨ ਤੋਂ ਬਿਨਾਂ ਟੀਵੀ, ਫਰਿੱਜ ਜਿਹੀਆਂ ਆਧੁਨਿਕ ਸਮੇਂ ਦੀਆਂ ਜ਼ਰੂਰੀ ਸ਼ੈਆਂ ਵੀ ਮੌਜੂਦ ਹਨ। ਪਰ ਇਸ ਢਾਂਚੇ ਦੀ ਬੇਸ਼ਰਮੀ ਇਹੀ ਹੈ ਕਿ ਉਪਰੋਕਤ ਸਭ ਜ਼ਰੂਰੀ ਲੋੜਾਂ ਨੂੰ ਖਾਸ ਬਣਾਕੇ ਪੇਸ਼ ਕੀਤਾ ਜਾਂਦਾ ਹੈ ਤੇ ਇਸੇ ਤੋਂ "ਖ਼ੁਸ਼ਹਾਲ ਮੱਧਵਰਗ" ਦਾ ਭੁਲੇਖਾ ਖੜ੍ਹਾ ਕੀਤਾ ਜਾਂਦਾ ਹੈ।

**ਵਧਦੀ ਗੈਰ-ਬਰਾਬਰੀ ਬਨਾਮ ਵਧਦੀ ਢੀਠਤਾਈ!**

ਮੋਦੀ ਸਰਕਾਰ ਦੇ ਬਣਨ ਮਗਰੋਂ ਨੀਤੀਗਤ ਤੌਰ 'ਤੇ ਹੀ ਗਰੀਬੀ ਦੇ ਅੰਕੜੇ-ਅੰਦਾਜ਼ੇ ਇਕੱਠੇ ਕਰਨ ਦੀ ਪ੍ਰਕਿਰਿਆ ਨੂੰ ਵੱਡਾ ਪਿਛਲਮੋੜਾ ਪਿਆ ਹੈ। ਰਸਮੀ ਤੌਰ 'ਤੇ 2011-12 ਤੋਂ ਬਾਅਦ ਕੋਈ ਨਵਾਂ ਖਪਤ ਸਰਵੇਖਣ ਨਹੀਂ ਹੋਇਆ ਭਾਵੇਂ ਇੱਕ ਗੈਰ-ਰਸਮੀ ਸਰਵੇਖਣ 2017-18 ਵਿੱਚ ਹੋਇਆ ਸੀ ਜਿਸ ਦੀ ਰਿਪੋਰਟ ਨੂੰ ਬਦਨਾਮੀ ਦੇ ਡਰੋਂ ਮੋਦੀ ਹਕੂਮਤ ਨੇ 2019 ਦੀਆਂ ਚੋਣਾਂ ਤੋਂ ਐਨ ਪਹਿਲਾਂ ਦਬਾ ਦਿੱਤਾ ਸੀ। ਇਸ ਰਿਪੋਰਟ ਵਿੱਚ ਵੀ ਸਾਫ ਸੀ ਕਿ ਦਹਾਕਿਆਂ ਮਗਰੋਂ ਪਹਿਲੀ ਵਾਰੀ ਗਰੀਬੀ ਘਟਣ ਦੀ ਥਾਂ ਵਧੀ ਸੀ। 2011-12 ਤੇ 2017-18 ਵਿੱਚ ਇਸ ਵਿੱਚ 10% ਵਾਧਾ ਦਰਜ ਕੀਤਾ ਗਿਆ। ਇਹ ਅੰਕੜੇ ਕਿਰਤ ਬਿਊਰੋ ਵੱਲੋਂ ਪੇਸ਼ ਉਜਰਤਾਂ ਦੇ ਅੰਕੜਿਆਂ ਨਾਲ? ਵੀ ਮੇਲ ਖਾਂਦੇ ਹਨ ਜਿਹਨਾਂ ਮੁਤਾਬਕ ਪਿਛਲੇ ਅੱਠ-ਨੌਂ ਸਾਲਾਂ ਵਿੱਚ ਹੇਠਲੇ ਤਬਕੇ ਦੀਆਂ ਅਸਲ ਉਜਰਤਾਂ ਵਿੱਚ ਨਾਂਮਾਤਰ ਵਾਧਾ ਦਰਜ ਕੀਤਾ ਗਿਆ ਜਦਕਿ ਬੇਰੁਜ਼ਗਾਰੀ ਚਾਰ ਦਹਾਕਿਆਂ ਦੇ ਰਿਕਾਰਡ ਪੱਧਰ ਨੂੰ ਪਹੁੰਚ ਗਈ।


ਪਰ ਮੋਦੀ ਸਰਕਾਰ ਇਸ ਸਭ ਨੂੰ ਪੂਰੀ ਢੀਠਤਾਈ ਨਾਲ ਨਾ ਸਿਰਫ਼ ਨਜ਼ਰਅੰਦਾਜ਼ ਕਰ ਰਹੀ ਹੈ ਸਗੋਂ ਗਲਤ ਤੱਥ ਦੇ ਕੇ ਆਮ ਲੋਕਾਂ ਨੂੰ ਭਰਮਾਉਣ ਦੀ ਵੀ ਕੋਸ਼ਿਸ਼ ਕਰ ਰਹੀ ਹੈ। ਜਦੋਂ ਉਪਰੋਕਤ ਖਪਤ ਵਾਲੇ ਤੇ ਬੇਰੁਜਗਾਰੀ ਦੇ ਅੰਕੜਿਆਂ ਨੂੰ ਲੈ ਕੇ ਸਰਕਾਰ ਦੀ ਥੂ-ਥੂ ਹੋਈ ਤਾਂ ਮੋਦੀ ਤੇ ਇਸਦੇ ਹਮਾਇਤੀਆਂ ਨੇ ਊਟ-ਪਟਾਂਗ ਮਾਰਦਿਆਂ ਲਗਾਤਾਰ ਬਣ ਰਹੇ ਨਵੇਂ ਹੋਟਲ-ਰੈਸਤਰਾਂ, ਗੱਡੀਆਂ ਦੀ ਵਧੀ ਵਿਕਰੀ, ਮਹਿੰਗੇ ਫੋਨਾਂ, ਹਵਾਈ ਜਹਾਜ਼ਾਂ ਦੀਆਂ ਟਿਕਟਾਂ ਦੀ ਵਧੀ ਵਿਕਰੀ ਆਦਿ ਦੇ ਅੰਕੜੇ ਦੇਣੇ ਸ਼ੁਰੂ ਕਰ ਦਿੱਤੇ। ਪਰ ਸਰਕਾਰ ਦੇ ਨੁਮਾਇੰਦਿਆਂ ਤੇ ਇਸਦੇ ਮੀਡੀਏ ਨੇ ਇਹ ਕਦੇ ਨਾ ਦੱਸਿਆ ਕਿ ਐਨ ਇਹਨਾਂ ਹੀ ਅੰਕੜਿਆਂ ਨੂੰ ਘੁਮਾਕੇ ਵੇਖੀਏ ਤਾਂ ਸੱਚਾਈ ਬਾਹਰ ਆ ਜਾਂਦੀ ਹੈ। ਮਹਿੰਗੇ ਰੈਸਤਰਾਂ ਦੀ ਗਿਣਤੀ, ਮਹਿੰਗੇ ਮੋਬਾਈਲ ਫ਼ੋਨਾਂ ਜਾਂ ਗੱਡੀਆਂ ਦੀ ਵਿਕਰੀ ਵਿੱਚ ਵਾਧਾ ਇਹੀ ਦਰਸਾਉਂਦਾ ਹੈ ਕਿ ਭਾਰਤ ਦਾ ਉੱਪਰਲਾ ਤਬਕਾ ਖੁਸ਼ਹਾਲ ਹੋਰ ਖੁਸ਼ਹਾਲ ਹੁੰਦਾ ਜਾ ਰਿਹਾ ਹੈ ਜਦਕਿ ਹੇਠਲੇ ਤਬਕੇ ਦੇ ਸਿਰ 'ਤੇ ਟੰਗੀ ਅਸੁਰੱਖਿਆ ਦੀ ਤਲਵਾਰ ਹੋਰ ਨੇੜੇ ਹੁੰਦੀ ਜਾਂਦੀ ਹੈ। ਜਿਵੇਂ ਪੰਜਾਬੀ ਕਵੀ ਪ੍ਰੋ. ਮੋਹਨ ਸਿੰਘ ਨੇ ਇਕੇਰਾਂ ਲਿਖਿਆ ਸੀ,

**ਦੋ ਟੋਟਿਆਂ ਦੇ ਵਿੱਚ ਭੋਂ ਟੁੱਟੀ**<br>
**ਇੱਕ ਮਹਿਲਾਂ ਦਾ ਇੱਕ ਢੋਕਾਂ ਦਾ**<br>
**ਦੋ ਧੜਿਆਂ ਵਿੱਚ ਖ਼ਲਕਤ ਵੰਡੀ**<br>
**ਇੱਕ ਲੋਕਾਂ ਦਾ ਇੱਕ ਜੋਕਾਂ ਦਾ**

ਇਹ ਸਤਰਾਂ ਅੱਜ ਦੇ ਭਾਰਤ ਲਈ ਪਹਿਲਾਂ ਨਾਲੋਂ ਵੀ ਵਧੇਰੇ ਸੱਚ ਹਨ। ਅੱਜ ਦੋ ਮੁਲੋਂ ਹੀ ਵੱਖਰੇ ਭਾਰਤ ਨਾਲੋ-ਨਾਲ ਮੌਜੂਦ ਹਨ ਇੱਕ ਕਿਰਤੀਆਂ ਦਾ ਭਾਰਤ ਜਿਸ ਲਈ ਪੱਕੀ ਨੌਕਰੀ ਤੇ ਚੰਗੇ ਗੁਜ਼ਾਰੇ ਲਾਇਕ ਆਮਦਨ ਦੀ ਵੀ ਕੋਈ ਗਰੰਟੀ ਨਹੀਂ ਤੇ ਦੂਜੇ ਪਾਸੇ ਧਨਾਢ ਲੋਕਾਂ ਦਾ ਭਾਰਤ ਜਿਹਨਾਂ ਲਈ ਦੇਸ਼ ਹੀ ਨਹੀਂ ਦੁਨੀਆਂ ਦੀ ਵੀ ਮਹਿੰਗੀ ਤੋਂ ਮਹਿੰਗੀ ਸ਼ੈਅ ਪਹੁੰਚ ਵਿੱਚ ਹੈ। ਅੱਜ ਇਸੇ ਗੈਰ-ਬਰਾਬਰੀ ਵਾਲੇ ਲੋਟੂ ਨਿਜ਼ਾਮ ਖਿਲਾਫ ਸੰਘਰਸ਼ ਕਰਦੇ ਹੋਏ ਸਾਨੂੰ ਲੋਕਾਂ ਦੀ ਅਸਲ ਹਾਲਤ ਨਾਲ ਜੁੜੇ ਅੰਕੜਿਆਂ ਨੂੰ ਹੋਰ ਜ਼ੋਰ ਨਾਲ ਪ੍ਰਚਾਰਨ ਦੀ, ਹੋਰ ਵੱਡੇ ਦਾਇਰੇ ਵਿੱਚ ਲਿਜਾਣ ਦੀ ਲੋੜ ਹੈ।

# ਵਿਲੱਖਣ ਪ੍ਰਾਪਤੀਆਂ ਵਾਲਾ ਪੰਜਾਬ ਤਰਾਸਦੀਆਂ ਦੇ ਦੌਰ 'ਚ








*ਦੁਨੀਆ ਦੇ ਇਤਿਹਾਸ ਵਿਚ ਕਈ ਅਜਿਹੀਆਂ ਕੌਮਾਂ ਹੋਈਆ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਹਰੇਕ ਕੋਨੇ 'ਤੇ ਸਥਾਪਤ ਕੀਤਾ ਹੈ ਅਤੇ ਆਪਣੀ ਵਿਲੱਖਣ ਸੋਝੀ, ਸਮਝ ਅਤੇ ਕਾਰਜ ਕਰਨ ਦੀ ਸਮਰੱਥਾ ਨਾਲ ਆਪਣਾ ਨਾਂ ਵੱਖ ਵੱਖ ਦੇਸ਼ਾਂ ਵਿਚ ਰੌਸ਼ਨ ਕਰਵਾਇਆ ਹੈ ਅਤੇ ਦੁਨੀਆ ਦਾ ਕੋਈ ਵੀ ਅਜਿਹਾ ਕੋਨਾ ਨਹੀਂ ਜਿਥੇ ਵਿਕਾਸ ਦੀਆਂ ਬੁਲੰਦੀਆਂ ਰਾਹੀਂ ਮੁਲਕਾਂ ਨੇ ਮਾਣ ਸਤਿਕਾਰ ਵੀ ਦਿੱਤਾ ਹੈ। ਪ੍ਰੰਤੂ ਆਪਣਾ ਘਰ ਜੋ ਦੇਸ਼ ਭਾਰਤ ਵਿਚ ਰਹਿ ਗਿਆ ਪੰਜਾਬ ਹੈ ਉਹ ਆਲਮ ਵਿਚੋਂ ਗੁਜ਼ਰ ਰਿਹਾ ਹੈ। ਦਹਾਕਿਆਂ ਦੀਆਂ ਹਕੂਮਤੀ ਸਿਰਦਰਦੀਆਂ ਨੇ ਉਨ੍ਹਾਂ ਦਾ ਆਰਥਿਕ ਤੋਂ ਲੈ ਕੇ ਸਮਾਜਿਕ ਇਥੋਂ ਤੱਕ ਸਭਿਆਚਾਰਕ ਖੂਨ ਵੀ ਚੂਸ ਲਿਆ ਹੈ। ਇਸ ਧਰਤੀ ਨੂੰ ਇਕ ਪਾਸੇ ਖ਼ੁਦ ਕਿਸੇ ਨਾ ਕਿਸੇ ਪੰਜਾਬ ਦੇ ਕੋਨੇ 'ਤੇ ਖ਼ੁਦਕਸ਼ੀ ਦੇ ਰੂਪ ਵਿਚ ਪੰਜਾਬ ਆਪਣੇ ਆਪ ਨੂੰ ਖਤਮ ਕਰ ਦੇਣਾ ਚਾਹੁੰਦਾ ਹੈ। ਆਰਥਿਕ ਬੋਝ ਇੰਨਾ ਵੱਧ ਗਿਆ ਕਿ ਉਸ ਨੂੰ ਲਗਦਾ ਹੈ ਕਿ ਮੈਂ ਇਸ ਦਾ ਭਾਰ ਨਹੀਂ ਚੁੱਕ ਸਕਦਾ। ਇਸ ਤੋਂ ਬਿਹਤਰ ਹੈ ਕਿ ਮੈਂ ਇਸ ਧਰਤੀ ਨੂੰ ਆਤਮਹੱਤਿਆ ਰਾਹੀਂ ਅਲਵਿਦਾ ਕਹਿ ਦੇਵਾਂ ਅਤੇ ਦੂਸਰੇ ਪਾਸੇ ਕਿਸੇ ਵੀ ਦੇਸ਼ ਜਾਂ ਕੌਮ ਦਾ ਸਰਮਾਇਆ ਨੌਜਵਾਨ ਹੋਇਆ ਕਰਦਾ ਹੈ ਉਹ ਵੀ ਇਸ ਧਰਤੀ ਤੋਂ ਆਪਣਾ ਬੋਰੀਆ ਬਿਸਤਰਾ ਬੰਨ੍ਹ ਕੇ ਵਿਦੇਸ਼ਾਂ ਵਿਚ ਪ੍ਰਵੇਸ਼ ਕਰਨ ਦੀ ਦੌੜ ਵਿਚ ਸ਼ਾਮਲ ਹੋ ਗਿਆ ਹੈ। ਭਲਾ ਹੀ ਉਸ ਨੂੰ ਕਿਸ ਕਿਸਮ ਦੀ ਤਰਾਸਦੀ ਵਿਚੋਂ ਗੁਜ਼ਰਨਾ ਪੈਂਦਾ ਹੋਵੇ ਪਰ ਉਹ ਵਤਨ ਵਾਪਸ ਨਹੀਂ ਆਉਣਾ ਚਾਹੁੰਦਾ। ਅਜਿਹੀ ਤਰਾਸਦਿਕ ਅਣਹੋਣੀ ਪੰਜਾਬ ਦੇ ਹਿੱਸੇ ਕਿੰਝ ਆਈ ਕੀ ਅਸੀਂ ਵੀ ਬੇਵਤਨ ਹੋਣਾ ਚਾਅ ਰਹੇ ਹਾਂ। ਸਾਡੀ ਧਰਤੀ ਸਾਡਾ ਭਾਰ ਝੱਲਣ ਤੋਂ ਅਸਮਰੱਥ ਹੋ ਗਈ ਹੈ। ਅਸੀਂ ਕਿਸ ਤਰ੍ਹਾਂ ਕਿਸ ਦਿਸ਼ਾ ਵੱਲ ਸਿਰ ਜੋੜ ਕੇ ਸੋਚਾਂਗੇ, ਸਮਝਾਂਗੇ ਅਤੇ ਬਦਲ ਦੀ ਤਲਾਸ਼ ਵਿਚ ਵਿਚਾਰਾਂਗੇ। ਇਹ ਸਵਾਲ ਦੁਨੀਆ ਦੇ ਹਰੇਕ ਕੋਨੇ 'ਤੇ ਬੈਠੇ ਪੰਜਾਬੀ ਨੂੰ ਬੇਚੈਨ ਕਰ ਰਿਹਾ ਹੈ। ਇਸ ਬੇਚੈਨੀ ਦਾ ਸਾਡੇ ਕੋਲ ਅਜੇ ਕੋਈ ਜਵਾਬ ਨਹੀਂ। ਅਸੀਂ ਤੁਹਾਡੇ ਨਾਲ ਆਪਣੀ ਸਾਂਝ ਪਾ ਕੇ ਇਸ ਸਵਾਲ ਦਾ ਜਵਾਬ ਲੱਭਣ ਲਈ ਕੋਸ਼ਿਸ਼ ਵਿਚ ਹੀ ਭਾਈਵਾਲ ਹਾਂ। ਇਸ ਕਰਕੇ ਤੁਹਾਡੇ ਦੁੱਖਾਂ ਦਰਦਾਂ ਨਾਲ ਸੁਮੇਲ ਕਰਦੀ 'ਸਰੋਕਾਰਾਂ ਦੀ ਆਵਾਜ਼' ਤੁਹਾਡੀ ਆਪਣੀ ਦੁੱਖਾਂ ਦਰਦਾਂ ਅਤੇ ਤਰਾਸਦੀਆਂ ਦੀ ਆਵਾਜ਼ ਦਾ ਇਕ ਹਿੱਸਾ ਹੈ। ਹੋਰ ਬਹੁਤ ਹਿੱਸੇ ਹਨ ਜਿਹੜੇ ਇਸ ਵਿਚ ਸਾਂਝ ਅਤੇ ਸੋਝੀ ਪਾ ਸਕਦੇ ਹਨ ਤਾਂ ਕਿ ਅਸੀਂ ਆਪਣੇ ਵਤਨ ਦੀ ਮਿੱਟੀ ਦੀ ਵਿਰਾਸਤ ਵਿਚੋਂ ਖੜ੍ਹ ਕੇ ਮੁੜ ਸੋਚਣ ਵੱਲ ਅੱਗੇ ਵਧੀਏ। – ਸੰਪਾਦਕ*



ਡਾ. ਕੁਲਦੀਪ ਸਿੰਘ
98151-15429

ਜਿਸ ਕਿਸਮ ਨਾਲ 15ਵੀਂ ਸਦੀ ਤੋਂ ਲੈ ਕੇ ਪੰਜਾਬ ਨੇ ਨਵੇਂ ਕਿਸਮ ਦਾ ਪ੍ਰਵਚਨ ਗੁਰੂਆਂ ਅਤੇ ਉਨ੍ਹਾਂ ਦੀ ਬਾਣੀ ਰਾਹੀਂ ਉਚਾਰਿਆ ਅਤੇ ਵਿਕਸਿਤ ਕੀਤਾ ਸੀ ਜਿਹੜਾ ਸਮੇਂ ਸਮੇਂ 'ਤੇ ਹਰ ਕਿਸਮ ਦੇ ਜ਼ਬਰ ਅਤੇ ਜ਼ੁਲਮ ਨਾਲ ਟੱਕਰਦਾ ਹੋਇਆ ਇਤਿਹਾਸ ਵਿਚ ਆਪਣਾ ਨਾਂ ਦਰਜ ਕਰਵਾ ਲਿਆ ਸੀ। ਕਈ ਵਾਰੀ ਕੋਸ਼ਿਸ਼ ਕਰਦਿਆਂ ਲੋਕਾਂ ਦਾ ਰਾਜ ਬੰਦਾ ਬਹਾਦਰ ਰਾਹੀਂ ਸਿਰਜਣ ਦੀ ਪ੍ਰਕਿਰਿਆ ਵੀ ਚੱਲੀ। ਜਦੋਂ ਅੰਗਰੇਜ਼ ਇਸ ਧਰਤੀ 'ਤੇ ਆਪਣਾ ਸਿੱਕਾ ਅਜਮਾ ਚੁੱਕੇ ਸਨ ਉਨ੍ਹਾਂ ਦੇ ਖਿਲਾਫ਼ ਦੁਨੀਆ ਭਰ 'ਚੋਂ ਪੰਜਾਬ ਦੀ ਧਰਤੀ ਨੂੰ ਪਿਆਰ ਕਰਨ ਵਾਲੇ ਜਿਹੜੇ ਕਰਜ਼ੇ ਨਾਲ ਬੁਰੀ ਤਰ੍ਹਾਂ ਨਪੀੜੇ ਵੀ ਹੋਏ ਸਨ ਵਿਦੇਸ਼ਾਂ ਨੂੰ ਅਲਵਿਦਾ ਕਹਿ ਕੇ ਆਪਣੀ ਧਰਤੀ ਨੂੰ ਅਜ਼ਾਦੀ ਕਰਵਾਉਣ ਲਈ ਗ਼ਦਰੀਆਂ ਦੇ ਰੂਪ ਵਿਚ ਵਾਪਸ ਪਰਤ ਆਏ। ਅਜਿਹੇ ਇਨਸਾਨ ਦਹਾਕਿਆਂ ਅਤੇ ਸਦੀਆਂ ਬਾਅਦ ਪੈਦਾ ਹੁੰਦੇ ਹਨ। ਮੁੜ ਜਦੋਂ ਕਿਸਾਨਾਂ 'ਤੇ ਸੰਕਟ ਆਇਆ ਤਾਂ ਦੇਸ਼ ਵਿਦੇਸ਼ ਵਿਚ ਬੈਠੇ ਪੰਜਾਬੀਆਂ ਨੂੰ ਜਾਪਿਆ ਕਿ ਅਸੀਂ ਆਪਣੀ ਧਰਤੀ ਦੇ ਲੋਕਾਂ ਦਾ ਕਰਜ਼ ਉਤਾਰ ਸਕਦੇ ਹਾਂ। ਉਨ੍ਹਾਂ ਹਰ ਕਿਸਮ ਦੀ ਸੰਘਰਸ਼ ਦੀ ਮਦਦ ਹੀ ਨਹੀਂ ਕੀਤੀ ਬਲਕਿ ਆਪਣੇ ਕਈ ਕਾਰਜ ਛੱਡ ਕੇ ਪਹੁੰਚ ਗਏ। ਇਥੋਂ ਤੱਕ ਵਿਦੇਸ਼ਾਂ ਵਿਚ ਬੈਠੇ ਲੜਕੇ ਲੜਕੀਆਂ ਨੇ ਮਾਪਿਆਂ ਨੂੰ ਕਿ ਇਸ ਇਤਿਹਾਸਕ ਲੜਾਈ ਵਿਚੋਂ ਪਰ੍ਹੇ ਨਹੀਂ ਰਹਿਣੇ ਤੇ ਸ਼ਾਮਲ ਹੋ ਜਾਣਾ ਹੈ। ਇਹ ਹਕੀਕਤਾਂ ਅਤੇ ਇਤਿਹਾਸਕ ਪ੍ਰਾਪਤੀਆਂ ਵਾਲੀ ਪੰਜਾਬੀ ਕੌਮ ਆਪਣੀ ਹੀ ਧਰਤੀ ਨਾਲ ਕਈ ਕਿਸਮ ਦੇ ਸੰਕਟਾਂ ਨਾਲ ਜੂਝ ਰਹੀ ਹੈ। ਬੇਚੈਨੀ ਦਾ ਆਲਮ ਇਸ ਕਦਰ ਵਧ ਗਿਆ ਹੈ ਕਿ ਬਿਨਾਂ ਯੋਗ ਢੰਗ ਨਾਲ ਸੋਚਿਆਂ, ਸਮਝਿਆਂ ਅਤੇ ਦਿਸ਼ਾ ਲਿਆਂ ਆਪਣੀ ਧਰਤੀ ਨੂੰ ਨੌਜਵਾਨਾਂ ਪੀੜ੍ਹੀ ਜਿਹੜੀ ਬੇਹੱਦ ਹੋਣਹਾਰ ਹੈ ਅਲਵਿਦਾ ਕਹਿ ਰਹੀ ਹੈ। ਇਸ ਗੁੰਝਲਦਾਰ ਸਵਾਲ ਦਾ ਜਵਾਬ ਅਜੇ ਹੋਰ ਉਲਝੇਗਾ। ਦੇਖੋ ਭਵਿੱਖ ਵਿਚ ਕਿਸ ਕਿਸਮ ਦੀ ਸੋਝੀ ਅਜੋਕੇ ਹਾਲਾਤਾਂ ਵਿਚ ਨਿਕਲਣ ਲਈ ਵਿਕਸਿਤ ਹੁੰਦੀ ਹੈ। ਜਿਨ੍ਹਾਂ ਹਿੱਸਿਆਂ ਨੇ ਇਕਜੁਟ ਹੋ ਕੇ ਰਾਜਨੀਤੀ ਦੇ ਨਵੇਂ ਪੰਨੇ ਲਿਖਣੇ ਸਨ ਉਹ ਰਾਜਨੀਤੀ ਤੋਂ ਕੋਹਾਂ ਦੂਰ ਹਨ। ਹਾਲਾਂਕਿ ਜਦੋਂ 15-16ਵੀਂ ਸਦੀ ਵਿਚ ਪੰਜਾਬੀ ਆਪਣੀ ਧਰਤੀ ਬਾਰੇ ਸੋਚ ਹੀ ਰਹੇ ਸਨ ਤਾਂ ਰਾਜ ਦਾ ਸਵਾਲ ਉਨ੍ਹਾਂ ਦੇ ਏਜੰਡੇ 'ਤੇ ਆ ਗਿਆ। ਇਸੇ ਤਰ੍ਹਾਂ ਵੱਖ ਵੱਖ ਦੌਰਾਂ ਵਿਚ ਚਾਹੇ ਉਹ ਬੰਦਾ ਬਹਾਦਰ ਦਾ ਸਮਾਂ ਹੋਵੇ, ਚਾਹੇ ਮਹਾਰਾਜਾ ਰਣਜੀਤ ਸਿੰਘ ਦਾ ਅਤੇ ਇਥੋਂ ਤੱਕ ਗਦਰੀਆਂ ਦਾ ਹੋਵੇ ਜਿਨ੍ਹਾਂ ਗ਼ਦਰ ਪਾਰਟੀ ਬਣਾ ਕੇ ਰਾਜ ਦੇ ਸਵਾਲ ਨੂੰ ਸੰਬੋਧਨ ਹੋਣ ਦਾ ਫੈਸਲਾ ਕੀਤਾ ਅਤੇ ਭਗਤ ਸਿੰਘ ਹੋਰਾਂ ਨੂੰ ਰਿਪਬਲਿਕਨ ਪਾਰਟੀ ਬਣਾ ਕੇ ਸੱਤਾ ਦਾ ਸਵਾਲ ਨੂੰ ਨਜਿੱਠਣ ਦੀ ਕੋਸ਼ਿਸ਼ ਕੀਤੀ। ਉਸ ਤੋਂ ਬਾਅਦ ਜਿਸ ਕਿਸਮ ਨਾਲ ਸੱਤਾ ਦਾ ਸਵਾਲ ਏਜੰਡੇ ਤੋਂ ਪਰ੍ਹੇ ਹੁੰਦਾ ਗਿਆ ਸਿਰਫ਼ ਤੇ ਸਿਰਫ਼ ਸੰਘਰਸ਼ਾਂ ਤੇ ਸੰਘਰਸ਼ਾਂ ਦੇ ਚੱਕਰਾਂ ਵਿਚ ਹੀ ਤਾਕਤ ਨੂੰ ਰੋਲ ਦਿੱਤਾ ਗਿਆ ਮੁੜ ਉਹੀ ਚਿਹਰੇ ਸੱਤਾ 'ਤੇ ਬਿਠਾ ਦਿੱਤੇ ਚਾਹੇ ਉਹ ਦਿੱਲੀ ਦੇ ਦਲਾਲ ਸਨ ਅਤੇ ਚਾਹੇ ਵੱਡੀ ਤੇ ਧਨੀ ਪਰਤ ਵਿਚੋਂ ਪੈਦਾ ਹੋਏ ਕੁਝ ਖਾਨਦਾਨ ਸਨ ਅਤੇ ਜਾਂ ਰਾਜਿਆਂ, ਮਹਾਰਾਜਿਆਂ ਦੇ ਪਰਿਵਾਰ ਸਨ। ਉਨ੍ਹਾਂ ਪੰਜਾਬ ਨੂੰ ਸੰਤ ਰਾਮ ਉਦਾਸੀ ਦੇ ਕਹਿਣ ਮੁਤਾਬਕ ਇਨ੍ਹਾਂ ਦੇਸ਼ ਨੂੰ ਬਿਲੇ ਲਾ ਦਿੱਤਾ ਇਨ੍ਹਾਂ ਤੁਹਾਡਾ ਕੁਝ ਵੀ ਛੱਡਣਾ ਨਹੀਂ। ਇਹ ਹਕੀਕਤ ਅੱਜ ਦੇਸ਼ ਵਿਚ ਤਾਂ ਹੈ ਹੀ ਹੈ ਪੰਜਾਬ ਵਿਚ ਸੱਚਾਈ ਬਣ ਗਈ ਹੈ ਕਿ ਹਰ ਪਿੰਡ ਅਤੇ ਸ਼ਹਿਰ ਕਿਸੇ ਨਾ ਕਿਸੇ ਰੂਪ ਵਿਚ ਸੰਕਟਗ੍ਰਸਤ ਹੋਇਆ ਪਿਆ ਹੈ। ਨੌਜਵਾਨੀ ਇਸ ਖਿੱਤੇ ਨੂੰ ਅਲਵਿਦਾ ਕਹਿਣ ਤੱਕ ਚਲੀ ਗਈ ਹੈ। ਹੁਕਮਰਾਨ ਆਪਣੀਆਂ ਜੱਫੀਆਂ ਰਾਹੀਂ ਮੁੜ ਕਿਸੇ ਨਾ ਕਿਸੇ ਰੂਪ ਵਿਚ ਸੱਤਾ ਦੀਆਂ ਪੌੜੀਆਂ 'ਤੇ ਚੜ੍ਹਨ ਲਈ ਇਕਜੁਟ ਹੋ ਰਹੇ ਹਨ ਪ੍ਰੰਤੂ ਲੋਕਾਂ ਦੀਆਂ ਦੁੱਖਾਂ, ਤਕਲੀਫ਼ਾਂ ਦਾ ਨਿਪਟਾਰਾ ਕਰਨ ਵਾਲੇ ਹਿੱਸੇ ਇਕਜੁਟਤਾ ਦਾ ਦਰਵਾਜ਼ਾ ਨਹੀਂ ਖੋਲ੍ਹ ਰਹੇ। ਜਿਸ ਤੋਂ ਬਿਨਾਂ ਇਸ ਪੰਜਾਬ ਦੀ ਤਰਾਸਦੀ ਦਾ ਕੋਈ ਹੱਲ ਨਹੀਂ।









*ਦਹਾਕਿਆਂ ਤੋਂ ਪੰਜਾਬ ਦਾ ਉਜਾੜਾ ਹਕੀਕਤ ਵਿਚ ਰਾਜਨੀਤੀਵਾਨਾਂ ਦੀਆਂ ਜੱਫੀਆਂ ਨੇ ਪਾਇਆ ਹੈ। ਹਾਲਾਂਕਿ ਵੋਟਾਂ ਵੇਲੇ ਇਕ ਦੂਜੇ ਨਾਲ ਗਾਲੋਂ ਗਾਲੀ ਦੀ ਭਾਸ਼ਾ ਵਿਚ ਲੋਕਾਂ ਦੀਆਂ ਵੋਟਾਂ ਬਟੋਰਨ ਦਾ ਕਾਰਜ ਵੀ ਇਹ ਨੇਤਾ ਕਰਦੇ ਹਨ ਪ੍ਰੰਤੂ ਪਤਾ ਨਹੀਂ ਕਦੋਂ ਕਿਹੜਾ ਕਿਸ ਕੇਸ ਵਿਚ ਕਿਸ ਜੇਲ੍ਹ ਵਿਚੋਂ ਬਾਹਰ ਆਵੇ ਅਤੇ ਮੁੜ ਕਦੇ ਕਿ ਆ ਆਪਾਂ ਫਿਰ ਜੱਫੀ ਪਾਈਏ। ਪਤਾ ਨਹੀਂ ਕਿਸ ਲਈ ਹਕੂਮਤ 'ਤੇ ਕਾਬਜ਼ ਲਈ ਜਾਂ ਆਪਣੀ ਸੱਤਾ ਤੋਂ ਉਖੜੀ ਹੋਈ ਤਾਕਤ ਕਾਰਨ ਬਣੀ ਦੁਰਗਤੀ ਨੂੰ ਘੱਟ ਕਰਨ ਲਈ ਇਹ ਕਾਰਜ ਰਾਜਨੀਤੀ ਦਾ ਇਕ ਹਿੱਸਾ ਹੈ। ਜਿਸ ਕਿਸਮ ਨਾਲ ਦਹਾਕਿਆਂ ਤੋਂ ਭ੍ਰਿਸ਼ਟਾਚਾਰ, ਭ੍ਰਿਸ਼ਟਾਚਾਰ ਅਤੇ ਭ੍ਰਿਸ਼ਟਾਚਾਰ ਮੁਕਤ ਦੇਸ਼ ਅਤੇ ਪੰਜਾਬ ਦਾ ਨਾਅਰਾ ਦਿੱਤਾ ਜਾਂਦਾ ਹੈ ਉਸ ਦਾ ਨਤੀਜਾ ਹਮੇਸ਼ਾ ਹੀ ਸਿਰਫ਼, ਸਿਰਫ਼ ਅਤੇ ਸਿਰਫ਼ ਹੁੰਦਾ ਹੈ। ਇਕ ਅਜਿਹਾ ਕੇਂਦਰ ਅਸਿੱਧੇ ਰੂਪ ਵਿਚ ਦਿੱਲੀ ਦੀ ਹਕੂਮਤ ਨੇ ਸਥਾਪਤ ਕੀਤਾ ਹੈ ਜਿਹੜਾ ਉਮਰ ਦੇ 70 ਵਰ੍ਹਿਆਂ ਤੋਂ ਉਪਰ ਹੋਣ ਦੇ ਬਾਵਜੂਦ ਦਿੱਲੀ ਦੀ ਹਰ ਵਿੰਗੀ ਟੇਡੀ ਰਾਜਨੀਤੀ ਦਾ ਕੇਂਦਰ ਬਣਿਆ ਹੋਇਆ ਹੈ। ਆਏ ਦਿਨ ਪੰਜਾਬ ਦੀਆਂ ਅਖ਼ਬਾਰਾਂ ਇਸ਼ਤਿਹਾਰਾਂ ਤੋਂ ਲੈ ਕੇ ਇਨ੍ਹਾਂ ਦੇ ਬਿਆਨਾਂ ਨਾਲ ਸ਼ਿੰਗਾਰੀਆਂ ਹੁੰਦੀਆਂ ਹਨ। ਲੋਕ ਦਿਨ-ਬ-ਦਿਨ ਉਪਰੋਕਤ ਨੂੰ ਦੇਖ ਕੇ ਅੰਦਾਜ਼ਾ ਲਗਾ ਲੈਂਦੇ ਹਨ ਕਿ ਇਨ੍ਹਾਂ ਕੋਲ ਸਾਡੇ ਸਵਾਲਾਂ ਅਤੇ ਮਸਲਿਆਂ ਦਾ ਕੋਈ ਹੱਲ ਨਹੀਂ। ਇਹ ਤਾਂ ਸਿਰਫ਼ ਆਪਣੀਆਂ ਤਾਕਤਾਂ ਦਾ ਸਮਤੁਲ ਹੀ ਉਸਾਰਦੇ ਅਤੇ ਢਾਉਂਦੇ ਰਹਿੰਦੇ ਹਨ।*

# ਕਿਸਾਨ ਮਜ਼ਦੂਰ ਕਮਿਸ਼ਨ : ਸ਼ਾਨਦਾਰ ਦੇਸ਼ ਪੱਧਰੀ ਪਹਿਲਕਦਮੀ ਦੀ ਸ਼ੁਰੂਆਤ

**ਬਲਜਿੰਦਰ ਸਿੰਘ ਪਟਿਆਲਾ**

ਦੇਸ਼ ਭਰ ਦੇ ਵੱਖ-ਵੱਖ ਕੋਨਿਆਂ ਤੋਂ ਪੇਂਡੂ ਖੇਤਰ ਦੀਆਂ ਸਮੁੱਚੀਆਂ ਖੇਤੀਬਾੜੀ ਨਾਲ ਜੁੜੀਆਂ ਸਮੱਸਿਆਵਾਂ ਪ੍ਰਤੀ ਸਹੀ ਸਮਝਦਾਰੀ ਉਤਪੰਨ ਕਰਨ ਹਿੱਤ ਕੋਰੋਨਾ ਦੌਰ ਵਿਚ ਨੇਸ਼ਨ ਫਾਰ ਫਾਰਮਰਜ਼ ਵਲੋਂ ਇਕ ਪਹਿਲਕਦਮੀ ਕਿਸਾਨ ਕਮਿਸ਼ਨ ਸਥਾਪਤ ਕਰਨ ਦੀ ਕੀਤੀ ਜਾ ਰਹੀ ਸੀ। ਲਗਾਤਾਰ ਤਿੰਨ ਸਾਲ ਜਦੋਂ ਕਿਸਾਨ ਅੰਦੋਲਨ ਵੀ ਚੱਲ ਰਿਹਾ ਸੀ ਇਹ ਅਹਿਸਾਸ ਹੋਣ ਲੱਗਾ ਕਿ ਸਮੁੱਚੀ ਕਿਸਾਨੀ ਦੀ ਲੜਾਈ ਸਵਾਮੀ ਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਉਪਰ ਕੇਂਦਰਤ ਹੋ ਚੁੱਕੀ ਹੈ। ਹਾਲਾਂਕਿ ਇਹ ਰਿਪੋਰਟ ਭਲਾ ਦੋ ਦਹਾਕੇ ਪਹਿਲਾਂ ਆਈ ਸੀ ਇਸ ਰਿਪੋਰਟ ਦੀਆਂ ਬੁਨਿਆਦਾਂ



ਬੜੀਆਂ ਮਜ਼ਬੂਤ ਹਨ। ਉਨ੍ਹਾਂ ਨੂੰ ਅੱਜ ਦੀ ਸਥਿਤੀ ਅਤੇ ਮੌਜੂਦਾ ਪੇਂਡੂ ਖੇਤਰ ਦੇ ਅਰਥਚਾਰੇ ਦੀਆਂ ਦਿੱਕਤਾਂ ਨਾਲ ਜੋੜੇ ਅਤੇ ਸਮਝੇ ਤੋਂ ਬਿਨਾਂ ਨਵੇਂ ਸੰਘਰਸ਼ਾਂ ਅਤੇ ਦਿਸ਼ਾਵਾਂ ਨੂੰ ਵਿਕਸਿਤ ਨਹੀਂ ਕੀਤਾ ਜਾ ਸਕਦਾ। ਇਸ ਕਾਰਜ ਦੀ ਪੂਰਤੀ ਲਈ ਦੇਸ਼ ਭਰ ਦੇ ਪ੍ਰਸਿਧ ਮਾਹਿਰਾਂ ਜਿਨ੍ਹਾਂ ਵਿਚ ਵਿਸ਼ੇਸ਼ ਕਰਕੇ ਪੀ.ਸਾਈਨਾਥ, ਪ੍ਰੋ. ਦਿਨੇਸ਼ ਅਬਰਾਲ, ਡਾ. ਨਵਸ਼ਰਨ ਸਿੰਘ, ਪ੍ਰੋ. ਜਗਮੋਹਨ ਸਿੰਘ ਆਦਿ ਹੋਰ ਸ਼ਖਸੀਅਤਾਂ ਨੇ 14 ਅਤੇ 15 ਜੂਨ ਨੂੰ ਦੋ ਰੋਜ਼ਾ ਕਨਵੈਨਸ਼ਨ ਕਰਕੇ ਕਿਸਾਨ ਮਜ਼ਦੂਰ ਕਮਿਸ਼ਨ ਬਣਾਉਣ ਦਾ

**ਵਿਸਥਾਰਤ ਰਿਪੋਰਟ ਅਗਲੇ ਅੰਕ 'ਚ**

ਫੈਸਲਾ ਕੀਤਾ ਜਿਸ ਦੇ ਕਨਵੀਨਰ ਪ੍ਰੋ. ਜਗਮੋਹਨ ਸਿੰਘ ਨੂੰ ਬਣਾਇਆ ਗਿਆ। ਸਮੁੱਚੀ ਰਿਪੋਰਟ ਵੱਖ ਵੱਖ ਪਹਿਲੂਆਂ ਜਿਨ੍ਹਾਂ ਵਿਚ ਕਿਸਾਨੀ ਉਪਰ ਕਰਜ਼ੇ ਦਾ ਸਵਾਲ, ਭੋਜਨ ਸੁਰੱਖਿਆ ਦਾ ਸਵਾਲ, ਕਿਸਾਨਾਂ ਅਤੇ ਮਜ਼ਦੂਰਾਂ ਦੀ ਸਮਾਜਿਕ ਸੁਰੱਖਿਆ ਦਾ ਸਵਾਲ ਅਤੇ ਕਾਰਪੋਰੇਟ ਘਰਾਣਿਆਂ ਦੀ ਖੇਤੀਬਾੜੀ ਅਤੇ ਉਸ ਨਾਲ ਸਬੰਧਤ ਨੀਤੀਆਂ ਨੂੰ ਰੋਕਣ ਲਈ ਸਿਫਾਰਸ਼ਾਂ ਅਤੇ ਨੀਤੀਆਂ ਆਦਿ ਬਣਾਉਣਾ ਇਸ ਕਾਰਜ ਖੇਤਰ ਹਨ। ਜਿਸ ਦੀ ਸ਼ੁਰੂਆਤ ਵੱਖ ਵੱਖ ਖੇਤਰਾਂ ਵਿਚ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਨਾਲ ਅਦਾਨ ਪ੍ਰਦਾਨ ਕਰਕੇ ਕੀਤੀ ਜਾਵੇਗੀ।

# ਯੋਗਾ ਨੂੰ ਮਾਨਸਿਕ ਚਿੰਤਾ ਦੇ ਖ਼ਾਤਮੇ ਲਈ ਵਰਤਣ ਦਾ ਉਪਦੇਸ਼ ਦੇਣਾ ਲੋਕਾਂ ਨਾਲ ਧੋਖਾ



**ਜਸਵੰਤ ਜੀਰਖ**
98151-69825



ਹੁਣੇ ਹੀ ਯੋਗਾ ਦਿਵਸ ਨੂੰ ਸਰਕਾਰੀ ਤੌਰ ਤੇ ਮਨਾਇਆ ਗਿਆ ਜਿਸ ਦਾ ਵੱਡੀ ਪੱਧਰ ਤੇ ਹੋਇਆ ਪ੍ਰਚਾਰ ਸਭ ਨੇ ਵੇਖਿਆ।

ਸਾਡੇ ਦੇਸ਼ ਵਿੱਚ ਯੋਗਾ ਕਰਨ ਦੇ ਫ਼ਾਇਦੇ ਦੱਸਣ ਵਾਲੇ ਅਨੇਕਾਂ ਨਰ- ਨਾਰੀ ਟੀ ਵੀ ਚੈਨਲਾਂ ਤੋਂ ਬਾਅਦ ਅੱਜ ਕੱਲ੍ਹ ਮਹੱਲਿਆਂ ਦੀਆਂ ਪਾਰਕਾਂ ਵਿੱਚ ਅਕਸਰ ਹੀ ਵੇਖਣ ਨੂੰ ਮਿਲਦੇ ਹਨ। ਸਵੇਰੇ ਸਵੇਰੇ ਹਰ ਰੋਜ਼ ਔਰਤਾਂ ਅਤੇ ਮਰਦ, ਨੌਜਵਾਨ ਇਹਨਾਂ ਪਾਰਕਾਂ ਵਿੱਚ ਯੋਗਾ ਦੇ ਤਰ੍ਹਾਂ ਤਰ੍ਹਾਂ ਦੇ ਆਸਣਾਂ ਦਾ ਅਭਿਆਸ ਕਰਕੇ ਆਪਣੇ ਸਰੀਰ ਨੂੰ ਰੋਗ ਮੁਕਤ ਰੱਖਣ ਲਈ ਯਤਨਸੀਲ ਹਨ। ਪਰ ਜਦੋਂ ਸਰੀਰਕ ਤੰਦਰੁਸਤੀ ਤੋਂ ਅੱਗੇ, ਯੋਗਾ ਨੂੰ ਮਾਨਸਿਕ ਤੌਰ ਤੇ ਮਜ਼ਬੂਤ ਹੋਣ ਦਾ ਵਸੀਲਾ ਕਹਿਕੇ ਚਿੰਤਾ ਮੁਕਤ ਹੋਣ ਦਾ ਜੋ ਦਾਅਵਾ ਕੀਤਾ ਜਾ ਰਿਹਾ ਹੈ , ਉਹ ਸਰਾ ਸਰ ਲੋਕਾਂ ਨਾਲ ਧੋਖਾ ਕਰਨ ਅਤੇ ਅੰਧਵਿਸ਼ਵਾਸ ਫੈਲਾਉਣ ਦੇ ਬਰਾਬਰ ਹੈ। ਟੀ ਵੀ ਚੈਨਲਾਂ ਰਾਹੀਂ ਯੋਗਾ ਦਾ ਪ੍ਰਚਾਰ ਕਰਨ ਵਾਲੇ ਬਾਬਾ ਰਾਮ ਦੇਵ ਨੇ ਜਦੋਂ ਯੋਗਾ ਦੇ ਨਾਂ ਤੇ ਵਿਉਪਾਰ ਸ਼ੁਰੂ ਕੀਤਾ, ਤਾਂ ਉਸ ਵੇਲੇ ਯੋਗਾ ਦੇ ਵੱਖ ਵੱਖ ਆਸਣਾਂ ਰਾਹੀਂ ਸਰੀਰਿਕ ਤੰਦਰੁਸਤੀ ਸਮੇਤ ਮਾਨਸਿਕ ਚਿੰਤਾਵਾਂ ਨੂੰ ਖਤਮ ਕਰਨ ਦੇ ਉਪਦੇਸ਼ ਵੀ ਦਿੱਤੇ ਜਾਂਦੇ ਰਹੇ। ਸਟੇਜ ਤੋਂ ਉਹਨਾਂ ਵੱਲੋਂ ਦ੍ਰਸਕਾਂ ਨੂੰ ਯੋਗ ਦੇ ਆਸਣ ਕਰਨ ਦੀ ਜਾਂਚ ਸਿਖਾਉਣ ਵੇਲੇ , ਕਦੀ ਸਾਹ ਅੰਦਰ ਖਿੱਚਣਾ, ਕਦੀ ਰੋਕਣਾ ਤੇ ਬਾਹਰ ਕੱਢਣਾ ਸਮੇਤ ਸਰੀਰ ਦੇ ਵੱਖ ਅੰਗਾਂ ਰਾਹੀਂ ਜ਼ੀਰੋ (0) ਬਣਾਉਣਾ, ਕਦੀ ਖੱਬੀ ਲੱਤ ਘਮਾਉਣੀ ਤੇ ਕਦੀ ਸੱਜੀ ਜਾਂ ਕਦੀ ਲੱਕ ਘਮਾਉਣਾ ਤੇ ਪੇਟ ਅੰਦਰ ਬਾਹਰ ਕਰਨਾ ਆਦਿ ਦੇ ਫ਼ਾਇਦੇ ਵੀ ਗਿਣਾਏ ਜਾਂਦੇ। ਇੱਥੋਂ ਤੱਕ ਤਾਂ ਸਮਝ ਪੈਂਦੀ ਹੈ ਕਿ ਵੱਖ ਵੱਖ ਸਰੀਰਕ ਅੰਗਾਂ ਨੂੰ ਠੀਕ ਚੱਲਦਾ ਰੱਖਣ ਲਈ ਇਹ ਸਹਾਈ ਹੋ ਸਕਦੇ ਹਨ। ਪਰ ਇਸ ਤੋਂ ਪਹਿਲਾਂ ਲੋਕਾਂ ਨੂੰ ਸੰਤੁਲਿਤ ਖ਼ੁਰਾਕ ਮਿਲਣੀ ਵੀ ਬੇਹੱਦ ਜ਼ਰੂਰੀ ਹੈ ਅਤੇ ਇਸ ਦੀ ਪੂਰਤੀ ਲਈ ਉਹਨਾਂ ਦੀ ਆਮਦਨ ਇਸ ਸੰਤੁਲਿਤ ਖ਼ੁਰਾਕ ਖਰੀਦ ਸਕਣ ਯੋਗ ਹੋਣੀ ਉਸ ਤੋਂ ਵੀ ਜ਼ਰੂਰੀ ਹੈ। ਪਰ ਇਸ ਬਾਰੇ ਕੋਈ ਗੱਲ ਹੀ ਨਹੀਂ ਕੀਤੀ ਜਾ ਰਹੀ। ਜੇਕਰ ਖ਼ੁਰਾਕ ਹੀ ਸਰੀਰਕ ਲੋੜ ਅਨੁਸਾਰ ਨਾ ਮਿਲੇਗੀ, ਤਾਂ ਕੀ ਯੋਗਾ ਰਾਹੀਂ ਇਹ ਲੋੜ ਪੂਰੀ ਹੋ ਸਕਦੀ ਹੈ ? ਇਸ ਸਵਾਲ ਦਾ ਜਵਾਬ ਨਾ ਕੋਈ ਯੋਗ ਦਾ ਪ੍ਰਚਾਰਕ ਦੇਵੇਗਾ ਤੇ ਨਾ ਹੀ ਕ੍ਰੋੜਾਂ ਰੁਪਏ ਇਸ ਦੀ ਇਸ਼ਤਿਹਾਰ ਬਾਜ਼ੀ ਕਰਨ ਵਾਲੀ ਸਰਕਾਰ।

ਜਦੋਂ ਯੋਗਾ ਰਾਹੀਂ ਮਾਨਸਿਕ ਪ੍ਰੇਸਾਨੀ ਜਾਂ ਚਿੰਤਾ ਰੋਗ ਨੂੰ ਘਟਾਉਣ ਜਾਂ ਖਤਮ ਕਰਨ ਲਈ ਵਰਤਣ ਦੀ ਗੱਲ ਕੀਤੀ ਜਾਂਦੀ ਹੈ, ਤਾਂ ਕੀ ਮਾਨਸਿਕ ਪ੍ਰੇਸ਼ਾਨੀਆਂ ਦਾ ਹੱਲ ਉਹਨਾਂ ਦੇ ਕਾਰਣ ਦੂਰ ਕਰਨ ਤੋਂ ਬਗੈਰ ਹੀ ਯੋਗਾ ਰਾਹੀਂ ਸੰਭਵ ਹੈ? ਕਿਉਂਕਿ ਸਾਡੇ ਸਮਾਜ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਵੱਖ ਵੱਖ ਘਰੇਲੂ, ਆਰਥਿਕ, ਸਮਾਜਿਕ ਸਮੱਸਿਆਵਾਂ ਨੇ ਘੇਰਿਆ ਹੋਇਆ ਹੈ। ਕਿਸੇ ਨੂੰ ਆਪਣੀ ਬੇਰੋਜਗਾਰੀ ਦੀ ਮਾਨਸਿਕ ਚਿੰਤਾ, ਕਿਸੇ ਨੂੰ ਜੁਆਨ ਧੀ ਦੇ ਵਿਆਹ ਦੀ ਚਿੰਤਾ, ਕਿਸੇ ਨੂੰ ਲਏ ਕਰਜ਼ਾ ਮੋੜਨ ਦੀ ਚਿੰਤਾ, ਕਿਸੇ ਨੂੰ ਆਪਣੀ ਔਲਾਦ ਦੇ ਨਸ਼ਿਆਂ ਵਿੱਚ ਪੈ ਜਾਣ ਦੀ ਚਿੰਤਾ, ਕਿਸੇ ਨੂੰ ਬਿਮਾਰੀ ਦਾ ਇਲਾਜ ਨਾ ਕਰਵਾਏ ਜਾਣ ਪੱਖੋਂ ਅਸਮਰਥ ਹੋਣ ਦੀ ਮਾਨਸਿਕ ਚਿੰਤਾ ਆਦਿ ਆਦਿ। ਅਜਿਹੀਆਂ ਅਨੇਕਾਂ ਮਾਨਸਿਕ ਚਿੰਤਾਵਾਂ ਹਨ ਜੋ ਮਨੁੱਖ ਨੂੰ ਦਿਨ-ਰਾਤ ਪ੍ਰੇਸ਼ਾਨ ਕਰ ਰਹੀਆਂ ਹਨ, ਜਿਹਨਾਂ ਵਿੱਚੋਂ ਕੋਈ ਇੱਕ ਵੀ ਅਜਿਹੀ ਨਹੀਂ ਜੋ ਯੋਗਾ ਕਰਨ ਨਾਲ ਹੱਲ ਹੋ ਸਕਦੀ ਹੋਵੇ। ਪਰ ਪ੍ਰਚਾਰਿਆ ਇਹ ਜਾ ਰਿਹਾ ਹੈ ਕਿ ਯੋਗਾ ਰਾਹੀਂ ਮਾਨਸਿਕ ਅਵਸਥਾ ਨੂੰ ਤਾਕਤ ਮਿਲਦੀ ਹੈ, ਜਿਸ ਕਰਕੇ ਚਿੰਤਾਵਾਂ ਨੂੰ ਘਟਾਇਆ ਜਾਂ ਮੁੱਕਤ ਹੋਇਆ ਜਾ ਸਕਦਾ ਹੈ, ਜਦੋਂਕਿ ਇਹ ਸਾਰੀਆਂ ਹੀ ਸਾਡੇ ਦੇਸ਼ ਦੇ ਗਲਤ ਰਾਜ ਪ੍ਰਬੰਧ ਅਤੇ ਬੇਲੋੜੇ ਰੀਤੀ ਰਿਵਾਜਾਂ ਨਾਲ ਸਬੰਧਤ ਹਨ, ਜਿਹਨਾਂ ਨੂੰ ਬਦਲੇ ਬਿਨਾ ਇਹਨਾਂ ਦੇ ਠੀਕ ਹੋਣ ਦਾ ਕੋਈ ਦੂਜਾ ਬਦਲ ਹੈ ਹੀ ਨਹੀਂ । ਇਹ ਬਦਲ ਯੋਗਾ ਨਾਲ ਨਹੀਂ , ਲੋਕਾਂ ਨੂੰ ਸਮਝਦਾਰ ਬਣਨ ਨਾਲ ਆਉਣਾ ਹੈ । ਪਰ ਸਰਕਾਰਾਂ ਇਹ ਸਮਝਦਾਰੀ ਕਿਉਂ ਦੇਣਗੀਆਂ ? ਉਹਨਾਂ ਦਾ ਰਾਜ ਤਾਂ ਗ਼ੈਰ ਸਮਝਦਾਰੀ ਨਾਲ ਚਲਾਏ ਜਾ ਰਹੇ ਰਾਜ ਪ੍ਰਬੰਧ ਵਿੱਚ ਹੀ ਸੁਰੱਖਿਅਤ ਹੈ। ਇਸੇ ਲਈ ਉਹ ਉਪਰੋਕਤ ਮਨੁੱਖੀ ਪ੍ਰੇਸਾਨੀਆ ਦੇ ਹੱਲ ਕਰਨ ਵਿੱਚ ਨਾਕਾਮ ਰਹਿਣ ਕਰਕੇ ਯੋਗਾ ਵਰਗੇ ਹੱਥਿਆਰ ਨੂੰ ਆਪਣੇ ਰਾਜ ਦੀ ਉਮਰ ਲੰਮੀ ਕਰਨ ਲਈ ਵਰਤ ਰਹੀਆਂ ਹਨ। ਪ੍ਰਧਾਨ ਮੰਤਰੀ, ਮੁੱਖ ਮੰਤਰੀਆਂ, ਮੰਤਰੀਆਂ ਸਮੇਤ ਸਕੂਲ, ਕਾਲਜ, ਸਰਕਾਰੀ ਅਦਾਰਿਆਂ ਅੰਦਰ ਇਸ ਯੋਗਾ ਨੂੰ ਹੀ ਹਰ ਮਰਜ਼ ਦਾ ਇਲਾਜ ਹੋਣ ਦਾ ਭਰਮ ਪੈਦਾ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਸਰਕਾਰੀ ਤੌਰ ਤੇ ਵੀ ਹੁਣ ਯੋਗਾ ਦਾ ਇਸਤੇਮਾਲ ਸਰੀਰਿਕ ਤੰਦਰੁਸਤੀ ਬਣਾਈ ਰੱਖਣ ਦੇ ਨਾਲ ਨਾਲ ਮਾਨਸਿਕ ਚਿੰਤਾਵਾਂ ਤੋਂ ਮੁੱਕਤ ਹੋਣ ਦੇ ਸਾਧਨ ਵਜੋਂ ਵੀ ਪ੍ਰਚਾਰਿਆ ਜਾਣਾ ਆਮ ਹੋ ਗਿਆ ਹੈ। ਨੌਜਵਾਨਾਂ ਨੂੰ ਯੋਗਾ ਦੇ ਨਾਂ ਹੇਠ ਇਕੱਠੇ ਕਰਕੇ ਇਸ ਨੂੰ ਮਾਨਸਿਕ ਚਿੰਤਾ ਤੋਂ ਮੁਕਤੀ ਦਾ ਮਾਰਗ ਕਿਹਾ ਜਾਣਾ ਗੰਭੀਰਤਾ ਨਾਲ ਸੋਚਣ ਦਾ ਵਿਸ਼ਾ ਹੈ। ਚਾਹੀਦਾ ਤਾਂ ਇਹ ਹੈ ਕਿ ਮਨੁੱਖ ਨੂੰ ਇਹਨਾਂ ਚਿੰਤਾਵਾਂ ਤੋਂ ਮੁੱਕਤ ਕਰਨ ਲਈ ਨੌਜਵਾਨਾਂ ਨੂੰ ਰੋਜ਼ਗਾਰ, ਕਿਸਾਨਾਂ ਮਜ਼ਦੂਰਾਂ ਦੀ ਗੁਜ਼ਾਰੇ ਯੋਗ ਆਮਦਨ, ਨਸ਼ੇ ਦੇ ਵੱਡੇ ਕਾਰੋਬਾਰੀਆਂ ਨੂੰ ਨੱਥ ਪਾਉਣ, ਗੰਭੀਰ ਬਿਮਾਰੀਆਂ ਦੇ ਮੁੱਫਤ ਇਲਾਜ ਆਦਿ ਵਰਗੇ ਪ੍ਰਬੰਧ ਕੀਤੇ ਜਾਣ, ਨਾ ਕਿ ਦੋਮ ਦਰਜੇ ਦੀਆਂ ਗੱਲਾਂ ਨਾਲ ਲੋਕਾਂ ਦੀ ਅਗਿਆਨਤਾ ਦਾ ਮਜ਼ਾਕ ਉਡਾਇਆ ਜਾਵੇ। ਪਰ ਸਰਕਾਰੀ ਤੌਰ ਤੇ ਲੋਕਾਂ ਦੀਆਂ ਅਸਲ ਸਮੱਸਿਆਵਾਂ ਦੇ ਮੁੱਦਿਆਂ ਦੀ ਗੱਲ ਕਰਨ ਤੋਂ ਪਾਸਾ ਵੱਟਕੇ, ਉਹਨਾਂ ਦਾ ਧਿਆਨ ਗ਼ੈਰ ਉਤਪਾਦਿਤ ਕੰਮਾਂ ਵੱਲ ਲਗਾਕੇ ਬੁੱਤਾ ਸਾਰਿਆ ਜਾ ਰਿਹਾ ਹੈ। ਜੇਕਰ ਇਕ ਕਾਮੇ ਮਨੁੱਖ ਨੂੰ ਲੋੜੀਂਦੀ ਖ਼ੁਰਾਕ ਹੀ ਨਹੀਂ ਮਿਲੇਗੀ, ਤਾਂ ਉਸ ਨੂੰ ਲੱਗਣ ਵਾਲੇ ਰੋਗਾਂ ਦਾ ਇਲਾਜ ਕੋਈ ਯੋਗਾ ਨਹੀਂ ਕਰ ਸਕੇਗਾ, ਸਗੋਂ ਚੰਗੀ ਖੁਰਾਕ ਦੀ ਪੂਰਤੀ ਲਈ ਕਦਮ ਚੁੱਕਣੇ ਪੈਣਗੇ ਜੋ ਸਰਕਾਰ ਦੀ ਮੁੱਢਲੀ ਜ਼ੁੰਮੇਵਾਰੀ ਹੈ।ਪਰ ਇਸ ਪਾਸੇ ਕੋਈ ਉਸਾਰੂ ਕੰਮ ਨਾ ਕਰਨ ਦੀ ਬਜਾਏ ਭੁੱਖੇ ਢਿੱਡ ਯੋਗਾ ਕਰਨ ਦੇ ਉਪਦੇਸ਼ ਦੇ ਕੇ ਡੰਗ ਟਪਾਈ ਕੀਤੀ ਜਾ ਰਹੀ ਹੈ।

ਇਸ ਸਰਮਾਏਦਾਰੀ ਰਾਜ ਪ੍ਰਬੰਧ ਵਿੱਚ ਮਨੁੱਖ ਤੋਂ ਵੱਧ ਮਹੱਤਤਾ, ਪੈਸਾ ਕਮਾਉਣ ਨੂੰ ਦਿੱਤੀ ਜਾਂਦੀ ਹੈ। ਕਾਮੇ ਮਨੁੱਖ ਤੋਂ ਵੱਧ ਤੋਂ ਵੱਧ ਕੰਮ ਕਰਵਾਉਣ ਦੇ ਬਦਲ ਵਿੱਚ ਘੱਟ ਤੋਂ ਘੱਟ ਮਿਹਨਤਾਨਾ ਦੇ ਕੇ, ਹਰ ਕੰਮ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਕੀਤਾ ਜਾਂਦਾ ਹੈ। ਦੂਜੇ ਪਾਸੇ ਹਰ ਉਹ ਵਸਤੂ ਜੋ ਕਮਾਊ ਲੋਕਾਂ ਨੇ ਖ਼ਰੀਦਣੀ ਹੁੰਦੀ ਹੈ, ਉਸ ਦੀ ਕੀਮਤ ਇੰਨੀ ਵਧਾ ਦਿੱਤੀ ਜਾਂਦੀ ਹੈ ਕਿ ਮਨੁੱਖ ਕੋਲ ਪ੍ਰੇਸ਼ਾਨੀ ਤੋਂ ਬਿਨਾ ਹੋਰ ਕੁੱਝ ਬਚਦਾ ਹੀ ਨਹੀਂ। ਅਜਿਹੇ ਪ੍ਰਬੰਧ ਅੰਦਰ ਯੋਗਾ ਨੂੰ ਪ੍ਰੇਸ਼ਾਨੀ ਘਟਾਉਣ ਲਈ ਪ੍ਰਚਾਰਕੇ ਸਰਕਾਰਾਂ ਆਪਣੀਆਂ ਨਾਕਾਮੀਆਂ ਛਿਪਾਉਣ ਲਈ ਵਰਤਕੇ, ਆਪਣੀ ਪ੍ਰੇਸ਼ਾਨੀ ਜਰੂਰ ਘੱਟ ਕਰ ਰਹੀਆਂ ਹਨ।ਸਰਕਾਰਾਂ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਕਮਾਊ ਲੋਕਾਂ ਨੂੰ ਆਰਥਿਕ ਤੌਰ 'ਤੇ ਉੱਪਰ ਚੁੱਕਣ ਲਈ ਉਹਨਾਂ ਦੀਆਂ ਜੇਬ੍ਹਾਂ ਤੇ ਹੋਰ ਕੈਂਚੀ ਚਲਾਉਣ ਤੋਂ ਗੁਰੇਜ਼ ਕਰੇ। ਵੱਡੇ ਵੱਡੇ ਪੂੰਜੀਪਤੀਆਂ/ ਕਾਰਪੋਰੇਟਾਂ ਨੂੰ ਟੈਕਸਾਂ ਤੋਂ ਛੋਟ ਦੇਣ ਅਤੇ ਉਹਨਾਂ ਦੇ ਕ੍ਰੋੜਾਂ ਦੇ ਕਰਜ਼ੇ ਮੁਆਫ ਕਰਨ ਵਾਲੇ ਫ਼ੈਸਲੇ ਵਾਪਸ ਲੈ ਕੇ ਉਹਨਾਂ ਦੀ ਸਮੇਤ ਵਿਆਜ ਵਸੂਲੀ ਕਰੇ। ਕਿਉਂਕਿ ਇਹ ਸਾਰਾ ਸ਼ਰਮਾਇਆ ਲੋਕਾਂ ਦੀ ਕਮਾਈ 'ਚੋਂ ਗਿਆ ਹੈ ਜਿਸ ਉੱਪਰ ਲੋਕਾਂ ਹੀ ਹੱਕ ਹੈ। ਇਸ ਕਰਕੇ ਇਸਨੂੰ ਵਾਪਸ ਲੈ ਕੇ ਕਮਾਊ ਲੋਕਾਂ ਦੀ ਬੇਹਤਰੀ ਲਈ ਖਰਚਿਆ ਜਾਣਾ ਚਾਹੀਦਾ ਹੈ।ਲੋਕਾਂ ਨੂੰ ਯੋਗਾ ਦਾ ਪਾਠ ਪੜ੍ਹਾਕੇ ਪ੍ਰੇਸ਼ਾਨੀਆਂ ਤੋਂ ਮੁਕਤ ਹੋਣ ਲਈ ਕੀਤੇ ਜਾ ਰਿਹੇ ਭੰਡੀ ਪ੍ਰਚਾਰ ਦੀ ਬਜਾਏ ਸਹੀ ਪਹੁੰਚ ਅਪਣਾਉਣ ਦੀ ਲੋੜ ਹੈ। ਪਰ ਸਰਕਾਰੀ ਤੌਰ ਤੇ ਯੋਗਾ ਦਾ ਪ੍ਰਚਾਰ ਕਰਨ ਤੇ ਕ੍ਰੋੜਾਂ ਰੁਪਏ ਇਸ਼ਤਿਹਾਰਬਾਜ਼ੀ ਤੇ ਖਰਚ ਕਰਕੇ, ਮੁਹੱਲਿਆਂ ਵਿੱਚ ਮੁੱਫਤ ਯੋਗਾ ਅਧਿਆਪਕ ਦੇਣ ਦੇ ਬੇਲੋੜੇ ਵਾਅਦੇ ਕੀਤੇ ਜਾ ਰਹੇ ਹਨ, ਜਿਹਨਾਂ ਦਾ ਮੋੜਵਾਂ ਬੋਝ ਅਕਸਰ ਲੋਕਾਂ ਉੱਤੇ ਹੀ ਪੈਣਾ ਹੈ। ਦੂਜੇ ਪਾਸੇ ਜੋ ਕ੍ਰੋੜਾਂ ਨੌਜਵਾਨ ਰੋਜ਼ਗਾਰ ਪ੍ਰਾਪਤ ਕਰਨ ਲਈ ਤਰਲੇ ਲੈ ਰਹੇ ਹਨ, ਉਹਨਾਂ ਨੂੰ ਰੋਜ਼ਗਾਰ ਦੇਣ ਦਾ ਏਜੰਡਾ ਕਿਧਰੇ ਨਜ਼ਰ ਨਹੀਂ ਆ ਰਿਹਾ।


ਇਸੇ ਲੜੀ ਵਿੱਚ ਬਾਬਾ ਰਾਮ ਦੇਵ ਵਰਗਿਆਂ ਵੱਲੋਂ, ਯੋਗਾ ਦੇ ਨਾਂ ਹੇਠ ਸਰਕਾਰੀ ਸਰਪ੍ਰਸਤੀ ਹੇਠ ਪ੍ਰਸਿੱਧੀ ਹਾਸਲ ਕਰਕੇ, ਹੁਣ ਦਵਾਈਆਂ, ਖਾਧ ਪਦਾਰਥ, ਦੰਦ ਮੰਜਨ, ਗੰਜਿਆਂ ਲਈ ਤੇਲ ਤੇ ਕਰੀਮਾਂ ਆਦਿ ਅਨੇਕਾਂ ਵਸਤਾਂ ਤਿਆਰ ਕਰਕੇ ਵੇਚਣ ਦਾ ਵਿਉਪਾਰ ਸ਼ੁਰੂ ਕਰਕੇ ਮਾਲੋ ਮਾਲ ਹੋਇਆ ਜਾ ਰਿਹਾ ਹੈ। ਜਿਹੜਾ ਬਾਬਾ ਕਿਸੇ ਵੇਲੇ ਦਵਾਈਆਂ ਦਾ ਵਿਰੋਧ ਕਰਕੇ ਯੋਗਾ ਕਰਨ ਨੂੰ ਰਾਮ ਬਾਣ ਦੱਸ ਰਿਹਾ ਸੀ, ਉਹ ਅੱਜ ਖ਼ੁੱਦ ਆਪਣੀਆਂ ਦਵਾਈਆਂ ਵੇਚਣ ਦੇ ਧੰਦੇ ਵਿੱਚ ਮਸਤ ਹੈ। ਕਿਸੇ ਵੇਲੇ ਉਸਨੇ 60-65 ਰੁ. ਲੀਟਰ ਵਾਲਾ ਪੈਟਰੋਲ 30-35 ਰੁ. ਵਿੱਚ ਦੇਣ ਵਾਲੀ ਸਰਕਾਰ ਬਣਾਉਣ ਦਾ ਢੰਡੋਰਾ ਪਿੱਟਕੇ, ਲੋਕਾਂ ਨੂੰ ਗੁੰਮਰਾਹ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਪਰ ਜਦੋਂ ਉਸ ਵੱਲੋਂ ਕੀਤੇ ਗੁੰਮਰਾਹਕੁੰਨ ਪ੍ਰਚਾਰ ਦਾ ਸ਼ਿਕਾਰ ਹੋਏ ਲੋਕਾਂ ਦੀ ਬਣਾਈ ਸਰਕਾਰ ਪੈਟਰੋਲ 100/- ਰੁ. ਤੋਂ ਵੀ ਉੱਪਰ ਵੇਚ ਰਹੀ ਸੀ, ਤਾਂ ਓਦੋਂ ਉਸਨੇ ਆਪਣੀ ਜੁਬਾਨ ਬੰਦ ਕਰੀ ਰੱਖੀ। ਜਦੋਂ ਲੋਕਾਂ ਨੇ ਉਸਨੂੰ ਜਵਾਬ ਦੇਣ ਲਈ ਸਵਾਲ ਕੀਤੇ ਤਾਂ ਕਹਿ ਰਿਹਾ ਸੀ ਕਿ "ਮੇਰੀ ਜੋ ਪੂੰਛ ਪੁੱਟਣੀ ਹੈ ਪੁੱਟ ਲਓ"। ਇਹ ਹੈ ਯੋਗਾ ਦੇ ਨਾਂ ਹੇਠ ਮੂਰਖ ਬਣਾਉਣ ਦੀ ਵਿੱਧੀ ਦਾ ਇਸਤੇਮਾਲ। ਇੱਥੋਂ ਤੱਕ ਕਿ ਪਿੱਛਲੇ ਕਰੋਨਾ ਦੇ ਦੌਰ ਵਿੱਚ ਇਸ ਯੋਗਾ ਦੇ ਮਾਹਰ ਅਖਵਾਉਣ ਵਾਲੇ ਵੱਲੋਂ ਕਰੋਨਾ ਸਬੰਧੀ ਦਵਾਈ ਤਿਆਰ ਕਰਨ ਦਾ ਦਾਅਵਾ ਵੀ ਸਾਡੇ ਦੇਸ਼ ਦੇ ਮੰਤਰੀ ਅਤੇ ਉੱਚ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਕੀਤਾ ਗਿਆ। ਭਾਵੇਂ ਇਸ ਦਾਅਵੇ ਨੂੰ ਕਾਨੂੰਨ ਅਨੁਸਾਰ ਦਿੱਤੀ ਚਣੌਤੀ ਰਾਹੀਂ ਵਿਰੋਧ ਦਾ ਸਾਹਮਣਾ ਕਰਨ ਕਾਰਣ ਸ਼ਰਮਸਾਰ ਹੋ ਕੇ ਵਾਪਸ ਲੈਣਾ ਪਿਆ, ਪਰ ਸਰਕਾਰ ਵੱਲੋਂ ਇਸ ਦੇ ਝੂਠੇ ਪ੍ਰਾਪੇਗੰਡੇ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਇਸ ਤੋਂ ਇਲਾਵਾ ਵੀ ਉਹਨਾਂ ਵੱਲੋਂ ਬਣਾਏ ਜਾਂਦੇ ਕਈ ਵਸਤਾਂ ਦੇ ਸੈਂਪਲ ਗ਼ੈਰ ਮਿਆਰੀ ਹੋਣ ਕਾਰਣ ਫੇਲ ਹੋ ਜਾਣ ਦੇ ਚਰਚੇ ਵੀ ਚੱਲੇ, ਪਰ ਇਸ ਦੇ ਬਾਵਜੂਦ ਵੀ ਸਭ ਜਿਉਂ ਦਾ ਤਿਉਂ ਚੱਲ ਰਿਹਾ ਹੈ ਜੋ ਸਰਕਾਰੀ ਪੁਸਤਪਨਾਹੀ ਤੋਂ ਬਿਨਾ ਚੱਲਣਾ ਮੁੱਸ਼ਕਲ ਹੈ। ਇਸ ਕਰਕੇ ਅਜਿਹੇ ਲੋਕਾਂ ਵੱਲੋਂ ਕੀਤੇ ਜਾਂਦੇ ਗੁੰਮਰਾਹਕੁੰਨ ਪ੍ਰਚਾਰ ਦੇ ਝਾਂਸੇ ਵਿੱਚ ਆ ਕੇ ਯਕੀਨ ਕਰਨਾ ਲੋਕਾਂ ਨੂੰ ਸਹੀ ਰਸਤਾ ਅਪਨਾਉਣ ਤੋਂ ਭਟਕਾਉਣ ਦੇ ਸਾਧਨ ਤੋਂ ਬਿਨਾ ਕੁੱਝ ਨਹੀਂ। ਸਰਕਾਰਾਂ ਨੇ ਉਸ ਵੱਲੋਂ ਕੀਤੇ ਜਾ ਰਹੇ ਗੁੰਮਰਾਹਕੁੰਨ ਪ੍ਰਚਾਰ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਉਸਨੂੰ ਮਾਨਤਾ ਦਿੱਤੀ ਜਾ ਰਹੀ ਹੈ। ਲੋਕਾਂ ਦੇ ਦੁੱਖਾਂ ਦਾ ਸਹੀ ਹੱਲ ਯੋਗਾ ਦੁਆਰਾ ਕਰਨ ਦੇ 'ਕ੍ਰਿਸਮੇ' ਦਾ ਪ੍ਰਚਾਰ ਕਰਨ ਨਾਲ ਨਹੀਂ ਸਗੋਂ ਰਾਜ ਪ੍ਰਬੰਧ ਵਿੱਚ ਇਨਕਲਾਬੀ ਤਬਦੀਲੀਆਂ ਨਾਲ ਹੋਣਾ ਹੈ। ਸਰਕਾਰਾਂ ਜੋ ਕਮਾਊ ਲੋਕਾਂ ਤੋਂ ਖੋਹ ਕੇ ਪੂਜੀਪਤੀਆਂ/ ਕਾਰਪੋਰੇਟਾਂ ਨੂੰ ਹੋਰ ਧਨਾਢ ਬਣਾਉਣ ਦੇ ਰਾਹ ਪਈਆਂ ਹੋਈਆਂ ਹਨ, ਇਸ ਬਾਰੇ ਲੋਕਾਂ ਨੂੰ ਸਮਝਣ ਦੀ ਲੋੜ ਹੈ ਅਤੇ ਉਸ ਸਮਝ ਨੂੰ ਆਪਣੀਆਂ ਹਰ ਤਰ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਪ੍ਰੇਸਾਨੀਆਂ ਖਤਮ ਕਰਨ ਲਈ ਯੋਗਾ ਦੇ ਭਰਮਾਂ- ਭਲੇਖਿਆਂ ਵਿੱਚ ਪੈਣ ਦੀ ਬਜਾਏ ਬਹੁ ਗਿਣਤੀ ਲੋਕਾਂ ਦੇ ਪੱਖੀ ਰਾਜ ਪ੍ਰਬੰਧ ਵਾਲਾ ਬਦਲ ਉਸਾਰਨ ਦੇ ਰਸਤੇ ਪੈਣ ਦੀ ਲੋੜ ਹੈ।



Dr. P.K. Kalia

# Che Guevara visited India and met Jawahar Lal Nehru

## Remembering Che Guevara on birth anniversary



**Prime Minister Jawaharlal Nehru welcoming Che Guevara in his Teen Murti residential office on July 1, 1959.**

Influenced by Karl Marx and Jean-Paul Sartre, "Che" Guevara was an Argentine revolutionary, physician, author, guerrilla leader, diplomat, and military theorist. A major figure of the Cuban Revolution, his stylized look has become a symbol of rebellion and global insignia in popular culture. His face decorates t-shirts, sweaters, flags and there are even those who have him tattooed on their own skin. Had Che lived on, he would have been 95 ( June 14, 1928, Rosario, Argentina -- October 9, 1967, La Higuera, Bolivia) now, but exactly 56 years ago he was shot dead by the US secret agents with the help of the forces of Bolivia. In the decades of 1950s and 1960s, Che was the most popular anti-American and anti-imperialist voice and a hugely followed communist leader.

By 1955, Che Guevara had married and started living in Mexico when he met Fidel Castro. They both soon formed a team. As an associate of Castro, Che was readily accepted by his Cuban followers of the communist revolutionary. After Castro overthrew, in January 1959, the Fulgencio Batista regime in Cuba, Che was made the industry minister.

In June 1959, Fidel Castro sent Che Guevara on a diplomatic mission to the countries in Africa and Asia. The Cuban delegation accompanying Che was small: a mathematician, an economist, a party worker, a captain of the rebel army, and a single bodyguard.

Che arrived in India on June 30. Records show that he was received at the Palam Airport by Deputy Chief Protocol Officer D. S. Khosla, who accompanied him to the Hotel Ashoka in Chanakyapuri.

The meeting with Prime Minister Jawaharlal Nehru took place the next day. Nehru had invited Che Guevara over lunch. Reports suggest that besides Nehru, Indira Gandhi and her both sons also attended the lunch.

Formal diplomatic talks took place for about an hour between the Che and Nehru. The two leaders agreed to opening of diplomatic missions in each other's countries. The warmth of their relationship is documented in Che's report and is reflected in Nehru's gift to Che – a 'khukuri'.

In his report to Fidel Castro, Che Guevara wrote, "Nehru received us with an amiable familiarity of a patriarchal grandfather." Che Guevara also wrote that Nehru had "noble interest in the dedication and struggles of the Cuban people, commending our extraordinary valiance and showing unconditional sympathy towards our cause."



**An old villager garlanding Che during Cuban team's visit to a Community Project Area in Pilana Block near Delhi.**

The next day, Che Guevara visited many places and met several leaders. He visited the Cottage Industries Emporium and the Okhla Industrial Area. He met the Defence Minister V. K. Krishna Menon, and members of the Planning Commission. Che also interacted with the scientists at the Agricultural Research Institute and National Physical Laboratory, where he saw a metal detector for the first time.

Acknowledging that Nehru's words of advice were of immense significance, Che Guevara wrote in his report that his tour of India taught him that real development could be brought with economic progress and technical advancement. Yet, the fact that farmers could be so extremely poor while heavy industry was thriving deeply disturbed Che, as did the inequality of landholdings in India. He found it unjust that "a few have much and many do not have anything".

On 5 July, Che and his delegation left Delhi for other parts of India. Through the records of Cuba's Radio Rebelde, we know that they may have seen Lucknow's Institute of Sugar Investigation. The delegation was in Calcutta on 10 July, where he met with BC Roy, then Chief Minister of West Bengal. Shockingly, the Calcutta communists – at a time when the Communist Party of India had not yet split –completely ignored the presence of this great leader of the Cuban revolution.

**A Practical Revolutionary:** Che's newfound respect for M. K. Gandhi and the Satyagraha movement also merits special mention. When Che was in Delhi, journalist KP Bhanumathy interviewed him for All India Radio. She recalled that Che used to speak thoughtfully, with long pauses. "If we ignore his military uniform, heavy boots and Monte Carlo cigar, then his simplicity and politeness was like that of a holy priest." During her interview, Bhanumathy bluntly said to Che, "You are said to be a Communist, but Communist dogmas won't be accepted by a multi-religious society." Che's reply is telling:

"I would not call myself a communist. I was born as a Catholic. I am a socialist who believes in equality and freedom from the exploiting countries. I have seen hunger, so much suffering, stark poverty, sickness and unemployment right from my very young days in [Latin] America. It is happening in Cuba, Vietnam and Africa – the struggle for freedom starts from the hunger of the people. There are useful lessons in the Marxist-Leninist theory. The practical revolutionary initiates his own struggle simply fulfilling laws foreseen by Marx. In India, Gandhiji's teachings had its own merit which finally brought freedom."

From India, Che went on to East Pakistan (now Bangladesh), and onward to Burma, before travelling on to Indonesia and Japan. On his return journey, he swung through Singapore, stopped in Ceylon. After pushing on through a few countries in Africa and Europe, he returned to Havana on 8 September 1959. Though Castro immediately gave Che several significant responsibilities, including the post of industries minister, Che soon got tired of office work. He also became fed up with the Russian type of socialism, which he disparaged for using the methods of capitalism to exploit Third World countries.


Leaving his government office, Che returned to the jungle and to his guns. Back in his revolutionary guise, Che attempted to bring about socialist revolutions in the Congo and Bolivia. Why these exploits failed constitutes another story altogether. Nonetheless, Cubans and other Latin Americans continue to see Che Guevara as no less than a heavenly prophet.

Now, 56 years after his death, his vision continues to fire many a revolutionary. His aspirations prompted him to abandon the corridors of power, thrusting him instead onto the minefields of a violent fight for the freedom of others. Though Che was executed on 9 October 1967, his ideas have since inspired untold thousands to rise against tyranny.

The roving revolutionary, Che Guevara's rebellious ideas have shaped the modern world in incredible ways. In fact, without such icons, the planet would be a very different place indeed.

# All international students' deportations postponed after 18 days of 24-hour protest




After 18 days of protesting day and night in front of the CBSA headquarters in Mississauga, international students have secured an important win: the government is postponing all of their deportations until investigations into cases of misrepresentation are complete.

This tremendous victory was unthinkable just one month ago. The students achieved it through their courage, unity and resilience. They were supported all along by several grassroots organizations and hundreds of community members as well as local Gurdware, artists, public figures and small businesses. The organization of a morcha (permanent protest) in Canada lasting over half a month, led by @Stand_For_Student, will serve as an example for many on how to wage struggle effectively, and will open new possibilities for struggles of different kinds in the future. The morcha will be studied in classrooms and written about in the history books.

But the fight is not over: the deportations have only been postponed temporarily. The government could try to deport some of the students after the investigations are complete. If that happens, the students and community have vowed to restart this morcha and maintain it until the deportations are permanently cancelled.

**CONCERNS ABOUT SEAN FRASER'S ANNOUNCEMENT**

Yesterday, Immigration Minister Sean Fraser announced that a taskforce of Immigration and CBSA officials will issue Temporary Resident Permits to those students who studied in colleges and can prove that they were not involved in fraud. These students will not face deportation or a 5-year ban from re-entering Canada (i.e. inadmissibility). About 8 students who were unfairly deported will also have an opportunity to make their case and immigrate back to Canada.

While the announcement provides temporary relief to all students, the details have yet to be released in writing. Several concerns remain:

* The government is placing the burden on students to prove that they were not complicit in fraud. This is unfair because it is very difficult to prove a negative, and because it presumes students are guilty unless they prove otherwise, which is the opposite of how the legal system normally works.

* The government has not identified the criteria or legal standards it will use to conduct its investigation. Until those standards are published, the students will not know what exactly they need to prove or how they can prove it.

* The government is not issuing work permits or study permits or providing a pathway to PR to students who ultimately prove their innocence. Students will live for years under stress and uncertainty unless this policy is changed.

During the morcha, the students asked politicians many questions that have not yet been answered: Will the Canadian government take responsibility for failing to identify fraudulent documents and penalizing victims with deportation threats? What compensation do those students receive who lost sleep, jobs, and thousands of dollars in legal fees due to the government's mistakes? What will be done to hold public and private colleges responsible for their complicity in widespread fraud, not just in this case but also others before it (e.g. Montreal colleges, Alpha College)? What will the government do to ensure that students who have studied, worked hard, and built lives here have access to permanent residency? These questions point to new paths of struggle in the years ahead.


The students' victory gives us all joy and hope, but we must remain vigilant. History teaches us that governments can betray even the clearest of promises. The promises in this case are far from clear.

Our eyes and ears remain open, our hearts remain committed to justice, and we remain prepared to take back 6900 Airport Road if necessary. We will not let our brothers and sisters be deported.



*ਮਨੁੱਖ ਦੇ ਅੰਦਰਲੇ / ਬਾਹਰਲੇ ਸੰਸਾਰ ਦੀ ਸੰਵਾਦਕ ਧੁਨੀ ਉਭਾਰਦੀ ਸ਼ਾਇਰੀ*

# ਡੂੰਘੇ ਦਰਦ ਦਰਿਆਵਾਂ ਦੇ (ਕਾਵਿ ਪੁਸਤਕ) ਡਾ. ਮੇਹਰ ਮਾਣਕ




ਡਾ. ਮੇਹਰ ਮਾਣਕ ਉਹ ਸ਼ਾਇਰ ਹੈ ਜੋ ਸਮਾਜ ਵਿੱਚ ਵਾਪਰ ਰਹੇ ਹਰ ਅਮਾਨਵੀਂ ਵਰਤਾਰੇ ਨੂੰ ਵਾਚਕੇ ਆਪਣਾ ਪ੍ਰਤੀਕਰਮ ਦਿੰਦਾ ਹੈ। ਉਹ ਸ਼ਾਇਰੀ ਸਿਰਜਨ ਵਿੱਚ ਕਾਰਜਸ਼ੀਲ ਹੈ ਤੇ ਆਪਣੇ ਅੰਤਰੀਵ ਭਾਵਾਂ ਨੂੰ ਕਾਵਿਕ ਸ਼ੈਲੀ ਵਿੱਚ ਬੰਨਣਾ ਉਹਦਾ ਸ਼ੌਂਕ ਵੀ ਹੈ। ਆਪਣੇ ਇਸ ਕਾਵਿ ਸਫ਼ਰ ਵਿੱਚ 'ਹਨੇਰੇ ਤੇ ਪਰਛਾਵੇਂ' ਅਤੇ 'ਲਾਵਾਂ ਮੇਰੇ ਅੰਦਰ' ਦੋ ਕਾਵਿ ਪੁਸਤਕਾਂ ਨਾਲ ਹਾਜ਼ਰੀ ਲਵਾ ਚੁੱਕਾ ਹੈ। 'ਡੂੰਘੇ ਦਰਦ ਦਰਿਆਵਾਂ ਦੇ' ਡਾ. ਮੇਹਰ ਮਾਣਕ ਦੀ ਨਵੀਂ ਪੁਸਤਕ ਹੈ ਜਿਸ ਵਿਚਲੀ ਸ਼ਾਇਰੀ ਸਰਲ ਸਪੱਸਟ ਸ਼ਬਦਾਂ ਰਾਹੀਂ ਵਰਤਮਾਨੀ ਕੈਨਵਸ ਸਿਰਜਦੀ ਬਹੁਤ ਸਾਰੇ ਸੁਆਲਾਂ ਨਾਲ ਲਬਰੇਜ਼ ਹੈ। ਇਸ ਪੁਸਤਕ ਦੇ ਕਾਵਿ ਵਸਤੂ 'ਚ ਉਭਰਦਾ ਸਮਕਾਲ ਦਾ ਚਿਹਰਾ ਦੋ ਵਿਰੋਧੀ ਸ਼ਕਤੀਆਂ ਵਿਚਲੇ ਟਕਰਾਉ ਅਤੇ ਜੀਵਨ ਵਿਚਲੇ ਵਿਗੋਚੇ ਪਲਾਂ ਨੂੰ ਸਿੰਝਦਿਆਂ ਅਪਣੀ ਸਪੇਸ ਸਥਾਪਤ ਕਰਦਾ ਹੈ। ਇਸ ਪੁਸਤਕ ਦੇ ਵਿੱਚੋਂ ਗੁਜ਼ਰਦਿਆਂ ਮੇਰੇ ਸਨਮੁੱਖ ਇੱਕ ਸਵਾਲ ਨਾਲੋ ਨਾਲ ਤੁਰਦਾ ਰਿਹਾ ਕਿ ਇਹ ਸ਼ਾਇਰੀ ਸਮਕਾਲ ਦੇ ਤਤਕਾਲ ਨਾਲ ਸਬੰਧ ਰੱਖਦੀ ਹੋਈ ਕਿੱਥੋਂ ਤੱਕ ਆਪਣਾ ਮੁਕਾਮ ਹਾਸਲ ਕਰਦੀ ਹੈ। ਇਸ ਲਈ ਸ਼ਾਇਰੀ ਵਿਚੋਂ ਉੱਭਰਦੀਆਂ ਵੱਖੋ ਵੱਖਰੀ ਧੁਨੀਆਂ ਦੀ ਪਛਾਣ ਕਰਨੀ ਵੀ ਜ਼ਰੂਰੀ ਹੋ ਜਾਂਦੀ ਹੈ। ਸ਼ਾਇਰੀ ਦੀ ਕੇਂਦਰੀ ਸੁਰ ਨੂੰ ਵਾਚਦਿਆਂ ਕਵੀ ਦੇ ਅਨੁਭਵ, ਦ੍ਰਿਸ਼ਟੀ ਤੇ ਵਿਚਾਰਧਾਰਾ ਨੂੰ ਵੀ ਨਾਲੋ ਨਾਲ ਰੱਖਣਾ ਪੈਂਦਾ ਹੈ। ਕਈ ਵਾਰੀ ਸਥਿਤੀਆਂ ਇੰਨੀਆਂ ਹਾਵੀ ਹੋ ਜਾਂਦੀਆਂ ਹਨ ਕਿ ਸਥਿਤੀਆਂ ਦੇ ਰੂਬਰੂ ਹੁੰਦਿਆਂ ਸਮਾਜ ਵਿਚਲੇ ਅੰਤਰ ਦਵੰਦਾਂ ਦੇ ਨਾਲ ਵੱਖੋ ਵੱਖਰੀਆਂ ਪਰਤਾਂ ਦੀਆਂ ਵਿਰੋਧਾਈਆਂ ਵੀ ਵਾਚਣੀਆਂ ਲਾਜ਼ਮੀ ਬਣਦੀਆਂ ਹਨ ਤਾਂ ਹੀ ਕਵਿਤਾ ਵਿਚਲੇ ਸਰੋਕਾਰਾਂ ਦਾ ਸਮਾਜ, ਪਾਠਕਾਂ ਦੇ ਨਾਲ ਕੀ ਸਬੰਧ ਜੁੜਦਾ ਹੈ।ਜਦੋਂ ਅਸੀਂ ਮੇਹਰ ਮਾਣਕ ਦੀ ਸ਼ਾਇਰੀ ਵਿੱਚੋਂ ਗੁਜ਼ਰਦੇ ਹਾਂ ਤਾਂ ਇਸ ਵਿੱਚ ਜ਼ਿੰਦਗੀ ਦੀ ਰਮਜ਼ ਪਛਾਣਦੀਆਂ ਬਹੁ ਪਰਤੀ ਤਰੰਗਾਂ ਵਕਤ ਦੀਆਂ ਉਲਝਣਾਂ ਨਾਲ ਸੰਵਾਦ ਰਚਾਉਂਦੀਆਂ ਸਾਹਮਣੇ ਆਉਂਦੀਆਂ ਹਨ। ਸ਼ਾਇਰੀ ਅੰਦਰਲੇ ਬਹੁਤ ਸਾਰੇ ਸਵਾਲ ਮਨੁੱਖ ਦੇ ਅੰਦਰਲੇ ਤੇ ਬਾਹਰਲੇ ਦਵੰਦਾਂ ਨਾਲ ਦਸਤਪੰਜਾ ਲੈਂਦੇ ਹੋਏ ਮਨੁੱਖ ਅੰਦਰਲੀ ਉਥਲ ਪੁਥਲ ਨੂੰ ਵੀ ਕਈ ਕੋਣਾਂ ਤੋਂ ਦੇਖਦੇ ਹਨ। ਕਵੀ ਵਰਤਮਾਨ ਦੀ ਦਹਿਲੀਜ਼ ਤੇ ਖੜ ਕੇ ਅਤੀਤ ਨਾਲ ਵੀ ਸੰਵਾਦ ਰਚਾਉਂਦਾ ਹੈ। ਇਸ ਪੁਸਤਕ ਦੇ ਸ਼ੁਰੂ ਦੇ ਵਿੱਚਲੀਆਂ ਕਵਿਤਾਵਾਂ ਹੈ ਦਰਿਆਵਾਂ ਤੇ ਨਦੀਆਂ ਨੂੰ ਸੰਬੋਧਿਤ ਹਨ। ਕਵੀ ਪੰਜਾਬ ਦੇ ਦਰਿਆਵਾਂ ਨੂੰ ਵਗਦੇ ਪਾਣੀਆਂ ਤੱਕ ਹੀ ਸੀਮਤ ਨਹੀਂ ਰੱਖਦਾ ਬਲਕਿ ਉਸ ਵਿੱਚੋਂ ਵੀ ਧੜਕਦੀ ਜ਼ਿੰਦਗੀ ਦੀ ਅਵਾਜ ਸੁਣਦਾ ਹੈ। ਉਸ ਨੂੰ ਦੁੱਖ ਹੈ ਕਿ ਦੇਸ਼ ਦੀ ਵੰਡ ਨੇ ਜਿੱਥੇ ਭਾਈ ਭਾਈ ਨੂੰ ਆਪਸ ਤੋਂ ਵਿਛੋੜਿਆ ਉਥੇ ਵਗਦੇ ਦਰਿਆਵਾਂ ਵਿਚਲੀ ਸਾਂਝ ਅੰਦਰ ਵੀ ਲੀਕ ਪਾਈ ਗਈ। ਇਨ੍ਹਾਂ ਦਰਿਆਵਾਂ ਦੇ ਪਾਣੀਆਂ ਅੰਦਰ ਕੀ ਕੁਝ ਸਮਾਇਆ ਹੋਇਆ ਹੈ ਕਵੀ ਮੇਹਰ ਮਾਣਕ ਪਾਣੀਆਂ ਵਿੱਚੋਂ ਤਿੜਕਦੇ ਸੁਪਨਿਆਂ ਦੀ ਕਹਾਣੀ ਵੇਖਦਾ ਹੈ। ਇਸ ਲਈ ਇਸ ਕਵਿਤਾ ਦੇ ਵਿੱਚੋਂ ਦਰਿਆਵਾਂ ਵਿਚ ਰੁੜ੍ਹਦੀਆਂ ਪ੍ਰੀਤਾਂ ਦੇ ਜ਼ਖ਼ਮ ਤੇ ਦੂਜੇ ਪਾਸੇ ਸਾਂਝਾਂ ਦੇ ਵਿਲਕਦੇ ਹਾਉਕੇ ਮਾਨਵੀ ਸੰਤਾਪ ਨੂੰ ਦ੍ਰਿਸ਼ਟਮਾਨ ਕਰਦੇ ਹਨ। ਰਾਵੀ, ਸਤਲੁਜ, ਬਿਆਸ, ਜੇਹਲਮ, ਝਨਾਂ ਦਰਿਆਵਾਂ ਦੀ ਅਜੋਕੀ ਪਿਆਸ ਨੂੰ ਮਾਪਦੀ ਇਹ ਕਵਿਤਾ ਅੱਜ ਗੁਆਚ ਰਹੀ ਇਨ੍ਹਾਂ ਦੀ ਹੋਂਦ ਬਾਰੇ ਚਿੰਤਤ ਹੁੰਦੀ ਹੈ। ਅੱਜ ਸੁੱਕ ਰਹੇ, ਮੁੱਕ ਰਹੇ ਦਰਿਆਵਾਂ ਦੇ ਡੂੰਘੇ ਦਰਦਾਂ ਦੀ ਅਣਕਹੇ ਵਿਰਲਾਪ ਨੂੰ ਸਿਰਫ ਪੇਸ਼ ਨਹੀਂ ਕਰਦੀ ਇਹ ਕਵਿਤਾ

ਬਲਕਿ ਕਈ ਸੁਆਲ ਉਠਾਉਂਦੀ ਹੈ। ਕਵੀ ਦੀ ਫ਼ਿਕਰਮੰਦੀ ਹੈ ਕਿ ਜੋ ਦਰਿਆ ਕੰਢਿਆ ਦੇ ਉਤੋਂ ਦੀ ਵਹਿੰਦੇ ਸਨ ਉਹ ਜਾਂ ਤਾਂ ਸੁੱਕ ਗਏ ਜਾਂ ਫਿਰ ਗੰਧਲੇ ਹੋ ਗਏ। ਇਸ ਕਵਿਤਾ ਵਿੱਚੋਂ ਇਹ ਵੀ ਚਿੰਤਾ ਉੱਭਰਦੀ ਹੈ ਕਿ ਕੁਦਰਤ ਨਾਲ ਹੋ ਰਿਹਾ ਖਿਲਵਾੜ ਮਾਨਵ ਵਿਕਾਸ ਦੀ ਨਿਸ਼ਾਨੀ ਨਹੀਂ ਬਲਕਿ ਵਿਨਾਸ਼ ਦਾ ਕਾਰਨ ਬਣਦੀ ਹੈ। ਸਾਮਰਾਜੀ ਮੁਲਕਾਂ ਦੁਆਰਾ ਆਪਣੇ ਵੱਧ ਤੋਂ ਵੱਧ ਮੁਨਾਫ਼ੇ ਲਈ ਹੋ ਰਹੀ ਤੀਜੀ ਦੁਨੀਆਂ ਦੇ ਮੁਲਕਾਂ ਦੀ ਮਨੁੱਖੀ ਕਿਰਤ ਲੁੱਟ ਦੇ ਨਾਲ ਕੁਦਰਤ ਦੀ ਲੁੱਟ ਘਾਤਕ ਸਿੱਧ ਹੋ ਰਹੀ ਹੈ। ਕਵੀ ਦਾ ਵਿਸ਼ਵਾਸ ਹੈ ਕਿ ਲੁੱਟ ਦਾ ਵੀ ਆਖਰ ਅੰਤ ਹੁੰਦਾ ਹੈ। ਲੁੱਟ ਦੇ ਕੇਂਦਰਿਤ ਪ੍ਰਬੰਧ ਦੀ ਸੰਚਾਲਨ ਸਕਤੀ ਦੁਆਰਾ ਕੀਤੀ ਜਾ ਰਹੀ ਕੁਦਰਤ ਨਾਲ ਛੇੜਛਾੜ ਆਖਰ ਸਮੁੱਚੀ ਮਨੁੱਖਤਾ ਲਈ ਵਿਨਾਸ਼ ਸਿੱਧ ਹੋ ਰਹੀ ਹੈ। ਇਹ ਕਵਿਤਾ ਆਪਣਾ ਫਿਕਰ ਦਰਜ਼ ਕਰਾਉਂਦੀ ਸੁਆਲ ਪੁੱਛਦੀ ਹੈ।

**ਇਤਿਹਾਸ ਇਹੋ ਜਿਹੇ ਹੁੰਦੇ ਨੇ?**
**ਵਿਕਾਸ ਇਹੋ ਜਿਹੇ ਹੁੰਦੇ ਨੇ?**
**ਮੱਚ ਰਹੀਆਂ ਤਬਾਹੀਆਂ ਦਾ**
**ਕੀਤੀਆਂ ਮਨ-ਆਈਆਂ ਦਾ**
**ਕੁਦਰਤ ਹਿਸਾਬ ਕਰੇਗੀ**
**ਆਪਣੇ ਗੰਧਲੇ ਹੋ ਰਹੇ ਮੁੱਖ ਨੂੰ**
**ਜ਼ਰੂਰ ਸਾਫ਼ ਕਰੇਗੀ**
**ਇਹ ਕਾਇਨਾਤ ਤੋਂ ਕੋਈ ਉਤਾਂਹ ਨਹੀਂ**
**ਜਿੱਥੇ ਖੁਦਗਰਜ਼ ਅਤੇ ਬੇਅਸੂਲਿਆਂ ਲਈ**
**ਕੋਈ ਥਾਂ ਨਹੀਂ**
**ਮਨਾ ਦੀ ਬਹਿਰ**
**ਤੇ ਕੁਦਰਤ ਦਾ ਕਹਿਰ**
**ਕਦੇ ਕਿਸੇ ਦਾ ਗੁਲਾਮ ਨਹੀਂ ਹੋਇਆ**

ਇਸ ਕਵਿਤਾ ਵਿਚਲਾ ਪਾਤਰ ਜਨਤਾ ਨਾਲ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਗਿਲਾ ਜਾਹਰ ਕਰਦਾ ਹੈ ਕਿ ਅਸੀ ਵਰਤਮਾਨ ਦੀਆਂ ਬਰੂਹਾਂ 'ਤੇ ਖੜ ਭਵਿੱਖ ਦੇ ਨਕਸ਼ ਘੜਣ ਤੋਂ ਬੇਮੁੱਖ ਕਿਉਂ ਹੋ ਗਏ ਹਾਂ। ਕਵੀ ਵਿਕ ਰਹੇ ਈਮਾਨ, ਸਨਮਾਨਾਂ/ਇਨਾਮਾਂ ਭਾਵ ਸਥਾਪਤੀ ਦੀ ਭੱਜਦੋੜ ਵਿਚ ਲੱਗੇ ਹੋਏ ਲੇਖਕਾਂ ਦੀ ਮਾਨਸਿਕਤਾ, ਮੱਧਵਰਗੀ ਮਨੁੱਖ ਦੀ ਕਾਰਜ ਸ਼ੈਲੀ, ਸਮਾਜਿਕ ਪ੍ਰਬੰਧ ਦੀਆਂ ਕੋਝੀਆਂ ਹਰਕਤਾਂ, ਕਾਣੀ ਵੰਡ, ਮਾਨਸਿਕ ਦਵੰਦ ਆਦਿ ਦੇ ਅਨੇਕਾਂ ਅੰਸ਼ਾਂ ਨੂੰ ਚਿਤਰਮਾਨ ਕਰਦਾ ਹੈ। ਮੁਖੌਟੇਧਾਰੀ ਮਨੁੱਖ ਦੀ ਸੌੜੀ ਸੋਚ ਤੇ ਉਂਗਲ ਧਰਦੀ ਇਹ ਕਵਿਤਾ ਮਨੁੱਖ ਦੇ ਕਿਰਦਾਰ ਨੂੰ ਪੂਰਨ ਰੂਪ ਵਿੱਚ ਵਾਚਦੀ ਹੈ। ਕਵੀ ਦਾ ਮੰਨਣਾ ਦਰੁਸਤ ਹੈ ਕਿ ਮਨੁੱਖ ਦੇ ਅੰਦਰ ਜੋ ਛੁਪਿਆ ਹੁੰਦਾ ਹੈ ਉਸ ਦੀ ਵਿਵਹਾਰਕਤਾ ਦੇ ਵਿੱਚੋਂ ਕਿਤੇ ਨਾ ਕਿਤੇ ਆਪ ਮੁਹਾਰੇ ਹੀ ਇਸਦਾ ਅੰਸ਼ ਪ੍ਰਗਟ ਹੋ ਹੀ ਜਾਂਦਾ ਹੈ।ਅਸਲ ਚਿਹਰੇ ਨੂੰ ਛੁਪਾ ਕੇ ਤੁਰਨਾ ਹੀ ਆਧੁਨਿਕ ਬੌਣੇ ਮਨੁੱਖ ਦੀ ਫਿਤਰਤ ਬਣ ਗਈ ਹੈ।

ਇਸ ਪੁਸਤਕ ਦੀਆਂ ਕਵਿਤਾਵਾਂ ਵਿਚਲੀ ਧੁੱਨੀ ਮਨੁੱਖ ਦੀਆਂ ਬਾਹਰਲੀਆਂ/ਅੰਦਰਲੀਆਂ ਬੇਤਰਤੀਬੀਆਂ ਨੂੰ ਥਾਹ ਪਾਉਣ ਦੀ ਤਲਾਸ਼ ਕਰਦੀ ਹੈ। ਕਵੀ ਲਈ ਕਵਿਤਾ ਦਾ ਅਰਥ ਕਿਸੇ ਵਿਸ਼ੇਸ਼ ਉਦੇਸ਼ ਨਾਲ ਜੁੜਿਆ ਹੋਇਆ ਹੈ। ਉਹ ਕਵਿਤਾ ਦੇ ਫ਼ਰਜ਼ਾਂ ਨੂੰ ਵੀ ਜਾਣਦਾ ਹੈ। ਉਂਝ ਵੀ ਜੇ ਦੇਖਿਆ ਜਾਵੇ ਤਾਂ ਅਸਲ ਕਵਿਤਾ ਉਹ ਹੁੰਦੀ ਹੈ ਜੋ ਲੋਕਾਂ ਦਾ ਪੱਖ ਪੂਰਦੀ ਹੋਈ ਸਥਾਪਤੀ ਦੀਆਂ ਕੋਝੀਆਂ ਚਾਲਾਂ ਦਾ ਪਰਦਾਫਾਸ਼ ਕਰਦੀ ਹੈ। ਕਵਿਤਾ ਪਾਠਕ ਨੂੰ ਸਿਰਫ਼ ਅਨੰਦਿਤ ਹੀ ਨਹੀਂ ਕਰਦੀ ਹੈ ਬਲਕਿ ਪਾਠਕ ਨੂੰ ਸਮੇਂ ਦੇ ਨਾਲ ਤੋਰਦੀ ਹੈ। ਕਵੀ ਰਿਸ਼ਤਿਆਂ ਦੀ ਵਿਆਕਰਣ ਨੂੰ ਵੀ ਬਾਖ਼ੂਬੀ ਚਿੱਤਰਮਾਣ ਕਰਦਾ ਹੈ ਉੱਥੇ ਅਜੋਕੇ ਦੌਰ ਵਿੱਚ ਟੁੱਟ ਰਹੇ ਘਰਾਂ ਤੇ ਰਿਸ਼ਤਿਆਂ ਪ੍ਰਤੀ ਚਿੰਤਾ ਵੀ ਜ਼ਾਹਿਰ ਕਰਦਾ ਹੈ। ਇਹ ਕਵਿਤਾ ਮੁੱਹਬਤ ਦੇ ਅਰਥ ਨੂੰ ਮੁਹੱਬਤ ਵਿਹੂਣੇ ਮਨੁੱਖ ਦੇ ਸਮਾਨੰਤਰ ਰੱਖ ਕੇ ਵਾਚਦੀ ਹੈ। ਕਵੀ ਆਪਣੀ ਗੁਆਚੀ ਮੁਹੱਬਤ ਬਾਰੇ ਵਿਆਕੁਲ ਹੁੰਦਾ ਹੋਇਆ ਗੁੰਮਨਾਮ ਰਾਹਾਂ ਨੂੰ ਵੀ ਸਰਨਾਵਾਂ ਦਿੰਦਾ ਆਸ ਦੀ ਕਿਰਨ ਬੀਜਦਾ ਹੈ। ਇਸ ਕਵਿਤਾ ਦੀ ਇਹ ਵੀ ਖ਼ੂਬੀ ਉਘੜਦੀ ਹੈ ਕਿ ਇਸ ਵਿੱਚੋਂ ਮੁਹੱਬਤ ਕੇਂਦਰਿਤ ਧੁਨੀ ਦੇ ਕਈ ਪ੍ਰਸੰਗ ਵੇਖੇ ਜਾ ਸਕਦੇ ਹਨ। ਕਵੀ ਨੂੰ ਦੁੱਖ ਹੈ ਕਿ ਖ਼ੁਦਗਰਜ਼ ਲੋਕ ਮੁਹੱਬਤ ਵਰਗੀ ਸੂਖਮ ਭਾਵਨਾ ਦਾ ਮਜ਼ਾਕ ਉਡਾਉਂਦੇ ਹੋਏ ਇਸ ਨੂੰ ਵੀ ਖਰੀਦਦਾਰੀ ਦੇ ਚੱਕਰਵਿਊ ਵਿਚ ਬੰਨ ਰਹੇ ਹਨ। ਇਸ ਖਪਤਕਾਰੀ ਦੌਰ ਦੇ ਵਿੱਚ ਹਰ ਦਿਲੀ ਭਾਵਨਾ ਦਾ ਵਪਾਰੀਕਰਨ ਹੋ ਗਿਆ? ਹੈ। ਇਹ ਕਵਿਤਾ ਸ਼ਾਮ ਸੰਧੂਰੀ ਦੇ ਤਿਣਕੇ ਚੁਗਦੀ ਦਰਦ ਅਵੱਲੇ ਛੇੜਦੀ ਹੈ। ਇਸ ਕਵਿਤਾ ਦਾ ਪਾਤਰ ਸਮੇਂ ਦੀ ਪੀੜ ਹੰਢਾਉਂਦਾ ਹੋਇਆ ਜਿਸ ਭਰਮਾਊ ਸੰਸਾਰ ਤੋਂ ਮੁਕਤ ਹੋਣਾ ਚਾਹੁੰਦਾ ਹੈ।

**ਵਿੱਚ ਬਜਾਰਾਂ ਵਿੱਕਦੀਆਂ ਕਿੱਥੇ ਮੋਹ ਮੁਹੱਬਤ ਦੀਆਂ ਤੰਦਾਂ ਯਾਰੋ,**
**ਸ਼ੋਸ਼ੇਬਾਜ਼ੀ ਹੰਕਾਰ ਦਿਖਾਵਾ ਇਸ ਦੁਨੀਆਂ ਵਿੱਚ ਬੜਾ ਛਲਾਵਾ,**
**ਉੱਜੜ ਗਿਆ ਸਭ ਕੁਝ ਭਾਵੇਂ ਫਿਰ ਵੀ ਲੋਕੀਂ ਨੇ ਜਾਂਦੇ ਨੱਚੀ।**

ਕਵੀ ਆਪਣੀ ਧਰਤ, ਲੋਕਾਂ ਤੇ ਮਾਂ ਬੋਲੀ ਪ੍ਰਤੀ ਮੋਹ ਦੀ ਭਾਵਨਾ ਰੱਖਦਾ ਹੈ। ਇਸ ਕਵਿਤਾ ਦਾ ਪ੍ਰਵਾਹ ਵੀ ਸਮੂਹਿਕਤਾ ਨੂੰ ਕਲਾਵੇ ਵਿੱਚ ਲੈਂਦਾ ਹੋਇਆ ਸੰਤੁਲਨ ਜੀਵਨ ਵਿੱਚ ਪਈਆਂ ਵਿੱਥਾਂ ਨੂੰ ਮੇਟਣ ਲਈ ਤਲਾਸ਼ਮਈ ਧੁੱਨੀ ਅਲਾਪਦਾ ਹੈ। ਇਹ ਕਵਿਤਾ ਕੁਦਰਤ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਦੀ ਹੋਏ ਉਜਾੜੇ ਤੇ ਜੰਗਾਂ ਤੋਂ ਮੁਕਤ ਵਿਸ਼ਵ ਦੀ ਕਾਮਨਾ ਕਰਦੀ ਹੈ। ਕਵੀ ਹੁਕਮਰਾਨਾਂ ਦੀਆਂ ਰਮਜ਼ਾਂ ਨੂੰ ਜਾਣਦਾ ਹੋਇਆ ਮਾਨਵ ਨੂੰ ਸੁਚੇਤ ਕਰਦਾ ਹੈ। ਸਮਕਾਲੀ ਯਥਾਰਥ ਨੂੰ ਪਕੜਨ ਦੀ ਸੂਖਮਤਾ ਇਸ ਕਵਿਤਾ ਵਿਚ ਸਮੇਂ, ਸਥਿਤੀ ਤੇ ਕਾਰਨਤਾ ਦੀ ਸੁਮੇਲਤਾ ਤੋਂ ਵੇਖੀ ਜਾ ਸਕਦੀ ਹੈ। ਸ਼ਾਇਰੀ ਵਿਚ ਹੀ ਸੰਬੋਧਨੀ ਸੁਰ ਵਿਕਰਾਲ ਪ੍ਰਸਥਿਤੀਆਂ ਤੇ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਦੀ ਯਥਾਰਥਕ ਸੰਵੇਦਨਾ ਦੀ ਸੰਵਾਹਕ ਬਣਦੀ ਹੈ। ਸਵੈ ਇਛਿਤ ਯਥਾਰਥ ਦੀ ਕਲਪਨਾ ਕਰਦਾ ਕਵੀ ਬਰਾਬਰੀ ਦਾ ਸਮਾਜ ਵੇਖਣ ਲਈ ਤੱਤਪਰ ਹੈ। ਮਨੁੱਖ ਦੇ ਅਸਤਿਤਵੀ ਸੰਕਟ ਤੇ ਕੌੜੇ ਯਥਾਰਥ ਨੂੰ ਰੂਪਮਾਨ ਕਰਦੀ ਇਹ ਸ਼ਾਇਰੀ ਬਹੁਤ ਹੀ ਢੁੱਕਵੀਂ ਤੇ ਸੰਜੀਦਾ ਵਿਧੀ ਦੇ ਨਾਲ ਸਾਹਮਣੇ ਆਉਂਦੀ ਹੈ। ਸਮਕਾਲ ਨਾਲ ਸੰਵਾਦ ਰਚਾਉਂਦਿਆਂ ਮਨੁੱਖ ਦੇ ਅੰਦਰਲੇ ਤੇ ਬਾਹਰਲੇ ਸੰਸਾਰ ਨੂੰ ਵਾਚਣਾ ਹੀ ਇਸ ਸ਼ਾਇਰੀ ਦਾ ਹਾਸਲ ਹੈ। ਇਸ ਪੁਸਤਕ ਨੂੰ ਖ਼ੁਸ਼ਆਮਦੀਦ ਆਖਦਿਆਂ ਕਵੀ ਡਾ.ਮੇਹਰ ਮਾਣਕ ਨੂੰ ਮੁਬਾਰਕਬਾਦ।

**-ਅਰਵਿੰਦਰ ਕਾਕੜਾ**

## ਭਾਈਚਾਰੇ ਦੀ ਹਾਰ

ਜਦ ਵੀ ਵੋਟਾਂ ਵਾਲਾ ਕਿਤੇ ਨਗਾਰਾ ਵੱਜਦਾ ਏ,
ਲੋਕ ਰਾਜ ਤੇ ਦਿਲ ਸਭਦਾ ਬਲਿਹਾਰ ਹੀ ਜਾਂਦਾ ਏ।
ਕਿਹੜੇ ਕਿਹੜੇ ਲੀਡਰ ਦੇਸ਼ ਤਰੱਕੀ ਚਾਹੁੰਦੇ ਨੇ,
ਮਿਲ ਸਭਨਾਂ ਨੂੰ ਚੱਸਣ ਦਾ ਅਧਿਕਾਰ ਹੀ ਜਾਂਦਾ ਏ।
ਨਿੱਜੀ ਗਰਜਾਂ ਦੇ ਨਾਲ ਲੋਕੀਂ ਵੋਟਾਂ ਪਾਉਂਦੇ ਨੇ,
ਪੈਸਾ ਵੰਡਿਆ ਕਈ ਵਾਰੀ ਕੰਮ ਸਾਰ ਹੀ ਜਾਦਾ ਏ।
ਜੰਤਾ ਪੈਰੀਂ ਕਰਨ ਦੀ ਕੋਈ ਨੀਤੀ ਬਣਦੀ ਨਾਂ,
ਵੋਟਰ ਨੂੰ ਮਿਲ ਸੁਪਨਿਆ ਦਾ ਸੰਸਾਰ ਹੀ ਜਾਂਦਾ ਏ।
ਰੋਟੀ ਆਪ ਕਮਾਵਣ ਜੋਗਾ ਵੋਟਰ ਨਾਂ ਹੋ ਜਾਏ,
ਲੋਕਾਂ ਕੋਲੇ ਸਸਤੀ ਦਾ ਪਰਚਾਰ ਹੀ ਜਾਂਦਾ ਏ।
ਰਿਸ਼ਤੇਦਾਰਾਂ ਮਿੱਤਰਾਂ ਦੇ ਵਿੱਚ ਕੰਧਾਂ ਕਰ ਦੇਣਾਂ,
ਰਾਜਨੀਤਕ ਦਾ ਤਪਦਾ ਹਿਰਦਾ ਠਾਰ ਹੀ ਜਾਂਦਾ ਏ।
ਸਾਲਾਂ ਦੇ ਨਾਲ ਸਾਂਝ ਜੋ ਲੋਕਾਂ ਅੰਦਰ ਬਣਦੀ ਏ,
ਇੱਕੋ ਸੀਜਨ ਸਾਰਾ ਕੁਝ ਡਕਾਰ ਹੀ ਜਾਂਦਾ ਏ।
ਭਾਵੇਂ ਵੰਡਕੇ ਨਸ਼ੇ ਲੋਕ ਕੁਝ ਜਿੱਤ ਵੀ ਜਾਂਦੇ ਨੇ,
ਪਰ ਹਰ ਵਾਰੀ ਭਾਈਚਾਰਾ ਹਾਰ ਹੀ ਜਾਂਦਾ ਏ।।

**ਡਾ. ਗੁਰਮੀਤ ਸਿੰਘ ਬਰਸਾਲ (ਕੈਲੇਫੋਰਨੀਆਂ)**
**gsbarsal@gmail.com**

## ਕਵਿਤਾ

ਪਹਿਲਵਾਨਾਂ ਦੀਆਂ ਪੱਲਕਾਂ ਚ' ਅੱਥਰੂ
ਰਾਜਨੀਤੀ ਗੁੰਡੇ ਪਾਲਦੀ!!

ਸਰਬਸਾਂਝੀ ਐ ਗੁਰਾਂ ਦੀ ਬਾਣੀ,
ਪ੍ਰਸਾਰਣ ਦਾ ਹੱਕ ਰਾਖਵਾਂ!!

ਲੋਕ-ਰਾਜ ਦਿਆਂ ਬੂਟਾਂ ਥੱਲੇ ਦੱਬਿਆ,
ਲੋਕ ਰੋਹ ਹਾਕਮਾਂ ਦੇ!!

ਆਈਲਾਈਟਸ ਹੈ ਦੇਸ਼-ਨਿਕਾਲਾ,
ਜਵਾਨ ਹੋਏ ਧੀਆ ਪੁੱਤਾਂ ਲਈ!

ਪਹਿਲਵਾਨਾਂ ਨੇ ਹਕੂਮਤ ਨੂੰ ਢਾਉਣਾ
ਲੋਕ ਰੋਹ ਨੇ ਹੱਲਾ ਬੋਲਿਆ!!

ਕੋਠੀ ਦੱਬਣੀ ਕਿਰਾਏ ਉਤੇ ਲੈ ਕੇ,
ਕੱਟੜ ਇਮਾਨਦਾਰਾ ਨੇ!!

ਅਸੀਂ ਅੰਬਰਾਂ ਤੇ ਲਾਵਾਂਗੇ ਉਡਾਰੀਆਂ,
ਪਤੰਗਬਾਜ਼ੀ ਤਹਾਡੇ ਵਾਸਤੇ!!

ਐਸ ਸੀ ਕੋਟੇ ਚ ਬਾਪੂ ਨੇ ਕੁੱਟੀ ਨੌਕਰੀ,
ਤਾਹੀਓ ਜੱਟ ਫਾਇਰ ਕਰਦਾ!

**ਜਸਸੀਰ ਜਿੰਦਾ**

## ਮਰਾ ਹੋਇਆ ਮੁਰਦਾ

ਗੰਗਾ 'ਚ ਤੈਰਦੀ ਹੋਈ ਇਕ ਲਾਸ਼ ਨੇ
ਦੂਸਰੀ ਨੂੰ ਪੁੱਛਿਆ?
ਓ ਤੂੰ ਵੀ! ਤੂੰ ਕਦ ਮਰਿਆ?
ਮੁਰਦਾ ਕੁੱਝ ਗੰਭੀਰ ਹੋ ਕੇ ਬੋਲਿਆ
ਦੋਸਤ, ਜਿਉਂਦੇ ਹੀ ਕਦ ਸੀ ਆਪਾਂ?
ਬਹੁਤ ਪਹਿਲਾਂ ਹੀ ਮਰ ਚੁੱਕੇ ਸੀ ਆਪਾਂ!

ਜਦ ਚੁੱਪ ਚਾਪ ਦੇਖਦੇ ਰਹੇ ਨਜ਼ਾਰਾ
ਜਦ ਕੋਈ ਹੱਕ ਲੁੱਟ ਰਿਹਾ ਸੀ ਹਮਾਰਾ
ਕਦ ਬੋਲੇ ਸੀ,
ਕਦ ਉਠੇ ਸੀ ਅਧਿਕਾਰਾਂ ਦੇ ਲਈ ਆਪਾਂ?
ਦੋਸਤ, ਜਿਉਂਦੇ ਹੀ ਕਦ ਸੀ ਆਪਾਂ?

ਜਦ ਜਰੂਰਤ ਸੀ ਦੇਸ਼ ਨੂੰ,
ਸਕੂਲ, ਹਸਪਤਾਲ ਤੇ ਕੰਮ ਦੀ
ਅਸੀਂ ਗੱਲਾਂ ਕਰਦੇ ਰਹੇ ਮੰਦਰ,
ਮਸਜਿਦ ਤੇ ਪਾਕਿਸਤਾਨ ਦੀਆਂ
ਜਾਤ ਪਾਤ ਅਤੇ ਧਰਮ ਦੇ ਨਸ਼ੇ ਵਿੱਚ
ਚੂਰ ਸੀ ਆਪਾਂ!
ਦੋਸਤ, ਜਿਉਂਦੇ ਹੀ ਕਦ ਸੀ ਆਪਾਂ?

ਕਿਸਾਨ ਮਜ਼ਦੂਰ ਸੜਕਾਂ ਉਤੇ ਸੀ
ਆਪਣੀ ਹੋਂਦ ਲਈ ਲੜ ਰਿਹਾ ਸੀ
ਜਦ ਦੇਸ਼ ਦੀਆਂ ਸੰਸਥਾਵਾਂ
ਕੌਡੀਆਂ ਦੇ ਭਾਅ ਵਿਕ ਰਹੀਆਂ ਸੀ
ਹੋ ਰਿਹਾ ਸੀ ਜੁਲਮ ਬੁੱਧੀਜੀਵੀਆਂ ਉੱਤੇ,
ਕਿਸੇ ਖੂੰਜੇ ਵਿਚ ਬੈਠੇ ਹੱਸ ਰਹੇ ਸੀ ਆਪਾਂ,
ਦੋਸਤ, ਜਿਉਂਦੇ ਹੀ ਕਦ ਸੀ ਆਪਾਂ?

ਜਦੋਂ ਬੇਰੁਜ਼ਗਾਰ ਕੰਮ ਲਈ ਭਟਕ ਰਿਹਾ ਸੀ,
ਜਦ ਮਰੀਜ਼ ਹਸਪਤਾਲਾਂ ਦੇ
ਵਿਚਕਾਰ ਲਟਕ ਰਿਹਾ ਸੀ,
ਜਦ ਕੁੱਟ ਜਾ ਰਹੇ ਸੀ ਵਿਦਿਆਰਥੀ
ਲਗਾ ਕੇ ਝੂਠੇ ਦੇਸ਼ ਧਰੋਹ ਦੇ ਜੁਰਮ 'ਚ
ਦੋਸਤ, ਜਿਉਂਦੇ ਹੀ ਕਦ ਸੀ ਆਪਾਂ?

ਜਿਉਂਦੇ ਹੋਣ ਦਾ ਇਕ ਨਾਟਕ ਸੀ
ਕਿੰਨੇ ਸਮੇਂ ਤੋਂ ਨਿਗਲ ਰਹੇ ਸੀ ਨਫਰਤ
ਦਾ ਜ਼ਹਿਰ ਆਪਾਂ,
ਦੋਸਤ, ਜਿਉਂਦੇ ਹੀ ਕਦ ਸੀ ਆਪਾਂ?

ਕਦੇ ਤਾਲੀਮ,
ਕਦੇ ਥਾਲੀ ਤੇ ਕਦੇ ਦੀਵੇ ਜਗਾ ਰਹੇ ਸੀ,
ਐਸੇ ਨਾਟਕਾਂ ਦੇ ਨਾਲ ਕਰੋਨਾ ਭਜਾ ਰਹੇ ਸੀ,
ਜਦ ਲੈਣੀ ਸੀ, ਦਵਾਈ
ਤਾਂ ਗਊ ਮੂਤ ਪੀ ਰਹੇ ਸੀ
ਜਦ ਇਕਾਂਤ ਵਿਚ ਰਹਿਣਾ ਸੀ
ਉਦੋਂ ਰੈਲੀਆਂ ਵਿੱਚ ਜਾ ਰਹੇ ਆਪਾਂ
ਦੋਸਤ, ਜਿਉਂਦੇ ਹੀ ਕਦ ਸੀ ਆਪਾਂ?

ਜਦ ਇੱਜਤ ਲੁੱਟਣ ਵਾਲੇ ਲੁੱਟ ਰਿਹਾ ਸੀ,
ਪੀੜਤਾਂ ਉੱਤੇ ਮੁਕੱਦਮੇ ਹੋ ਰਹੇ ਸੀ,
ਜਦ ਬਲਾਤਕਾਰੀਆਂ ਦੇ ਸਮਰਥਨ 'ਚ
ਜਲੂਸਾਂ ਉੱਤੇ ਚੁੱਪ ਬੈਠੇ ਰਹੇ ਆਪਾਂ
ਦੋਸਤ, ਜਿਉਂਦੇ ਹੀ ਕਦ ਸੀ ਆਪਾਂ?
ਬਸ ਫਰਕ ਸਿਰਫ ਏਨਾ ਹੀ ਹੈ
ਹੁਣ ਰੁਕੇ ਆ,
ਉਦੋਂ ਚੱਲ ਰਹੇ ਸੀ ਸਾਹ
ਆਪਾਂ ਜਿਉਂਦੇ ਹੀ ਮੁਰਦਾ ਸੀ
ਅਜ ਮਰੇ ਹੋਏ ਮੁਰਦੇ ਆ ਆਪਾਂ!
ਦੋਸਤ, ਜਿਉਂਦੇ ਹੀ ਕਦ ਸੀ ਆਪਾਂ?
ਜਿਹੜੇ ਖੁਦ ਨੂੰ ਜਿਉਂਦਾ ਕਹਿ ਰਹੇ
ਉਹ ਵੀ ਮੁਰਦਾ ਨੇ
ਜਿਹੜੇ ਮਰਨ ਤੋਂ ਬਾਅਦ
ਆਪਣੇ ਲਈ ਸਵਰਗ ਲਈ
ਬ੍ਰਾਹਮਣ ਤੋਂ ਲਿਖਾ ਰਹੇ ਨੇ ਪਟਾ
ਡਾਕਟਰ, ਇੰਜੀਨੀਅਰ, ਵਕੀਲ, ਅਧਿਕਾਰੀ
ਪ੍ਰੋਫੈਸਰ ਖੁਦ ਨੂੰ ਕਹਿ ਰਹੇ ਨੇ, ਮੁਰਦੇ ਹਨ
ਜਿਉਂਦੇ ਹੋਣ ਦਾ ਕਰ ਰਹੇ ਨੇ ਡਰਾਮਾ !
ਜਿਉਂਦੇ ਹੋ ਕੇ ਵੀ ਮੁਰਦਾ ਸੀ ਆਪਾਂ
ਆਪਾਂ ਵੀ ਮੁਰਦਾ ਸੀ
ਬਸ ਅਜ ਹੀ ਮਰੇ ਆਂ

**ਅਨੁਵਾਦ: ਬੁੱਧ ਸਿੰਘ ਨੀਲੋਂ**

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# Shaheed Bhagat Singh Memorial 5K Run



The 12th Shaheed Bhagat Singh Memorial 5K run was held in Bear Creek Park in Surrey BC on Sunday June 11 this year. This 5K run was started in 2009 to commemorate the martyrdom of Bhagat Singh and his two comrades, Rajguru and Sukhdev. Along with the run other events included 60 meter, 100 meter and 200 meter races with children for six, nine and twelve year old respectively. The highlight of the day was 400 meter race for sixty five year and over for men and women held in memory of Sewa Birring who was an outstanding athlete and prominent member of our organisation. It was a festival atmosphere in which over three hundred people participated.




The Shaheed Bhagat Singh Run was started with the sole purpose of bringing awareness to the community the need of physical and psychological strength. Our youth are the future of the community and the nation. Bhagat Singh emphasised to the youth the importance of hard work in studies and exercise. He remains a model and inspiration for the youth to achieve their objectives.

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com


Gill
Truck & Trailer Repair & Mobile Service Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com

Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਤਰਕ ਅਤੇ ਗਿਆਨ ਦੇ ਸੁਮੇਲ ਲਈ ਨਾਟਕ ਮੇਲਿਆਂ ਦੀ ਅਹਿਮੀਅਤ








ਬਰੈਂਪਟਨ/ਸਰੀ, (ਡਾ. ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਆਫ ਕੈਨੇਡਾ ਵੱਲੋਂ ਵਿਦੇਸ਼ਾਂ ਵਿੱਚ ਵਸਦੇ ਲੋਕਾਂ ਨੂੰ ਵਹਿਮਾਂ ਭਰਮਾ ਵਿਚੋਂ ਕੱਢਣ ਅਤੇ ਵਿਗਿਆਨਕ ਸੋਚ ਨੂੰ ਉਤਸਾਹਿਤ ਕਰਨ ਲਈ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੂਰੇ ਕੈਨੇਡਾ ਵਿਚ ਇਕ ਲੜੀ ਦੇ ਰੂਪ ਵਿਚ ਨਾਟਕਾਂ ਦੇ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਜਿਸ ਦੀ ਸ਼ੁਰੂਆਤ 30 ਅਪ੍ਰੈਲ ਨੂੰ ਟੋਰੰਟੋ ਨੇੜਲੇ ਬਰੈਂਪਟਨ ਸ਼ਹਿਰ ਤੋਂ ਹੋਈ ਅਤੇ 25 ਜੂਨ ਨੂੰ ਹੈਮਿਲਟਨਨ ਸ਼ਹਿਰ ਵਿਖੇ ਖਤਮ ਹੋਈ। 30 ਅਪ੍ਰੈਲ ਨੂੰ ਬਰੈਂਪਟਨ ਦੇ ਪੀਅਰਸਨ ਥੀਏਟਰ ਦੇ ਖਚਾਖਚ ਭਰੇ ਹਾਲ ਵਿੱਚ ਜਿੱਥੇ ਲੋਕਾਂ ਨੇ ਸਾਹ ਰੋਕ ਕੇ ਸਾਰੇ ਪ੍ਰੋਗਰਾਮ ਨੂੰ ਦੇਖਿਆ ਉਥੇ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋ ਗਏ। ਆਸ ਤੋਂ ਵੱਧ ਮਿਲੇ ਹੁੰਗਰੇ ਨੇ ਅਤੇ ਲੋਕਾਂ ਦੀ ਮੰਗ ਤੇ ਦੋਬਾਰਾ ਦੋ ਪ੍ਰੋਗਰਾਮ ਏਸੇ ਇਲਾਕੇ ਵਿਚ ਉਲੀਕਨੇ ਪਏ। ਪਹਿਲੇ ਸਮਾਗਮ ਵਿਚ ਜਿੱਥੇ ਪ੍ਰਵਾਸੀ ਪੰਜਾਬੀ ਨਾਟਕਕਾਰ ਕੁਲਵਿੰਦਰ ਖਹਿਰਾ ਦਾ ਲਿਖਿਆ ਅਤੇ ਰਾਜਿੰਦਰ ਸਿੰਘ ਅੰਮ੍ਰਿਤਸਰ ਦਾ ਨਿਰਦੇਸ਼ਿਤ ਕੀਤਾ ਅਤੇ ਰਵੀ ਸ਼ੀਨ ਦੇ ਸੰਗੀਤ ਨਾਲ ਸ਼ਿੰਗਾਰਿਆ ਅਤੇ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਜੀ ਦੇ ਗੀਤਾਂ ਨਾਲ ਸਜਾਇਆ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵਲੋਂ ਸੁਰਿੰਦਰ ਸ਼ਰਮਾ ਵੱਲੋਂ ਪੇਸ਼ ਕੀਤਾ ਨਾਟਕ 'ਮੈਂ ਕਿਤੇ ਨਹੀਂ ਗਿਆ' ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਸਮਸਿਆਵਾਂ 'ਤੇ ਅਧਾਰਤ ਭਗਤ ਸਿੰਘ ਦੀ ਸੋਚ ਨੂੰ ਪ੍ਰਣਾਇਆ ਇਹ ਨਾਟਕ ਦਰਸ਼ਕਾਂ ਤੇ ਆਪਣਾ ਪ੍ਰਭਾਵ ਛੱਡਣ ਲਈ ਪੂਰਾ ਪੂਰਾ ਕਾਮਯਾਬ ਰਿਹਾ। ਇਸ ਸਮਾਗਮ ਵਿੱਚ ਡਾ. ਬਲਵਿੰਦਰ ਸੇਖੋਂ ਜੀ ਨੇ ਮੁੱਖ ਵਕਤਾ ਦੇ ਰੂਪ ਵਿਚ ਲੋਕਾਂ ਨੂੰ ਵਿਗਿਆਨਕ ਸੋਚ ਨਾਲ ਜੁੜਨ ਦਾ ਸੱਦਾ ਦਿੱਤਾ ਉਥੇ ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਦੇ ਰਾਸ਼ਟਰੀ ਜਨਰਲ ਸਕੱਤਰ ਬਲਦੇਵ ਰਹਿਪਾ ਨੇ ਤਰਕਸ਼ੀਲ ਸੋਸਾਇਟੀ ਕਾਰਜਸ਼ੈਲੀ ਬਾਰੇ ਚਾਨਣਾ ਪਾਇਆ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ 'ਤੇ ਲੰਬੇ ਸਮੇਂ ਤੋਂ ਕੰਮ ਕਰਦੇ ਨੌਜੁਆਨ ਇਨਕਲਾਬੀ ਆਗੂ ਮਨਦੀਪ ਸੱਦੋਵਾਲ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਟੋਰੰਟੋ ਇਕਾਈ ਦੇ ਪ੍ਰਧਾਨ ਬਲਰਾਜ ਛੋਕਰ ਨੇ ਆਏ ਦਰਸ਼ਕਾਂ ਦਾ ਧੰਨਵਾਦ ਕੀਤਾ ਅਤੇ ਇਕਾਈ ਦੇ ਸਕੱਤਰ ਅਮਰਜੀਤ ਜੀ ਨੇ ਸਟੇਜ ਦੀ ਸੰਚਾਲਨਾ ਬਾਖੂਬੀ ਨਿਭਾਈ। ਲੜੀ ਦਾ ਦੂਜਾ ਪ੍ਰੋਗਰਾਮ ਇਕਾਈ ਵੈਂਨਕੂਵਰ ਵਲੋਂ ਐਬਟਸਫੋਰਡ ਦੇ ਗਿਆਨ ਸਵੀਟ ਹਾਊਸ ਦੇ ਹਾਲ ਵਿਚ 21 ਮਈ ਨੂੰ ਕੀਤਾ ਗਿਆ। ਸੀਮਤ ਸਾਧਨਾਂ ਦੇ ਬਾਵਜੂਦ ਵੀ ਇਸ ਸਮਾਗਮ ਨੇ ਵੀ ਆਪਣੀ ਵੱਖਰੀ ਛਾਪ ਛੱਡੀ। ਆਸ ਨਾਲੋਂ ਵੱਧ ਆਏ ਲੋਕਾਂ ਨੇ ਜਿਥੇ ਨਾਟਕ ਨੂੰ ਇਕਮਿਕ ਹੋ ਕੇ ਦੇਖਿਆ ਉਥੇ ਤਰਕਸ਼ੀਲ ਸੋਸਾਇਟੀ ਆਫ ਕੈਨੇਡਾ ਦੇ ਪ੍ਰਧਾਨ ਅਵਤਾਰ ਬਾਈ ਜੀ ਨੇ ਮੁੱਖ ਬੁਲਾਰੇ ਦੇ ਰੂਪ ਵਿਚ ਲੋਕਾਂ ਨੂੰ ਵਿਗਿਆਨਕ ਸੋਚ ਨਾਲ ਜੁੜਨ ਦਾ ਸੱਦਾ ਦਿੱਤਾ। ਸਟੇਜ ਸਕੱਤਰ ਦੀ ਭੂਮਿਕਾ ਇਕਾਈ ਦੇ ਸਕੱਤਰ ਨਿਰਮਲ ਕਿੰਗਰਾ ਜੀ ਨੇ ਨਿਭਾਈ। ਸਰਬਜੀਤ ਓਖਲਾ ਜੀ ਨੇ ਜਾਦੂ ਦੇ ਟਰਿੱਕ ਦਿਖਾ ਕੇ ਲੋਕਾਂ ਨੂੰ ਜਾਦੂ ਸਿਰਫ ਇਕ ਕਲਾ ਹੈ ਬਾਰੇ ਚਾਨਣਾ ਪਾਇਆ। ਇਆਕੀ ਦੀ ਪ੍ਰਧਾਨ ਪਰਮਿੰਦਰ ਸਵੈਚ ਜੀ ਨੇ ਸਟੇਜ ਤੋਂ ਲੋਕਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਦਾ ਸਾਰਾ ਪ੍ਰਬੰਧ ਰਾਸ਼ਟਰੀ ਵਿੱਤ ਸਕੱਤਰ ਜਗਰੂਪ ਧਾਲੀਵਾਲ ਅਤੇ ਜਥੇਬੰਦੀ ਦੇ ਸਿਰੜੀ ਆਗੂ ਸਾਧੂ ਸਿੰਘ ਝੋਰੜਾਂ ਵਲੋਂ ਕੀਤਾ ਗਿਆ। 4 ਜੂਨ ਨੂੰ ਇਕਾਈ ਕੈਲਗਰੀ ਵੱਲੋਂ ਪਹਿਲੀ ਬਾਰ ਪ੍ਰੋਗਰਾਮ ਫਾਲਕੋਰਿਜ ਕਮਿਊਨਿਟੀ ਸੈਂਟਰ ਦੇ ਹਾਲ 'ਚ ਕਰਵਾਇਆ। ਜਿੱਥੇ ਇਕਾਈ ਦੀ ਸਫਲ ਬਣਤਰ, ਕੰਮ ਕਰਨ ਲਈ ਇਕ ਮਜ਼ਬੂਤ ਟੀਮ ਉੱਭਰ ਕੇ ਸਾਹਮਣੇ ਆਈ ਉਥੇ ਲੋਕਾਂ ਵੱਲੋਂ ਦਿੱਤੇ ਆਸ ਨਾਲੋਂ ਵੱਧ ਹੁੰਗਾਰੇ ਨੇ ਪ੍ਰਬੰਧਕਾਂ ਦੇ ਹੌਸਲੇ ਹੋਰ ਬੁਲੰਦ ਕਰ ਦਿੱਤੇ। ਇਥੇ ਵੀ 'ਮੈਂ ਕਿਤੇ ਨੀ ਗਿਆ' ਨਾਟਕ ਨੂੰ ਲੋਕਾਂ ਨੇ ਮਣਾ ਮੂੰਹੀਂ ਪਿਆਰ ਦਿੱਤਾ। ਇਸ ਸਮਾਗਮ ਦੀ ਖਾਸੀਅਤ ਇਹ ਰਹੀ ਕਿ ਵੱਡੀ ਗਿਣਤੀ ਵਿਚ ਅੰਤਰਰਾਸ਼ਟਰੀ ਵਿਦਿਆਰਥੀ ਇਸ ਸਮਾਗਮ ਵਿੱਚ ਸ਼ਾਮਲ ਹੋਏ। ਸਮਾਗਮ ਵਿੱਚ ਤਰਕਸ਼ੀਲ ਸੁਸਾਇਟੀ ਆਫ ਪੰਜਾਬ ਦੇ ਮੁੱਖ ਪ੍ਰਬੰਧਕ ਮਾਸਟਰ ਰਾਜਿੰਦਰ ਭਦੌੜ ਜੀ ਉਚੇਚੇ ਰੂਪ ਵਿਚ ਵਿੱਚ ਮੁੱਖ ਬੁਲਾਰੇ ਦੇ ਰੂਪ ਵਿਚ ਪਹੁੰਚੇ ਅਤੇ ਦਰਸ਼ਕਾਂ ਨੇ ਉਨ੍ਹਾਂ ਦੇ ਵਿਚਾਰਾਂ ਨੂੰ ਨਿੱਠ ਕੇ ਸੁਣਿਆ। ਸਮਾਗਮ ਦੀ ਖਿੱਚ ਦਾ ਕੇਂਦਰ ਇਕਾਈ ਦੇ ਸਕੱਤਰ ਬੀਰਬਲ ਭਦੌੜ ਅਤੇ ਰਾਜਿੰਦਰ ਭਦੌੜ ਜੀ ਵਲੋਂ ਸਾਂਝੇ ਤੌਰ 'ਤੇ ਦਿਖਾਏ ਜਾਦੂ ਦੇ ਟਰਿੱਕ ਰਹੇ। ਬੀਰਬਲ ਭਦੌੜ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਅਤੇ ਨੌਜਵਾਨ ਤਰਕਸ਼ੀਲ ਆਗੂ ਅਰਸ਼ ਮਾਨ ਨੇ ਵੀ ਸੰਬੋਧਨ ਕੀਤਾ। ਇਕਾਈ ਦੇ ਪ੍ਰਧਾਨ ਦਰਸ਼ਨ ਔਜਲਾ ਜੀ ਨੇ ਸਟੇਜ ਤੋਂ ਲੋਕਾਂ ਦਾ ਧੰਨਵਾਦ ਕੀਤਾ। ਅਗਲਾ ਪੜਾਅ ਬਣਿਆ ਮੈਨੀਟੋਬਾ ਦਾ ਸ਼ਹਿਰ ਵਿਨੀਪੈਗ ਜਿੱਥੇ 11 ਜੂਨ ਨੂੰ ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ ਵਲੋਂ ਮੈਪਲ ਕਾਲਜੀਅਟ ਸਕੂਲ ਦੇ ਹਾਲ ਵਿੱਚ ਸੀ। ਸਭਾ ਦੇ ਕਨਵੀਨਰ ਮੰਗਤ ਰਾਏ ਜੀ ਅਤੇ ਹਰਨੇਕ ਧਾਲੀਵਾਲ, ਜਸਵੀਰ ਮੰਗੂਵਾਲ, ਮੁਖਤਿਆਰ ਸਿੰਘ ਜੀ ਅਤੇ ਸਕੂਲ ਦੇ ਹੀ ਅਧਿਆਪਕ ਜਗਜੀਤ ਸਿੰਘ ਤੂਰ ਦੇ ਯਤਨਾਂ ਸਦਕਾ ਇਹ ਸਮਾਗਮ ਸਫਲ ਹੋ ਨਿਬੜਿਆ। ਇਸ ਸਮਾਗਮ ਦੇ ਵਿਚ ਵੀ ਨਾਟਕ ਨੂੰ ਲੋਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਉਥੇ ਮੁੱਖ ਬੁਲਾਰੇ ਮਾਸਟਰ ਰਾਜਿੰਦਰ ਭਦੌੜ ਜੀ ਨੂੰ ਲੋਕਾਂ ਨੇ ਕਾਫੀ ਰੌਚਕਤਾ ਨਾਲ ਸੁਣਿਆ। ਬੀਰਬਲ ਭਦੌੜ ਅਤੇ ਰਾਜਿੰਦਰ ਭਦੌੜ ਵਲੋਂ ਦਿਖਾਏ ਜਾਦੂ ਦੇ ਟਰਿੱਕ ਖਿੱਚ ਦਾ ਕੇਂਦਰ ਬਣੇ ਰਹੇ। ਇਸ ਲੜੀ ਦਾ ਅਗਲਾ ਸਮਾਗਮ 18 ਜੂਨ ਨੂੰ ਇਕਾਈ ਸਰੀ ਵਲੋਂ ਪੰਜਾਬ ਬੈਂਨਕਿਉਟ ਹਾਲ ਸਰੀ ਵਿਖੇ ਕਰਵਾਇਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਨਿਰਮਲ ਕਿੰਗਰਾ ਨੇ ਨਿਭਾਈ। ਰਾਸ਼ਟਰੀ ਪ੍ਰਧਾਨ ਬਾਈ ਅਵਤਾਰ ਜੀ ਨੇ ਮੁੱਖ ਬੁਲਾਰੇ ਦੇ ਰੂਪ ਵਿਚ ਆਪਣੇ ਵਿਚਾਰ ਸਾਂਝੇ ਕੀਤੇ। ਇਕਾਈ ਦੇ ਪ੍ਰਧਾਨ ਪਰਮਿੰਦਰ ਸਵੈਚ ਜੀ ਨੇ ਲੋਕਾਂ ਦਾ ਧੰਨਵਾਦ ਕੀਤਾ। ਨਾਟਕ 'ਮੈ ਕਿਤੇ ਨਹੀਂ ਗਿਆ' ਨੂੰ ਲੋਕਾਂ ਨੇ ਖੂਬ ਪਸੰਦ ਕੀਤਾ। ਇਸ ਤੋਂ ਬਾਅਦ ਲੋਕਾਂ ਦੀ ਪੁਰਜ਼ੋਰ ਮੰਗ ਤੇ ਟਰੋਂਟੋ ਨੇੜਲੇ ਦੇ ਦੋ ਸ਼ਹਿਰਾਂ ਵਿਚ ਪ੍ਰੋਗਰਾਮ ਹੋਰ ਕੀਤੇ ਗਏ। 24 ਜੂਨ ਨੂੰ ਵਰਸਾਏ ਬੈਂਕਟ ਹਾਲ ਮਿਸੀਸਾਗਾ ਵਿਚ ਮੁੱਖ ਬੁਲਾਰੇ ਦੇ ਰੂਪ ਵਿਚ ਸੋਸਾਇਟੀ ਦੇ ਰਾਸ਼ਟਰੀ ਜਨਰਲ ਸਕੱਤਰ ਬਲਦੇਵ ਰਹਿਪਾ ਜੀ ਅਤੇ ਰਾਸ਼ਟਰੀ ਪ੍ਰੈਸ ਸਕੱਤਰ ਡਾ ਬਲਜਿੰਦਰ ਸੇਖੋਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸੇ ਤਰ੍ਹਾਂ 25 ਜੂਨ ਨੂੰ ਹੈਮਿਲਟਨ ਵਿਖੇ ਹੈਮਿਲਟਨ ਪੈਲੇਸ ਵਿਚ ਕਰਵਾਇਆ ਗਿਆ। ਜਿਸ ਵਿਚ ਮੁੱਖ ਬੁਲਾਰੇ ਇਕਾਈ ਦੇ ਪ੍ਰਧਾਨ ਬਲਰਾਜ ਛੋਕਰ ਅਤੇ ਸਕੱਤਰ ਅਮਰਦੀਪ ਸਿੰਘ ਸਨ। ਨਾਟਕ ਨੂੰ ਲੋਕਾਂ ਨੇ ਦੋਹਾਂ ਥਾਵਾਂ ਤੇ ਭਰਵਾਂ ਹੁੰਗਾਰਾ ਦਿੱਤਾ। ਇਸ ਨਾਟਕ ਵਿਚ ਲੋਕ ਕਲਾ ਮੰਚ ਦੇ ਕਲਾਕਾਰਾਂ ਕੁਸੁਮ ਸ਼ਰਮਾ, ਰਿਸ਼ਮ ਸ਼ਰਮਾ ਅਤੇ ਆਰੂਸ਼ੀ ਸ਼ਰਮਾ ਨੇ ਓਨ ਸਟੇਜ ਅਤੇ ਬੈਕ ਸਟੇਜ ਖਾਸ ਭੂਮਿਕਾਵਾਂ ਨਿਭਾਈਆਂ। ਟੋਰਾਂਟੋ ਦੇ ਥੀਏਟਰ ਦੇ ਮੰਝੇ ਹੋਏ ਕਲਾਕਾਰ ਅਤੇ ਫ਼ਿਲਮਾਂ ਵਿਚ ਆਪਣੀ ਕਲਾ ਦਾ ਲੋਹਾ ਮਨਵਾਉਣ ਵਾਲੇ ਅਮਨਿੰਦਰ ਢਿੱਲੋਂ ਨੇ ਨਾਟਕ ਵਿਚ ਜਾਣਦਾਰ ਭੂਮਿਕਾ ਨਿਭਾਈ ਅਤੇ ਸਾਰੇ ਕੈਨੇਡਾ ਵਿਚ ਨਾਟਕ ਦਾ ਸਾਥ ਦਿੱਤਾ। ਕਾਬਿਲੇ ਜ਼ਿਕਰ ਹੈ ਕਿ ਸੁਰਿੰਦਰ ਸ਼ਰਮਾ ਦਾ ਪੂਰਾ ਪਰਿਵਾਰ ਲੋਕ ਕਲਾ ਮੰਚ ਵਲੋਂ ਜਿੱਥੇ ਇੰਡੀਆ ਵਿੱਚ ਵੀ ਲੋਕਪੱਖੀ ਸੱਭਿਆਚਾਰ ਲਈ ਆਪਣਾ ਯੋਗਦਾਨ ਪਾਉਣ ਲਈ ਵਚਣਬਧ ਹੈ ਉਥੇ ਕੈਨੇਡਾ ਦੀ ਧਰਤੀ 'ਤੇ ਵੀ ਇਸੇ ਤਰ੍ਹਾਂ ਪੂਰਾ ਪਰਿਵਾਰ ਵਚਣਵੱਧ ਹੈ।

ਸੁਸਾਇਟੀ ਬਾਰੇ ਜਾਣਕਾਰੀ ਲਈ ਬਲਦੇਵ ਰਹਿਪਾ (416 881 7202) ਜਾਂ ਬਾਈ ਅਵਤਾਰ (604 728 7011) ਨਾਲ ਸੰਪਰਕ ਕੀਤਾ ਜਾ ਸਕਦਾ ਹੈ।










# ਕੈਲਗਰੀ ਵੂਮੈਨ ਕਲਰਲ ਐਸੋਸੀਏਸ਼ਨ ਦੀ ਮੀਟਿੰਗ ਪਿਤਾ ਦਿਵਸ ਨੂੰ ਸਮਰਪਿਤ ਹੋਈ






ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨੇਵਾਰ ਮੀਟਿੰਗ 17 ਜੂਨ 2023 ਨੂੰ ਜੈਨੇਸਸ ਸੈਂਟਰ ਕੈਲਗਰੀ ਵਿਚ ਕੀਤੀ ਗਈ। ਜੂਨ ਮਹੀਨੇ ਦੀ ਇਹ ਮੀਟਿੰਗ ਪਿਤਾ ਦਿਵਸ ਨੂੰ ਸਮਰਪਿਤ ਰਹੀ। ਸਾਹਿਤਕ ਜਗਤ ਦੀ ਜਾਣੀ ਮਾਣੀ ਲੇਖਕਾ ਡਾ. ਗੁਰਮਿੰਦਰ ਕੌਰ ਸਿੱਧੂ ਜੋ ਪੇਸ਼ੇ ਤੋਂ ਇਕ ਡਾਕਟਰ ਹਨ, ਉਨ੍ਹਾਂ ਦੇ ਜੀਵਨ ਸਾਥੀ ਤੇ ਮਿੰਨੀ ਕਹਾਣੀਕਾਰ ਡਾ. ਬਲਦੇਵ ਸਿੰਘ ਖਹਿਰਾ, ਸਪੁੱਤਰ ਕਹਾਣੀਕਾਰੀ ਰਿਸ਼ਮਦੀਪ ਸਿੰਘ ਮੀਟਿੰਗ ਵਿਚ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਮੀਟਿੰਗ ਦੀ ਸ਼ੁਰੂਆਤ ਵਿਚ ਮੁੱਖ ਮਹਿਮਾਨਾਂ ਅਤੇ ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੰਦਿਆਂ ਸਭਾ ਕੁਆਰਡੀਨੇਟਰ ਗੁਰਚਰਨ ਕਰ ਥਿੰਦ ਨੇ ਸਭ ਨੂੰ ਜੀ ਆਇਆਂ ਆਖਿਆ। ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ ਨੇ ਮੀਟਿੰਗ ਦੇ ਮੁੱਖ ਵਿਸ਼ੇ ਨੂੰ ਛੂਹਦਿਆਂ ਪਿਤਾ ਦੀ ਜੀਵਨ ਵਿਚ ਅਹਿਮੀਅਤ ਬਾਰੇ ਗੱਲਬਾਤ ਕੀਤੀ। ਗੁਰਦੀਸ਼ ਕੌਰ ਗਰੇਵਾਲ ਨੇ ਆਪਣੀ ਲਿਖੀ ਰਚਨਾ, ਧੀ ਵਲੋਂ ਦਰਦਾਂ ਭਰਿਆ ਗੀਤ' ਸੁਣਾਇਆ। ਲੇਖਕਾ ਡਾ. ਗੁਰਮਿੰਦਰ ਕੌਰ ਸਿੱਧੂ ਨੇ ਆਪਣੇ ਸਾਹਿਤਕ ਸਫ਼ਰ ਅਤੇ ਜੀਵਨ ਬਾਰੇ ਗੱਲਬਾਤ ਸਾਂਝੀ ਕੀਤੀ। ਉਨ੍ਹਾਂ ਪੰਜਾਬੀ ਭਾਸ਼ਾ ਨਾਲ ਆਪਣੀ ਸਾਂਝ, ਜ਼ਿੰਦਗੀ ਦੇ ਤਜਰਬਿਆਂ ਅਤੇ ਪੰਜਾਬੀ ਮਾਂ ਬੋਲੀ ਦੀ ਵਿਲੱਖਣਾ ਦੀ ਗੱਲ ਕਰਦਿਆਂ ਸਭ ਨੂੰ ਪੰਜਾਬੀ ਬੋਲਣ ਅਤੇ ਲਿਖਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਪੰਜਾਬੀ ਸਭਿਆਚਾਰ ਵਿਚਲੀਆਂ ਅਸੀਸਾਂ, ਸ਼ਗਨਾਂ, ਵਿਆਹ ਸੱਦਾ ਪੱਤਰ ਅਤੇ ਸੋਗ ਪੱਤਰ ਨੂੰ ਪੰਜਾਬੀ ਮਾਂ ਬੋਲੀ ਵਿਚ ਲਿਖਣ ਦੀ ਪਿਰਤ ਪਾਈ ਹੈ। ਉਨ੍ਹਾਂ ਨੇ ਆਪਣੀ ਕਿਤਾਬ 'ਚਹੁਮੁਖੀਆਂ ਇਬਾਰਤਾਂ' ਬਾਰੇ ਸੰਖੇਪ ਜਾਣਕਾਰੀ ਦਿੱਤੀ ਜੋ ਇਸ ਦੀ ਮਿਸਾਲ ਹੈ। ਡਾ. ਗੁਰਮਿੰਦਰ ਕੌਰ ਸਿੱਧੂ ਨੇ ਪਿਤਾ ਅਤੇ ਧੀਆਂ ਦੇ ਮੋਹ ਨੂੰ ਪੇਸ਼ ਕਰਦੀ ਇਕ ਕਵਿਤਾ ਵੀ ਹਾਜ਼ਰ ਭੈਣਾਂ ਨਾਲ ਸਾਂਝੀ ਕੀਤੀ। ਮਿੰਨੀ ਕਹਾਣੀਕਾਰ ਬਲਦੇਵ ਸਿੰਘ ਖਹਿਰਾ ਨੇ ਭਰੂਣ ਹੱਤਿਆ ਦੀ ਨਿਖੇਧੀ ਕਰਦਿਆਂ ਡਾ.ਗੁਰਮਿੰਦਰ ਕੌਰ ਸਿੱਧੂ ਦੀਆਂ ਕੁਝ ਰਚਨਾਵਾਂ ਬਾਰੇ ਦੱਸਿਆ ਅਤੇ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਬਾਰੇ ਦੱਸਿਆ। ਉਨ੍ਹਾਂ ਅਜੋਕੇ ਸਮੇਂ ਦੀ ਤ੍ਰਾਸਦੀ, ਪੁੱਤਰ ਵਲੋਂ ਪਿਤਾ ਨਾਲ ਕੀਤੇ ਜਾਣ ਵਾਲੇ ਦੁਰਵਿਹਾਰ ਨੂੰ ਬਿਆਨ ਕਰਦੀ ਇਕ ਬਹੁਤ ਹੀ ਭਾਵੁਕ ਮਿੰਨੀ ਕਹਾਣੀ 'ਬਾਪੂ' ਸੁਣਾਈ। ਰਿਸ਼ਮਦੀਪ ਸਿੰਘ ਨੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸਰਦਾਰ ਬੰਦਾ ਸਿੰਘ ਬਹਾਦਰ ਜੀ ਦੇ ਮਿਲਾਪ ਨੂੰ ਦ੍ਰਿਸ਼ਬੱਧ ਕਰਦੀ ਕਵਿਤਾ ਪੇਸ਼ ਕੀਤੀ। ਸਭਾ ਵਲੋਂ ਕੈਲਗਰੀ ਨੌਰਥਵੇਸਟ ਵਿਚ ਇਕ ਪਿਤਾ-ਪੁੱਤਰ ਵਲੋਂ ਨਾਬਾਗਲ ਬੱਚੀਆਂ ਨਾਲ ਹੋਏ ਜਿਨਸ਼ੀ ਸ਼ੋਸ਼ਣ ਅਤੇ ਭਾਰਤੀ ਪਹਿਲਵਾਨ ਖਿਡਾਰਨਾਂ ਨਾਲ ਹੋ ਰਹੀ ਬੇਅਦਬੀ ਦਾ ਵਿਰੋਧ ਕੀਤਾ ਅਤੇ ਹੱਥ ਖੜ੍ਹੇ ਕਰ ਪੀੜਤ ਲੜਕੀਆਂ ਦੇ ਹੱਕ ਵਿਚ ਖੜ੍ਹਨ ਦਾ ਮਤਾ ਪਾਇਆ। ਇਸ ਤੋਂ ਇਲਾਵਾ ਮੁਖਤਿਆਰ ਕੌਰ, ਗੁਰਿੰਦਰ ਕੌਰ, ਹਰਚਰਨ ਬਾਸੀ, ਹਰਬੰਸ ਕੌਰ, ਜਤਿੰਦਰ ਕੌਰ, ਸਰਬਜੀਤ ਉਪਲ, ਗੁਰਤੇਜ ਕੌਰ, ਗੁਰਜੀਤ ਬੈਦਬਾਨ ਅਤੇ ਅਮਰਜੀਤ ਸੱਗੂ ਵਲੋਂ ਪਿਤਾ ਦਿਵਸ ਨੂੰ ਸਮਰਪਿਤ ਗੀਤ ਪੇਸ਼ ਕੀਤੇ ਗਏ। ਅਮਰਜੀਤ ਵਿਰਦੀ ਅਤੇ ਸੁਖਵਿੰਦਰ ਕੌਰ ਬਾਠ ਵਲੋਂ ਲੋਕਗੀਤ 'ਬਾਬਲ' ਪੇਸ਼ ਕੀਤਾ ਗਿਆ। ਹਰਜੀਤ ਜੌਹਲ ਨੇ ਬਾਬਲ ਟੱਪੇ ਗਾਏ। ਕਿਰਨਕਲਸੀ ਵਲੋਂ ਪਿਤਾ ਪਿਆਰ ਭਿੱਜੇ ਸ਼ੇਅਰ ਪੇਸ਼ ਕੀਤੇ ਗਏ। ਸੁਖਜੀਤ ਸਿਮਰਨ ਨੇ ਆਪਣੀ ਲਿਖੀ ਕਵਿਤਾ 'ਬਾਬਲ ਮੇਰਾ ਬੋਹੜ ਦੀ ਛਾਂ' ਪੇਸ਼ ਕੀਤੀ। ਮੁੱਖ ਮਹਿਮਾਨਾਂ ਅਤੇ ਸਭਾ ਮੈਂਬਰਾਂ ਵਲੋਂ ਪਿਤਾ ਦਿਵਸ ਮਨਾਉਂਦਿਆਂ ਕੇਕ ਕੱਟਿਆ ਗਿਆ।




THE HARP GREWAL ਹਰਪ ਗਰੇਵਾਲ REAL ESTATE TEAM

416.722.3500 (Direct)

905.913.8500 (Office) 905.913.8585 (Fax)

Email: harpgrewals@gmail.com

www.HarpGrewal.ca

HOMELIFE SILVERCITY REALTY INC. BROKERAGE

HIGHER STANDARDS



Punjabi Rang Radio

CHLO AM530 (TORONTO) 11PM-12AM (SATURDAY)

Producer/Host

Chamkaur Singh Phulewala

Email punjabirang13@hotmail.com

Cell : 416 662 1313

ZOLO

Mandeep Dhaliwal

Sales Representative

416-648-9053

416-898-8932

dhaliwal.mandeep137@gmail.com



202-895 Lawrence Ave E, North York, ON M3C 3L2



Punjab Insurance Inc

SUPER VISA INSURANCE

• Critical Illness Insurance • Life Insurance • Mortgage Insurance

• Disability Insurance • RESP, RRSP



Preet Virk 416-357-1818

7003 Steeles Ave. W,Unit 10 Etobicoke,ON, M9W 0A2

Harveer Kaur Grewal 416-671-1919

GALAXY Frightline inc.

Hiring Drivers/Owners/Operators

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive. Professional Attitude


For:
* GTA
* ON-QC
* ON-MB-AB-BC
* USA


Balraj Singh Manager
647-701-6991
FAX: 416-644-8882
EMAIL: dispatch@galaxyfreightline.com

www.galaxyfreightline.com

* 1580 Britannia Road East * Mississauga * ON * L4W 1J2

# ਸਿਰਜਣਾ ਆਰਟ ਗਰੁੱਪ ਰਾਏਕੋਟ ਵੱਲੋਂ ਸੋਲੋ ਨਾਟਕ 'ਸਾਡੀ ਕਿਹੜੀ ਧਰਤ ਵੇ ਲੋਕਾ' ਖੇਡਿਆ ਗਿਆ









**ਬਲਜਿੰਦਰ ਸਿੰਘ ਪਟਿਆਲਾ**

ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਮਹੀਨਾਵਾਰ ਨਾਟਕ ਸਮਾਗਮ ਦੌਰਾਨ ਇਸ ਵਾਰ ਸਿਰਜਣਾ ਆਰਟ ਗਰੁੱਪ ਰਾਏਕੋਟ ਵੱਲੋਂ ਨਿੰਦਰ ਗਿੱਲ ਦੇ ਨਾਵਲ 'ਵਾਅਦਾ ਮੁਆਫ ਗਵਾਹ 'ਤੇ ਅਧਾਰਿਤ ਡਾ. ਸੋਮਪਾਲ ਹੀਰਾ ਦੁਆਰਾ ਲਿਖਿਤ ਅਤੇ ਅਭਿਨੀਤ ਸੋਲੋ ਨਾਟਕ 'ਸਾਡੀ ਕਿਹੜੀ ਧਰਤ ਵੇ ਲੋਕਾ' ਪ੍ਰੋ. ਕੰਵਲ ਢਿੱਲੋਂ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਇਸ ਸਮਾਗਮ ਦਾ ਉਦਘਾਟਨ ਉੱਘੇ ਕਵੀ/ਲੇਖਕ ਜਗਤਾਰ ਸਿੰਘ ਹਿੱਸੋਵਾਲ, ਪ੍ਰਿੰਸੀਪਲ ਰਜਿੰਦਰ ਸਿੰਘ ਸੁਧਾਰ, ਰਣਜੀਤ ਸਿੰਘ ਹਾਂਸ, ਧਰਮਜੀਤ ਸਿੰਘ ਸਿੱਧੂ ਪੰਚਾਇਤ ਅਫ਼ਸਰ, ਅਨਿਲ ਸੇਠੀ ਸੀਨੀਅਰ ਮੀਤ ਪ੍ਰਧਾਨ ਅਤੇ ਹਰਕੇਸ਼ ਚੌਧਰੀ ਪ੍ਰਧਾਨ ਲੋਕ ਕਲਾ ਮੰਚ ਮੁੱਲਾਂਪੁਰ ਵੱਲੋਂ ਸਾਂਝੇ ਤੌਰ 'ਤੇ ਸ਼ਮਾਂ ਰੌਸ਼ਨ ਕਰਕੇ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਤੇ ਸਭ ਤੋਂ ਪਹਿਲਾਂ ਹਰਕੇਸ਼ ਚੌਧਰੀ ਜੀ ਨੇ ਆਏ ਹੋਏ ਦਰਸ਼ਕਾਂ ਦਾ ਸਵਾਗਤ ਕੀਤਾ ਅਤੇ ਆਪਣੇ ਇਸੇ ਮਹੀਨੇ ਦੇ ਵਿਦੇਸ਼ ਦੌਰੇ ਦੌਰਾਨ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਿਰੀ, ਕਨੇਡਾ ਦੇ ਸੱਦੇ 'ਤੇ ਦੋ ਰੋਜ਼ਾ ਨਾਟਕ ਮੇਲੇ ਦੌਰਾਨ ਤਿਆਰ ਕਰਵਾਏ ਨਾਟਕਾਂ ਅਤੇ ਕੋਰੀਓਗ੍ਰਾਫੀਆਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਇਹ ਵੀ ਜਾਣਕਾਰੀ ਦਿੱਤੀ ਕਿ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਕਨੇਡਾ ਵੱਲੋਂ 1000 ਡਾਲਰ ਨਾਲ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਦੇ ਥੀਏਟਰ ਹਾਲ ਵਿੱਚ 15 ਕੁਰਸੀਆਂ ਲਗਵਾਉਣ ਦੀ ਸਹਾਇਤਾ ਕੀਤੀ ਗਈ ਹੈ। ਇਸ ਸਹਾਇਤਾ ਲਈ ਉਕਤ ਸੰਸਥਾ ਦਾ ਧੰਨਵਾਦ ਕੀਤਾ ਗਿਆ। ਇਸ ਉਪਰੰਤ ਰੰਗਮੰਚ ਗਾਨ ਹੋਇਆ ਅਤੇ ਡਾ: ਸੋਮਪਾਲ ਹੀਰਾ ਵੱਲੋਂ ਬਹੁਤ ਹੀ ਸੁੰਦਰ ਸੈਟ ਲਗਾ ਕੇ, ਪਿਆਰੇ ਮਧੁਰ ਸੰਗੀਤ ਦੀ ਸਹਾਇਤਾ ਨਾਲ ਸ਼ਾਨਦਾਰ ਨਾਟਕ 'ਸਾਡੀ ਕਿਹੜੀ ਧਰਤ ਵੇ ਲੋਕਾ' ਪੇਸ਼ ਕੀਤਾ ਗਿਆ। ਦਿਮਾਗਾਂ ਵਿੱਚ ਲੱਗੇ ਫਿਰਕੂ ਮਾਨਸਿਕਤਾ ਦੇ ਜਾਲੇ ਲਾਹੁੰਦੀ, ਮਨੁੱਖੀ ਜਜਬਾਤਾਂ ਦੀ ਬਹੁਤ ਹੀ ਵਧੀਆ ਪੇਸ਼ਕਾਰੀ ਦੀ ਦਰਸ਼ਕਾਂ ਨੇ ਖ਼ੂਬ ਪ੍ਰਸ਼ੰਸਾ ਕੀਤੀ। ਨਾਟਕ ਦੇ ਅੰਤ ਤੇ ਦਰਸ਼ਕਾਂ ਨੇ ਨਾਵਲਕਾਰ, ਅਦਾਕਾਰ/ ਲੇਖਕ ਅਤੇ ਨਿਰਦੇਸ਼ਕ ਦੇ ਸਨਮਾਨ ਵਿੱਚ ਖੜ੍ਹੇ ਹੋ ਕੇ ਤਾੜੀਆਂ ਮਾਰੀਆਂ। ਇਸ ਉਪਰੰਤ ਕੇ. ਸਾਧੂ ਸਿੰਘ ਅਤੇ ਜਗਤਾਰ ਸਿੰਘ ਹਿੱਸੋਵਾਲ ਨੇ ਨਾਟਕ ਸਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਜਿਹੇ ਨਾਟਕਾਂ ਰਾਹੀਂ ਸਮਾਜ ਨੂੰ ਸੇਧ ਲੈਣੀ ਚਾਹੀਦੀ ਹੈ ਅਤੇ ਗੁਰਸ਼ਰਨ ਕਲਾ ਭਵਨ ਦੀ ਪ੍ਰਬੰਧਕੀ ਟੀਮ ਹਰਕੇਸ਼ ਚੌਧਰੀ ਜੀ ਦੀ ਅਗਵਾਈ ਹੇਠ ਅਜਿਹੇ ਸਮਾਗਮ ਕਰਵਾਉਣ ਲਈ ਵਧਾਈ ਅਤੇ ਪ੍ਰਸ਼ੰਸਾ ਦੀ ਹੱਕਦਾਰ ਹੈ। ਸਮਾਗਮ ਦੇ ਅੰਤ ਤੇ ਡਾ: ਸੋਮਪਾਲ ਹੀਰਾ ਅਤੇ ਉਹਨਾਂ ਦੀ ਟੀਮ ਦਾ ਲੋਕ ਕਲਾ ਮੰਚ ਮੁੱਲਾਂਪੁਰ ਵੱਲੋਂ ਸਨਮਾਨ ਕੀਤਾ ਗਿਆ। ਸਟੇਜ ਸੰਚਾਲਨ ਜਨਰਲ ਸਕੱਤਰ ਦੀਪਕ ਰਾਏ ਵੱਲੋਂ ਕੀਤਾ ਗਿਆ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਸੀਨੀਅਰ ਪੱਤਰਕਾਰ ਸੰਤੋਖ ਗਿੱਲ, ਜਰਨੈਲ ਗਿੱਲ, ਮਾ. ਲਖਿੰਦਰ ਸਿੰਘ, ਮਾ. ਨਰਿੰਦਰਪਾਲ ਸਿੰਘ, ਲੈਕਚਰਾਰ ਗੁਰਮੀਤ ਸਿੰਘ, ਮਾ. ਸਤਵਿੰਦਰ ਸਿੰਘ, ਮੈਡਮ ਨੀਰਜਾ, ਜਤਿੰਦਰ ਜਗਰਾਉਂ, ਮਾ. ਜਗਦੀਪ ਸਿੰਘ, ਕਰਮਜੀਤ ਭੱਟੀ ਸੰਗੀਤਕਾਰ, ਜਸਪ੍ਰੀਤ ਮਾਨ ਫਿਲਮਕਾਰ, ਲੈਕਚਰਾਰ ਹਰਜੀਤ ਰਤਨ, ਮਾ. ਕੁਲਵੰਤ ਸਿੰਘ ਬੜੂੰਦੀ, ਗੁਰਪ੍ਰੀਤ ਜੀਰਾ ਅਤੇ ਗੁਰਪ੍ਰੀਤ ਮੱਲਕੇ (ਜਗਤ ਤਮਾਸ਼ਾ ਕਲਾ ਕੇਂਦਰ, ਜੀਰਾ) ਪ੍ਰੋ. ਰੁਪਿੰਦਰ ਸਿੰਘ, ਮੈਡਮ ਅੰਜੂ ਚੌਧਰੀ, ਕਮਲਜੀਤ ਮੋਹੀ, ਸ.ਭਾਗ ਸਿੰਘ ਗਿੱਲ, ਬਲਜੀਤ ਕੌਰ, ਗੁਰਿੰਦਰ ਗੁਰੀ, ਜੁਝਾਰ ਸਿੰਘ ਨਮੋਲ, ਪ੍ਰਦੀਪ ਕੌਰ ਹਾਜ਼ਰ ਸਨ।









# ਕੈਲਗਰੀ ਵਿੱਚ ਹੋਏ ਨਾਟਕ ਮੇਲੇ ਵਿੱਚ ਵੱਖ-ਵੱਖ ਸਖਸ਼ੀਅਤਾਂ ਸਨਮਾਨਿਤ !















ਕੈਲਗਰੀ (ਹਰਚਰਨ ਸਿੰਘ ਪ੍ਰਹਾਰ): 'ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਵਲੋਂ ਹਰ ਸਾਲ ਕਰਵਾਏ ਜਾਂਦੇ ਸੋਹਣ ਮਾਨ ਯਾਦਗਾਰੀ ਨਾਟਕ ਮੇਲਿਆਂ ਦੀ ਲੜੀ ਵਿੱਚ 12ਵੇਂ ਦੋ ਰੋਜ਼ਾ ਨਾਟਕ ਸਮਾਗਮ ਵਿੱਚ ਕੁਝ ਖਾਸ ਸਖਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸੋਹਣ ਮਾਨ ਜੀ (ਬਾਨੀ ਪ੍ਰਧਾਨ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ) ਦੀ ਤਸਵੀਰ ਤੇ ਫੁੱਲ ਮਲਾਂਵਾਂ ਅਰਪਿਤ ਕਰਕੇ ਐਗਜੈਕਟਿਵ ਕਮੇਟੀ ਦੇ ਪ੍ਰਧਾਨ ਸ੍ਰੀਮਤੀ ਜਸਵਿੰਦਰ ਮਾਨ, ਸਾਬਕਾ ਪ੍ਰਧਾਨ ਜੀਤਇੰਦਰ ਪਾਲ, ਜਨਰਲ ਸਕੱਤਰ ਮਾਸਟਰ ਭਜਨ ਸਿੰਘ, ਕਮਲਪ੍ਰੀਤ ਪੰਧੇਰ, ਬੰਦੀਪ ਗਿੱਲ, ਪ੍ਰੋ. ਗੋਪਾਲ ਜੱਸਲ, ਨਵਕਿਰਨ ਢੁੱਡੀਕੇ, ਹਰੀਪਾਲ, ਸੁਖਵੀਰ ਗਰੇਵਾਲ ਅਤੇ ਸਿੱਖ ਵਿਰਸਾ ਮੈਗਜ਼ੀਨ ਦੇ ਸੰਪਾਦਕ ਹਰਚਰਨ ਸਿੰਘ ਪ੍ਰਹਾਰ ਨੇ ਸ਼ਰਧਾਂਜਲੀ ਅਰਪਿਤ ਕੀਤੀ। ਸਮਾਗਮ ਦੌਰਾਨ ਦੋ ਨਾਟਕ ਅਤੇ ਦੋ ਕੋਰੀਓਗਰਾਫੀ ਪੇਸ਼ ਕੀਤੀਆਂ ਗਈਆਂ।

ਇਸ ਸਮਾਗਮ ਵਿੱਚ ਕੈਲਗਰੀ ਦੀਆਂ ਪੰਜਾਬੀ ਮੂਲ ਦੀਆਂ ਦੋ ਲੜਕੀਆਂ ਨੂੰ ਵੱਖੋ-ਵੱਖਰੇ ਖੇਡ ਖੇਤਰਾਂ ਵਿੱਚ ਮੱਲਾਂ ਮਾਰਨ ਲਈ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਕਮਲ ਸਿੱਧੂ ਤੇ ਸੁੱਖਪ੍ਰੀਤ ਸਿੱਧੂ ਦੀ ਪੁੱਤਰੀ ਜੈਸਲੀਨ ਕੌਰ ਸਿੱਧੂ, ਜਿਸਨੇ ਰੈਸਲਿੰਗ ਦੇ ਖੇਤਰ ਵਿੱਚ ਪਹਿਲਾਂ ਕਨੇਡਾ ਤੇ ਫਿਰ ਅਮਰੀਕਾ ਵਿੱਚ ਗੋਲਡ ਮੈਡਲ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਦੂਜੀ ਲੜਕੀ ਸੁੱਖਵੀਰ ਗਰੇਵਾਲ਼ ਅਤੇ ਕਮਲ ਗਰੇਵਾਲ਼ ਦੀ ਪੁੱਤਰੀ ਪ੍ਰਭਲੀਨ ਕੌਰ ਗਰੇਵਾਲ਼, ਜੋ ਕਿ ਪਹਿਲੀ ਪੰਜਾਬਣ ਹੈ, ਜਿਸਨੇ ਕਨੇਡਾ ਦੀ ਯੂਨੀਅਰ ਨੈਸ਼ਨਲ ਹਾਕੀ ਟੀਮ ਦੀ ਮੈਂਬਰ ਬਣ ਕੇ ਪੰਜਾਬੀਆਂ ਦਾ ਮਾਣ ਵਧਾਇਆ ਅਤੇ ਜੋ ਫਰਾਂਸ ਵਿੱਚ ਆਪਣੀ ਕਨੇਡੀਅਨ ਟੀਮ ਨਾਲ਼ ਖੇਡਣ ਗਈ ਸੀ। ਇਹਨਾਂ ਦੋਨਾਂ ਲੜਕੀਆਂ ਨੂੰ ਐਸੋਸੀਏਸ਼ਨ ਵਲੋਂ ਇੱਕ-ਇੱਕ ਹਜ਼ਾਰ ਡਾਲਰ ਦੀ ਨਗਦ ਰਾਸ਼ੀ, ਵਿਸ਼ੇਸ਼ ਸਨਮਾਨ ਪੱਤਰਾਂ ਅਤੇ ਸਨਮਾਨ ਚਿੰਨ੍ਹਾਂ ਨਾਲ਼ ਸਨਮਾਨਿਤ ਕੀਤਾ ਗਿਆ। ਦੋਨਾਂ ਨੂੰ ਦਿੱਤੇ ਗਏ ਸਨਮਾਨ ਪੱਤਰ ਨਵਕਿਰਨ ਢੁੱਡੀਕੇ ਨੇ ਸਟੇਜ ਤੋਂ ਪੜ੍ਹ ਕੇ ਸੁਣਾਏ। ਇਸ ਮੌਕੇ ਤੇ ਲੰਬੇ ਸਮੇਂ ਤੋਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਿੱਚ ਪ੍ਰਧਾਨਗੀ ਸੇਵਾਵਾਂ ਨਿਭਾਉਂਦੇ ਰਹੇ, ਸ੍ਰੀ ਜੀਤਇੰਦਰ ਪਾਲ ਜੀ ਨੂੰ 'ਲਾਈਫ ਟਾਈਮ ਅਚੀਵਮੈਂਟ ਅਵਾਰਡ' ਨਾਲ਼ ਸਨਮਾਨਿਤ ਕੀਤਾ ਗਿਆ। ਸਨਮਾਨ ਸਮਾਰੋਹ ਵਿੱਚ ਉਨ੍ਹਾਂ ਦੀ ਧਰਮ ਪਤਨੀ ਬੀਬੀ ਵਿਦਿਆਵਤੀ ਵੀ ਉਨ੍ਹਾਂ ਨਾਲ਼ ਹਾਜ਼ਿਰ ਸਨ। ਹਰ ਸਾਲ ਦੀ ਤਰ੍ਹਾਂ 'ਲੋਕ ਕਲਾ ਮੰਚ ਮੰਡੀ ਮੁੱਲਾਂਪੁਰ' ਤੋਂ ਇਨ੍ਹਾਂ ਸਮਾਗਮਾਂ ਤੇ ਤਿਆਰੀ ਲਈ ਪਹੁੰਚੇ ਲੇਖਕ, ਨਿਰਦੇਸ਼ਕ ਅਤੇ ਥੀਏਟਰ ਕਲਾਕਾਰ ਹਰਕੇਸ਼ ਚੌਧਰੀ ਨੂੰ ਕਿਤਾਬਾਂ ਦੇ ਸੈਟ ਨਾਲ਼ ਸਨਮਾਮਿਤ ਕਰਨ ਦੇ ਨਾਲ਼-ਨਾਲ਼ 'ਗੁਰਸ਼ਰਨ ਕਲਾ ਭਵਨ ਮੰਡੀ ਮੁੱਲਾਂਪੁਰ' ਲਈ ਇੱਕ ਹਜ਼ਾਰ ਡਾਲਰ ਦੀ ਨਗਦ ਸਹਾਇਤਾ ਰਾਸ਼ੀ ਦਿੱਤੀ ਗਈ। ਨਾਟਕ ਸਮਾਗਮਾਂ ਦੀ ਤਿਆਰੀ ਔਰਤਾਂ ਵਲੋਂ ਹਮੇਸ਼ਾਂ ਵਿਸ਼ੇਸ਼ ਸਹਿਯੋਗ ਕੀਤਾ ਜਾਂਦਾ ਹੈ। ਇਨ੍ਹਾਂ ਸੇਵਾਵਾਂ ਨੂੰ ਮੁੱਖ ਰੱਖ ਕੇ ਇਸ ਵਾਰ ਬੀਬੀ ਜਗਦੇਵ ਕੌਰ ਪੰਧੇਰ, ਸੁੱਖਜੀਵਨ ਕੌਰ ਗਿੱਲ ਅਤੇ ਸੁਰਿੰਦਰ ਕੌਰ ਗਿੱਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।














ਯਸ਼ ਪਾਲ
98145 35005

ਪਾਠਕ੍ਰਮਾਂ ਦੀ ਛਾਂਗ-ਛੰਗਾਈ

# 'ਤਰਕਸੰਗਤਾ' ਦੀ ਆੜ 'ਚ ਪਾਰਖੂ-ਚਿੰਤਨ ਤੇ ਵਿਗਿਆਨਕ ਬਿਰਤੀ ਨੂੰ ਮੌਂਦਾ ਲਾਉਣ ਦੀ ਸ਼ਾਤਰ-ਚਾਲ



* NCERT ਵੱਲੋਂ ਸਕੂਲੀ ਸਿੱਖਿਆ ਦੇ ਪਾਠਕ੍ਰਮਾਂ ਦੀ ਕੀਤੀ ਗਈ ਛਾਂਗ-ਛੰਗਾਈ 'ਤੇ ਵਿਸਥਾਰਤ ਚਰਚਾ ਕਰਨ ਤੋਂ ਪਹਿਲਾਂ ਸਾਂਝੇ ਕਰਨ ਵਾਲੇ ਕੁੱਝ ਅਹਿਮ ਨੁਕਤੇ।

* ਕਿਸੇ ਵੀ ਮੁਲਕ ਅੰਦਰ ਸਿੱਖਿਆ ਪ੍ਰਦਾਨ ਕਰਨ ਲਈ ਪਾਠਕ੍ਰਮ-ਪ੍ਰਣਾਲੀ (Curriculum), ਮੌਕੇ ਦੀ ਹਕੂਮਤੀ ਪਾਰਟੀ ਵੱਲੋਂ ਲਾਗੂ ਕੀਤੀ ਜਾ ਰਹੀ ਸਿੱਖਿਆ ਨੀਤੀ ਦੀ ਮੂਲ-ਚੂਲ ਹੁੰਦੀ ਹੈ ਤੇ ਸਿੱਖਿਆ ਨੀਤੀ, ਉਸ ਹਕੂਮਤੀ ਪਾਰਟੀ ਵੱਲੋਂ ਲਾਗੂ ਕੀਤੇ ਜਾ ਰਹੇ, ਆਰਥਿਕ-ਰਾਜਨੀਤਿਕ-ਰਣਨੀਤਿਕ ਏਜੰਡੇ ਦੀ ਦਿਸ਼ਾ-ਸੇਧ ਦੇ ਅਨੁਸਾਰੀ ਹੀ ਬਣਾਈ ਜਾਂਦੀ ਹੈ। ਸਿੱਖਿਆ ਨੀਤੀ ਦੇ ਉਦੇਸ਼ ਵੀ ਉਸ ਏਜੰਡੇ ਦੇ ਉਦੇਸ਼ਾਂ ਨਾਲੋਂ ਹਟਵੇਂ ਨਹੀਂ ਹੋ ਸਕਦੇ। ਬੱਚਿਆਂ ਨੂੰ ਕੀ ਪੜ੍ਹਾਉਣਾ ਹੈ, ਕੀ ਨਹੀਂ ਪੜ੍ਹਾਉਣਾ, ਕਿਸ ਨੂੰ ਕਿੰਨਾ ਪੜ੍ਹਾਉਣਾ ਹੈ, ਕਿਵੇਂ ਪੜ੍ਹਾਉਣਾ ਹੈ, ਕਿੱਥੇ ਪੜ੍ਹਾਉਣਾ ਹੈ, ਉਨ੍ਹਾਂ ਉਦੇਸ਼ਾਂ ਦੀ ਪੂਰਤੀ ਦੀਆਂ ਲੋੜਾਂ ਹੀ ਤਹਿ ਕਰਦੀਆਂ ਹਨ। ਇਸ ਦੇ ਨਾਲ ਹੀ ਇਹ ਵੀ ਕਿ ਹਕੂਮਤੀ ਪਾਰਟੀ ਵੱਲੋਂ ਆਪਣੇ ਆਰਥਿਕ-ਰਾਜਨੀਤਕ, ਸਮਾਜਿਕ-ਸਭਿਆਚਾਰਕ ਏਜੰਡੇ ਨੂੰ ਲਾਗੂ ਕਰਨ ਲਈ ਸਿੱਖਿਆ ਖੇਤਰ ਅਹਿਮ ਤੇ ਸਭ ਖੇਤਰਾਂ ਨਾਲੋਂ ਵੱਧ ਕਾਰਗਰ ਖੇਤਰ ਹੈ।

* ਕੇਂਦਰ ਦੀ ਮੋਦੀ ਸਰਕਾਰ ਵੱਲੋਂ 'ਕੋਵਿਡ' ਦੇ ਬਹਾਨੇ, ਤਰਕਸੰਗਤਾ (Rationalization) ਦੀ ਆੜ 'ਚ NEP-2020 ਨੂੰ ਲਾਗੂ ਕਰਦਿਆਂ, 6ਵੀਂ ਤੋਂ 12ਵੀਂ ਸ਼੍ਰੇਣੀ ਤੱਕ ਦੀ ਸਕੂਲੀ ਸਿੱਖਿਆ ਦੀਆਂ ਇਤਿਹਾਸ, ਰਾਜਨੀਤੀ ਵਿਗਿਆਨ, ਸਮਾਜਿਕ ਵਿਗਿਆਨ, ਸਾਇੰਸ ਤੇ ਗਣਿਤ ਦੀਆਂ ਪਾਠ-ਪੁਸਤਕਾਂ ਦੇ ਪਾਠਕ੍ਰਮ (Syllabus) ਵਿੱਚੋਂ NCERT ਰਾਹੀਂ ਕੀਤੀ ਗਈ/ਕੀਤੀ ਜਾ ਰਹੀ ਭਾਰੀ ਛਾਂਗ-ਛੰਗਾਈ (Deletion) ਦੀ, ਉਕਤ ਨੁਕਤਿਆਂ ਦੇ ਸੰਦਰਭ 'ਚ ਰੱਖ ਕੇ ਨਜ਼ਰਸਾਨੀ ਕੀਤੀ ਜਾਵੇਗੀ ਕਿ ਕਿਹੜੀ ਛਾਂਗ-ਛੰਗਾਈ ਕਿਉਂ ਕੀਤੀ ਗਈ ਹੈ।

**ਪਾਠਕ੍ਰਮਾਂ ਦੀ ਛਾਂਗੀ ਗਈ ਸਮੱਗਰੀ : ਸੰਖੇਪ ਝਾਤ**

* ਇਹ ਨਜ਼ਰਸਾਨੀ ਕਰਨ ਤੋਂ ਪਹਿਲਾਂ ਕਿ ਵੱਖ ਵੱਖ ਸ਼੍ਰੇਣੀਆਂ ਦੀਆਂ ਪਾਠ ਪੁਸਤਕਾਂ ਦੇ ਪਾਠਕ੍ਰਮ ਵਿੱਚੋਂ ਛਾਂਗੀ ਗਈ ਸਮੱਗਰੀ ਦਾ ਕੌਮੀ ਸਿੱਖਿਆ ਨੀਤੀ- 2020 ਨਾਲ ਕੀ ਕੜੀ-ਜੋੜ ਬਣਦਾ ਹੈ ਅਤੇ ਇਸ ਨੂੰ ਲਾਗੂ ਕਰਨ ਵਾਲੀ ਕੇਂਦਰ ਦੀ ਮੋਦੀ ਸਰਕਾਰ ਦੇ ਕਿਸ ਨੀਤੀ-ਏਜੰਡੇ ਦੀ ਪੂਰਤੀ ਦਾ ਹੱਥਾ ਬਣੇਗੀ, ਆਪਾਂ ਛਾਂਗੀ ਗਈ ਸਮੱਗਰੀ 'ਤੇ ਇੱਕ ਸੰਖੇਪ ਝਾਤ ਮਾਰਦੇ ਹਾਂ।

* ਪਾਠਕ੍ਰਮਾਂ ਦੀ ਇਹ ਮੌਜੂਦਾ ਛਾਂਗ-ਛੰਗਾਈ 'ਕੌਮੀ ਸਿੱਖਿਆ ਖੋਜ ਤੇ ਸਿਖਲਾਈ ਪ੍ਰੀਸ਼ਦ (NCERT) ਵੱਲੋਂ ਗਠਿਤ 'ਕੌਮੀ ਪਾਠ-ਪ੍ਰਣਾਲੀ ਚੌਖਟਾ-2023' ਦੀਆਂ ਅਗਵਾਈ-ਸੇਧਾਂ ਅਨੁਸਾਰ ਕੀਤੀ ਗਈ/ਕੀਤੀ ਜਾ ਰਹੀ ਹੈ। ਅੰਗਰੇਜ਼ੀ ਅਖ਼ਬਾਰ 'ਇੰਡੀਅਨ ਐਕਸਪ੍ਰੈਸ' ਨੇ ਸਭ ਤੋਂ ਪਹਿਲਾਂ ਇਸ ਛਾਂਗ-ਛੰਗਾਈ ਦੀ ਵਿਸਥਾਰਤ ਪੜਤਾਲੀਆ ਰਿਪੋਰਟ 18 ਜੂਨ ਤੋਂ 22 ਜੂਨ, 2022 (4ਭਾਗਾਂ 'ਚ) ਤੱਕ ਛਾਪੀ ਸੀ ਜੋਕਿ 6ਵੀਂ ਤੋਂ 12ਵੀਂ ਸ਼੍ਰੇਣੀ ਤੱਕ, ਇਤਿਹਾਸ, ਰਾਜਨੀਤੀ ਵਿਗਿਆਨ ਤੇ ਸਮਾਜ ਵਿਗਿਆਨ ਦੀਆਂ 21 ਪਾਠ ਪੁਸਤਕਾਂ ਦੀ ਕੀਤੀ ਛੰਗਾਈ 'ਤੇ ਆਧਾਰਿਤ ਸੀ।

* ਕਿਹੜੀ ਸ਼੍ਰੇਣੀ ਦੀ ਕਿਸ ਪੁਸਤਕ ਵਿੱਚੋਂ ਕਿਹੜੀ ਸਮੱਗਰੀ ਛਾਂਗੀ ਗਈ, ਇਸ ਦੇ ਵਿਸਥਾਰ 'ਚ ਨਾ ਜਾਂਦੇ ਹੋਏ, ਗੁਜਰਾਤ ਦੇ 2002 ਦੇ ਮੁਸਲਿਮ ਵਿਰੋਧੀ ਦੰਗਿਆਂ ਨਾਲ ਸੰਬੰਧਿਤ ਸਾਰੀ ਸਮੱਗਰੀ, ਇੱਥੋਂ ਤੱਕ ਕਿ ਦੰਗਿਆਂ ਸੰਬੰਧੀ 'ਕੌਮੀ ਮਾਨਵੀ ਅਧਿਕਾਰ ਕਮਿਸ਼ਨ' ਦੀ ਨਿਰੀਖਣ ਟਿੱਪਣੀ ਅਤੇ ਤਤਕਾਲੀ ਪ੍ਰਧਾਨ ਮੰਤਰੀ ਸ਼੍ਰੀ ਵਾਜਪਾਈ ਦੀ ਵੀ ਇਹ ਟਿੱਪਣੀ ਕਿ 'ਮੁੱਖ ਮੰਤਰੀ ਨੂੰ (ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਮੋਦੀ ਦੀ ਹਾਜ਼ਰੀ 'ਚ) ਮੇਰੀ ਇਹ ਸੁਣਾਉਣੀ ਹੈ ਕਿ ਉਸ ਨੂੰ 'ਰਾਜ ਧਰਮ' ਦਾ ਪਾਲਣ ਕਰਨਾ ਚਾਹੀਦਾ ਹੈ। ਰਾਜੇ ਨੂੰ ਜਾਤੀ, ਮੱਤ ਤੇ ਧਰਮ ਦੇ ਆਧਾਰ 'ਤੇ ਆਪਣੀ ਪਰਜਾ ਨਾਲ ਕਿਸੇ ਕਿਸਮ ਦਾ ਕੋਈ ਵਿਤਕਰਾ ਨਹੀਂ ਕਰਨਾ ਚਾਹੀਦਾ', ਛਾਂਗ ਦਿੱਤੀ ਗਈ ਹੈ। ਇਨ੍ਹਾਂ ਦੰਗਿਆਂ ਨਾਲ ਹੀ ਜੁੜਿਆ, 'ਫਿਰਕਾਪ੍ਰਸਤੀ, ਧਰਮ-ਨਿਰਲੇਪਤਾ ਤੇ ਕੌਮੀ-ਰਾਜ' ਸਿਰਲੇਖ ਹੇਠਲਾ ਸਾਰਾ ਪਹਿਰਾ ਹੀ ਕੱਢ ਦਿੱਤਾ ਗਿਆ ਹੈ। (ਰਾਜਨੀਤੀ ਵਿਗਿਆਨ, ਸ਼੍ਰੇਣੀ 12) ਪਰ ਦੂਜੇ ਪਾਸੇ, 1984 ਦੇ ਸਿੱਖ ਵਿਰੋਧੀ ਦਿੱਲੀ ਦੰਗਿਆਂ ਨਾਲ ਜੁੜਿਆ ਬਿਰਤਾਂਤ ਨਹੀਂ ਕੱਢਿਆ ਗਿਆ।

* ਜੂਨ, 1975 'ਚ, ਤਤਕਾਲੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਵੱਲੋਂ ਮੁਲਕ ਭਰ 'ਚ ਲਾਈ ਗਈ 'ਐਮਰਜੈਂਸੀ' ਦਾ ਜ਼ਿਕਰ ਤਾਂ ਹੈ ਪਰ ਉਸਦੇ ਲੋਕਾਂ ਅਤੇ ਰਾਜ ਦੀਆਂ ਸੰਸਥਾਵਾਂ ਉੱਪਰ ਪਏ ਮਾਰੂ ਪ੍ਰਭਾਵਾਂ ਵਾਲਾ ਹਿੱਸਾ ਛਾਂਗ ਦਿੱਤਾ ਗਿਆ ਹੈ।

* 1947 ਦੀ ਮੁਲਕ ਵੰਡ ਤੋਂ ਬਾਅਦ, ਜਨਤਾ ਦੇ ਜੀਵਨ ਨਾਲ ਜੁੜੇ 'ਜਨਤਕ ਅੰਦੋਲਨਾਂ ਦੇ ਉਭਾਰ' ਦੀ ਸਮੱਗਰੀ, ਪਾਠਾਂ ਵਿੱਚੋਂ ਛਾਂਗ ਦਿੱਤੀ ਗਈ ਹੈ। (ਸ਼੍ਰੇਣੀ 6 ਤੋਂ 12, ਰਾਜਨੀਤੀ ਵਿਗਿਆਨ) ਇਨ੍ਹਾਂ ਵਿੱਚ 1970 ਦਾ ਉੱਤਰਖੰਡ ਦਾ ਵਾਤਾਵਰਣ ਬਚਾਓ ਦਾ 'ਚਿਪਕੋ ਅੰਦੋਲਨ', 'ਨਰਮਦਾ ਬਚਾਓ ਅੰਦੋਲਨ ਮਹਾਂਰਾਸ਼ਟਰ ਦਾ 'ਦਲਿਤ ਪੈਂਥਰ ਅੰਦੋਲਨ' 1980ਵਿਆਂ ਦਾ ਬੀਕੇਯੂ ਦਾ 'ਕਿਸਾਨ ਅੰਦੋਲਨ', ਤਿੰਨ ਖੇਤੀ ਕਾਨੂੰਨਾਂ ਵਿਰੁੱਧ ਚੱਲੇ 'ਮਹਾਨ ਕਿਸਾਨ ਅੰਦੋਲਨ' ਸੰਬੰਧੀ ਵਿਦਿਆਰਥੀਆਂ ਤੋਂ ਪੁੱਛਿਆ ਗਿਆ ਪ੍ਰਸ਼ਨ, ਮੱਧ ਪ੍ਰਦੇਸ਼ ਦਾ ਆਦਿ ਵਾਸੀਆਂ ਦੇ ਉਜਾੜੇ ਵਿਰੁੱਧ ਚੱਲੇ ਅੰਦੋਲਨ ਦੇ ਬਿਰਤਾਂਤ ਵਾਲਾ ਸਾਰਾ ਹੀ ਪਾਠ 'ਸਮਾਨਤਾ ਲਈ ਸੰਘਰਸ਼', ਨੇਪਾਲ ਅੰਦਰ 'ਲੋਕਤੰਤਰ ਲਈ ਲਹਿਰ', ਬੋਲੀਵੀਆ ਅੰਦਰ ਪਾਣੀ ਦੇ ਨਿੱਜੀਕਰਨ ਵਿਰੁੱਧ ਅੰਦੋਲਨ, 'ਸੂਚਨਾ ਅਧਿਕਾਰ ਕਾਨੂੰਨ ਲਈ ਅੰਦੋਲਨ' ਆਦਿ ਸ਼ਾਮਲ ਹਨ। ਕਿਸਾਨ ਅੰਦੋਲਨਾਂ ਵਿੱਚੋਂ 'ਨਕਸਲਬਾੜੀ ਕਿਸਾਨ ਅੰਦੋਲਨ' (ਸ਼੍ਰੇਣੀ 12), ਅਤੇ 1870 ਦੇ 'ਦੇਸ਼ਧ੍ਰੋਹ ਕਾਨੂੰਨ' ਦੇ ਆਪਹੁਦਰੇਪਣ ਬਾਰੇ ਪੁੱਛੇ ਪ੍ਰਸ਼ਨ (ਸ਼੍ਰੇਣੀ8) ਨੂੰ ਵੀ ਕੱਢ ਦਿੱਤਾ ਗਿਆ ਹੈ।

* ਲੋਕਤੰਤਰ (Democracy) ਦੀ ਪਰਿਭਾਸ਼ਾ ਅਤੇ ਵੱਖ ਵੱਖ ਪਹਿਲੂਆਂ ਦੇ ਜ਼ਿਕਰ ਵਾਲੇ 4 ਪਾਠ (ਸ਼੍ਰੇਣੀ 6 ਰਾਜਨੀਤੀ ਵਿਗਿਆਨ), 'ਲੋਕਤੰਤਰ ਤੇ ਵਿਭਿੰਨਤਾ' ਅਤੇ 'ਲੋਕਤੰਤਰ ਨੂੰ ਦਰਪੇਸ਼ ਚੁਣੌਤੀਆਂ' ਦੇ 2 ਪਾਠ (ਸ਼੍ਰੇਣੀ 10, ਰਾਜਨੀਤੀ ਵਿਗਿਆਨ) ਪੂਰੇ ਦੇ ਪੂਰੇ ਛਾਂਗ ਦਿੱਤੇ ਗਏ ਹਨ। ਇਨ੍ਹਾਂ ਪਾਠਾਂ 'ਚ ਜਾਤੀ, ਧਰਮ, ਕੌਮ 'ਤੇ ਆਧਾਰਿਤ ਸਮਾਜਿਕ-ਵੰਡੀਆਂ ਤੇ ਅਸਮਤਾਵਾਂ ਦਾ ਵੇਰਵਾ ਸੀ।

* ਮੁਲਕ ਦੀ ਵੰਡ, ਸੰਵਿਧਾਨ ਦੀ ਸਿਰਜਣਾ ਅਤੇ ਭਾਸ਼ਾ ਦੇ ਆਧਾਰ 'ਤੇ ਰਾਜਾਂ ਦੀ ਸਥਾਪਨਾ ਨਾਲ ਸੰਬੰਧਿਤ ਪਾਠ ਵੀ ਕੱਢ ਦਿੱਤੇ ਗਏ ਹਨ। (ਸ਼੍ਰੇਣੀ 8, ਰਾਜਨੀਤੀ ਵਿਗਿਆਨ)

* ਪੁਰਾਤਨ ਭਾਰਤ ਅੰਦਰ ਵਰਣ-ਵੰਡ, ਜਾਤ-ਪਾਤ, ਘੱਟਗਿਣਤੀਆਂ, ਦਲਿਤਾਂ, ਸ਼ੂਦਰਾਂ ਦਾ ਅਤੇ ਔਰਤਾਂ/ਸ਼ੂਦਰਾਂ ਨੂੰ ਵੇਦ ਨਾ ਪੜ੍ਹਣ ਦੀ ਆਗਿਆ ਨਾ ਹੋਣ ਦਾ ਜ਼ਿਕਰ, ਜਿਸ ਪੁਸਤਕ 'ਚ ਜਿੱਥੇ ਵੀ ਸੀ, ਉਹ ਕੱਢ ਦਿੱਤਾ ਗਿਆ ਹੈ। ਦਲਿਤ ਨੂੰ ਆਪਣੇ ਪਿਤਾ-ਪੁਰਖੀ ਕਿੱਤੇ (ਖੇਤ ਮਜ਼ਦੂਰੀ, ਮੈਲਾ ਢੋਣਾ, ਪਸ਼ੂਆਂ ਦਾ ਚੰਮ ਲਾਹੁਣਾ) ਤੋਂ ਬਿਨਾਂ ਹੋਰ ਕੋਈ ਕਿੱਤਾ ਚੁਣਨ ਦੀ ਮਨਾਹੀ ਵਾਲਾ ਹਿੱਸਾ ਵੀ ਕੱਢ ਦਿੱਤਾ ਗਿਆ ਹੈ। (ਸ਼੍ਰੇਣੀ 12, ਇਤਿਹਾਸ) ਨੀਵੀਂ ਜਾਤੀ/ਦਲਿਤ ਲਈ ਅਧੀਨਗੀ ਨਾਲ ਵਿਚਰਨ ਦੇ ਸਦਾਚਾਰ (ਉੱਚੀ ਜਾਤੀ ਕੋਲੋਂ ਲੰਘਣ ਸਮੇਂ ਜੁੱਤੀ ਲਾਹ ਕੇ ਹੱਥ 'ਚ ਫੜਨਾ, ਸਿਰ ਤੋਂ ਪੱਗ ਉਤਾਰ ਕੇ ਚਲਣਾ, ਸਿਰ ਝੁਕਾ ਕੇ ਖੜ੍ਹੇ ਹੋਣਾ, ਗਾਲ੍ਹਾਂ ਸਹਿਣਾ ਆਦਿ) ਲਾਗੂ ਕਰਨ ਦਾ ਵੇਰਵਾ ਵੀ ਗਾਇਬ ਕਰ ਦਿੱਤਾ ਗਿਆ ਹੈ।

* ਨੀਵੀਂ ਜਾਤੀਆਂ/ਦਲਿਤਾਂ ਵੱਲੋਂ, ਆਪਣੇ ਨਾਲ ਹੋ ਰਹੇ ਵਿਤਕਰੇ ਤੇ ਵਧੀਕੀਆਂ ਵਿਰੁੱਧ ਲਾਮਬੰਦੀ/ਸੰਘਰਸ਼ ਕਰਨ ਦੇ ਜ਼ਿਕਰ ਵਾਲਾ ਹਿੱਸਾ ਵੀ ਛਾਂਗ ਦਿੱਤਾ ਗਿਆ ਹੈ।

* ਸਭਨਾਂ ਸ਼੍ਰੇਣੀਆਂ ਦੀਆਂ ਇਤਿਹਾਸ ਦੀਆਂ ਪਾਠ ਪੁਸਤਕਾਂ ਵਿੱਚੋਂ ਮੁਸਲਮਾਨ/ਮੁਗਲ ਇਤਿਹਾਸ ਦੀ ਭਾਰੀ ਛੰਗਾਈ ਕੀਤੀ ਗਈ ਹੈ। ਮੁਗਲ ਸਲਤਨਤ, ਮੁਗਲ ਦਰਬਾਰ, ਮੁਗਲ ਇਮਾਰਤ-ਸਾਜ਼ੀ ਆਦਿ ਸਭ ਛਾਂਗ ਦਿੱਤੇ ਗਏ ਹਨ। ਇੱਥੋਂ ਤੱਕ ਕਿ ਮਸਜਿਦ ਕੀ ਹੁੰਦੀ ਹੈ, ਇਸ ਵਿੱਚ ਮੁਸਲਮਾਨ ਨਮਾਜ਼ ਕਿਵੇਂ ਪੜ੍ਹਦੇ ਹਨ, ਇਹ ਵੇਰਵਾ ਵੀ ਹਟਾ ਦਿੱਤਾ ਗਿਆ ਹੈ।

** ਪਾਠ-ਪੁਸਤਕਾਂ ਵਿੱਚੋਂ ਕੀਤੀ ਗਈ ਉਕਤ ਛਾਂਗ- ਛੰਗਾਈ ਤਾਂ 2022 'ਚ ਹੀ ਕਰ ਕੇ, NCERT ਵੱਲੋਂ ਸੂਚੀ ਜਾਰੀ ਕਰ ਦਿੱਤੀ ਗਈ ਸੀ ਜਦਕਿ ਅਜੇ 'ਕੌਮੀ ਪਾਠ-ਪ੍ਰਣਾਲੀ ਚੌਖਟਾ 2023' ਸਿਰੇ ਨਹੀਂ ਸੀ ਚੜ੍ਹਿਆ।

* ਉਸ ਸਮੇਂ 'ਇੰਡੀਅਨ ਐਕਸਪ੍ਰੈਸ' ਦੀ ਜੂਨ, 2022 ਦੀ ਪੜਤਾਲੀਆ ਰਿਪੋਰਟ 'ਚ ਇਹ ਵੀ ਸਾਹਮਣੇ ਆਇਆ ਸੀ ਕਿ NEP-2020 ਦੀ ਦਿਸ਼ਾ-ਸੇਧ ਤਹਿਤ, ਪਾਠਕ੍ਰਮ ਪ੍ਰਣਾਲੀ ਦੀ ਸੋਧ ਲਈ NCERT ਵੱਲੋਂ ਗਠਿਤ ਜਿਹੜੇ 25 'ਫੋਕਸ ਗਰੁੱਪ' ਕੰਮ ਕਰ ਰਹੇ ਹਨ ਉਨ੍ਹਾਂ ਵਿੱਚੋਂ 17 ਗਰੁੱਪਾਂ ਅੰਦਰ ਘੱਟੋ-ਘੱਟ 24 ਮੈਂਬਰ 'ਆਰ.ਐਸ.ਐਸ' ਵੱਲੋਂ ਸੰਚਾਲਿਤ ਸੰਸਥਾਵਾਂ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ।

* ਉਸ ਸਮੇਂ ਇੰਨਾ ਕੁੱਝ ਬਾਹਰ ਆਉਣ ਦੇ ਬਾਵਜੂਦ, ਨਾ ਸਿੱਖਿਆ ਹਲਕਿਆਂ ਤੇ ਨਾ ਹੀ ਸਿਆਸੀ ਹਲਕਿਆਂ ਅੰਦਰ, ਸਿਲੇਬਸ ਛਾਂਗ-ਛੰਗਾਈ ਦਾ ਇਹ ਅਹਿਮ-ਗੰਭੀਰ ਮੁੱਦਾ ਚਰਚਾ ਦਾ ਵਿਸ਼ਾ ਬਣ ਸਕਿਆ।

ਇਸ ਮੁੱਦੇ ਨੂੰ ਲੈਕੇ ਇਨ੍ਹਾਂ ਹਲਕਿਆਂ ਅੰਦਰ ਹੋ-ਹੱਲਾ ਤਾਂ ਉਦੋਂ ਮੱਚਿਆ ਜਦ 5 ਅਪ੍ਰੈਲ, 2023 ਨੂੰ ਮੁੜ 'ਇੰਡੀਅਨ ਐਕਸਪ੍ਰੈਸ' ਨੇ ਹੀ ਮੋਟੀਆਂ ਸੁਰਖੀਆਂ ਨਾਲ ਸ਼੍ਰੇਣੀ 12, ਸੈਸ਼ਨ-2023 ਦੀਆਂ ਪਾਠ-ਪੁਸਤਕਾਂ ਵਿੱਚੋਂ ਮਹਾਤਮਾ ਗਾਂਧੀ ਦੇ, ਨੱਥੂ ਰਾਮ ਗੋਡਸੇ ਵੱਲੋਂ ਕੀਤੇ ਕਤਲ ਨਾਲ ਜੁੜੇ ਤੱਥਾਂ ਅਤੇ 'ਆਰ.ਐਸ.ਐਸ' ਉੱਤੇ ਪਾਬੰਦੀ ਲਾਉਣ ਦੇ ਵੇਰਵਿਆਂ ਦੀ ਉਸ ਛੰਗਾਈ ਦੀ ਖ਼ਬਰ ਛਾਪੀ ਜਿਸ ਦਾ ਜ਼ਿਕਰ NCERT ਵੱਲੋਂ ਜਾਰੀ ਕੀਤੀ ਗਈ 2022 ਦੀ ਸੂਚੀ ਵਿੱਚ ਦਰਜ ਨਹੀਂ ਸੀ।

* ਇਸ ਉੱਕਤ ਮੁੱਦੇ ਬਾਰੇ ਜਿਨ੍ਹਾਂ ਪੈਰਿਆਂ 'ਚ ਇਹ ਦਰਜ ਹੈ ਕਿ 'ਗਾਂਧੀ ਦਾ ਕਤਲ ਪੂਨੇ ਦੇ ਇੱਕ ਬ੍ਰਾਹਮਣ ਨੱਥੂ ਰਾਮ ਗੋਡਸੇ ਨੇ ਕੀਤਾ ਸੀ ਜਿਹੜਾ ਕਿ ਇੱਕ ਕੱਟੜ ਹਿੰਦੂ ਅਖ਼ਬਾਰ ਦਾ ਸੰਪਾਦਕ ਸੀ'। ਇਹ ਵੀ ਕਿ ਉਸ (ਗਾਂਧੀ) ਨੂੰ ਉਹ ਲੋਕ ਪਸੰਦ ਨਹੀਂ ਸਨ ਕਰਦੇ ਜਿਹੜੇ ਬਦਲਾ ਲੈਣਾ ਚਾਹੁੰਦੇ ਸਨ ਅਤੇ ਭਾਰਤ ਨੂੰ ਵੀ ਉਸੇ ਤਰ੍ਹਾਂ ਹਿੰਦੂਆਂ ਦਾ ਰਾਸ਼ਟਰ ਬਣਾਉਣਾ ਚਾਹੁੰਦੇ ਸਨ ਜਿਸ ਤਰ੍ਹਾਂ ਮੁਸਲਮਾਨਾਂ ਦਾ ਪਾਕਿਸਤਾਨ ਬਣਿਆ ਸੀ। ਇਹ ਵੀ ਕਿ ਸਰਕਾਰ ਵੱਲੋਂ ਫਿਰਕੂ ਨਫ਼ਰਤ ਫੈਲਾਉਣ ਵਾਲੇ 'ਆਰ.ਐੱਸ.ਐੱਸ' ਵਰਗੇ ਸੰਗਠਨਾਂ ਉਪਰ ਕੁੱਝ ਸਮੇਂ ਲਈ ਪਾਬੰਦੀ ਲਾਈ ਗਈ। ਇਹ ਸਾਰੇ ਪੈਰ੍ਹੇ ਕੱਢ ਦਿੱਤੇ ਗਏ ਹਨ।

* ਇਸ ਦੇ ਨਾਲ ਹੀ ਇਹ ਤੱਥ ਸਾਹਮਣੇ ਆਇਆ ਕਿ ਸ਼੍ਰੇਣੀ 11 ਦੀ ਰਾਜਨੀਤੀ ਵਿਗਿਆਨ ਦੀ ਪੁਸਤਕ ਵਿੱਚੋਂ ਭਾਰਤ ਦੇ ਪਹਿਲੇ ਵਿਦਵਾਨ ਸਿੱਖਿਆ ਮੰਤਰੀ ਤੇ ਆਜ਼ਾਦੀ ਘੁਲਾਟੀਏ ਸ਼੍ਰੀ ਮੌਲਾਨਾ ਆਜ਼ਾਦ ਨਾਲ ਜੁੜੀ ਸਮੱਗਰੀ ਨੂੰ ਵੀ ਹਟਾ ਦਿੱਤਾ ਗਿਆ ਹੈ। ਸੰਵਿਧਾਨ-ਸਭਾ ਦੀਆਂ ਹੋਈਆਂ ਮੀਟਿੰਗਾਂ ਵਿੱਚੋਂ ਉਸ ਦੀ ਹਾਜ਼ਰੀ ਦਾ ਜ਼ਿਕਰ ਹੀ ਗਾਇਬ ਕਰ ਦਿੱਤਾ ਗਿਆ ਹੈ।

* ਇਸੇ ਤਰ੍ਹਾਂ, ਭਾਰਤ ਦੀ ਵੰਡ ਸਮੇਂ, ਜੰਮੂ-ਕਸ਼ਮੀਰ ਦੇ ਸੰਵਿਧਾਨ ਦੀ ਧਾਰਾ 370 ਤਹਿਤ, ਖ਼ੁਦਮੁਖ਼ਤਿਆਰੀ ਦੀਆਂ ਸ਼ਰਤਾਂ ਸਮੇਤ ਭਾਰਤ ਨਾਲ ਹੋਏ ਰਲੇਵੇਂ ਦੇ ਵੇਰਵੇ ਦੀ ਛੰਗਾਈ ਦੀ ਵੀ ਹੁਣ ਜਾਣਕਾਰੀ ਮਿਲੀ ਹੈ।

* ਸਮਾਜ ਵਿਗਿਆਨ ਦੀਆਂ ਪਾਠ ਪੁਸਤਕਾਂ ਦੀ ਉਜਾਗਰ ਹੋਈ ਉਕਤ ਛਾਂਗ-ਛੰਗਾਈ ਦੀ ਜਾਣਕਾਰੀ ਤੋਂ ਬਾਅਦ NCERT ਵੱਲੋਂ ਮਈ, 2022 ਦੀ ਹੀ ਸ਼੍ਰੇਣੀ 9 ਤੇ 10 ਦੀਆਂ ਵਿਗਿਆਨ ਦੀਆਂ ਪੁਸਤਕਾਂ ਦੀ ਛੰਗਾਈ ਦੇ ਹੈਰਾਨਕੁੰਨ ਤੱਥ ਸਾਹਮਣੇ ਆਏ। ਸ਼੍ਰੇਣੀ 10 ਦੀ ਜੀਵ-ਵਿਗਿਆਨ ਦੀ ਪੁਸਤਕ ਦੇ 'ਅਨੁਵੰਸ਼ਕਤਾ ਤੇ ਜੀਵ ਵਿਕਾਸ' ਦੇ ਪਾਠ ਵਿੱਚੋਂ 19ਵੀਂ ਸਦੀ ਦੇ ਮਹਾਨ ਜੀਵ ਵਿਗਿਆਨੀ ਚਾਰਲਸ ਡਾਰਵਿਨ ਦੇ ਸੰਸਾਰ ਭਰ 'ਚ ਪ੍ਰਵਾਨਿਤ 'ਜੀਵ ਵਿਕਾਸ ਸਿਧਾਂਤ' ਨਾਲ ਸੰਬੰਧਿਤ ਪੂਰੇ ਦਾ ਪੂਰਾ ਹਿੱਸਾ ਛਾਂਗ ਦਿੱਤਾ ਗਿਆ ਹੈ। ਪਾਠ ਦਾ ਸਿਰਲੇਖ ਕੇਵਲ 'ਅਨੁਵੰਸ਼ਕਤਾ' ਕਰ ਦਿੱਤਾ ਗਿਆ ਹੈ। ਇਸ ਛੰਗਾਈ ਦੇ ਖਿਲਾਫ਼ ਭਾਰਤ ਭਰ ਦੇ 1800 ਵਿਗਿਆਨੀਆਂ ਤੇ ਵਿਗਿਆਨ ਦੇ ਅਧਿਆਪਕਾਂ ਨੇ ਇੱਕ ਜਨਤਕ ਪਟੀਸ਼ਨ ਵੀ ਜਾਰੀ ਕੀਤੀ ਹੈ।

* ਸ਼੍ਰੇਣੀ 10 ਦੀ ਰਸਾਇਣਕ ਵਿਗਿਆਨ ਦੀ ਪੁਸਤਕ ਵਿੱਚੋਂ, ਰਸਾਇਣਕ ਵਿਗਿਆਨ ਦੀ ਮੂਲ-ਚੂਲ Periodic Table of Elements ਦਾ ਪਾਠ ਹੀ ਛਾਂਗ ਦਿੱਤਾ ਗਿਆ ਹੈ। ਗਣਿਤ ਦੀ ਪੁਸਤਕ ਵਿੱਚੋਂ ਅਹਿਮ 'ਪਾਈਥਾਗੋਰਸ ਥਿਓਰਮ' ਕੱਢ ਦਿੱਤੀ ਗਈ ਹੈ। ਅਜੇ ਭਵਿੱਖ 'ਚ ਹੋਰ ਕੀ ਕੁੱਝ ਛਾਂਗਿਆ ਜਾਣਾ ਹੈ, ਇਹ ਸਮਾਂ ਹੀ ਦੱਸੇਗਾ।

**ਪਾਠਕ੍ਰਮ ਦੀ ਛੰਗਾਈ ਬਨਾਮ ਮੋਦੀ ਸਰਕਾਰ ਦਾ ਰਣਨੀਤਕ ਏਜੰਡਾ**

* NCERT ਵੱਲੋਂ ਸਕੂਲੀ ਸਿੱਖਿਆ ਦੀ ਸ਼੍ਰੇਣੀ 6 ਤੋਂ 12 ਤੱਕ ਦੀਆਂ ਪਾਠ ਪੁਸਤਕਾਂ ਦੀ ਕੀਤੀ ਗਈ ਉਕਤ ਛਾਂਗ-ਛੰਗਾਈ ਦਾ ਮੁੱਖ ਕਾਰਨ ਕੋਵਿਡ ਦੌਰਾਨ ਬੱਚਿਆਂ ਦੀ ਪੜ੍ਹਾਈ ਦੇ ਹੋਏ ਹਰਜੇ ਕਰਕੇ ਸਲੇਬਸ ਦਾ ਬੋਝ ਘਟਾਉਣਾ ਦੱਸਿਆ ਗਿਆ ਹੈ ਜਿਸ ਨੂੰ 'Rationalisation of Syllabus' ਦੇ ਨਾਂਅ ਹੇਠ ਕੀਤਾ ਗਿਆ ਹੈ। ਕਿਸ ਪੁਸਤਕ ਵਿੱਚੋਂ ਕਿਹੜਾ ਪਾਠ, ਕਿਹੜਾ ਪੈਰ੍ਹਾ/ਹਿੱਸਾ ਛਾਂਗਣਾ ਹੈ ਇਸਦਾ ਵੀ ਜ਼ਿਕਰ ਕੀਤਾ ਗਿਆ ਹੈ ਕਿ ਉਹ, ਜਿਸ ਨੂੰ ਪੜ੍ਹਣ ਦੀ ਕਿਸੇ ਵੇਲੇ ਲੋੜ ਸੀ ਪਰ ਅੱਜ ਨਹੀਂ ਹੈ, ਜਾਂ ਜੋ ਕਿਸੇ ਹੋਰ ਪੁਸਤਕ ਜਾਂ ਹੋਰ ਸ਼੍ਰੇਣੀ ਵਿੱਚ ਵੀ ਸ਼ਾਮਿਲ ਹੈ ਜਾਂ ਜੋ ਬੱਚਿਆਂ ਦੀ ਸਮਝ ਤੋਂ ਪਰ੍ਹੇ ਹੈ। ਪਰੰਤੂ ਜਦ ਅਸੀਂ ਛਾਂਗੀ ਗਈ ਸਮੱਗਰੀ ਨੂੰ ਪਾਰਖੂ ਨਜ਼ਰ ਨਾਲ ਦੇਖਦੇ ਹਾਂ ਅਤੇ ਉਸ ਨੂੰ ਮੋਦੀ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਆਰਥਿਕ-ਸਮਾਜਿਕ-ਰਾਜਨੀਤਿਕ ਏਜੰਡੇ ਅਤੇ ਉਸ ਦੇ ਅਨੁਸਾਰੀ ਬਣਾਈ ਗਈ NEP-2020 ਦੇ ਸੰਦਰਭ 'ਚ ਰੱਖ ਕੇ ਵਾਚਦੇ ਹਾਂ ਤਾਂ ਇਨ੍ਹਾਂ ਦੇ ਹਕੀਕੀ ਕੜੀ-ਜੋੜ ਦੀ ਸਮਝ ਪੈਂਦੀ ਹੈ। ਸਮਝ ਪੈਂਦੀ ਹੈ ਕਿ ਸਲੇਬਸਾਂ ਦੀ ਕੀਤੀ ਗਈ ਛੰਗਾਈ (ਤਰਕਸੰਗਤਾ) 'ਬੱਚਿਆਂ ਦਾ ਬੋਝ ਘਟਾਉਣ' ਲਈ ਨਹੀਂ ਸਗੋਂ ਸਮੁੱਚੇ ਪਾਠਕ੍ਰਮ ਨੂੰ ਆਪਣੇ 'ਰਾਜਨੀਤਿਕ-ਰਣਨੀਤਿਕ ਏਜੰਡੇ ਦੇ ਅਨੁਸਾਰੀ 'ਤਰਕ-ਸੰਗਤ' ਹੈ। ਇਸੇ ਸੰਦਰਭ 'ਚ ਰੱਖ ਕੇ ਕੀਤੀ ਗਈ ਛੰਗਾਈ ਦੀ ਸੰਖੇਪ ਚਰਚਾ ਕੀਤੀ ਜਾਵੇਗੀ।

* ਉਂਝ, ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਰਸਮ ਦੀ ਵਿਚਾਰਧਾਰਾ ਨਾਲ ਜੁੜੀ ਬੀਜੇਪੀ ਦੀ ਮੌਜੂਦਾ, ਕਾਰਪੋਰੇਟ-ਪੱਖੀ ਮੋਦੀ ਸਰਕਾਰ 2014 ਤੋਂ ਹੀ ਪਾਠ ਪੁਸਤਕਾਂ ਦੀ ਸੋਧ ਕਰਨ ਲਈ ਯਤਨਸ਼ੀਲ ਹੈ, ਵਿਸ਼ੇਸ਼ ਤੌਰ 'ਤੇ ਸਮਾਜ-ਵਿਗਿਆਨ ਨਾਲ ਸਬੰਧਤ। ਸੰਨ 2000 'ਚ ਵਾਜਪਾਈ ਸਰਕਾਰ ਸਮੇਂ ਵੀ ਇਹ ਯਤਨ ਕੀਤੇ ਗਏ ਸਨ ਪਰ ਵਿਰੋਧ ਕਾਰਨ ਸਫ਼ਲ ਨਹੀਂ ਸੀ ਹੋ ਸਕੇ। ਉਸ ਸਮੇਂ ਜਿਨ੍ਹਾਂ ਰਾਜਾਂ 'ਚ (ਮੱਧ ਪ੍ਰਦੇਸ਼, ਗੁਜਰਾਤ, ਰਾਜਸਥਾਨ) ਬੀਜੇਪੀ ਦੀ ਸਰਕਾਰ ਸੀ ਉੱਥੇ ਇਤਿਹਾਸ ਦੀਆਂ ਪੁਸਤਕਾਂ ਵਿੱਚੋਂ ਕੁੱਝ ਨਾਪਸੰਦ ਕੱਢਿਆ ਗਿਆ, ਰਾਸ ਆਉਂਦਾ ਕੁੱਝ ਹੋਰ ਪਾਇਆ ਗਿਆ। ਆਰ.ਐੱਸ.ਐੱਸ. ਦੇ ਪ੍ਰਚਾਰਕ ਦੀਨਾ ਨਾਥ ਬੱਤਰਾ ਦੀਆਂ ਰੂੜੀਵਾਦੀ, ਅੰਧ-ਵਿਸ਼ਵਾਸੀ ਕੂੜ-ਕਬਾੜ ਨਾਲ ਭਰੀਆਂ ਪੁਸਤਕਾਂ, ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਮੋਦੀ ਵੱਲੋਂ ਤਾਂ ਪੜ੍ਹਨੀਆਂ ਲਾਜ਼ਮੀ ਕੀਤੀਆਂ ਗਈਆਂ ਸਨ। ਕੇਂਦਰ ਦੀ ਮੌਜੂਦਾ ਮੋਦੀ ਸਰਕਾਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਤਾਂ ਕਾਫੀ ਸਮੇਂ ਤੋਂ ਕਹਿ ਰਹੇ ਹਨ ਕਿ 'ਹੁਣ ਸਾਨੂੰ ਆਪਣਾ ਇਤਿਹਾਸ ਲਿਖਣ ਤੋਂ ਕੋਈ ਨਹੀਂ ਰੋਕ ਸਕਦਾ।' ਕੇਵਲ 'ਕੌਮੀ ਸਿੱਖਿਆ ਨੀਤੀ-2020 ਦੇ ਬਣਨ ਦੀ ਉਡੀਕ ਸੀ ਜਿਹੜੀ, (ਸਿੱਖਿਆ ਖੇਤਰ ਦੇ ਸਮਵਰਤੀ ਸੂਚੀ 'ਚ ਹੋਣ ਦੇ ਬਾਵਜੂਦ) ਬਿਨਾਂ ਰਾਜਾਂ ਨਾਲ ਸਲਾਹ-ਮਸ਼ਵਰਾ ਕਰੇ, ਬਿਨਾਂ ਪਾਰਲੀਮੈਂਟ ਤੋਂ ਪਾਸ ਕਰਵਾਏ, ਗੈਰ-ਸੰਵਿਧਾਨਿਕ ਤੌਰ 'ਤੇ ਮੁਲਕ-ਭਰ ਅੰਦਰ ਠੋਸ ਦਿੱਤੀ ਗਈ ਹੈ ਜਿਸ ਦੀ ਦਿਸ਼ਾ-ਸੇਧ ਤਹਿਤ ਇਹ ਕਾਰਜ ਸਿਰੇ ਚਾੜ੍ਹਿਆ ਜਾ ਰਿਹਾ ਹੈ।

* ਭਾਵੇਂ ਕਿਸੇ ਪਾਠ ਪੁਸਤਕ ਨੂੰ

ਲਿਖਣ/ਤਿਆਰ ਕਰਨ ਨਾਲੋਂ ਉਸ ਦੇ ਕੁੱਝ ਹਿੱਸਿਆਂ ਦੀ ਛਾਂਗ-ਛੰਗਾਈ ਕਰਨੀ ਕਿਤੇ ਸੌਖਾ ਕਾਰਜ ਹੈ ਪਰੰਤੂ ਜਿਹੋ- ਜਿਹੀ ਛਾਂਗ-ਛੰਗਾਈ ਇਹ ਕੀਤੀ ਗਈ ਹੈ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ, ਪਾਠ ਪੁਸਤਕ ਨੂੰ ਸੋਧ ਕੇ ਮੁੜ ਲਿਖਣਾ ਹੀ ਸਮਝਣਾ ਚਾਹੀਦਾ ਹੈ।

* ਇਸ ਛਾਂਗ-ਛੰਗਾਈ ਦਾ ਇੱਕ ਪਹਿਲੂ ਇਹ ਹੈ ਕਿ ਜਿਹੜੇ ਇਤਿਹਾਸਕ ਤੱਥ ਮੋਦੀ ਸਰਕਾਰ ਲਈ ਅਸਹਿਜ ਹਨ, ਉਸ ਦੇ ਸਿਆਸੀ-ਸਭਿਆਚਾਰਕ ਏਜੰਡੇ ਨੂੰ ਰਾਸ ਨਹੀਂ ਬੈਠਦੇ ਤੇ ਜਿਨ੍ਹਾਂ ਤੋਂ ਉਹ ਬਚਣਾ ਚਾਹੁੰਦੀ ਹੈ, ਜਿਵੇਂ 2002 ਦੇ ਮੁਸਲਮਾਨ ਵਿਰੋਧੀ ਗੁਜਰਾਤ ਦੰਗੇ, ਮੁਲਕ-ਵੰਡ ਤੇ ਆਜ਼ਾਦੀ-ਲਹਿਰ ਦਾ ਬਿਰਤਾਂਤ, ਗਾਂਧੀ-ਗੋਡਸੇ ਪ੍ਰਸੰਗ ਅਤੇ ਦਲਿਤਾਂ, ਘੱਟ ਗਿਣਤੀਆਂ, ਆਦਿਵਾਸੀਆਂ, ਨੀਵੀਂ ਜਾਤੀਆਂ, ਔਰਤਾਂ ਨਾਲ ਹੁੰਦੇ ਵਿਤਕਰੇ/ ਵਧੀਕੀਆਂ ਜਾਂ ਲੋਕਤੰਤਰ, ਸਮਾਜਿਕ ਵਿ?ਭਿੰਨਤਾਵਾਂ ਦੀਆਂ ਪਰੀਭਾਸ਼ਾਵਾਂ, ਇਨ੍ਹਾਂ ਦੀ ਰਾਖੀ/ਬਹਾਲੀ ਲਈ ਚੱਲੀਆਂ/ ਚਲਦੀਆਂ ਲਹਿਰਾਂ ਜੋ ਬੱਚਿਆਂ ਦੇ ਮਨਾਂ ਅੰਦਰ, ਪਾਰਖੂ-ਚਿੰਤਨ ਤੇ ਤਰਕਸ਼ੀਲ-ਵਿਗਿਆਨਕ ਬਿਰਤੀ ਦੀ ਜਾਗ ਲਾਉਂਦੇ ਹਨ, ਉਨ੍ਹਾਂ ਨੂੰ ਉਹ ਪਾਠ ਪੁਸਤਕਾਂ ਵਿੱਚੋਂ ਪਹਿਲੇ ਗੇੜ 'ਚ ਛਾਂਗ ਕੇ ਪਾਠ ਪੁਸਤਕਾਂ ਦੀ 'ਪੁਨਰਉਸਾਰੀ' ਕਰ ਰਹੀ ਹੈ। ਜੰਗਲ-ਜਲ-ਜ਼ਮੀਨ ਨਾਲ ਜੁੜੇ ਵਾਤਾਵਰਣ ਬਚਾਉ ਆਦਿਵਾਸੀ ਅੰਦੋਲਨ/ਕਿਸਾਨ ਅੰਦੋਲਨ ਵੀ ਮੋਦੀ ਸਰਕਾਰ ਨੂੰ ਚੁਭਦੇ ਹਨ ਕਿਉਂਕਿ ਉਹ ਇਸ ਦੇ 'ਕਾਰਪੋਰੇਟ ਪੱਖੀ ਵਿਕਾਸ ਮਾਡਲ' ਦੇ ਰਾਹ ਦਾ ਰੋੜਾ ਬਣਦੇ ਹਨ। ਉਸ ਲਈ ਪਾਠ ਪੁਸਤਕਾਂ 'ਚੋਂ ਇਸ ਰੋੜੇ ਨੂੰ ਵੀ ਹਟਾਉਣਾ ਜਰੂਰੀ ਹੈ।

* ਜਿਸ ਵਿਚਾਰਧਾਰਾ ਨੂੰ ਦੀਨਾ ਨਾਥ ਬੱਤਰਾ ਦੀ 'ਘੜੇ ਵਿੱਚੋਂ 100 ਕੌਰਵ ਬੱਚੇ ਪੈਦਾ ਹੋਏ' ਦੱਸਣ ਵਾਲੀ ਪੁਸਤਕ ਬੱਚਿਆਂ ਲਈ ਪੜ੍ਹਨੀ ਲਾਜ਼ਮੀ ਲਗਦੀ ਹੋਵੇ, 'ਗਣੇਸ਼' ਦਾ ਹਾਥੀ ਦਾ ਸਿਰ ਪੁਰਾਤਨ ਭਾਰਤ ਅੰਦਰ ਵਿਕਸਤ 'ਪਲਾਸਟਿਕ ਸਰਜਰੀ' ਨਾਲ ਜੋੜਿਆ ਸੱਚ ਜਾਪਦਾ ਹੋਵੇ, ਉਸ ਵਿਚਾਰਧਾਰਾ ਨੂੰ ਚਾਰਲਸ ਡਾਰਵਿਨ ਦਾ 'ਜੀਵ ਵਿਕਾਸ ਸਿਧਾਂਤ' ਤਾਂ ਲਾਜ਼ਮੀ ਰੜਕੇਗਾ ਹੀ।

* ਇਸ ਵਿਚਾਰਧਾਰਾ ਨੂੰ ਤਾਂ ਮਹਾਤਮਾ ਗਾਂਧੀ, ਸੁਭਾਸ਼ ਚੰਦਰਬੋਸ, ਅੰਬੇਡਕਰ, ਟੈਗੋਰ, ਵਿਵੇਕਾਨੰਦ ਵਰਗੇ ਵੀ ਰਾਸ ਨਹੀਂ ਬੈਠਦੇ, ਇਹ ਉਨਾਂ ਚਿਰ ਹੀ ਪਾਠ ਪੁਸਤਕਾਂ ਦਾ ਸ਼ਿੰਗਾਰ ਹਨ ਜਿੰਨਾ ਚਿਰ ਉਨ੍ਹਾਂ ਦੀ ਚੋਣ ਰਣਨੀਤੀ 'ਚ ਫਿੱਟ ਬੈਠਦੇ ਹਨ। ਪਾਸ਼, ਨਿਰਾਲਾ (ਹਿੰਦੀ ਕਵੀ) ਵਰਗਿਆਂ ਦੀਆਂ ਕਵਿਤਾਵਾਂ ਤਾਂ ਕੋਵਿਡ ਦੌਰਾਨ ਹੀ ਕੱਢ ਦਿੱਤੀਆਂ ਗਈਆਂ ਸਨ।

* ਦੂਜਾ ਪਹਿਲੂ ਹੈ, ਮੋਦੀ ਸਰਕਾਰ ਦਾ, ਰਾਜ (State)- ਨਾਗਰਿਕ (citizen) ਸੰਬੰਧ, ਲੋਕਤੰਤਰ ਦੇ ਸੰਕਲਪ ਅਤੇ ਆਦਰਸ਼ ਭਾਰਤੀ ਸਮਾਜ ਦੀ ਪਰਿਕਲਪਨਾ ਪ੍ਰਤੀ ਨਜ਼ਰੀਆ। ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ ਵੱਲੋਂ 1975-77 ਦੀ ਲਾਈ ਗਈ ਐਮਰਜੈਂਸੀ ਨੂੰ ਇੱਕ ਪਾਸੇ ਚੋਣਾਂ ਦੌਰਾਨ ਕਾਂਗਰਸ ਪਾਰਟੀ ਦੇ ਖਿਲਾਫ਼ 'ਲੋਕਤੰਤਰ ਦੀ ਹੱਤਿਆ' ਵਜੋਂ ਪ੍ਰਚਾਰਨਾ ਪਰ ਦੂਜੇ ਪਾਸੇ ਐਮਰਜੈਂਸੀ ਦੇ ਲੋਕਾਂ ਅਤੇ ਰਾਜ ਦੀਆਂ ਸੰਸਥਾਵਾਂ ਉੱਪਰ ਪਏ ਮਾਰੂ ਪ੍ਰਭਾਵਾਂ ਦੇ ਬਿਰਤਾਂਤ ਨੂੰ ਪਾਠ ਪੁਸਤਕਾਂ ਵਿੱਚੋਂ ਛਾਂਗਣ ਦਾ ਵਿਰੋਧਾਭਾਸ, ਮੋਦੀ ਸਰਕਾਰ ਦੇ ਰਾਜ-ਨਾਗਰਿਕ ਸੰਬੰਧ ਪ੍ਰਤੀ ਨਜ਼ਰੀਏ ਤੋਂ ਸਮਝ ਆ ਸਕਦਾ ਹੈ। ਐਮਰਜੈਂਸੀ ਨੂੰ ਕਾਂਗਰਸ ਦੇ ਖਿਲਾਫ਼ ਚੋਣ ਪ੍ਰਚਾਰ ਲਈ ਵਰਤਣਾ ਮੋਦੀ ਸਰਕਾਰ ਦੀ ਥੋੜ੍ਹ-ਚਿਰੀ ਸਿਆਸਤ ਹੈ ਪਰ ਲੰਮੇ-ਦਾਅ ਦੀ ਸਿਆਸਤ ਹੈ ਆਪਣੇ ਨਾਗਰਿਕਾਂ 'ਤੇ ਰਾਜ ਦਾ ਗਲਬਾ ਪਾਉਣ ਨੂੰ ਆਪਣਾ ਅਧਿਕਾਰ ਸਮਝਣਾ। ਤੇ ਐਮਰਜੈਂਸੀ ਦੌਰਾਨ ਇਹੋ ਵਾਪਰਿਆ ਸੀ ਅਤੇ ਮੋਦੀ ਸਰਕਾਰ ਵੀ ਪਿਛਲੇ 9 ਸਾਲਾਂ ਤੋਂ ਬਿਨਾਂ ਐਮਰਜੈਂਸੀ ਲਾਏ ਇਸੇ ਧਾਰਨਾ ਨੂੰ ਲਾਗੂ ਕਰ ਰਹੀ ਹੈ ਅਤੇ ਉਸ ਐਮਰਜੈਂਸੀ ਤੋਂ ਵੀ ਖ਼ਤਰਨਾਕ-ਮਾਰੂ ਰਾਹ 'ਤੇ ਚੱਲ ਰਹੀ ਹੈ।

* ਲੋਕਾਂ ਵੱਲੋਂ ਆਪਣੇ ਮੁੱਦਿਆਂ ਨੂੰ ਲੈਕੇ ਕੀਤੇ ਗਏ/ਕੀਤੇ ਜਾ ਰਹੇ ਜਨਤਕ ਅੰਦੋਲਨਾਂ ਦੇ ਬਿਰਤਾਂਤ ਨੂੰ ਅਤੇ ਲੋਕਤੰਤਰ ਨਾਲ ਸੰਬੰਧਤ ਸਾਰੇ ਬਿਰਤਾਂਤਾਂ ਨੂੰ ਪਾਠ ਪੁਸਤਕਾਂ 'ਚੋਂ ਛਾਂਗਣ ਪਿੱਛੇ ਵੀ ਮੋਦੀ ਸਰਕਾਰ ਲੋਕਤੰਤਰ ਨੂੰ, ਨਾਗਰਿਕਾਂ ਵੱਲੋਂ ਕੇਵਲ ਚੋਣਾਂ 'ਚ ਹਿੱਸਾ ਲੈਕੇ ਪ੍ਰਤੀਨਿਧ ਚੁਣਨ ਦੇ ਅਧਿਕਾਰ ਤੱਕ ਹੀ ਸੀਮਤ ਸਮਝਦੀ ਹੈ। ਉਸ ਤੋਂ ਬਾਅਦ ਚੁਣੀ ਹੋਈ ਸਰਕਾਰ ਨੂੰ ਆਪਣੀ ਮਰਜ਼ੀ ਦੇ ਕਾਨੂੰਨ ਬਣਾ ਕੇ ਲਾਗੂ ਕਰਨ ਦਾ ਅਧਿਕਾਰ ਸਮਝਦੀ ਹੈ। ਇਸ ਲਈ ਮੋਦੀ ਸਰਕਾਰ ਮੁਤਾਬਕ ਬਣਾਏ ਹੋਏ ਕਾਨੂੰਨਾਂ ਵਿਰੁੱਧ ਜਨਤਕ ਅੰਦੋਲਨ ਰਾਜ-ਧ੍ਰੋਹ ਹੈ। ਇਸੇ ਲਈ ਇਨ੍ਹਾਂ ਨੂੰ ਸਭਨਾਂ ਪਾਠ ਪੁਸਤਕਾਂ ਵਿੱਚੋਂ ਛਾਂਗ ਦਿੱਤਾ ਗਿਆ ਹੈ। ਜਦਕਿ ਅਜਿਹੇ ਜਨਤਕ ਅੰਦੋਲਨ ਹੀ ਕਿਸੇ ਜੀਵੰਤ-ਲੋਕਤੰਤਰ ਦੀ ਰੂਹ ਹੁੰਦੇ ਹਨ ਤੇ ਲੋਕਤੰਤਰ ਨੂੰ ਸਗੋਂ ਹੋਰ ਵਿਆਪਕ ਬਣਾਉਂਦੇ ਹਨ।

* ਇੱਕ ਤੀਜਾ ਪਹਿਲੂ ਵੀ ਹੈ ਜਿਸ ਦੇ ਸੰਦਰਭ 'ਚ ਰੱਖਿਆਂ, ਪਾਠ ਪੁਸਤਕਾਂ 'ਚੋਂ ਪੁਰਾਤਨ ਭਾਰਤ ਅੰਦਰ ਵਰਣ-ਵੰਡ ਪ੍ਰਥਾ, ਦਲਿਤਾਂ/ ਸ਼ੂਦਰਾਂ/ ਨੀਵੀਂ-ਜਾਤੀ/ ਔਰਤਾਂ ਨਾਲ ਵਿਤਕਰਾ/ ਅਪਮਾਨਿਤ ਵਿਹਾਰ ਦੇ ਬਿਰਤਾਂਤ ਦੀ ਕੀਤੀ ਗਈ ਛੰਗਾਈ ਅਤੇ ਮੁਗਲ ਇਤਿਹਾਸ ਨੂੰ ਨਿਗੂਣਾ ਬਣਾਕੇ ਪੇਸ਼ ਕਰਨ ਦੀ ਸਮਝ ਪੈਂਦੀ ਹੈ। ਉਹ ਪਹਿਲੂ ਹੈ, ਆਰ.ਐੱਸ.ਐੱਸ./ ਬੀਜੇਪੀ ਵੱਲੋਂ ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣ ਵੱਲ ਵਧਣ ਦੀ ਯੋਜਨਾ ਤਹਿਤ, ਪੁਰਾਤਨ ਭਾਰਤੀ ਸੰਸਕ੍ਰਿਤੀ/ ਸਦਾਚਾਰ/ ਪ੍ਰੰਪਰਾਵਾਂ/ ਕਦਰਾਂ ਕੀਮਤਾਂ ਵਾਲੇ ਸਮਾਜ ਦੀ ਹਰ ਪੱਖੋਂ ਇੱਕ ਆਦਰਸ਼ ਸਮਾਜ ਵਜੋਂ ਪੇਸ਼ਕਾਰੀ ਲਈ, ਉਕਤ ਵਿਤਕਰਿਆਂ/ ਵਧੀਕੀਆਂ ਦੇ ਵਰਨਣ ਨੂੰ ਪਾਠ ਪੁਸਤਕਾਂ 'ਚੋਂ ਛਾਂਗਣਾ, ਉਨ੍ਹਾਂ ਦੀ ਸਿਆਸੀ ਲੋੜ/ ਮਜ਼ਬੂਰੀ ਬਣਦੀ ਹੈ।

**ਪਾਠਕ੍ਰਮ ਛੰਗਾਈ ਦਾ NEP-20 ਨਾਲ ਕੜੀ-ਜੋੜ**

* ਮੋਦੀ ਸਰਕਾਰ ਵੱਲੋਂ NCERT ਰਾਹੀਂ ਸਕੂਲ-ਸਿੱਖਿਆ ਦੀਆਂ ਪਾਠ ਪੁਸਤਕਾਂ ਦੀ ਕੀਤੀ ਗਈ ਛਾਂਗ-ਛੰਗਾਈ NEP-2020 ਦੀ ਦਿਸ਼ਾ-ਸੇਧ ਤਹਿਤ ਹੀ ਕੀਤੀ ਗਈ ਹੈ। NEP ਦੀ ਸਮੀਖਿਆ ਕਰਨੀ ਹਥਲੀ ਲਿਖਤ ਦਾ ਵਿਸ਼ਾ ਨਹੀਂ ਹੈ ਪਰੰਤੂ ਉਕਤ ਸਲੇਬਸ ਛਾਂਗ-ਛੰਗਾਈ ਦੇ ਸੰਦਰਭ 'ਚ ਦਿਸ਼ਾ-ਸੇਧ ਦੀ ਮੂਲ-ਚੂਲ ਨੂੰ ਸਮਝਣਾ ਜਰੂਰੀ ਹੈ। ਮੋਦੀ ਸਰਕਾਰ ਵੱਲੋਂ ਜਿੱਥੇ ਅਰਥਚਾਰੇ ਦੇ ਸਭਨਾਂ ਖੇਤਰਾਂ ਦੇ ਕਾਰਪੋਰੇਟੀਕਰਨ/ ਕੇਂਦਰੀਕਰਨ ਦੀ ਲਾਗੂ ਕੀਤੀ ਜਾ ਰਹੀ ਨੀਤੀ, ਸਿੱਖਿਆ ਖੇਤਰ ਸੰਬੰਧੀ ਵੀ, NEP-2020 ਅੰਦਰ ਸਪਸ਼ਟ ਹੀ ਹੈ। ਪਰ ਨਾਲ ਹੀ ਜਿੱਥੇ ਪਾਠਕ੍ਰਮ ਪ੍ਰਣਾਲੀ ਸਮੇਤ ਸਮੁੱਚੇ ਸਿੱਖਿਆ ਢਾਂਚੇ ਨੂੰ ਮੁੱਢੋਂ-ਸੁੱਢੋਂ ਬਦਲ ਕੇ 21ਵੀਂ ਸਦੀ ਦੀ ਸਿੱਖਿਆ ਦੇ ਮੇਚ ਦੇ ਕਰਨ ਦੀ ਗੱਲ ਕਹੀ ਗਈ ਹੈ ਉੱਥੇ ਸਿੱਖਿਆ ਦੇ 'ਭਾਰਤੀਕਰਨ' ਦੇ ਨਾਂ ਹੇਠ, ਇਸ ਨਵੀਂ ਸਿੱਖਿਆ ਪ੍ਰਣਾਲੀ ਰਾਹੀਂ ਪੁਰਾਤਨ ਭਾਰਤੀ ਸੰਸਕ੍ਰਿਤੀ, ਵਿਰਸੇ, ਪ੍ਰੰਪਰਾਵਾਂ, ਕਦਰਾਂ-ਕੀਮਤਾਂ ਸਦਾਚਾਰ, ਲੋਕਾਚਾਰ, ਫਲਸਫੇ ਨੂੰ ਸਾਂਭਣ, ਉਭਾਰਨ, ਖੋਜਣ ਤੇ ਇਸ ਨੂੰ ਹੋਰ ਅੱਗੇ ਵਧਾਉਣ 'ਤੇ ਜੋਰ ਦਿੱਤਾ ਗਿਆ ਹੈ। ਪਾਠ ਪੁਸਤਕਾਂ ਵਿੱਚੋਂ ਪਾਠਕ੍ਰਮ ਦੀ ਛਾਂਗ-ਛੰਗਾਈ ਮੁੱਖ ਤੌਰ 'ਤੇ NEP-2020 ਦੀ ਇਸੇ ਦਿਸ਼ਾ-ਸੇਧ ਮੁਤਾਬਕ ਹੀ ਕੀਤੀ ਗਈ ਹੈ।

* ਜਿਸ ਤਰ੍ਹਾਂ NEP-2020 ਦੇ ਸਾਰੇ ਦਸਤਾਵੇਜ਼ ਅੰਦਰ ਲੋਕਤੰਤਰ (Democracy) ਤੇ ਧਰਮ-ਨਿਰਲੇਪਤਾ (Secularism) ਸ਼ਬਦ ਗਾਇਬ ਹਨ ਉਸੇ ਤਰ੍ਹਾਂ ਹੀ ਇਸ ਛਾਂਗ-ਛੰਗਾਈ 'ਚ ਵੀ ਇਨ੍ਹਾਂ ਦੋਵਾਂ ਸ਼ਬਦਾਂ ਨਾਲ ਜੁੜੇ ਸਭ ਪਾਠ/ ਪਹਿਰੇ /ਹਿੱਸੇ ਗਾਇਬ ਕਰ ਦਿੱਤੇ ਗਏ ਹਨ।

* NEP-2020 ਦੇ ਦਸਤਾਵੇਜ਼ ਅੰਦਰ 'ਪਾਰਖੂ-ਚਿੰਤਨ' (Critical Thinking) ਅਤੇ ਵਿਗਿਆਨਕ ਬਿਰਤੀ (Scientific Temper) ਦੇ ਸ਼ਬਦ ਅਨੇਕ ਜਗ੍ਹਾ ਤੇ ਰਸਮੀ ਤੌਰ 'ਤੇ ਵਰਤੇ ਗਏ ਹਨ ਪਰੰਤੂ ਬੱਚਿਆਂ ਅੰਦਰ ਇਨ੍ਹਾਂ ਦਾ ਸੰਚਾਰ ਕਰਨ ਵਾਲੇ ਸਮਾਜੀ-ਸਿਆਸੀ ਵਰਤਾਰਿਆਂ ਦੇ ਬਿਰਤਾਂਤ ਅਤੇ ਡਾਰਵਿਨ ਦੇ 'ਜੀਵ ਵਿਕਾਸ ਸਿਧਾਂਤ' ਵਰਗੇ ਵਿਗਿਆਨਕ ਪਾਠ ਹੀ ਪੁਸਤਕਾਂ 'ਚੋਂ ਕੱਢੇ ਗਏ ਹਨ।

* ਇਕ ਗੱਲ ਹੋਰ, ਪਾਠ ਪੁਸਤਕਾਂ ਦੀ ਛਾਂਗ-ਛੰਗਾਈ ਦੀ ਇਹ ਕਵਾਇਦ ਵੀ (ਜੋ ਕੋਵਿਡ ਸਮੇਂ ਤੋਂ ਹੀ ਸ਼ੁਰੂ ਹੈ) NEP-2020 ਦੀ ਧਾਰਾ (4.27) ਤਹਿਤ, 'ਮੌਜੂਦਾ ਬਦਲ ਰਹੇ ਸੰਦਰਭ' ਦੀ ਆੜ 'ਚ, 'ਕੌਮੀ ਪਾਠਕ੍ਰਮ ਪ੍ਰਣਾਲੀ ਚੌਖਟਾ-2005 ਨੂੰ 'ਅਪਡੇਟ' ਕਰਨ ਦੇ ਨਾਂ ਹੇਠ ਕੀਤੀ ਗਈ ਹੈ ਜਿਸਦੇ ਚੇਅਰਮੈਨ ਵਿਗਿਆਨੀ ਪ੍ਰੋ. ਯਸ਼ ਪਾਲ ਸਨ ਅਤੇ ਉਸ ਸਮੇਂ NCERT ਦੇ ਡਾਇਰੈਕਟਰ, ਭਾਰਤ ਦੇ ਨਾਮਵਰ ਸਿੱਖਿਆ ਸ਼ਾਸਤਰੀ ਪ੍ਰੋ. ਕ੍ਰਿਸ਼ਨ ਕੁਮਾਰ ਸਨ। ਮੋਦੀ ਸਰਕਾਰ ਨੂੰ ਇਸ ਚੌਖਟੇ ਤਹਿਤ ਸੋਧੀਆਂ ਹੋਈਆਂ ਪਾਠ ਪੁਸਤਕਾਂ, ਉਸ ਦੇ ਸਮਾਜੀ-ਸਿਆਸੀ ਏਜੰਡੇ ਨੂੰ ਰਾਸ ਨਾ ਆਉਣ ਕਰਕੇ, ਵਧੇਰੇ ਰੜਕਦੀਆਂ ਸਨ। ਵਧੇਰੇ ਛਾਂਗ-ਛੰਗਾਈ ਇਨ੍ਹਾਂ ਪੁਸਤਕਾਂ ਵਿੱਚੋਂ ਹੀ ਕੀਤੀ ਗਈ ਹੈ। ਯਕੀਨਨ ਹੀ, ਅਜੇ NEP-2020 ਤਹਿਤ ਛਾਂਗ- ਛੰਗਾਈ ਵੀ ਹੋਰ ਕੀਤੀ ਜਾਵੇਗੀ ਅਤੇ ਮੋਦੀ ਸਰਕਾਰ ਨੂੰ ਰਾਸ ਬੈਠਣ ਵਾਲੀ ਹੋਰ ਸਮੱਗਰੀ ਪਾਠ ਪੁਸਤਕਾਂ 'ਚ ਪਾਈ ਵੀ ਜਾਵੇਗੀ। ਅਜੇ ਸਕੂਲੀ ਸਿੱਖਿਆ ਦੀ ਸ਼੍ਰੇਣੀ 5 ਤੱਕ ਦੇ ਪਾਠਕ੍ਰਮ ਦੀ ਸੁਧਾਈ ਵੀ ਬਾਕੀ ਹੈ। ਪਾਠ ਪੁਸਤਕਾਂ ਦੀ ਸਮੱਗਰੀ ਤੇ ਦਿੱਖ ਸੰਬੰਧੀ ਬਣਾਈ ਗਈ ਇੱਕ ਸੰਸਦੀ ਕਮੇਟੀ ਨੇ ਵੀ ਮੁਲਕ ਭਰ ਦੇ ਸਕੂਲਾਂ 'ਚ ਕੇਵਲ ਹਿੰਦੂ ਧਰਮ ਦੇ ਗ੍ਰੰਥ, ਵੇਦ-ਪ੍ਰਾਣ- ਗੀਤਾ ਪੜ੍ਹਾਉਣ ਅਤੇ ਮੁਸਲਮਾਨਾਂ ਨੂੰ ਛੱਡਕੇ, ਸਿੱਖ, ਗੁੱਜਰ, ਜਾਟ ਇਤਿਹਾਸ ਨੂੰ ਪਾਠਕ੍ਰਮਾਂ ਦਾ ਹਿੱਸਾ ਬਣਾਉਣ ਦੀ ਸਿਫਾਰਸ਼ ਕੀਤੀ ਹੋਈ ਹੈ। ਬੀਜੇਪੀ ਦੀ ਹਰਿਆਣਾ ਸਰਕਾਰ ਵੱਲੋਂ ਇਸ 'ਤੇ ਅਮਲ ਵੀ ਸ਼ੁਰੂ ਹੈ।

* ਮੋਦੀ ਸਰਕਾਰ ਵੱਲੋਂ ਜਿਸ ਤਰ੍ਹਾਂ NEP-2020, ਸਭ ਸੰਵਿਧਾਨਕ ਕਾਇਦੇ-ਕਾਨੂੰਨ ਦਰੜ ਕੇ ਤਾਨਾਸ਼ਾਹੀ ਢੰਗ ਨਾਲ ਮੁਲਕ ਉੱਪਰ ਠੋਸੀ ਗਈ ਉਸੇ ਤਰ੍ਹਾਂ ਹੀ ਪਾਠ ਪੁਸਤਕਾਂ ਦੀ ਛਾਂਗ-ਛੰਗਾਈ ਰਾਹੀਂ, ਮੁਲਕ ਭਰ ਦੇ ਬੱਚਿਆਂ/ਅਧਿਆਪਕਾਂ ਉੱਪਰ ਇਹ ਠੋਸ ਕੇ ਕਿ ਉਨ੍ਹਾਂ ਨੇ ਕੀ ਪੜ੍ਹਨਾ ਹੈ ਤੇ ਉਨ੍ਹਾਂ ਨੂੰ ਕੀ ਪੜ੍ਹਾਉਣਾ ਹੈ, ਆਪਣੇ ਸਿਆਸੀ-ਰਣਨੀਤਿਕ ਏਜੰਡੇ ਨੂੰ ਅੱਗੇ ਵਧਾਇਆ ਜਾ ਰਿਹਾ ਹੈ।

* ਇਹ ਮੁੱਦਾ ਬੱਚਿਆਂ ਦੇ ਸੰਤੁਲਿਤ ਮਾਨਸਿਕ ਵਿਕਾਸ ਲਈ, ਅਧਿਆਪਕਾਂ ਦੀ ਸਿਰਜਨਾਤਮਕਤਾ ਲਈ ਤੇ ਬੱਚਿਆਂ ਦੇ ਮਾਪਿਆਂ ਦੀ ਜਾਣਕਾਰੀ ਲਈ ਕਿ ਉਨ੍ਹਾਂ ਦੇ ਬੱਚਿਆਂ ਨੂੰ ਕੀ-ਕੁੱਝ ਪੜ੍ਹਾਇਆ ਜਾ ਰਿਹਾ ਹੈ/ ਕੀ ਨਹੀਂ, ਬੇਹੱਦ ਗੰਭੀਰ ਸਰੋਕਾਰਾਂ ਦਾ ਮੁੱਦਾ ਬਣਦਾ ਹੈ। ਇਸ ਅੰਦਰ ਸਭ ਤੋਂ ਵੱਡੀ ਜਿੰਮੇਵਾਰੀ/ ਭੂਮਿਕਾ ਅਧਿਆਪਕ ਵਰਗ ਦੀ ਤੇ ਸੰਘਰਸ਼ਸ਼ੀਲ ਅਧਿਆਪਕ ਜਥੇਬੰਦੀਆਂ ਦੀ ਬਣਦੀ ਹੈ ਕਿ ਉਹ ਅਣਜਾਣ ਮਾਪਿਆਂ ਵੀ ਨੂੰ ਇਸ ਪੱਖੋਂ ਸੁਚੇਤ ਕਰਨ।

# ਬਿਖੜੇ ਪੈਂਡਿਆਂ ਦਾ ਰਾਹੀ 'ਸਾਥੀ ਦਲੀਪ ਸਿੰਘ ਮਸਤ'

**ਸੁਖਜੀਤ ਸਮਾਓ**

*ਕਾਮਰੇਡ ਰਜਿੰਦਰਜੀਤ ਰਾਹੀ ਸਾਨੂੰ ਸੁਖਜੀਤ ਸਮਾਓ ਦਾ ਇਹ ਲੇਖ ਪ੍ਰਾਪਤ ਹੋਇਆ ਹੈ, ਕਾਮਰੇਡ ਦਲੀਪ ਸਿੰਘ ਮਸਤ ਬਾਰੇ ਇਹ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ ਦਲੀਪ ਸਿੰਘ ਮਸਤ ਉਹ ਅਣਗੌਲਿਆ ਹੀਰਾ ਹੈ, ਜਿਸ ਨੇ ਸਾਰੀ ਜ਼ਿੰਦਗੀ ਲੋਕਾਂ ਦੇ ਲੇਖੇ ਲਾਈ ਹੈ, ਮਾਲਵੇ ਵਿੱਚ ਕਾਮਰੇਡਾਂ ਦੇ ਨਾਟਕਾਂ ਵਿੱਚ ਧੁੰਮਾਂ ਮਚਾਉਣ ਵਾਲਾਂ ਇਹ ਅਣਥੱਕ ਯੋਧਾ ਇਨਕਲਾਬੀ ਧਿਰਾਂ ਨੇ ਵੀ ਅਣਗੌਲ਼ਿਆ ਕਰੀ ਰੱਖਿਆ ਹੈ - ਹਰੀਪਾਲ 403 714 4816*

'ਅਣਿਆਂ 'ਚੋਂ ਉੱਠੋ ਸੂਰਮਾ' ਜਸਵੰਤ ਸਿੰਘ ਕੰਵਲ ਦੇ ਨਾਵਲ ਦਾ ਪਾਤਰ, ਘੁਮਿਆਰਾਂ ਦਾ ਮੁੰਡਾ ਮਸਤ, ਰੰਡੀ ਬੁੜੀ ਦਾ ਪੁੱਤ ਜੋ ਕਾਮਰੇਡਾਂ ਦੇ ਨਾਟਕ ਕਰਦਾ, ਪਰ ਨਾਵਲ ਵਿੱਚ ਟੀ. ਬੀ. ਦੀ ਬਿਮਾਰੀ ਕਾਰਨ ਮਰ ਜਾਂਦਾ ਹੈ। ਨਾਵਲ ਪੜ੍ਹਨ ਤੋਂ ਬਾਦ ਲੋਕਾਂ ਨੇ ਉਸ ਨੂੰ ਸੱਚੀਂ ਹੀ ਮਰਿਆ ਸਮਝ ਲਿਆ, ਪਰ ਨਹੀਂ ਉਹ ਤਾਂ ਹਾਲੇ ਆਪਣੇ ਸਾਥੀ ਹਮਸਫਰ ਸਾਈਕਲ ਤੇ ਪਿੰਡ ਪਿੰਡ ਘੁੰਮਦਾ ਹੋਇਆ, ਜਦੋਂ ਆਪਣੇ ਮਰਹੂਮ ਸਾਥੀ ਕਾਮਰੇਡ 'ਹਾਕਮ ਸਿੰਘ ਸਮਾਓ' ਦੇ ਘਰ ਪੁੱਜਦਾ ਸੀ ਤਾਂ ਉਸ ਦੀਆਂ ਗੱਲਾਂ ਸੁਣਨ ਲਈ ਸਾਰਾ ਆਂਢ ਗੁਆਂਢ ਕੱਠਾ ਹੋ ਜਾਂਦਾ ਸੀ। ਸਨ 1931 ਵਿੱਚ ਮਸਤ ਦਾ ਜਨਮ ਪ੍ਰਸਿੱਧ ਦੇਸ਼ਭਗਤ ਬਾਬਾ ਦੂੱਲਾ ਸਿੰਘ ਦੇ ਪਿੰਡ ਜਲਾਲਦੀਵਾਲ਼ ਵਿੱਚ ਹੋਇਆ। ਮਸਤ ਦੇ ਦੋ ਭੈਣਾਂ ਅਤੇ ਪੰਜ ਭਰਾਅ ਸਨ। ਮਸਤ ਨੇ ਵਿਆਹ ਨਹੀਂ ਕਰਾਇਆ ਸੀ, ਉਹ ਤਾਂ ਬੱਸ ਮਾਰਕਸਵਾਦੀ ਵਿਚਾਰਧਾਰਾ ਨਾਲ ਵਿਹਾਇਆ ਹੋਇਆ ਸੀ। ਇੱਕ ਵਾਰ ਜਲਾਲਦੀਵਾਲ਼ ਦੇ ਪਿੰਡ ਦੇ ਲੋਕਾਂ ਨੇ ਗੁਰਦੁਆਰੇ ਦੀ ਸਾਂਭ ਸੰਭਾਲ ਲਈ ਗਿਆਨੀ ਨਿਹਾਲ ਸਿੰਘ ਨੂੰ ਲਿਆਂਦਾ ਗਿਆ। ਗਿਅਨੀ ਜੀ ਹਕੀਮ ਸਨ ਅਤੇ ਦੇਸੀ ਇਲਾਜ ਵਿੱਚ ਚੰਗੀ ਮੁਹਾਰਤ ਰੱਖਦੇ ਸਨ। ਗਿਆਨੀ ਜੀ ਦੀ ਇੱਛਾ ਸੀ ਕਿ ਉਹ ਪਿੰਡ ਦੇ ਕੁੱਝ ਮੁੰਡਿਆਂ ਨੂੰ ਹਿਕਮਤ ਸਿਖਾ ਦੇਣ ਤਾਂ ਕਿ ਲਾਗਲੇ ਪਿੰਡਾਂ ਵਿੱਚ ਲੋਕਾਂ ਦੇ ਇਲਾਜ ਲਈ ਫਰੀ ਡਿਸਪੈਂਸਰੀਆਂ ਖੋਲੀਆਂ ਜਾਣ ਤਦ ਰੇਤੇ ਵਿੱਚ ਖੇਲਦੇ ਮਸਤ ਨੂੰ ਪਿੰਡ ਦੇ ਜੰਗ ਸਿੰਘ ਨੇ ਕਿਹਾ 'ਆ ਬਈ ਤੈਨੂੰ ਗੁਰਦੁਆਰੇ ਲੈ ਚੱਲਾਂ'। ਮਸਤ ਜੰਗ ਸਿੰਘ ਦੇ ਨਾਲ਼ ਗੁਰਦਵਾਰੇ ਪਹੁੰਚ ਗਿਆ, ਮਸਤ ਹਕੀਮ ਤਾਂ ਨਾ ਬਣ ਸਕਿਆ ਪਰ ਇੱਥੇ ਹੀ ਮਸਤ ਦਾ ਮੇਲ ਗਦਰੀ ਬਾਬਿਆਂ ਨਾਲ਼ ਹੋ ਗਿਆ। ਉਸ ਅੱਡੇ ਉਪਰ ਗਦਰੀ ਬਾਬੇ, ਮਲੇਰਕੋਟਲਾ ਅਤੇ ਨਾਭਾ ਰਿਆਸਤ ਦੇ ਕਾਮਰੇਡ ਬਾਬਾ ਗੁਰਮੁਖ ਸਿੰਘ ਲਲਤੋਂ, ਬਾਬਾ ਅਰੂੜ ਸਿੰਘ ਬਾਬਾ ਨਿਧਾਨ ਸਿੰਘ, ਪਟਿਆਲਾ ਰਿਆਸਤ ਦੇ ਜਗੀਰ ਸਿੰਘ ਜੋਗਾ ਧਰਮ ਸਿੰਘ ਫੱਕਰ, ਅਜਮੇਰ ਸਿੰਘ ਤਾਮਕੋਟੀਆ, ਈਸ਼ਰ ਸਿੰਘ, ਦਲੀਪ ਸਿੰਘ ਬੱਪੀਆਣਾ, ਗਿਆਨੀ ਬਚਨ ਸਿੰਘ, ਪ੍ਰਤਾਪ ਸਿੰਘ ਬਾਗੀ, ਹਰਨਾਮ ਸਿੰਘ ਚਮਕ, ਸਾਹਿਬ ਸਿੰਘ ਸਲਾਣਾ, ਗਿਆਨੀ ਜਸਵੰਤ ਸਿੰਘ, ਹਰਦਿਆਲ ਸਿੰਘ ਸਿੱਧਾ, ਹਰਦਿੱਤ ਸਿੰਘ ਪੁੱਠਾ, ਕੇਹਰ ਸਿੰਘ ਹਥਨ, ਥੰਮਣ ਸਿੰਘ ਮਾਣਕਵਾਲ, ਲੁਧਿਆਣਾ ਦੇ ਪਰਮਾਨੰਦ ਝੋਪਾਰਾਏ, ਫਿਰੋਜਪੁਰ ਦੇ ਗੁਰਬਖਸ਼ ਸਿੰਘ ਧੂਰਕੋਟੀਆ ਤੇ ਜਸਵੰਤ ਚੂਹੜਚੱਕੀਆ ਆਦਿ ਆਉਂਦੇ ਸਨ। ਜਦੋਂ ਇੱਕ ਵਾਰ ਦਲੀਪ ਸਿੰਘ ਬੱਪੀਆਣਾ ਤੇ ਪਰਤਾਪ ਸਿੰਘ ਬਾਗੀ ਉਥੇ ਗਏ, ਤਾਂ ਮਸਤ ਦੀ ਡਿਊਟੀ ਉਹਨਾਂ ਨੂੰ ਨਹਾਉਣ ਦੀ ਲੱਗ ਗਈ, ਉਸ ਨੇ ਖੂਹ 'ਚੋਂ ਡੋਲੂ ਭਰ ਭਰ ਗਦਰੀ ਐਸੇ ਨਹਾਏ ਕਿ ਉਹਨਾਂ ਗਿਆਨੀ ਜੀ ਤੋਂ ਮਸਤ ਨੂੰ ਪਾਰਟੀ ਕੰਮਾਂ ਲਈ ਮੰਗ ਲਿਆ। ਮਸਤ ਨੇ ਪਿੰਡਾਂ 'ਚੋਂ ਦਾਣੇ ਕੱਠੇ ਕਰਨੇ, ਸਟੇਜਾਂ ਤੇ ਡਰਾਮੇ ਕਰਨੇ, ਕਵਿਤਾਵਾਂ ਪੜ੍ਹਨੀਆਂ। ਜਦੋਂ ਉਦਾਸੀ ਦੇ ਪਿੰਡ ਰਾਏਸਰ ਵਿੱਚ 1945 ਵਿੱਚ ਕਾਨਫਰੰਸ ਕਰਨ ਲੱਗੇ, ਤਾਂ ਪਟਿਆਲ਼ੇ ਵਾਲ਼ੇ ਰਾਜੇ ਨੇ ਦਫ਼ਾ 44 ਲਗਾ ਕੇ ਕਾਨਫਰੰਸ ਨਾਂ ਹੋਣ ਦਿੱਤੀ ਤਾਂ ਗਦਰੀ ਬਾਬਿਆਂ ਨੇ ਨਾਲ਼ ਲੱਗਦੇ ਪਿੰਡ ਜੋ ਅੰਗਰੇਜੀ ਰਾਜ ਵਿੱਚ ਸੀ, ਵਿੱਚ ਕਾਨਫਰੰਸ ਕਰਨੀ ਸ਼ੁਰੂ ਕਰ ਦਿੱਤੀ। ਮਸਤ ਨੇ ਇਹ ਕਵਿਤਾ ਪੜ੍ਹੀ :-

**ਹਲ ਨਾਲ਼ ਟਰੈਕਟਰ ਚੱਲਦੇ**
**ਨਰਮਾਂ ਜਹਾਜ ਚੁੱਗਦਾ**
**ਵੱਢਣ ਕੱਢਣ ਤੇ ਗਾਹੁਣ ਮਸ਼ੀਨਾਂ**
**ਨਾਲ਼ੋਂ ਨਾਲ਼ ਭਰਨ ਬੋਰੀਆਂ**

ਤਾਂ ਲੋਕਾਂ ਨੇ ਰੌਲ਼ਾ ਪਾ ਦਿੱਤਾ ਕੇ ਕਾਮਰੇਡ ਝੂਠ ਬੋਲਦਾ, ਉਹਨਾਂ ਪਾਥੀਆਂ ਰੋੜੇ ਮਾਰੇ ਪਰ ਮਸਤ ਹੋਰੀਂ ਕਾਨਫਰੰਸ ਕਰਦੇ ਰਹੇ। ਫੇਰ 1945 ਦੀ ਦੂਜੀ ਵੱਡੀ ਜੰਗ ਸਮੇਂ ਸੂਬਾ ਕਾਨਫਰੰਸ ਜਿਲਾ ਲਹੌਰ ਦੀ ਤਹਿਸੀਲ ਕਸੂਰ ਦੇ ਪਿੰਡ ਜਿਆਣ ਬੱਗਾ ਪਿੰਡ ਵਿੱਚ ਹੋਈ। ਉਸ ਕਾਨਫਰੰਸ ਲਈ ਫੰਡ ਕੱਠਾ ਕਰਨ ਦੀ ਡਿਊਟੀ ਮਸਤ ਅਤੇ ਈਸਰ ਸਿੰਘ ਤਾਮਕੋਟ ਦੀ ਲੱਗੀ। ਉਹਨਾਂ ਰਾਤ ਨੂੰ ਲੱਖਾ ਸਿੰਘ ਜੌਹਰ ਦੀ ਟੀਮ ਨਾਲ਼ ਡਰਾਮੇ ਕਰਨੇ ਅਤੇ ਦਿਨੇ ਫੰਡ ਕੱਠਾ ਕਰਨਾ। ਇਸ ਤਿੰਨ ਦਿਨਾਂ ਕਾਨਫਰੰਸ ਵਿੱਚ ਰਿਹਾ ਹੋਏ ਸਿਆਸੀ ਕੈਦੀ ਅਤੇ ਗਦਰੀ ਬਾਬਿਆਂ ਨੇ ਸ਼ਮੂਲੀਅਤ ਕੀਤੀ, ਜੀਹਦੇ ਵਿੱਚ ਟੀਕਾ ਰਾਮ ਸੁੱਖਨ, ਤੇਜਾ ਸਿੰਘ ਸੁਤੰਤਰ, ਸੋਹਣ ਸਿੰਘ ਜੋਸ਼ ਤੇ ਬੀ.ਪੀ.ਐਲ ਬੇਦੀ ਨੇ ਰਾਜਿਆਂ ਵਿਰੋਧੀ ਭਾਸ਼ਣ ਕੀਤੇ। ਫੇਰ 1945 ਵਿੱਚ ਹੀ ਅੰਗਰੇਜੀ ਇਲਾਕੇ ਵਿੱਚ ਚੋਣ ਹੋਈ, ਜਿਸ ਵਿੱਚ ਅੰਗਰੇਜ਼ੀ ਰਾਜ ਤਹਿਤ ਕੌਂਸਲ ਬਣਾਈ ਜਾਂਦੀ ਸੀ। ਜਿਸਦੇ ਵਿੱਚ 5 ਰੁਪਏ ਹਾਲ਼ੀ ਮਾਮਲਾ ਦੇਣ ਵਾਲ਼ੇ ਜਾਂ ਪੰਜ ਜਮਾਤਾਂ ਪੜ੍ਹੇ ਹੋਏ ਹੀ ਵੋਟ ਪਾ ਸਕਦੇ ਸਨ, ਆਮ ਲੋਕ ਵੋਟ ਨਹੀਂ ਪਾ ਸਕਦੇ ਸਨ। ਕਾਮਰੇਡਾ ਨੇ ਸਮਰਾਲ਼ਾ ਸੀਟ ਤੋਂ ਸਾਹਿਬ ਸਿੰਘ ਸਲਾਣਾ, ਕਾਂਗਰਸ ਵੱਲੋਂ ਕਪੂਰ ਸਿੰਘ ਨਸਰਾਲ਼ੀ ਮਾਸਟਰ ਤਾਰਾ ਸਿੰਘ ਅਕਾਲੀ ਦਲ ਵੱਲੋਂ ਜੈਲਦਾਰ ਸਮਸ਼ੇਰ ਸਿੰਘ ਢਡਾਲ਼ੀ ਖੜ੍ਹੇ ਕੀਤੇ ਗਏ। ਕਾਮਰੇਡਾਂ ਵੱਲੋਂ ਫੈਸਲਾ ਕਰਕੇ ਸਮਸ਼ੇਰ ਸਿੰਘ ਢਡਾਲ਼ੀ ਨੂੰ ਹਰਾਉਣ ਲਈ, ਸਾਹਿਬ ਸਿੰਘ ਸਲਾਣਾ ਨੂੰ ਬਿਠਾ ਦਿੱਤਾ ਗਿਆ ਕਿਉਂਕਿ ਜੈਲਦਾਰ ਸਮਸ਼ੇਰ ਸਿੰਘ ਅੰਗਰੇਜ਼ਾਂ ਦਾ ਟਾਊਟ ਸੀ ਜੋ ਜੈਤੋ ਦੇ ਮੋਰਚੇ ਵੇਲ਼ੇ ਖੂਹਾਂ ਵਿੱਚ ਗੋਹਾ ਘੁਲ਼ਵਾ ਦਿੰਦਾ ਸੀ। ਸੰਨ 1946-48 ਤੱਕ ਮਸਤ ਪਿੰਡ ਦੇ ਗੁਰਦੁਆਰੇ ਰਿਹਾ। ਸਨ 1949 ਵਿੱਚ ਪਾਰਟੀ ਅੰਡਰਗਰਾਊਂਡ ਹੋ ਗਈ ਤਾਂ ਮਸਤ ਦੀ ਡਿਊਟੀ ਪਾਰਟੀ ਦੀ ਡਾਕ ਵੰਡਣ ਤੇ ਲੱਗ ਗਈ । ਇਸੇ ਹੀ ਸਮੇਂ ਮਸਤ ਮਹਿਲਾ ਚੌਂਕ ਫੜਿਆ ਗਿਆ ਤੇ ਪੁਲ਼ਸ ਨੇ ਬਹੁਤ ਕੁੱਟਿਆ, ਸੁਨਾਮ ਦੇ ਠਾਣੇ ਰੱਖਿਆ ਗਿਆ ਫੇਰ ਕੁੱਝ ਚਿਰ ਬਾਦ ਰਿਹਾ ਕੀਤਾ ਗਿਆ।

ਸੰਨ 1952 ਦੀ ਚੋਣ ਵੇਲ਼ੇ ਮਸਤ ਨੇ ਅਰਜਨ ਸਿੰਘ ਭਦੌੜ ਨੂੰ ਜਿਤਾਉਣ ਲਈ ਦਿਨ ਰਾਤ ਕੰਮ ਕੀਤਾ। ਸਨ 1959 ਦੇ ਕਿਸਾਨੀ ਸੰਘਰਸ਼ ਵੇਲ਼ੇ ਮਸਤ ਦੇ ਫੇਰ ਵਰੰਟ ਕੱਢੇ ਗਏ। ਫੇਰ 1962 ਦੀਆਂ ਚੋਣਾਂ ਵੇਲ਼ੇ ਧੂਰੀ, ਧਨੌਲਾ ਤੇ ਭਦੌੜ ਵਿੱਚ ਪਾਰਟੀ ਨੂੰ ਜਿੱਤ ਦਵਾਉਣ ਲਈ, ਡਰਾਮਾ ਕਲੱਬ ਬਣਾ ਕੇ ਪਾਰਟੀ ਲਈ ਪਰਚਾਰ ਕੀਤਾ ਗਿਆ। ਧੂਰੀ ਤੋਂ ਭਾਨ ਸਿੰਘ ਭੌਰਾ, ਧਨੌਲਾ ਤੋਂ ਹਰਦਿੱਤ ਸਿੰਘ ਭੱਠਲ ਅਤੇ ਭਦੌੜ ਤੋਂ ਹਰਨਾਮ ਸਿੰਘ ਚਮਕ, ਚੋਣ ਜਿੱਤੇ। ਇੱਕ ਵਾਰ ਪਰਤਾਪ ਸਿੰਘ ਕੈਰੋਂ ਦੇ ਕਹਿਣ ਤੇ ਡਿਪਟੀ ਕਮਿਸ਼ਨਰ ਬੇਦੀ ਨੇ ਮਸਤ ਨੂੰ ਪੈਸੇ ਅਤੇ ਨੌਕਰੀ ਦਾ ਲਾਲਚ ਦੇ ਕੇ ਖਰੀਦਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਮਸਤ ਨੇ ਇਹ ਕਹਿਕੇ ਇਨਕਾਰ ਦਿੱਤਾ ਕਿ ਮੈਂ ਇੱਕ ਇਨਕਲਾਬੀ ਬੰਦਾ ਹਾਂ, ਮੈਂ ਸਰਕਾਰ ਅਤੇ ਸਰਮਾਏਦਾਰੀ ਦਾ ਏਜੰਟ ਨਹੀਂ ਬਣਨਾ, ਮੈ ਇਨਕਲਾਬ ਲਈ ਲੜਦਾ ਰਹਾਂਗਾ। ਡਿਪਟੀ ਕਮਿਸ਼ਨਰ ਨੇ ਖਿੱਝ ਕੇ ਡਰਾਮਾ ਸੁਕਐਡ ਗਰਿਫਤਾਰ ਕਰਵਾ ਦਿੱਤਾ। ਮਸਤ ਬਰਨਾਲ਼ਾ ਜੇਲ਼ ਵਿੱਚ ਸਾਲ ਭਰ ਰਿਹਾ ਫੇਰ 1964 ਵਿੱਚ ਪਾਰਟੀ ਦੋਫਾੜ ਹੋ ਗਈ ਤੇ ਮਸਤ ਖੱਬਿਆਂ ਨਾਲ਼ ਰਿਹਾ। ਜਦ ਪੰਜਾਬ ਵਿੱਚ ਨਕਸਲੀ ਲਹਿਰ ਸ਼ੁਰੂ ਹੋਈ, ਮਸਤ ਨਕਸਲਵਾੜ੍ਹੀ ਪਾਰਟੀ ਵਿੱਚ ਸ਼ਾਮਲ ਹੋ ਗਿਆ ਪਰ ਕੁੱਝ ਚਿਰ ਬਾਦ ਮਸਤ ਨਕਸਲੀ ਪਾਰਟੀ ਤੋਂ ਉਕਤਾ ਗਿਆ। ਇਸੇ ਹੀ ਸਮੇਂ ਮਸਤ ਦਾ ਸੰਪਰਕ ਕਾਮਰੇਡ ਚਮਕ ਨਾਲ਼ ਰਿਹਾ ਤੇ ਚਮਕ ਰਾਹੀਂ ਹੀ ਮਸਤ ਨੂੰ ਪੇਸ਼ ਕੀਤਾ ਗਿਆ। ਉਸਤੋਂ ਬਾਦ ਮਸਤ ਆਪਦੇ ਸਾਈਕਲ ਤੇ ਪਿੰਡ ਪਿੰਡ ਅਗਾਂਹਵਧੂ ਵਿਚਾਰਧਾਰਾ ਦਾ ਪਰਚਾਰ ਕਰਦਾ ਰਿਹਾ। ਮਸਤ ਸਾਰੀ ਉਮਰ ਮਲੰਗ ਹੀ ਰਿਹਾ, ਉਸਨੇ ਕੋਈ ਜਾਇਦਾਦ ਨਹੀਂ ਬਣਾਈ। ਹੈਰਾਨੀ ਇਸ ਗੱਲ ਦੀ ਹੈ ਕਿ ਕਿਸੇ ਵੀ ਪਾਰਟੀ ਵੱਲੋਂ ਜਾਂ ਲੋਕਾਂ ਵੱਲੋਂ ਮਸਤ ਦੀ ਕੁਰਬਾਨੀ ਦੀ ਕੋਈ ਕਦਰ ਨਹੀ ਕੀਤੀ ਗਈ ਸ਼ਾਇਦ ਮਸਤ ਜੁਗਨੂੰਆਂ ਦੀ ਉਸ ਨਸਲ ਵਿੱਚੋਂ ਸੀ ਜੋ ਆਪਦਾ ਸਾੜ ਕੇ ਰੌਸ਼ਨੀ ਕਰਨ ਲਈ ਪੈਦਾ ਹੁੰਦੇ ਹਨ।


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

HOMELIFE SILVERCITY
REALTY INC.,BROKERAGE
(Independently Owned and Operated)

#7 CANADA WIDE
BROKERAGE WITH HOMELIFE BRAND
2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 450 REALTORS
HOMELIFE SILVERCITY
REALTY INC.,BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS
*Not intended to solicit anyone under contract
JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton






# ਜਿਹੜਾ ਤੇਰੀ ਰਾਹ ਨੂੰ ਰੋਕੇ ਉਸੇ ਕੰਧ ਨੂੰ ਢਾਹ













ਕੈਲਗਰੀ (ਹਰਚਰਨ ਸਿੰਘ ਪ੍ਰਹਾਰ): ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਕਰਵਾਏ ਗਏ 12 ਵੇਂ ਸੋਹਣ ਮਾਨ ਯਾਦਗਾਰੀ ਮੇਲੇ ਨੇ ਇਸ ਵਾਰ ਹੋਰ ਬੁਲੰਦੀਆਂ ਛੋਹਣ ਦਾ ਨਿਰਾਲਾ ਯਤਨ ਕੀਤਾ ਹੈ। ਸਮੁੱਚਾ ਪ੍ਰੋਗਰਾਮ ਇੱਕ ਗੁੱਲਦੱਸਤੇ ਵਾਂਗ ਗੁੰਦਿਆ ਹੋਇਆ ਸੀ। ਹਰ ਸਾਲ ਵਾਂਗ ਇਸ ਵਾਰ ਦਾ ਮੇਲਾ ਹੱਸਣ, ਰੁਵਾਉਣ ਦੇ ਨਾਲ-ਨਾਲ ਕੁਝ ਸੁਨੇਹੇ ਸਪੱਸ਼ਟ ਰੂਪ ਵਿੱਚ ਦੇਣ ਵਿੱਚ ਪੂਰੀ ਤਰ੍ਹਾਂ ਨਾਲ ਕਾਮਯਾਬ ਰਿਹਾ। ਇਸ ਵਾਰ ਦੇ ਮੇਲੇ ਦੀ ਵਿੱਲਖਣਤਾ ਇਹ ਵੀ ਸੀ ਕਿ ਇਸ ਵਾਰ ਦਾ ਮੇਲਾ ਦੋ ਰੋਜਾ ਸੀ, ਲਗਾਤਾਰ ਕਈ ਸਾਲਾਂ ਤੋਂ ਇਹ ਮੇਲਾ ਹੋਣ ਕਰਕੇ ਦਰਸ਼ਕਾਂ ਵਿੱਚ ਇਸ ਪ੍ਰਤੀ ਬਹੁਤ ਭਾਰੀ ਉਤਸ਼ਾਹ ਹੋਣ ਕਰਕੇ ਲੋਕਾਂ ਨੂੰ ਟਿਕਟ ਨਾ ਮਿਲਣ ਕਾਰਣ ਨਿਰਾਸ਼ ਹੋ ਕੇ ਮੁੜਨਾ ਪੈਂਦਾ ਸੀ। ਇਸ ਕਾਰਣ ਕਰਕੇ ਮੇਲਾ ਦੋ ਦਿਨਾਂ ਦਾ ਕੀਤਾ ਗਿਆ ਸੀ। ਦਰਸ਼ਕਾਂ ਨੇ ਦੋਵੇਂ ਦਿਨ ਨੱਕੋ-ਨੱਕ ਹਾਲ ਭਰ ਕੇ ਪ੍ਰਬੰਧਕ ਨੂੰ ਦੱਸ ਦਿੱਤਾ ਕਿ ਅਸੀਂ ਕਿ ਅਸੀਂ ਨਸ਼ਿਆਂ ਦੀ ਲੋਰ ਵਿੱਚ ਲੱਚਰ ਗੀਤਾਂ ਤੇ ਝੂਮਣ ਵਾਲੇ ਲੋਕ ਨਹੀਂ ਹਾਂ। ਅਸੀਂ ਸਮਾਜ਼ ਦੇ ਸਰੋਕਾਰਾਂ ਦੀ ਬਾਂਹ ਫ਼ੜਨ ਵਾਲੇ ਲੋਕ ਹਾਂ। ਪ੍ਰੋਗਰਾਮ ਦੀ ਸੁਰੂਆਤ ਸੋਹਣ ਮਾਨ ਜੀ (ਬਾਨੀ ਪ੍ਰਧਾਨ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ) ਦੀ ਤਸਵੀਰ ਤੇ ਫੁੱਲ ਮਲਾਂਵਾਂ ਅਰਪਿਤ ਕਰਕੇ ਐਗਜੈਕਟਿਵ ਕਮੇਟੀ ਦੇ ਪ੍ਰਧਾਨ ਸ੍ਰੀਮਤੀ ਜਸਵਿੰਦਰ ਕੌਰ ਮਾਨ, ਜੀਤਇੰਦਰ ਪਾਲ, ਜਨਰਲ ਸਕੱਤਰ ਮਾਸਟਰ ਭਜਨ ਸਿੰਘ, ਕਮਲਪ੍ਰੀਤ ਪੰਧੇਰ, ਬੰਨਦੀਪ ਗਿੱਲ, ਪ੍ਰੋ. ਗੋਪਾਲ ਜੱਸਲ, ਨਵਕਿਰਨ ਢੁਡੀਕੇ, ਹਰੀਪਾਲ, ਸੁਖਵੀਰ ਗਰੇਵਾਲ, ਹਰਚਰਨ ਪਰਹਾਰ ਆਦਿ ਨੇ ਸ਼ਰਧਾਂਜਲੀ ਅਰਪਿਤ ਕੀਤੀ।

ਇਸ ਉਪਰੰਤ ਕੈਲਗਰੀ ਦੇ ਛੋਟੇ-ਛੋਟੇ 30 ਦੇ ਕਰੀਬ ਬੱਚਿਆਂ ਨੇ ਕੋਰੀਉਗ੍ਰਾਫੀ 'ਸਖੀਏ ਸਹੇਲੀਏ' ਪੇਸ਼ ਕੀਤੀ, ਜਿਸ ਧੀਆਂ ਨੂੰ ਲੰਮੀਆਂ ਉਸਾਰੂ ਉਡਾਰੀਆਂ ਮਾਰਨ ਤੋਂ ਰੋਕਣ ਵਾਲੀ ਪਿਛਾਂਹ ਖਿੱਚੂ ਸੋਚ ਵਿਅੰਗ ਕਸਿਆ ਗਿਆ ਸੀ। ਇਸ ਉਪਰੰਤ ਨਾਟਕ 'ਜਦੋਂ ਮੈਂ ਸਰਫ਼ ਇੱਕ ਔਰਤ ਹੁੰਦੀ ਹਾਂ', ਲੇਖਕ ਪ੍ਰੋ. ਪਾਲੀ ਭੁਪਿੰਦਰ ਦੀ ਰਚਨਾ, ਹਰਕੇਸ਼ ਚੌਧਰੀ ਜੀ ਦੇ ਨਿਰਦੇਸ਼ਨ ਹੇਠ ਪੇਸ਼ ਕੀਤਾ ਗਿਆ। ਭਾਰਤ ਪਾਕ ਵੰਡ ਦੇ ਸਮੇਂ ਔਰਤਾਂ ਨੂੰ ਕਿਸ ਤਰ੍ਹਾਂ ਸੰਤਾਪ ਹੰਡਾਉਣਾ ਪਿਆ, ਦੋਨੋ ਪਾਸੇ ਬੇਪੱਤ ਹੋਣਾ ਪਿਆ ਸੀ। ਉਸ ਸਮੇਂ ਦੀ ਬੇਹੱਦ ਦਰਦ ਭਰੀ ਦਾਸਤਾਨ ਨੂੰ ਦਰਸ਼ਕ ਨੇ ਹਾਲ ਵਿੱਚ ਆਪਣੇ ਹੰਝੂਆਂ ਤੇ ਸੰਨਾਟੇ ਨਾਲ ਦੇਖਿਆ। ਇਸ ਨਾਟਕ ਵਿੱਚ ਹਰਪ੍ਰੀਤ ਕੌਰ, ਸੈਦਾਂ ਦੇ ਰੂਪ ਵਿੱਚ, ਹਰਕੇਸ਼ ਚੌਧਰੀ, ਰਾਜ ਦੇ ਰੂਪ ਵਿੱਚ, ਕਮਲਪ੍ਰੀਤ ਪੰਧੇਰ ਅੰਮ੍ਰਿਤ ਦੇ ਰੂਪ ਵਿੱਚ, ਅਮਰੀਤ ਗਿੱਲ ਰਾਣੋ ਦੇ ਰੂਪ ਵਿੱਚ, ਕਮਲ ਸਿੱਧੂ, ਬਲਜਿੰਦਰ ਢਿੱਲੋ, ਸੁਰਜੀਤ ਸਿੰਘ ਨੇ ਯਾਦਗਾਰੀ ਭੂਮਿਕਾ ਨਿਭਾਈ। ਮਿਊਜਕ ਤੇ ਰੁਪਿੰਦਰਪਾਲ ਪੰਧੇਰ, ਲਾਈਟਿੰਗ ਤੇ ਸਾਹਿਬ ਪੰਧੇਰ ਨੇ ਜਿੰਮੇਵਾਰੀ ਨਿਭਾਈ। ਸੈੱਟ ਦੀ ਜ਼ਿੰਮੇਵਾਰੀ ਜਸ਼ਨਪ੍ਰੀਤ ਗਿੱਲ, ਹਰਮਨ ਢੁੱਡੀਕੇ, ਹਰਮਨ ਸੇਖੋਂ, ਗੁਰਪਿਆਰ ਗਿੱਲ ਨੇ ਨਿਭਾਈ।

ਇਸ ਸਮਾਗਮ ਵਿੱਚ ਕੈਲਗਰੀ ਦੀਆਂ ਪੰਜਾਬੀ ਮੂਲ ਦੀਆਂ ਦੋ ਧੀਆਂ ਨੂੰ ਵੱਖੋ-ਵੱਖਰੇ ਖੇਤਰ ਵਿੱਚ ਮੱਲਾਂ ਮਾਰਨ ਲਈ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਜਸਲੀਨ ਸਿੱਧੂ, ਜਿਸ ਨੇ ਰੈਸਲਿੰਗ ਦੇ ਖੇਤਰ ਵਿੱਚ ਅਮਰੀਕਾ ਵਿਖੇ ਗੋਲਡ ਮੈਡਲ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਦੂਜੀ ਲੜਕੀ ਪ੍ਰਭਲੀਨ ਗਰੇਵਾਲ, ਜੋ ਕਿ ਪਹਿਲੀ ਪੰਜਾਬਣ ਹੈ, ਜਿਸਨੇ ਕਨੈਡਾ ਹਾਕੀ ਦੀ ਨੈਸ਼ਨਲ ਟੀਮ ਦੀ ਮੈਂਬਰ ਬਣ ਕੇ ਪੰਜਾਬੀਆਂ ਦੇ ਮਾਣ ਨੂੰ ਵਧਾਇਆ ਹੈ। ਇਹਨਾਂ ਦੋਨਾਂ ਲੜਕੀਆਂ 1000 (ਦੋਨਾਂ ਨੂੰ ਇੱਕ ਇੱਕ ਹਜ਼ਾਰ ਡਾਲਰ) ਡਾਲਰ, ਸਨਮਾਨ ਪੱਤਰ, ਸਨਮਾਨ ਚਿੰਨ੍ਹ ਦਿੱਤਾ ਗਿਆ। ਸਨਮਾਨ ਪੱਤਰ ਨਵਕਿਰਨ ਢੁੱਡੀਕੇ ਨੇ ਪੜ੍ਹਿਆ। ਇਸ ਤੋਂ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਨੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅੱਜ ਸਾਮਰਾਜੀ ਸਾਜਿਸਾਂ ਦੇ ਸਿਰ ਤੇ ਕਾਰਪੋਰੇਟ ਕੁਲ ਦੁਨੀਆਂ ਨੂੰ ਲੁੱਟ ਰਹੇ ਨੇ, ਆਉ ਆਪਾਂ ਲੁੱਟੇ ਜਾਣ ਵਾਲੇ ਵੀ ਇੱਕ ਹੋ ਜਾਈਏ।

ਇਸ ਮੌਕੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਹਰਕੇਸ਼ ਚੌਧਰੀ ਨੂੰ ਕਿਤਾਬਾਂ ਦਾ ਇੱਕ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰਸ਼ਰਨ ਕਲਾ ਭਵਨ ਵਿਖੇ ਕੁਰਸੀਆਂ ਲਗਵਾਉਣ ਲਈ 1000 ਡਾਲਰ (ਇੱਕ ਹਜ਼ਾਰ) ਦੀ ਸਹਾਇਤਾ ਕੀਤੀ ਗਈ। ਇਸ ਮੌਕੇ 'ਤੇ ਮਾਸਟਰ ਭਜਨ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਉਪਰੰਤ 'ਸੁਪਨਿਆਂ ਦੀ ਧਰਤੀ ਹੋਈ ਅਲੂਣੀ' ਨਾਟਕ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾਂ ਹੇਠ ਪੇਸ਼ ਕੀਤਾ ਗਿਆ। ਨਾਟਕ ਕਨੈਡਾ ਦੀ ਧਰਤੀ ਦੀਆਂ ਦੁਸ਼ਵਾਰੀਆਂ, ਦਿੱਕਤਾਂ ਪ੍ਰੇਸ਼ਾਨੀਆਂ ਅਤੇ ਪ੍ਰਵਾਸ ਲਈ ਬੇਜੋੜ ਵਿਆਹਾਂ ਦੇ ਸੌਦੇਬਾਜ਼ੀਆਂ ਦੀਆਂ ਗੱਲਾਂ ਕਰਦਾ ਹੱਸਾ ਵੀ ਗਿਆ ਤੇ ਰੁਆ ਵੀ ਗਿਆ। ਸੰਦੀਪ ਗਿੱਲ, ਅਮਰੀਤ, ਕਮਲਪ੍ਰੀਤ, ਹਰਪ੍ਰੀਤ ਕੌਰ, ਕੁਲਦੀਪ ਸਿੰਘ, ਪਰਮਜੀਤ ਕੌਰ ਸਫ਼ਲ ਮਾਲਵਾ, ਬਲਜਿੰਦਰ ਢਿੱਲੋਂ ਆਦਿ ਦੀ ਸੁਭਾਵਿਕ ਅਦਾਕਾਰੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਪਿੱਠ ਭੂਮੀ ਤੋਂ ਕੁਲਦੀਪ ਸਿੰਘ ਦੀ ਅਵਾਜ਼ ਨੇ ਨਾਟਕਾਂ ਦੇ ਵੇਗ ਨੂੰ ਹੋਰ ਤਿੱਖਾ ਕੀਤਾ। ਇਹ ਨਾਟਕ ਸਮੁੱਚੇ ਸਮਾਗਮ ਦਾ ਸਿਖ਼ਰ ਹੋ ਨਿਬੜਿਆ। ਇਸ ਮੌਕੇ 'ਤੇ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਪਰਹਾਰ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਧਰਮਾਂ ਦੇ ਨਾਂ ਸਟੇਟ ਉਸਾਰਨ ਦਾ ਸੁਪਨਾ ਇੱਕ ਖਾਮ ਖਿਆਲੀ ਹੈ, ਆਉ ਬਾਬੇ ਨਾਨਕ ਦੀ ਸੋਚ ਦਸਾਂ ਨੋਹਾਂ ਦੀ ਕਿਰਤ ਕਰਨ ਵਾਲੇ ਇੱਕਠੇ ਹੋਈਏ।

'ਕੁੜੀਏ ਚੀਕ ਚਿਹਾੜਾ ਪਾ' ਕੋਰੀਓਗ੍ਰਾਫੀ ਨੇ ਦਰਸ਼ਕਾਂ ਨੂੰ ਜੋਸ਼ ਖਰੋਸ਼ ਨਾਲ ਭਰ ਦਿੱਤਾ। ਇਹ ਕੌਰੀਓਗ੍ਰਾਫੀ ਖਾਸ ਕਰਕੇ ਭਾਰਤ ਦੇਸ਼ ਦੀਆਂ ਰੈਸਲਰ ਧੀਆਂ ਦੀ ਗੱਲ ਕਰਦੀ ਸੀ, ਉਂਝ ਸਮਾਜਿਕ ਕੁਰੀਤੀਆਂ ਦੀਆਂ ਚੱਕੀਆਂ ਵਿੱਚ ਪਿਸ ਰਹੀਆਂ ਸਮੁੱਚੀਆਂ ਔਰਤਾਂ ਦੀ ਗੱਲ ਕਰਦੀ ਸੀ। ਕੁੜੀਆਂ ਨੂੰ ਸੱਦਾਂ ਦਿੰਦੀ ਕਿ ਆਓ ਆਪਣੇ ਹਿੱਸੇ ਦੀ ਧਰਤੀ ਤੇ ਅੰਬਰ ਲੈਣ ਲਈ ਚੀਕ ਚਿਹਾੜਾ ਪਾਈਏ। ਇਸ ਕੌਰੀਓਗ੍ਰਾਫੀ ਦੀ ਡਿਜ਼ਾਇਨਿੰਗ ਹਰਕੇਸ਼ ਚੌਧਰੀ ਨੇ ਬੜੇ ਹੀ ਦੂਰ-ਅੰਦੇਸ਼ ਤਰੀਕੇ ਨਾਲ ਕੀਤੀ ਹੈ। ਪ੍ਰੋਗਰਾਮ ਦੇ ਅੰਤ ਤੇ ਮਾ.ਭਜਨ ਸਿੰਘ ਨੇ ਸਮੁੱਚੇ ਮੀਡੀਏ ਦਾ ਵੀ ਧੰਨਵਾਦ ਕੀਤਾ। ਰਿਸੀ ਨਾਗਰ, ਹਰਚਰਨ ਪਰਹਾਰ, ਹਰਬੰਸ ਬੁੱਟਰ, ਅਵਨੀਤ ਤੇਜਾ, ਗੁਰਬਚਨ ਬਰਾੜ, ਸ਼ਵੀ ਸਿੰਘ, ਬਲਜਿੰਦਰ ਸੰਘਾ, ਗੁਰਚਰਨ ਕੌਰ ਥਿੰਦ, ਪਰਮਜੀਤ ਭੰਗੂ, ਸੁਖਵੀਰ ਗਰੇਵਾਲ ਆਦਿ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਪਾਂਸਰਜ਼ ਵੀਰਾਂ ਦਾ ਵੀ ਵਿਸੇਸ਼ ਧੰਨਵਾਦ ਕੀਤਾ ਗਿਆ, ਜਿੰਨ੍ਹਾਂ ਦੀ ਆਰਥਿਕ ਸਹਾਇਤਾ ਬਿਨ੍ਹਾਂ ਅਜਿਹੇ ਪ੍ਰੋਗਰਾਮ ਸੰਭਵ ਨਹੀਂ।